ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE -7
May 26, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



ਅਦਾਰਾ 'ਦੇਸ਼ ਦੁਆਬਾ' ਵੱਲੋਂ ਬੁੱਧ ਪੂਰਨਿਮਾ 'ਤੇ ਲੱਖ-ਲੱਖ ਵਧਾਈਆਂ। *ਭਗਵਾਨ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਤੇ ਵਿਸ਼ੇਸ਼ ਸੰਪਾਦਕੀ ਦੇਖੋ ਸਫਾ 6 'ਤੇ।*

# ਸਾਰੀ ਦੁਨੀਆਂ ਰਲ ਕੇ ਹਰਾ ਸਕਦੀ ਹੈ ਕੋਰੋਨਾ ਨੂੰ- ਗੁਟੇਰੇਸ

**ਸੰਯੁਕਤ ਰਾਸ਼ਟਰ (ਬਿਊਰੋ)** – ਕੋਰੋਨਾ ਮਹਾਮਾਰੀ ਨਾਲ ਨਿਪਟਣ ਨੂੰ ਲੈ ਕੇ ਸੰਯੁਕਤ ਰਾਸ਼ਟਰੀ ਮਹਾ ਸਕੱਤਰ ਐਂਟੋਨੀਓ ਗੁਟੇਰੇਸ ਦਾ ਤਾਜ਼ਾ ਬਿਆਨ ਸਾਹਮਣੇ ਆਇਆ ਹੈ। ਐਂਟੋਨੀਓ ਗੁਟੇਰੇਸ ਨੇ ਕਿਹਾ ਕਿ ਇਕ ਸਮੇਂ 'ਚ ਇਕ ਦੇਸ਼ ਇਸ ਮਹਾਮਾਰੀ ਨੂੰ ਨਹੀਂ ਹਰਾ ਸਕਦਾ, ਇਸ ਨਾਲ ਲੜਨ ਲਈ ਸਾਰੇ ਦੇਸ਼ਾਂ ਨੂੰ ਇਕਜੁਟ ਹੋਣਾ ਪਵੇਗਾ। ਜਿਨੇਵਾ 'ਚ ਸੋਮਵਾਰ ਨੂੰ ਵਿਸ਼ਵ ਸਿਹਤ ਸਭਾ 'ਚ ਇਕ ਵੀਡੀਓ ਸੰਦੇਸ਼ ਰਾਹੀਂ ਉਨ੍ਹਾਂ ਨੇ ਕਿਹਾ ਕਿ ਵਿਸ਼ਵ ਦੇ ਆਗੂਆਂ ਨੂੰ ਟੀਕਾ ਤੇ ਹੋਰ ਜ਼ਰੂਰਤ ਵਸਤੂਆਂ ਪਹੁੰਚਾਉਣ ਲਈ ਵਿਸ਼ਵ ਯੋਜਨਾ ਦੇ ਨਾਲ ਜ਼ਰੂਰੀ ਕਦਮ ਚੁੱਕੇ ਜਾਣੇ ਚਾਹੀਦੀ ਹਨ। ਨਾਲ ਹੀ ਕੋਰੋਨਾ ਟੈਸਟ ਤੇ ਇਲਾਜ ਲਈ ਵੀ ਇਕਜੁਟ ਹੋ ਕੇ ਕੰਮ ਕਰਨਾ ਚਾਹੀਦਾ ਹੈ ਤੇ ਤਾਂ ਹੀ ਇਸ ਮਹਾਮਾਰੀ ਨੂੰ ਹਰਾਇਆ ਜਾ ਸਕਦਾ ਹੈ। ਸੰਯੁਕਤ



ਰਾਸ਼ਟਰ ਦੇ ਮੁਖੀ ਨੇ ਜੀ-20 ਟਾਸਕ ਫੋਰਸ ਦੇ ਲਈ ਅਪੀਲ ਦੋਹਰਾਉਂਦੇ ਹੋਏ ਕਿਹਾ ਕਿ ਇਹ ਵੈਕਸੀਨ ਉਤਪਾਦਨ ਸਮਰੱਥਾ ਵਾਲੇ ਸਾਰੇ ਦੇਸ਼, ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ), ਤੇ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਨੂੰ ਇਕਜੁਟ ਕਰਦਾ ਹੈ। ਇਸ ਲਈ ਟਾਸਕ ਫੋਰਸ ਦਾ ਟੀਚਾ ਸਾਰੇ ਬਦਲਾਅ ਨੂੰ ਜਾਨਣ ਤੋਂ ਬਾਅਦ ਹੋਣਾ ਚਾਹੀਦਾ ਹੈ।

**ਵੁਹਾਨ ਲੈਬ ਤੋਂ ਨਿਕਲਿਆ ਵਾਇਰਸ**

ਵਾਸ਼ਿੰਗਟਨ- ਕੋਰੋਨਾ ਵਾਇਰਸ ਨੂੰ ਦੁਨੀਆ ਭਰ ਵਿਚ ਫੈਲੇ ਤਕਰੀਬਨ ਡੇਢ ਸਾਲ ਹੋ ਗਿਆ ਹੈ। ਪਰ ਇਸ ਵਾਇਰਸ ਦੀ ਸ਼ੁਰੂਆਤ ਨੂੰ ਲੈ ਕੇ ਮਨ ਵਿਚ ਅਜੇ ਵੀ ਇਕ ਪ੍ਰਸ਼ਨ ਹੈ। ਇਸ ਦੌਰਾਨ ਕੋਰੋਨਾ ਵਾਇਰਸ ਦੇ

**(ਬਾਕੀ ਸਫਾ 3 'ਤੇ)**



ਮਹਾਨ ਦੇਸ਼ ਭਗਤ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ।
*(ਵਿਸ਼ੇਸ਼ ਲੇਖ ਦੇਖੋ ਸਫਾ 22 ਤੇ )*

# ਨਸਲੀ ਨਫ਼ਰਤੀ ਅਪਰਾਧ ਰੋਕਣ ਲਈ ਨਵਾਂ ਕਾਨੂੰਨ ਲਾਗੂ

**ਵਾਸ਼ਿੰਗਟਨ (ਬਿਊਰੋ)**– ਅਮਰੀਕਾ 'ਚ ਕੋਰੋਨਾ ਮਹਾਮਾਰੀ ਦੌਰਾਨ ਏਸ਼ੀਅਨ-ਅਮਰੀਕੀ ਨਾਗਰਿਕਾਂ ਖ਼ਿਲਾਫ਼ ਤੇਜ਼ੀ ਨਾਲ ਵੱਧ ਰਹੇ ਨਸਲੀ ਨਫ਼ਰਤੀ ਅਪਰਾਧਾਂ 'ਤੇ ਸਖ਼ਤੀ ਕੀਤੀ ਜਾ ਰਹੀ ਹੈ। ਇਨ੍ਹਾਂ ਅਪਰਾਧਾਂ ਨਾਲ ਨਜਿੱਠਣ ਲਈ ਇਕ ਬਿੱਲ 'ਤੇ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਦਸਤਖ਼ਤ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਕਾਨੂੰਨ ਨਾਲ ਨਫ਼ਰਤੀ ਅਪਰਾਧਾਂ ਦੀ ਸਟੀਕਤਾ ਨਾਲ ਜਾਂਚ ਤੇ ਰਿਪੋਰਟ ਹੋ ਸਕੇਗੀ। ਇਸ ਕਾਨੂੰਨ ਦੇ ਬਣ ਜਾਣ ਨਾਲ ਅਜਿਹੇ ਅਪਰਾਧਾਂ ਨੂੰ ਰੋਕਣ ਲਈ ਸਰੋਤ ਵੀ ਮਿਲ ਸਕਣਗੇ, ਜਿਸ ਨਾਲ ਸੂਬਾ ਤੇ ਸਥਾਨਕ ਕਾਨੂੰਨ ਇਨਫੋਰਸਮੈਂਟ ਅਧਿਕਾਰੀਆਂ ਨੂੰ ਇਨ੍ਹਾਂ ਅਪਰਾਧਾਂ ਨੂੰ ਪਛਾਣਨ 'ਚ ਮਦਦ ਮਿਲ




ਸਕੇਗੀ। ਨਸਲੀ ਅਪਰਾਧਾਂ ਦੀ ਗਣਨਾ ਵੀ ਹੁਣ ਠੀਕ ਤਰੀਕੇ ਨਾਲ ਕੀਤੀ ਜਾ ਸਕੇਗੀ।

ਇਸ ਤੋਂ ਪਹਿਲਾਂ ਪ੍ਰਤੀਨਿਧੀ ਸਭਾ ਨੇ ਕੋਵਿਡ-19 ਨਸਲੀ ਵਿਤਕਰਾ ਅਪਰਾਧ ਬਿੱਲ ਨੂੰ ਪਾਸ ਕਰ ਦਿੱਤਾ ਸੀ। ਬਾਅਦ 'ਚ ਸੈਨਟ ਨੇ ਵੀ ਆਪਣੀ ਮਨਜ਼ੂਰੀ ਦੇ ਦਿੱਤੀ ਸੀ। ਹੁਣ ਰਾਸ਼ਟਰਪਤੀ ਦੇ ਦਸਤਖ਼ਤ ਹੋਣ ਤੋਂ ਬਾਅਦ ਇਹ ਕਾਨੂੰਨ ਬਣ ਗਿਆ ਹੈ। ਰਾਸ਼ਟਰਪਤੀ ਨੇ ਅਮਰੀਕੀ ਨਾਗਰਿਕਾਂ ਨੂੰ ਆਪਣੇ ਦਿਲ-ਦਿਮਾਗ਼ 'ਚ ਵੀ ਤਬਦੀਲੀ ਲਿਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕਾ 'ਚ ਨਫ਼ਰਤ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ।

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

# Raja

SWEETS & CATERING

AUTHORIZED CATERER FOR MAJOR 5-STAR HOTELS



ITEMS SERVING

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE

Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# INDIA MARKET

INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com

# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN 7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206


We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com

# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵ ਵੀਡ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਪੰਜਾਬ 'ਚ ਕੋਰੋਨਾ ਨਾਲ ਇਕ ਦਿਨ ਵਿਚ 176 ਮੌਤਾਂ, 4798 ਕੇਸ ਸਾਹਮਣੇ ਆਏ

**ਜਲੰਧਰ–** ਕੋਰੋਨਾ ਮਹਾਮਾਰੀ ਪਾਜ਼ੇਟਿਵ ਮਰੀਜ਼ਾਂ ਲਈ ਲਗਾਤਾਰ ਜਾਨਲੇਵਾ ਸਾਬਤ ਹੋ ਰਹੀ ਹੈ। ਮੰਗਲਵਾਰ ਨੂੰ ਪੰਜਾਬ 'ਚ ਕੋਰੋਨਾ ਨੇ 176 ਮਰੀਜ਼ਾਂ ਦੀ ਜਾਨ ਲੈ ਲਈ ਅਤੇ 4798 ਲੋਕਾਂ ਨੂੰ ਆਪਣੀ ਗ੍ਰਿਫ਼ਤ 'ਚ ਲਿਆ। ਹਾਲਾਂਕਿ 6451 ਮਰੀਜ਼ਾਂ ਨੇ ਕੋਰੋਨਾ ਖ਼ਿਲਾਫ਼ ਜੰਗ ਜਿੱਤ ਲਈ। ਕੋਰੋਨਾ ਨਾਲ ਮਰਨ ਵਾਲੇ ਮਰੀਜ਼ਾਂ ਦੀ ਗਿਣਤੀ 13642 ਤਕ ਪੁੱਜ ਗਈ ਤੇ ਪਾਜ਼ੇਟਿਵ ਮਰੀਜ਼ਾਂ ਦਾ ਅੰਕੜਾ 5,48,231 ਹੋ ਗਿਆ ਜਦੋਂਕਿ 4,81,462 ਲੋਕ ਠੀਕ ਹੋ ਚੁੱਕੇ ਹਨ। ਸਿਹਤ ਵਿਭਾਗ ਵੱਲੋਂ ਜਾਰੀ ਰਿਪੋਰਟਾਂ ਮੁਤਾਬਕ ਮੰਗਲਵਾਰ ਨੂੰ ਲੁਧਿਆਣੇ 'ਚ 19, ਸੰਗਰੂਰ 'ਚ 17, ਅੰਮ੍ਰਿਸਰ 'ਚ 16, ਬਠਿੰਡੇ 'ਚ 14, ਪਟਿਆਲੇ 'ਚ 13, ਜਲੰਧਰ 'ਚ 12, ਮੋਹਾਲੀ ਤੇ ਮੁਕਤਸਰ 'ਚ 9-9, ਫਿਰੋਜ਼ਪੁਰ 'ਚ 8, ਫਾਜ਼ਿਲਕਾ ਤੇ ਕਪੂਰਥਲਾ 'ਚ 7-7, ਫ਼ਰੀਦਕੋਟ ਤੇ ਮਾਨਸਾ 'ਚ 6-6, ਮੋਗਾ ਤੇ ਗੁਰਦਾਸਪੁਰ 'ਚ 5-5, ਫ਼ਤਹਿਗੜ੍ਹ ਸਾਹਿਬ ਤੇ ਪਠਾਨਕੋਟ 'ਚ 4-4, ਹੁਸ਼ਿਆਰਪੁਰ, ਨਵਾਂਸ਼ਹਿਰ ਤੇ ਤਰਨਤਾਰਨ 'ਚ 3-3 ਅਤੇ ਰੋਪੜ 'ਚ 2 ਮਰੀਜ਼ਾਂ ਦੀ ਮੌਤ ਹੋਈ। ਸੈਂਪਲਾਂ ਦੀਆਂ ਆਈਆਂ ਰਿਪੋਰਟਾਂ 'ਚ 4798 ਲੋਕ ਪਾਜ਼ੇਟਿਵ ਪਾਏ ਗਏ। ਇਨ੍ਹਾਂ ਵਿਚੋਂ ਜਲੰਧਰ ਤੋਂ 536, ਲੁਧਿਆਣੇ ਤੋਂ 461, ਮੋਹਾਲੀ ਤੋਂ 376, ਅੰਮ੍ਰਿਸਰ ਤੋਂ 352, ਬਠਿੰਡੇ ਤੋਂ 344, ਫਾਜ਼ਿਲਕਾ ਤੋਂ 334, ਮੁਕਤਸਰ ਤੋਂ 300, ਪਟਿਆਲੇ ਤੋਂ 275, ਪਠਾਨਕੋਟ ਤੋਂ 243, ਗੁਰਦਾਸਪੁਰ ਤੋਂ 233, ਹੁਸ਼ਿਆਰਪੁਰ ਤੋਂ 229, ਮਾਨਸਾ ਤੋਂ 196, ਫ਼ਰੀਦਕੋਟ ਤੋਂ 140, ਫ਼ਤਹਿਗੜ੍ਹ ਸਾਹਿਬ ਤੇ ਸੰਗਰੂਰ ਤੋਂ 132-132, ਫਿਰੋਜ਼ਪੁਰ ਤੋਂ 114, ਕਪੂਰਥਲਾ ਤੋਂ 104, ਬਰਨਾਲਾ ਤੋਂ 81, ਤਰਨਤਾਰਨ ਤੋਂ 73, ਰੋਪੜ ਤੋਂ 58, ਮੋਗਾ ਤੋਂ 50 ਅਤੇ ਨਵਾਂਸ਼ਹਿਰ ਤੋਂ 35 ਮਰੀਜ਼ ਆਏ ਹਨ।

**15.87 ਫ਼ੀਸਦੀ ਆਬਾਦੀ ਨੂੰ ਹੀ ਲੱਗ ਸਕਿਆ ਟੀਕਾ**

ਸੂਬੇ 'ਚ ਕੋਰੋਨਾ ਵੈਕਸੀਨ ਦਾ ਸੰਕਟ ਬਰਕਰਾਰ ਹੈ। ਵੈਕਸੀਨ ਦੀ ਕਮੀ ਨਾਲ ਸੂਬੇ 'ਚ ਟੀਕਾਕਰਨ ਦਾ ਗ੍ਰਾਫ਼ ਲਗਾਤਾਰ ਡਿੱਗਦਾ ਜਾ ਰਿਹਾ ਹੈ। ਅਪ੍ਰੈਲ ਦੇ ਅੰਤ ਤਕ ਜਿੱਥੇ ਰੋਜ਼ਾਨਾ 70 ਤੋਂ 90 ਹਜ਼ਾਰ ਲੋਕਾਂ ਦਾ ਟੀਕਾਕਰਨ ਹੋ ਰਿਹਾ ਸੀ, ਉਹ ਹੁਣ ਸਿਮਟ ਕੇ 50 ਹਜ਼ਾਰ ਦੇ ਕਰੀਬ ਰਹਿ ਗਿਆ ਹੈ। ਹੁਣ ਤਕ ਸੂਬੇ ਦੀ ਕਰੀਬ 15.87 ਫੀਸਦੀ ਆਬਾਦੀ ਨੂੰ ਹੀ ਵੈਕਸੀਨ ਦੀ ਪਹਿਲੀ ਡੋਜ਼ ਲੱਗ ਸਕੀ ਹੈ ਜਦਕਿ 7.44 ਲੱਖ ਲੋਕਾਂ ਨੂੰ ਦੋਵੇਂ ਖ਼ੁਰਾਕਾਂ ਲੱਗ ਚੁੱਕੀਆਂ ਹਨ। ਜੇਕਰ ਇਸੇ ਰਫ਼ਤਾਰ ਨਾਲ ਵੈਕਸੀਨੇਸ਼ਨ ਦਾ ਕੰਮ ਚੱਲਿਆ ਤਾਂ ਪੂਰੀ ਆਬਾਦੀ ਨੂੰ ਕਵਰ ਕਰਨ ਲਈ ਹਾਲੇ ਡੇਢ ਸਾਲ ਦਾ ਸਮਾਂ ਲੱਗ ਜਾਵੇਗਾ ਤੇ ਜੇਕਰ ਇਸ ਸਾਲ ਦੇ ਅੰਤ ਤਕ ਪੂਰੀ ਆਬਾਦੀ ਨੂੰ ਦੋਵੇਂ ਖ਼ੁਰਾਕਾਂ ਲਗਵਾਉਣੀਆਂ ਹਨ ਤਾਂ 1.21 ਲੱਖ ਲੋਕਾਂ ਨੂੰ ਰੋਜ਼ਾਨਾ ਪਹਿਲੀ ਤੇ 1.40 ਲੱਖ ਲੋਕਾਂ ਨੂੰ ਰੋਜ਼ਾਨਾ ਦੂਜੀ ਡੋਜ਼ ਲਾਉਣੀ ਪਵੇਗੀ। ਨਹੀਂ ਤਾਂ ਜਿਸ ਰਫ਼ਤਾਰ ਨਾਲ ਟੀਕਾਕਰਨ ਦਾ ਕੰਮ ਚੱਲ ਰਿਹਾ ਹੈ, ਉਹ ਨਵੰਬਰ 2022 ਤਕ ਹੀ ਪੂਰਾ ਹੋ ਸਕੇਗਾ।




**ਪੂਰੀ ਦੁਨੀਆ 'ਚ ਕੋਰੋਨਾ ਨਾਲ ਇਕ ਦਿਨ 'ਚ 10 ਹਜ਼ਾਰ ਮੌਤਾਂ**

ਦੁਨੀਆ 'ਚ ਕੋਰੋਨਾ ਮਹਾਮਾਰੀ ਦਾ ਕਹਿਰ ਜਾਰੀ ਹੈ। ਬੀਤੇ 24 ਘੰਟੇ 'ਚ ਪੂਰੀ ਦੁਨੀਆ 'ਚ 10 ਹਜ਼ਾਰ ਤੋਂ ਜ਼ਿਆਦਾ ਪੀੜਤਾਂ ਦੀ ਮੌਤ ਹੋ ਗਈ ਤੇ ਸਾਢੇ ਚਾਰ ਲੱਖ ਤੋਂ ਜ਼ਿਆਦਾ ਨਵੇਂ ਮਾਮਲੇ ਪਾਏ ਗਏ ਹਨ। ਹਾਲਾਂਕਿ ਬੀਤੇ ਕੁਝ ਦਿਨਾਂ ਤੋਂ ਰੋਜ਼ਾਨਾ ਦੇ ਮਾਮਲੇ ਤੇ ਕੋਰੋਨਾ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 'ਚ ਕੁਝ ਕਮੀ ਆ ਰਹੀ ਹੈ। ਜੌਹਨ ਹਾਪਕਿੰਜ਼ ਦੇ ਡਾਟੇ ਅਨੁਸਾਰ, ਮੰਗਲਵਾਰ ਸਵੇਰੇ ਕੋਰੋਨਾ ਪੀੜਤਾਂ ਦਾ ਅੰਕੜਾ 16 ਕਰੋੜ 71 ਲੱਖ 12 ਹਜ਼ਾਰ 793 ਹੋ ਗਿਆ, ਜਦਕਿ ਮਰਨ ਵਾਲਿਆਂ ਦੀ ਗਿਣਤੀ ਵਧ ਕੇ 34 ਲੱਖ 69 ਹਜ਼ਾਰ 530 ਹੋ ਗਈ ਹੈ। ਇਧਰ, ਬ੍ਰਾਜ਼ੀਲ ਦੇ ਸਿਹਤ ਮੰਤਰਾਲੇ ਨੇ ਦੱਸਿਆ ਕਿ ਸੋਮਵਾਰ 790 ਪੀੜਤਾਂ ਦੇ ਦਮ ਤੋੜਨ ਨਾਲ ਮਰਨ ਵਾਲਿਆਂ ਦੀ ਗਿਣਤੀ ਕਰੀਬ ਸਾਢੇ ਚਾਰ ਲੱਖ ਹੋ ਗਈ। ਇਸ ਦੌਰਾਨ 37 ਹਜ਼ਾਰ 498 ਨਵੇਂ ਇਨਫੈਕਟਿਡ ਮਿਲਣ ਤੋਂ ਪੀੜਤਾਂ ਦੀ ਕੁਲ ਗਿਣਤੀ ਇਕ ਕਰੋੜ 61 ਲੱਖ 20 ਹਜ਼ਾਰ ਤੋਂ ਜ਼ਿਆਦਾ ਹੋ ਗਈ।

**ਅਮਰੀਕਾ ਦੇ 25 ਸੁਬਿਆਂ 'ਚ 50 ਫ਼ੀਸਦੀ ਬਾਲਗਾਂ ਦਾ ਟੀਕਾਕਰਨ ਮੁਕੰਮਲ**

ਅਮਰੀਕਾ ਦੇ 25 ਸੂਬਿਆਂ 'ਚ 50 ਫ਼ੀਸਦੀ ਤੋਂ ਜ਼ਿਆਦਾ ਬਾਲਗਾਂ ਦਾ ਟੀਕਾਕਰਨ ਪੂਰਾ ਹੋ ਗਿਆ ਹੈ। ਇਨ੍ਹਾਂ ਲੋਕਾਂ ਨੂੰ ਵੈਕਸੀਨ ਦੀਆਂ ਦੋਵੇਂ ਖ਼ੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ। ਅਮਰੀਕਾ ਦੀ ਸਿਹਤ ਏਜੰਸੀ ਸੈਂਟਰਜ਼ ਫਾਰ ਡਿਜੀਜ਼ ਕੰਟਰੋਲ ਐਂਡ ਪ੍ਰਰੀਵੈਂਸ਼ਨ ਨੇ ਇਹ ਜਾਣਕਾਰੀ ਦਿੱਤੀ ਹੈ। ਦੁਨੀਆ 'ਚ ਕੋਰੋਨਾ ਮਹਾਮਾਰੀ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਿਤ ਅਮਰੀਕਾ 'ਚ ਕੁਲ ਛੇ ਲੱਖ ਤੋਂ ਜ਼ਿਆਦਾ ਪੀੜਤਾਂ ਦੀ ਜਾਨ ਗਈ ਹੈ। ਇਥੇ ਤਕ ਹੁਣ ਤਿੰਨ ਕਰੋੜ 39 ਲੱਖ ਤੋਂ ਜ਼ਿਆਦਾ ਮਾਮਲੇ ਪਾਏ ਗਏ ਹਨ।

# ਸਾਰੀ ਦੁਨੀਆਂ ਰਲ ਕੇ ਹਰਾ ਸਕਦੀ ਹੈ ਕੋਰੋਨਾ ਨੂੰ- ਗੁਟੇਰੇਸ

(ਸਫਾ 1 ਦੀ ਬਾਕੀ)

ਸੰਬੰਧ ਵਿਚ ਇਕ ਖੁਫੀਆ ਰਿਪੋਰਟ ਸਾਹਮਣੇ ਆਈ ਹੈ ਜਿਸ ਨੇ ਪੂਰੀ ਦੁਨੀਆ ਦਾ ਧਿਆਨ ਇਕ ਵਾਰ ਫਿਰ ਚੀਨ ਵੱਲ ਲਿਆਂਦਾ ਹੈ। ਇਕ ਅਮਰੀਕੀ ਖੁਫੀਆ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਵੁਹਾਨ ਲੈਬ ਸਟਾਫ ਦੁਨੀਆ ਭਰ ਵਿਚ ਕੋਰੋਨਾ ਵਾਇਰਸ ਫੈਲਣ ਤੋਂ ਇਕ ਮਹੀਨਾ ਪਹਿਲਾਂ ਬਿਮਾਰ ਹੋ ਗਿਆ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵੁਹਾਨ ਲੈਬ ਦੇ ਤਿੰਨ ਖੋਜਕਰਤਾ ਇਸ ਦੌਰਾਨ ਬਿਮਾਰ ਹੋ ਗਏ ਸੀ। ਅਮਰੀਕੀ ਅਖ਼ਬਾਰ ਵਾਲ ਸਟਰੀਟ ਜਰਨਲ ਦੇ ਅਨੁਸਾਰ ਵੁਹਾਨ ਇੰਸਟੀਚਿਊਟ ਆਫ ਵਾਇਰੋਲੋਜੀ ਦੇ ਤਿੰਨ ਖੋਜਕਰਤਾ ਨਵੰਬਰ 2019 ਵਿਚ ਬਿਮਾਰ ਪੈ ਗਏ ਅਤੇ ਹਸਪਤਾਲ ਦੀ ਸਹਾਇਤਾ ਦੀ ਮੰਗ ਕੀਤੀ ਸੀ। ਇਸ ਖੁਫੀਆ ਰਿਪੋਰਟ ਵ੍ਹ ਵੁਹਾਨ ਲੈਬ ਦੇ ਬਿਮਾਰ ਹੋਣ ਵਾਲੇ ਖੋਜਕਰਤਾਵਾਂ ਦੀ ਗਿਣਤੀ, ਬਿਮਾਰ ਹੋਣ ਦਾ ਸਮਾਂ ਤੇ ਹਸਪਤਾਲ ਜਾਣ ਨਾਲ ਸਬੰਧਤ ਵਿਸਥਾਰਤ ਜਾਣਕਾਰੀ ਦਿੱਤੀ ਗਈ ਹੈ।

ਅਮਰੀਕਾ ਦੁਆਰਾ ਜਾਰੀ ਕੀਤੀ ਗਈ ਇਸ ਖੁਫੀਆ ਰਿਪੋਰਟ ਤੋਂ ਬਾਅਦ, ਇਹ ਉਮੀਦ ਕੀਤੀ ਜਾ ਰਹੀ ਹੈ ਕਿ ਇਹ ਖੁਫੀਆ ਜਾਣਕਾਰੀ ਉਸ ਦਾਅਵੇ ਦੀ ਜਾਂਚ ਲਈ ਮਜਬੂਰ ਕਰੇਗੀ ਜਿਸਨੇ ਵੁਹਾਨ ਲੈਬ ਤੋਂ ਕੋਰੋਨਾ ਵਾਇਰਸ ਦੀ ਭਵਿੱਖਬਾਣੀ ਕੀਤੀ ਹੈ। ਅਮਰੀਕਾ ਦੀ ਖੁਫੀਆ ਰਿਪੋਰਟ ਇਕ ਅਜਿਹੇ ਸਮੇਂ ਆਈ ਹੈ ਜਦੋਂ ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਦੀ ਇਕ ਮੀਟਿੰਗ ਹੋਣ ਜਾ ਰਹੀ ਹੈ ਜਿਸ ਵਿਚ ਕੋਰੋਨਾ ਵਾਇਰਸ ਦੀ ਸ਼ੁਰੂਆਤ ਬਾਰੇ ਜਾਂਚ ਦੇ ਅਗਲੇ ਪੜਾਅ 'ਤੇ ਵਿਚਾਰ ਵਟਾਂਦਰੇ ਦੀ ਉਮੀਦ ਕੀਤੀ ਜਾ ਰਹੀ ਹੈ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਯੂਐਚਓ) ਦੀ ਇਕ ਟੀਮ ਵੁਹਾਨ ਵਿਖੇ ਕੋਰੋਨਾ ਵਾਇਰਸ ਨਾਲ ਜੁੜੇ ਤੱਥਾਂ ਦਾ ਪਤਾ ਲਗਾਉਣ ਗਈ ਸੀ। ਅਤੇ ਹਾਂ, ਕਈ ਮਹੀਨਿਆਂ ਤੋਂ, ਜਾਂਚ ਟੀਮ ਨੇ ਇਸਦੀ ਜਾਂਚ ਕੀਤੀ। ਇਸ ਸਮੇਂ ਦੌਰਾਨ ਉਹ ਚੀਨ ਦੀ ਵੁਹਾਨ ਲੈਬ ਵੀ ਗਏ। ਫਿਰ ਡਬਲਯੂਐਚਓ ਨੇ ਕਿਹਾ ਕਿ ਇਹ ਸਾਬਤ ਕਰਨ ਲਈ ਕਾਫ਼ੀ ਤੱਥ ਨਹੀਂ ਸਨ ਕਿ ਕੋਰੋਨਾ ਵਾਇਰਸ ਵੁਹਾਨ ਦੀ ਲੈਬ ਤੋਂ ਦੁਨੀਆ ਤਕ ਫੈਲਿਆ।

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਰੋਨਾ ਵਾਇਰਸ ਨੂੰ 'ਚੀਨੀ ਵਾਇਰਸ' ਅਤੇ 'ਵੁਹਾਨ ਵਾਇਰਸ' ਕਿਹਾ ਹੈ ਅਤੇ ਚੀਨ ਨੇ ਇਸ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਸਨੇ ਚੀਨ 'ਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਟੀਮ ਦੀ ਜਾਂਚ ਵਿਚ ਪੂਰੀ ਤਰ੍ਹਾਂ ਨਾਲ ਸਹਾਇਤਾ ਨਾ ਕਰਨ ਅਤੇ ਵੁਹਾਨ ਲੈਬ ਨਾਲ ਜੁੜੀ ਜਾਣਕਾਰੀ ਲੁਕਾਉਣ ਦਾ ਵੀ ਦੋਸ਼ ਲਾਇਆ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਨਿਊਜਰਸੀ ਦੇ ਇਕ ਘਰ ਵਿੱਚ ਚੱਲ ਰਹੀ ਪਾਰਟੀ ਵਿਚ ਅਣਪਛਾਤੇ ਵਿਅਕਤੀ ਨੇ ਅੰਧਾਧੁੰਦ ਗੋਲੀਬਾਰੀ ਕਰਕੇ ਦੋ ਦੀ ਕੀਤੀ ਹੱਤਿਆ, 12 ਜਖਮੀ

**ਸੈਕਰਾਮੈਂਟੋ 24 ਮਈ (ਹੁਸਨ ਲੜੋਆ ਬੰਗਾ)** ਫੇਅਰਫੀਲਡ (ਨਿਊਜਰਸੀ) ਵਿਚ ਇਕ ਘਰ ਵਿਚ ਚੱਲ ਰਹੀ ਪਾਰਟੀ ਦੌਰਾਨ ਉਸ ਵੇਲੇ ਅਫਰਾ ਤਫਰੀ ਮਚ ਗਈ ਜਦੋਂ ਬਾਹਰੋਂ ਆਏ ਇਕ ਅਣਪਛਾਤੇ ਵਿਅਕਤੀ ਨੇ ਅੰਧਾਧੁੰਦ ਗੋਲੀਬਾਰੀ ਕਰਨੀ ਸ਼ੁਰੂ ਕਰ ਦਿੱਤੀ।

ਕਈ ਵਿਅਕਤੀਆਂ ਨੇ ਇਧਰ ਉਧਰ ਲੁਕ ਕੇ ਤੇ ਕਈਆਂ ਨੇ ਧਰਤੀ ਉਪਰ ਲੇਟ ਕੇ&; ਆਪਣੀ ਜਾਨ ਬਚਾਈ। ਗੋਲੀਆਂ ਵੱਜਣ ਨਾਲ ਇਕ 30 ਸਾਲਾ ਵਿਅਕਤੀ ਤੇ ਇਕ 25 ਸਾਲਾ ਔਰਤ ਦੀ ਮੌਤ ਹੋ ਗਈ ਜਦ ਕਿ 12 ਹੋਰ ਜਖਮੀ ਹੋ ਗਏ ਜਿਨਾਂ ਵਿਚੋਂ ਇਕ ਵਿਅਕਤੀ ਦੀ ਹਾਲਤ ਗੰਭੀਰ ਹੈ ਜਿਸ ਦਾ ਹਸਪਤਾਲ ਵਿਚ ਇਲਾਜ਼ ਚੱਲ ਰਿਹਾ ਹੈ। ਇਹ ਘਟਨਾ ਫਿਲਾਡੈਲਫੀਆ ਦੇ ਦੱਖਣ ਵਿਚ 50 ਮੀਲ ਦੂਰ ਦਿਹਾਤੀ ਖੇਤਰ ਵਿਚ ਵਾਪਰੀ। ਮੌਕੇ ਦਾ ਦ੍ਰਿਸ਼ ਖੁਦ ਹੀ ਸਾਰੀ ਕਹਾਣੀ ਬਿਆਨ ਕਰ ਰਿਹਾ ਸੀ। ਜਗਾ ਜਗਾ ਕੁਰਸੀਆਂ ਤੇ ਹੋਰ ਖਾਣ ਪੀਣ ਦਾ ਸਮਾਨ ਖਿਲਰਿਆ ਪਿਆ ਸੀ ਤੇ ਥਾਂ ਥਾਂ 'ਤੇ ਧਰਤੀ ਉਪਰ ਲਹੂ ਡੁਲਿਆ ਹੋਇਆ ਸੀ। ਪੁਲਿਸ ਤੋਂ ਇਲਾਵਾ ਫੇਅਰਫੀਲਡ ਟਾਊਨਸ਼ਿੱਪ ਦੇ ਮੇਅਰ ਬੈਨਜਾਮਿਨ ਬਾਇਰਡ ਵੀ ਘਟਨਾ ਸਥਾਨ 'ਤੇ ਪੁੱਜਾ। ਬਾਇਰਡ ਨੇ ਕਿਹਾ ਕਿ ਉਸ&; ਨੂੰ ਘਟਨਾ ਬਾਰੇ ਬਹੁਤ ਥੋੜੀ ਜਾਣਕਾਰੀ ਹੈ ਕਿਉਂਕਿ ਕਿਸੇ ਨੂੰ ਨਹੀਂ ਪਤਾ ਕਿ ਕੋਈ ਵਿਅਕਤੀ ਕਦੋਂ ਜੰਗਲ ਵਿਚੋਂ ਨਿਕਲੇ ਕੇ ਆਇਆ ਤੇ ਫਾਇਰਿੰਗ ਕਰਕੇ ਚਲਾ ਗਿਆ।

ਪੁਲਿਸ ਵੱਲੋਂ ਸ਼ੱਕੀ ਵਿਅਕਤੀ ਦੀ ਤਲਾਸ਼ ਜਾਰੀ ਹੈ ਤੇ ਉਸ ਵੱਲੋਂ ਸੂਹੀਆ ਕੁੱਤਿਆਂ ਦੀ ਮੱਦਦ ਲਈ ਜਾ ਰਹੀ ਹੈ। ਗਵਰਨਰ ਫਿਲ ਮਰਫੀ ਨੇ ਘਟਨਾ ਨੂੰ ਬਹੁਤ ਭਿਆਨਕ ਕਰਾਰ ਦਿੰਦਿਆਂ ਕਿਹਾ ਕਿ ਪਾਰਟੀ ਵਿਚ ਸੈਂਕੜੇ ਲੋਕ ਸ਼ਾਮਿਲ ਸਨ ਤੇ ਇਹ ਇਕ ਸਮੂਹਿਕ ਕਤਲੇਆਮ ਦੀ ਘਟਨਾ ਹੈ। ਉਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਿਸ ਵੀ ਕਿਸੇ ਕੋਲ ਸ਼ੱਕੀ ਬਾਰੇ ਕੋਈ ਸੂਚਨਾ ਹੈ ਉਹ ਅੱਗੇ ਆਵੇ ਤਾਂ ਜੋ ਘਟਨਾ ਲਈ ਜ਼ਿੰਮੇਵਾਰਾਂ ਨੂੰ ਕਟਹਿਰੇ ਵਿਚ ਖੜਾ ਕੀਤਾ ਜਾ ਸਕੇ। ਘਟਨਾ ਤੋਂ ਬਾਅਦ ਇਲਾਕੇ ਵਿਚ ਸਹਿਮ ਤੇ ਡਰ ਦਾ ਮਾਹੌਲ ਪਾਇਆ ਜਾ ਰਿਹਾ ਹੈ। ਪੁਲਸ ਨੇ ਇਲਾਕੇ ਵਿਚ&; ਗਸ਼ਤ ਵਧਾ ਦਿੱਤੀ ਹੈ।

# ਓਹੀਓ ਬਾਰ ਵਿਚ ਹੋਈ ਗੋਲੀਬਾਰੀ ਵਿਚ 3 ਮੌਤਾਂ, 8 ਜ਼ਖਮੀ



**ਸੈਕਰਾਮੈਂਟੋ 24 ਮਈ (ਹੁਸਨ ਲੜੋਆ ਬੰਗਾ)–** ਓਹੀਓ ਦੀ ਇਕ ਬਾਰ ਵਿਚ ਹੋਈ ਗੋਲੀਬਾਰੀ ਵਿਚ ਘੱਟੋ ਘੱਟ 3 ਵਿਅਕਤੀ ਮਾਰੇ ਗਏ ਤੇ 8 ਹੋਰ ਜਖਮੀ ਹੋ ਗਏ। ਯੰਗਸਟਾਊਨ ਪੁਲਿਸ ਵਿਭਾਗ ਨੇ ਇਹ ਖੁਲਾਸਾ ਕਰਦਿਆਂ ਕਿਹਾ ਹੈ ਕਿ ਪੁਲਿਸ ਨੂੰ ਤਕਰੀਬਨ ਤੜਕਸਾਰ 2 ਵਜੇ ਟਾਰਚ ਕਲੱਬ ਬਾਰ ਐਂਡ ਗਰਿਲ ਵਿਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਜਖਮੀਆਂ ਨੂੰ ਸੇਂਟ ਅਲਿਜਾਬੈਥ ਯੰਗਸਟਾਊਨ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਦੀ ਹਾਲਤ ਬਾਰੇ ਪੁਲਿਸ ਨੇ ਕੁਝ ਨਹੀਂ ਦਸਿਆ। ਪੁਲਸ ਅਧਿਕਾਰੀ ਲੈਫਟੀਨੈਂਟ ਫਰੈਂਕ ਰੂਦਰਫੋਰਡ ਨੇ ਕਿਹਾ ਹੈ ਕਿ ਅਧਿਕਾਰੀ ਸੰਭਾਵੀ ਚਸ਼ਮਦੀਦ ਗਵਾਹਾਂ ਤੋਂ ਜਾਣਕਾਰੀ ਲੈਣ ਦਾ ਯਤਨ ਕਰ ਰਹੀ ਹੈ। ਪੁਲਿਸ ਵੱਲੋਂ ਸ਼ੱਕੀ ਦੋਸ਼ੀਆਂ ਜਾਂ ਘਟਨਾ ਸਬੰਧੀ ਹੋਰ ਕੋਈ ਜਾਣਕਾਰੀ ਜਨਤਿਕ ਨਹੀਂ ਕੀਤੀ ਗਈ। ਕੇਵਲ ਏਨਾ ਹੀ ਕਿਹਾ ਹੈ ਕਿ ਜਾਂਚ ਚੱਲ ਰਹੀ ਹੈ।

**ਦੱਖਣੀ ਕੈਰੋਲੀਨਾ ਵਿਚ ਗੋਲੀਬਾਰੀ**

ਦੱਖਣੀ ਕੈਰੋਲੀਨਾ ਵਿਚ ਚੱਲ ਰਹੇ ਇਕ ਸੰਗੀਤ ਸੰਮੇਲਣ ਵਿਚ ਹੋਈ ਗੋਲੀਬਾਰੀ ਵਿਚ ਇਕ 14 ਸਾਲਾ ਲੜਕੀ ਦੀ ਮੌਤ ਹੋ ਗਈ ਤੇ 14 ਹੋਰ ਜਖਮੀ ਹੋ ਗਏ। ਉਤਰੀ ਚਾਰਲਸਟਨ ਪੁਲਿਸ ਡਿਪਟੀ ਚੀਫ ਸਕਾਟ ਡੈਕਰਡ ਨੇ ਦਸਿਆ ਕਿ ਜਦੋਂ ਮੌਕੇ ਉਪਰ ਪੁਲਿਸ ਪੁੱਜੀ ਤਾਂ ਬਹੁਤ ਸਾਰੇ ਲੋਕ ਗੋਲੀਆਂ ਵੱਜਣ ਕਾਰਨ ਜਖਮੀ ਹੋਏ ਮਿਲੇ ਜਿਨਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਨਾਂ ਕਿਹਾ ਕਿ ਇਹ ਇਕ ਅਣਅਧਿਕਾਰਤ ਸੰਗੀਤ ਸੰਮੇਲਣ ਸੀ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਯੂਪੀ ਗੇਟ ਜਾਮ ਹੋਇਆ, ਪ੍ਰਭਾਵਿਤ ਹੋਣਗੇ ਦਿੱਲੀ-ਐੱਨਸੀਆਰ ਦੇ ਲੱਖਾਂ ਲੋਕ

**ਨਵੀਂ ਦਿੱਲੀ–** ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ 'ਚ 28 ਨਵੰਬਰ ਤੋਂ ਧਰਨਾ ਦੇ ਰਹੇ ਪ੍ਰਦਰਸ਼ਨਕਾਰੀਆਂ ਨੇ ਯੂਪੀ ਗੇਟ 'ਤੇ ਪੱਕੇ ਨਿਰਮਾਣ ਦੀ ਸ਼ੁਰੂਆਤ ਕਰ ਦਿੱਤੀ ਹੈ। ਰਾਸ਼ਟਰੀ ਰਾਜਮਾਰਗ–ਨੌਂ ਦੀ ਦਿੱਲੀ ਜਾਣ ਵਾਲੇ ਤੇ ਸੰਪਰਕ ਮਾਰਗ ਦੇ ਫੁੱਟਪਾਥ 'ਤੇ ਇੱਟ ਸੀਮੈਂਟ ਨਾਲ ਨਿਰਮਾਣ ਸ਼ੁਰੂ ਕਰ ਦਿੱਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਬਾਰਿਸ਼ ਦਾ ਪਾਣੀ ਰੋਕਣ ਲਈ ਇੱਟਾਂ ਲਗਾਈਆਂ ਹਨ। ਦੂਜੇ ਪਾਸੇ ਪ੍ਰਦਰਸ਼ਨਕਾਰੀਆਂ ਨੇ ਬੁੱਧਵਾਰ ਨੂੰ ਅੰਦੋਲਨ ਦੇ 6 ਮਹੀਨੇ ਪੂਰੇ ਹੋਣ 'ਤੇ ਕਾਲਾ ਦਿਵਸ ਮਨਾਉਣ ਦਾ ਐਲਾਨ ਕੀਤਾ ਹੈ। ਯੂਪੀ ਗੇਟ 'ਤੇ ਪ੍ਰਦਰਸ਼ਨਕਾਰੀਆਂ ਦਾ ਰਾਸ਼ਟਰੀ ਰਾਜਮਾਰਗ–ਨੌਂ, ਦਿੱਲੀ–ਮੇਰਠ ਦੀ ਦਿੱਲੀ ਜਾਣ ਵਾਲੀ ਲੇਨ ਤੇ ਸੰਪਰਕ ਮਾਰਗ 'ਤੇ ਕਬਜ਼ਾ ਹੈ। ਐਕਸਪ੍ਰੈੱਸ–ਵੇ 'ਤੇ ਉਨ੍ਹਾਂ ਨੇ ਮੰਚ ਬਣਾਇਆ ਹੋਇਆ ਹੈ। ਲੰਗਰ ਚੱਲ ਰਿਹਾ ਹੈ। ਸੰਪਰਕ ਮਾਰਗ 'ਤੇ ਵੀ ਲੰਗਰ ਚੱਲ ਰਹੇ ਹਨ। ਮੰਗਲਵਾਰ ਨੂੰ ਪ੍ਰਦਰਸ਼ਨਕਾਰੀਆਂ ਨੇ ਇੱਥੇ ਸੰਪਰਕ ਮਾਰਗ ਦੇ ਫੁੱਟਪਾਥ 'ਤੇ ਪੱਕਾ ਨਿਰਮਾਣ ਸ਼ੁਰੂ ਕਰ ਦਿੱਤਾ ਹੈ। ਇੱਥੇ ਫੁੱਟਪਾਥ ਦੀ ਕੰਧ ਤੋੜ ਕੇ ਇੱਟਾਂ ਤੇ ਸੀਮੈਂਟ ਦੀ ਚਿਣਾਈ ਕਰ ਕੇ ਦੋ ਕਮਰਿਆਂ ਦਾ ਰੂਪ ਦਿੱਤਾ। ਲੋਹੇ ਦੇ ਫਰੇਮ ਲਗਾਏ। ਦੇਰ ਸ਼ਾਮ ਤਕ ਇੱਥੇ ਕੰਮ ਚੱਲਦਾ ਰਿਹਾ। ਰਾਸ਼ਟਰੀ ਰਾਜਮਾਰਗ–ਨੌਂ 'ਤੇ ਟੈਂਟ ਦੇ ਪਿੱਛੇ ਇੱਟਾਂ ਨਾਲ ਚਿਣਾਈ ਕੀਤੀ। ਸੰਯੁਕਤ ਕਿਸਾਨ ਮੋਰਚਾ ਗਾਜੀਪੁਰ ਸਰਹੱਦ (ਯੂਪੀ ਗੇਟ) ਦੇ ਬੁਲਾਰੇ ਜਗਤਾਰ ਸਿੰਘ ਬਾਜਵਾ ਨੇ ਦੱਸਿਆ ਕਿ ਪੱਕਾ ਨਿਰਮਾਣ ਨਹੀਂ ਕੀਤਾ ਜਾ ਰਿਹੈ। ਪਾਣੀ ਰੋਕਣ ਲਈ ਇੱਟਾਂ ਲਗਾਈਆਂ ਗਈਆਂ ਹਨ। ਪੁਲਿਸ ਅਧਿਕਾਰੀ ਗਿਆਨੇਂਦਰ ਸਿੰਘ ਨੇ ਦੱਸਿਆ ਕਿ ਪ੍ਰਦਰਸ਼ਨਕਾਰੀਆਂ ਦੇ ਪ੍ਰਸਤਾਵਿਤ ਪ੍ਰੋਗਰਾਮ ਨੂੰ ਲੈ ਕੇ ਪੁਲਿਸ ਚੌਕਸ ਹੈ। ਇੱਥੇ ਸਖ਼ਤ ਸੁਰੱਖਿਆ–ਵਿਵਸਥਾ ਹੈ।



# ਹੁਣ ਭਾਰਤ 'ਚ ਲੈ ਸਕੋਗੇ ਕੋਰੋਨਾ ਵੈਕਸੀਨ ਮੌਡਰਨਾ-ਫਾਈਜ਼ਰ ਦੀ ਖ਼ੁਰਾਕ

**ਨਵੀਂ ਦਿੱਲੀ–** ਆਸ ਪ੍ਰਗਟਾਈ ਜਾ ਰਹੀ ਹੈ ਕਿ ਅਗਲੇ ਸਾਲ ਤਕ ਮੌਡਰਨਾ ਆਪਣੀ ਸਿੰਗਲ ਡੋਜ਼ ਵਾਲੀ ਵੈਕਸੀਨ ਨੂੰ ਭਾਰਤ 'ਚ ਲਾਂਚ ਕਰ ਦੇਵੇਗੀ। ਇਸ ਦੇ ਲਈ ਸਿਪਲਾ ਤੇ ਹੋਰ ਭਾਰਤੀ ਕੰਪਨੀਆਂ ਨਾਲ ਗੱਲਬਾਤ ਜਾਰੀ ਹੈ। ਨਾਲ ਹੀ ਇਕ ਹੋਰ ਅਮਰੀਕੀ ਦਿੱਗਜ ਫਾਈਜ਼ਰ () ਇਸੇ ਸਾਲ ਭਾਰਤ ਨੂੰ 5 ਕਰੋੜ ਵੈਕਸੀਨ ਦੇਣ ਨੂੰ ਤਿਆਰ ਹੈ। ਕੋਰੋਨਾ ਮਹਾਮਾਰੀ ਦੀ ਦੂਜੀ ਲਹਿਰ ਦਾ ਸਾਹਮਣਾ ਕਰ ਰਹੇ ਭਾਰਤ ਕੋਲ ਫਿਲਹਾਲ ਕੋਵੀਸ਼ੀਲਡ, ਕੋਵੈਕਸੀਨ ਤੇ ਸਪੁਤਨਿਕ–5 ਕੋਰੋਨਾ ਵੈਕਸੀਨ ਹਨ। ਕੋਰੋਨਾ ਦੀ ਤੀਸਰੀ ਲਹਿਰ ਤੋਂ ਬਚਾਅ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਅਜਿਹਾ ਕਿਹਾ ਜਾ ਰਿਹਾ ਹੈ ਕਿ ਤੀਸਰੀ ਲਹਿਰ ਦੀ ਲਪੇਟ 'ਚ ਬੱਚੇ ਆਉਣਗੇ ਜੋ ਬੇਹੱਦ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਮੌਡਰਨਾ ਨੇ ਭਾਰਤੀ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਸ ਦੇ ਕੋਲ ਵੈਕਸੀਨ ਦੀਆਂ ਏਨੀਆਂ ਖ਼ੁਰਾਕਾ ਨਹੀਂ ਹਨ ਕਿ ਫਿਲਹਾਲ ਉਹ ਸ਼ੇਅਰ ਕਰ ਸਕੇ। ਪਿਛਲੇ ਹਫ਼ਤੇ ਕੈਬਨਿਟ ਸਕੱਤਰ ਦੀ ਨੁਮਾਇੰਦਗੀ 'ਚ ਦੋ ਵਾਰ ਉੱਚ ਪੱਧਰੀ ਬੈਠਕ ਹੋਈ ਜਿਸ ਵਿਚ ਆਲਮੀ ਪੱਧਰ 'ਤੇ ਕੋਰੋਨਾ ਵੈਕਸੀਨ ਦੀ ਉਪਲਬਧਤਾ ਸਬੰਧੀ ਵਿਚਾਰ–ਵਟਾਂਦਰਾ ਕੀਤਾ ਗਿਆ। ਨਾਲ ਹੀ ਕੋਰੋਨਾ ਇਨਫੈਕਸ਼ਨ ਦੀ ਦੂਸਰੀ ਲਹਿਰ ਦੀ ਲਪੇਟ 'ਚ ਆਏ ਦੇਸ਼ਾਂ ਲਈ ਵੈਕਸੀਨ ਤੁਰੰਤ ਉਪਲਬਧ ਕਰਵਾਉਣ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ।










ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਨਫਰਤੀ ਹਿੰਸਾ ਖਤਰਨਾਕ ਜ਼ਹਿਰ - ਜੋਅ ਬਾਇਡਨ

## ਏਸ਼ੀਅਨਾਂ ਵਿਰੁੱਧ ਹਿੰਸਾ ਨਾਲ ਨਜਿੱਠਣ ਲਈ ਕਾਨੂੰਨ ਉਪਰ ਕੀਤੇ ਦਸਤਖਤ

**ਸੈਕਰਾਮੈਂਟੋ 21 ਮਈ–** ਰਾਸ਼ਟਰਪਤੀ ਜੋਅ ਬਾਇਡਨ ਨੇ ਏਸ਼ੀਅਨ ਮੂਲ ਦੇ ਅਮਰੀਕਨਾਂ ਵਿਰੁੱਧ ਨਫਰਤੀ ਹਿੰਸਾ ਨਾਲ ਨਜਿੱਠਣ ਲਈ ਕਾਂਗਰਸ ਵੱਲੋਂ ਪਾਸ ਕੀਤੇ ਕਾਨੂੰਨ ਉਪਰ ਦਸਤਖਤ ਕਰ ਦਿੱਤੇ। ਇਸ ਮੌਕੇ ਰਾਸ਼ਟਰਪਤੀ ਨੇ ਨਫਰਤੀ ਹਿੰਸਾ ਨੂੰ ਖਤਰਨਾਕ ਜ਼ਹਿਰ ਕਰਾਰ ਦਿੱਤਾ। ਵਾਈਟ ਹਾਊਸ ਵਿਚ ਹੋਏ ਸਮਾਗਮ ਵਿਚ ਬਾਇਡਨ ਨੇ ਸੰਘੀ ਨਫਰਤੀ ਅਰਾਧ ਕਾਨੂੰਨ ਉਪਰ ਸਹੀ ਪਾਈ। ਅਮਰੀਕਾ ਵਿਚ ਬਣਾਇਆ ਗਿਆ ਇਹ ਪਹਿਲਾ ਨਫਰਤੀ ਅਪਰਾਧ ਕਾਨੂੰਨ ਹੈ। ਇਸ ਮੌਕੇ ਉਨਾਂ ਨੇ ਏਸ਼ੀਅਨ ਮੂਲ ਦੇ ਅਮਰੀਕਨਾਂ ਉਪਰ ਹਮਲਿਆਂ ਨੂੰ ਅੱਤ ਘਿਣਾਉਣਾ ਜੁਰਮ ਕਰਾਰ ਦਿੱਤਾ ਜੋ ਹਮਲੇ ਪਿਛਲੇ ਸਮੇ ਦੌਰਾਨ ਘਟਣ ਦੀ ਬਜਾਏ ਵਧੇ ਹਨ। ਉਨਾਂ ਕਿਹਾ ਕਿ ਮੇਰਾ ਵਿਸ਼ਵਾਸ਼ ਹੈ ਕਿ ਬਹੁਤ ਹੀ ਸਧਾਰਣ ਕਦਰਾਂ ਕੀਮਤਾਂ ਤੇ ਵਿਸ਼ਵਾਸ਼ ਸਾਨੂੰ ਇਕ ਦੂਸਰੇ ਦੇ ਨੇੜੇ ਲਿਆਉਂਦੇ ਹਨ। ਉਨਾਂ ਵਿਚੋਂ ਇਕ ਹੈ ਨਫਰਤ ਵਿਰੁੱਧ ਖੜੇ ਹੋਣਾ। ਨਫਰਤ ਵਿਰੁੱਧ ਖੜੇ ਹੋ ਕੇ ਅਸੀਂ ਉਹ ਕਦਰਾਂ ਕੀਮਤਾਂ ਸੰਭਾਲ ਸਕਦੇ ਹਾਂ ਜੋ ਮਨੁੱਖੀ ਸਮਾਜ ਦੀ ਹੋਂਦ ਲਈ ਬਹੁਤ ਅਹਿਮ ਹਨ। ਰਾਸ਼ਟਰਪਤੀ ਨੇ ਕਿਹਾ ਕਿ ਅਕਸਰ ਅਸੀਂ ਨਫਰਤੀ ਘਟਨਾਵਾਂ ਵਿਰੁੱਧ ਮੂਕ ਬਣੇ ਰਹੇ ਹਾਂ। ਅਜਿਹਾ ਕਰਕੇ ਅਸੀਂ ਨਫਰਤ ਨੂੰ ਵਧਣ ਫੁਲਣ ਦਾ ਮੌਕਾ ਦਿੱਤਾ ਹੈ। ਇਸ ਤੋਂ ਪਹਿਲਾਂ ਇਕ ਟਵੀਟ ਵਿਚ ਰਾਸ਼ਟਰਪਤੀ ਨੇ ਕਿਹਾ ਕਿ ਹਿੰਸਾ ਲਈ ਅਮਰੀਕਾ ਵਿਚ ਕੋਈ ਜਗਾ ਨਹੀਂ ਹੈ ਉਹ ਨਫਰਤੀ ਅਪਰਾਧ ਕਾਨੂੰਨ ਉਪਰ ਦਸਤਖਤ ਕਰਨ ਜਾ ਰਹੇ ਹਨ। ਕੋਵਿਡ–19 ਹੇਟ ਕਰਾਈਮ ਐਕਟੋ ਕਾਂਗਰਸ ਦੇ ਦੋਨਾਂ ਸਦਨਾਂ ਨੇ ਭਾਰੀ ਬਹੁਮਤ ਨਾਲ ਪਾਸ ਕਰ ਦਿੱਤਾ ਸੀ। ਰਿਪਬ–ਲੀਕਨ ਮੈਂਬਰਾਂ ਨੇ ਵੀ ਇਸ ਦਾ ਸਮਰਥਨ ਕੀਤਾ ਸੀ। ਪ੍ਰਤੀਨਿੱਧ ਸਦਨ ਵਿਚ ਇਸ ਕਾਨੂੰਨ ਦੇ ਹੱਕ ਵਿਚ 364 ਤੇ ਵਿਰੋਧ ਵਿਚ 62 ਵੋਟਾਂ ਪਈਆਂ ਸਨ ਜਦ ਕਿ ਸੈਨਟ ਵਿਚ ਕੇਵਲ ਇਕ ਵੋਟ ਵਿਰੁੱਧ ਪਈ ਸੀ ਤੇ 94 ਵੋਟਾਂ ਕਾਨੂੰਨ ਦੇ ਹੱਕ ਵਿਚ ਭੁਗਤੀਆਂ ਸਨ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੋਰੋਨਾ ਫੈਲਣ ਲਈ ਚੀਨ ਨੂੰ ਦੋਸ਼ੀ ਠਹਿਰਾਉਣ ਉਪਰੰਤ ਏਸ਼ੀਅਨਾਂ ਉਪਰ ਹਮਲਿਆਂ ਵਿੱਚ ਤੇਜੀ ਨਾਲ ਵਾਧਾ ਹੋਇਆ। ਪਿਛਲੇ ਇਕ ਸਾਲ ਦੌਰਾਨ ਅਮਰੀਕਾ ਵਿਚ ਏਸ਼ੀਅਨਾਂ ਵਿਰੁੱਧ 6600 ਤੋਂ ਵਧ ਨਫਰਤੀ ਘਟਨਾਵਾਂ ਹੋਈਆਂ ਹਨ।

# ਕੋਵਿਡ-19 ਨਾਲ ਨਜਿੱਠਣ ਲਈ ਬੱਚਿਆਂ ਦੇ ਟੀਕਾਕਰਣ ਅਹਿਮ ਤੱਥ- ਡਾ ਵਿਵੇਕ ਮੂਰਤੀ!

## ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਵੀਡੀਓ ਸੰਪਰਕ ਰਾਹੀਂ ਗੱਲਬਾਤ

**ਸੈਕਰਾਮੈਂਟੋ 22 ਮਈ–** ਅਮਰੀਕਾ ਵਿਚ ਕੋਵਿਡ–19 ਮਹਾਂਮਾਰੀ ਨਾਲ ਨਜਿੱਠਣ ਲਈ ਬੱਚਿਆਂ ਦੇ ਕੋਵਿਡ ਟੀਕਾਕਰਣ ਇਕ ਬਹੁਤ ਹੀ ਅਹਿਮ ਤੱਥ ਹੈ। ਇਹ ਪੈਰਗਟਾਵਾ ਸਰਜਨ ਜਨਰਲ ਵਿਵੇਕ ਮੂਰਤੀ ਨੇ ਵਾਈਟ ਹਾਊਸ ਵਿਖੇ ਗੱਲਬਾਤ ਕਰਦਿਆਂ ਕੀਤਾ। ਉਬਾਮਾ ਪੈਰਸ਼ਾਸਨ ਦੌਰਾਨ ਵੀ ਇਸੇ ਅਹੁੱਦੇ ਉਪਰ ਆਪਣੀ ਭੂਮਿਕਾ ਨਿਭਾਉਣ ਵਾਲੇ ਭਾਰਤੀ ਮੂਲ ਦੇ ਪਹਿਲੇ ਸਰਜਨ ਜਨਰਲ ਨੇ ਕਿਹਾ ਕਿ ਬੱਚਿਆਂ ਦੇ ਟੀਕਾਕਰਣ ਸਭ ਤੋਂ ਅਹਿਮ ਤੱਥ ਹੈ ਤੇ ਉਹ ਇਸ ਨੂੰ ਕਿਸੇ ਵੀ ਤਰਾਂ ਘਟਾ ਕੇ ਨਹੀਂ ਵੇਖ ਸਕਦੇ। ਉਨਾਂ ਕਿਹਾ ਕਿ ਬੱਚਿਆਂ ਲਈ ਕੋਵਿਡ ਟੀਕਾ ਬਿਲਕੁੱਲ ਸੁਰੱਖਿਅਤ ਹੈ। ਫਲੂ ਵਰਗੇ ਲੱਛਣ ਨਜਰ ਆ ਸਕਦੇ ਹਨ ਜਾਂ ਟੀਕਾ ਲੱਗਣ ਵਾਲੀ ਜਗਾ ਤੇ ਦਰਦ ਰਹਿ ਸਕਦਾ ਹੈ ਪਰੰਤੂ ਇਹ ਸਭ ਕੁਝ ਦਿਨਾਂ ਵਿਚ ਹੀ ਗਾਇਬ ਹੋ ਜਾਵੇਗਾ। ਉਨਾਂ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਕੋਵਿਡ ਟੀਕਾ ਲਵਾ ਕੇ ਉਨਾਂ ਨੂੰ ਸੁਰੱਖਿਅਤ ਕਰਨਾ ਚਹੁੰਦੇ ਹਨ। ਇਥੇ ਜਿਕਰਯੋਗ ਹੈ ਕਿ ਹੁਣ ਤੱਕ ਹਾਲਾਂ ਕਿ ਅਮਰੀਕਾ ਵਿਚ ਬੱਚਿਆਂ ਨੇ ਕੋਵਿਡ ਵਾਇਰਸ ਦਾ ਬਾਲਗਾਂ ਦੀ ਤੁਲਨਾ ਵਿਚ ਵਧੇਰੇ ਚੰਗੀ ਤਰਾਂ ਮੁਕਾਬਲਾ ਕੀਤਾ ਹੈ ਪਰ ਫਿਰ ਵੀ 15000 ਬੱਚਿਆਂ ਨੂੰ ਗੰਭੀਰ ਹਾਲਤ ਵਿਚ ਹਸਪਤਾਲਾਂ ਵਿਚ ਦਾਖਲ ਕਰਵਾਉਣਾ




ਪਿਆ ਹੈ ਜਿਨਾਂ ਵਿਚੋਂ 297 ਬੱਚੇ ਦਮ ਤੋੜ ਚੁੱਕੇ ਹਨ। ਇਸ ਮਹੀਨੇ ਦੇ ਸ਼ੁਰੂ ਵਿਚ ਫਾਈਜ਼ਰ ਟੀਕੇ ਦੀ 12 ਤੋਂ 15 ਸਾਲਾਂ ਦੇ ਬੱਚਿਆਂ ਲਈ ਵਰਤੋਂ ਵਾਸਤੇ ਪੈਰਵਾਨਗੀ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਇਸ ਟੀਕੇ ਦੀ ਪੈਰਵਾਨਗੀ 16 ਤੋਂ 18 ਸਾਲ ਤੱਕ ਦੇ ਬੱਚਿਆਂ ਲਈ ਦਿੱਤੀ ਗਈ ਸੀ।

ਮੋਡਰਨਾ, ਜੌਹਨਸਨ ਐਂਡ ਜੌਹਨਸਨ ਤੇ ਫਾਈਜ਼ਰ ਵੱਲੋਂ ਬੱਚਿਆਂ ਦੇ ਟੀਕਾਕਰਣ ਲਈ ਅਜਮਾਇਸ਼ੀ ਦੌਰ ਚਲ ਰਿਹਾ ਹੈ ਤੇ 2 ਸਾਲ ਤੋਂ ਉਪਰ ਸਾਰੇ ਬੱਚਿਆਂ ਲਈ 2022 ਦੇ ਸ਼ੁਰੂ ਵਿਚ ਵੈਕਸੀਨ ਤਿਆਰ ਹੋ ਜਾਵੇਗੀ।

ਕਮਲਾ ਹੈਰਿਸ ਵੱਲੋਂ ਡਾ ਮੂਰਤੀ ਨਾਲ ਗੱਲਬਾਤ– ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕੋਵਿਡ–19 ਕਮਿਊਨਿਟੀ ਕਾਰਪਸ ਦੇ ਮੋਢੀ ਮੈਂਬਰਾਂ ਨਾਲ ਮੀਟਿੰਗ ਦੌਰਾਨ ਵੀਡੀਓ ਸੰਪਰਕ ਰਾਹੀਂ ਡਾ ਵਿਵੇਕ ਮੂਰਤੀ ਨਾਲ ਗੱਲਬਾਤ ਕੀਤੀ। ਮੀਟਿੰਗ ਵਿਚ ਜਨਤਿਕ ਸਿਖਿਆ ਕੋਸ਼ਿਸ਼ਾਂ ਬਾਰੇ ਵਿਚਾਰ ਵਟਾਂਦਰਾ ਹੋਇਆ।

ਹੈਰਿਸ ਨੇ ਕਿਹਾ ਕਿ ਉਹ ਇਸ ਤੱਥ ਤੋਂ ਸੰਤੁਸ਼ਟ ਹੈ ਕਿ ਵੈਕਸੀਨ ਪੂਰੀ ਤਰਾਂ ਸੁਰੱਖਿਅਤ ਹੈ ਤੇ ਇਸ ਨਾਲ ਹੀ ਮਨੁੱਖੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

## ਡੈਲਸ ਸ਼ਹਿਰ ਵਿਚ ਭਾਰਤ ਵਿਚ ਕੋਵਿਡ ਪੀੜਤਾਂ ਦੀ ਮੱਦਦ ਲਈ 10 ਲੱਖ ਡਾਲਰ ਜੁਟਾਏ

**ਸੈਕਰਾਮੈਂਟੋ 23 ਮਈ–** ਭਾਰਤ ਵਿਚ ਖਤਰਨਾਕ ਹੋਈ ਕੋ–ਰੋਨਾ ਮਹਾਂਮਾਰੀ ਦੇ ਮੱਦੇਨਜਰ ਵਿਸ਼ਵ ਭਰ ਵਿਚ ਰਹਿੰਦੇ ਭਾਰਤੀ ਚਿੰਤੁਤ ਹਨ ਤੇ ਉਹ ਹਰ ਸੰਭਵ ਤਰੀਕੇ ਨਾਲ ਕੋਵਿਡ ਪੀੜਤਾਂ ਦੀ ਮੱਦਦ ਕਰਨਾ ਚਹੁੰਦਾ ਹਨ। ਅਜਿਹਾ ਹੀ ਉਪਰਾਲਾ ਇੰਡੀਅਨ ਅਮਰੀਕਨ ਸੀ ਈ ਓ ਕੌਂਸਲ ਤੇ ਡਲਾਸ ਫਾਊਂਡੇਸ਼ਨ ਆਰਗੇਨਾਈਜੇਸ਼ਨ ਦੇ ਸਹਿਯੋਗ ਨਾਲ ਕੀਤਾ ਗਿਆ ਹੈ ਜਿਸ ਵਿਚ ਡਲਾਸ ਸ਼ਹਿਰ ਦੇ ਮੇਅਰ ਐਰਿਕ ਜੌਹਨਸਨ ਤੇ ਅਰੁਨ ਅਗਰਵਾਲ ਚੇਅਰਮੈਨ ਇੰਡੀਅਨ ਅਮੈਰੀਕਨ ਸੀ ਈ ਓ ਕੌਂਸਲ ਨੇ ਅਹਿਮ ਭੂਮਿਕਾ ਨਿਭਾਈ ਤੇ ਕੋਵਿਡ ਪੀੜਤਾਂ ਦੀ ਮੱਦਦ ਲਈ 10 ਲੱਖ ਡਾਲਰ ਤੋਂ ਵਧ ਜੁਟਾਏ ਹਨ। ਅਗਰਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨਾਂ ਨੇ ਇਸ ਮੱਦਦ ਲਈ ਰਾਜਸਥਾਨ ਦੇ ਜੈਪੁਰ ਸ਼ਹਿਰ ਦੀ ਚੋਣ ਕੀਤੀ ਹੈ ਜਿਸ ਦੀ ਆਬਾਦੀ 30 ਲੱਖ ਤੋਂ ਵਧ ਹੈ। ਇਸ ਸ਼ਹਿਰ ਵਿਚ ਮਨੁੱਖ ਦੇ ਬਚਾਅ ਲਈ ਲੋੜੀਂਦੇ ਰਖਿਆਤਮਕ ਸਾਜ ਸਮਾਨ ਦੀ ਸਪਲਾਈ ਕੀਤੀ ਜਾਵੇਗੀ। ਮੇਅਰ ਜੌਹਨਸਨ ਤੇ ਅਗਰਵਾਲ ਨੇ ਇਸ ਸਬੰਧੀ ਡਾ ਰਘੂ ਸ਼ਰਮਾ ਕੈਬਨਿਟ ਮੰਤਰੀ ਸਿਹਤ ਤੇ ਪਰਿਵਾਰ ਭਲਾਈ ਰਾਜਸਥਾਨ ਨਾਲ ਵਰਚੂਅਲ ਮੀਟਿੰਗ ਵੀ ਕੀਤੀ ਹੈ ਤਾਂ ਜੋ ਲੋੜਵੰਦਾਂ ਤੱਕ ਮੱਦਦ ਪਹੁੰਚਾਈ ਜਾ ਸਕੇ।



## ਘਰ ਦੇ ਪਿਛਵਾੜੇ ਮੁਰਗੀਖਾਨਾ ਚਲਾ ਰਹੇ ਹੋ ਤਾਂ ਸਾਵਧਾਨ!

**ਸੈਕਰਾਮੈਂਟੋ 22 ਮਈ–** ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪੈਰੀਵੈਨਸ਼ਨ ਨੇ ਉਨਾਂ ਲੋਕਾਂ ਨੂੰ ਗੰਭੀਰ ਬਿਮਾਰੀ ਦੀ ਚਿਤਾਵਨੀ ਦਿੱਤੀ ਹੈ ਜੋ ਆਪਣੇ ਘਰਾਂ ਦੇ ਪਿਛਵਾੜੇ ਮੁਰਗੀਖਾਨੇ ਚਲਾ ਰਹੇ ਹਨ। ਸੀ ਡੀ ਸੀ ਨੇ ਕਿਹਾ ਹੈ ਕਿ ਅਜਿਹੇ ਵਿਅਕਤੀ ਸਲਮੋਨੇਲਾ ਪੈਰਕੋਪ ਦਾ ਸ਼ਿਕਾਰ ਹੋ ਸਕਦੇ ਹਨ।

ਅਜਿਹੇ ਮੁਰਗੀ ਪਾਲਕਾਂ ਨੂੰ ਮੁਰਗੀਖਾਨ ਵਿਚ ਕੁਝ ਵੀ ਖਾਣਾ ਜਾਂ ਪੀਣਾ ਨਹੀਂ ਚਾਹੀਦਾ। ਅਜਿਹਾ ਕਰਨ ਨਾਲ ਸਲਮੋਨੇਲਾ ਕਿਟਾਣੂ ਉਨਾਂ ਦੇ ਮੂੰਹ ਵਿਚ ਜਾ ਸਕਦੇ ਹਨ ਤੇ ਉਹ ਬਿਮਾਰ ਹੋ ਸਕਦੇ ਹਨ। ਸੀ ਡੀ ਸੀ ਅਨੁਸਾਰ ਸਲਮੋਨੇਲਾ ਕਿਟਾਣੂ ਨਾਲ ਗੰਭੀਰ ਟਾਈਫਾਈਡ ਬੁਖਾਰ ਹੋ ਸਕਦਾ ਹੈ ਤੇ ਪੇਟ ਅੰਦਰ ਜਹਿਰੀਲਾ ਮਾਦਾ ਪੈਦਾ ਹੋਣ ਨਾਲ ਸਮੱਸਿਆ ਵਧ ਸਕਦੀ ਹੈ। 43 ਰਾਜਾਂ ਦੇ 163 ਵਿਅਕਤੀਆਂ ਉਪਰ ਕੀਤੀ ਗਈ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਸਲਮੋਨੇਲਾ ਬੈਕਟਰੀਆ ਕਾਰਨ ਇਹ ਲੋਕ ਬਿਮਾਰ ਹੋਏ ਹਨ ਹਾਲਾਂ ਕਿ ਕੋਈ ਮੌਤ ਨਹੀਂ ਹੋਈ।

ਜਾਂਚ ਅਜੇ ਚੱਲ ਰਹੀ ਹੈ। ਇਸ ਤੋਂ ਬਾਅਦ ਸੀ ਡੀ ਸੀ ਨੇ ਜਾਰੀ ਨੋਟਿਸ ਵਿਚ ਮੁਰਗੀ ਪਾਲਕਾਂ ਨੂੰ ਸਾਵਧਾਨ ਰਹਿਣ ਦੀ ਚਿਤਾਵਨੀ ਦਿੱਤੀ ਹੈ।

# ਲਾਸ ਏਂਜਲਸ ਵਿਚ ਇਕ ਰੈਸਟੋਰੈਂਟ ਵਿੱਚ ਫਲਸਤੀਨ ਪੱਖੀ ਵਿਅਕਤੀਆਂ ਵੱਲੋਂ ਯਹੂਦੀਆਂ ਉਪਰ ਹਮਲਾ

**ਸੈਕਰਾਮੈਂਟੋ 21 ਮਈ–** ਲਾਸ ਏਂਜਲਸ ਵਿਚ ਸੂਸ਼ੀ ਰੈਸਟੋਰੈਂਟ ਵਿਚ ਫਲਸਤੀਨੀ ਪੱਖੀ ਵਿਅਕਤੀਆਂ ਦੇ ਇਕ ਸਮੂੰਹ ਵੱਲੋਂ ਯਹੂਦੀ ਲੋਕਾਂ ਉਪਰ ਹਮਲਾ ਕਰਨ ਦੀ ਖਬਰ ਹੈ। ਮੌਕੇ ਦੇ ਗਵਾਹਾਂ ਅਨੁਸਾਰ ਕੁਝ ਯਹੂਦੀ ਲੋਕ ਰੈਸਟੋਰੈਂਟ ਵਿਚ ਖਾਣਾ ਖਾ ਰਹੇ ਸਨ ਕਿ ਫਲਸਤੀਨੀ ਪੱਖੀ ਕੁਝ ਲੋਕ ਆਏ ਜੋ ਉਨਾਂ ਉਪਰ ਹਮਲਾ ਕਰਨ ਉਪਰੰਤ ਫਰਾਰ ਹੋ ਗਏ। ਇਸ ਹਮਲੇ ਵਿਚ 5 ਵਿਅਕਤੀ ਜਖਮੀ ਹੋਏ ਹਨ ਹਾਲਾਂ ਕਿ ਜਖਮ ਗੰਭੀਰ ਨਹੀਂ ਹਨ। ਲਾਸ ਏਂਜਲਸ ਪੁਲਿਸ ਵਿਭਾਗ ਅਨੁਸਾਰ ਇਸ ਘਟਨਾ ਦੀ ਨਫਰਤੀ ਅਪਰਾਧ ਵਜੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਅਨੁਸਾਰ ਸ਼ੱਕੀ 3 ਦੋਸ਼ੀ ਅਜੇ ਫਰਾਰ ਹਨ ਤੇ ਉਨਾਂ ਨੂੰ ਕਾਬੂ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਸ਼ੱਕੀ ਦੋਸ਼ੀ ਮੌਕੇ ਤੋਂ ਇਕ ਜੀਪ ਵਿਚ ਫਰਾਰ ਹੋਏ ਹਨ।

---

# ਕੈਲੀਫੋਰਨੀਆ ਵਿਚ 6 ਸਾਲਾ ਬੱਚੇ ਦੀ ਗੋਲੀ ਮਾਰ ਕੇ ਹੱਤਿਆ, ਘਟਨਾ ਸਮੇ ਬੱਚੇ ਨੂੰ ਮਾਂ ਛੱਡਣ ਜਾ ਰਹੀ ਸੀ ਸਕੂਲ

**ਸੈਕਰਾਮੈਂਟੋ 23 ਮਈ–** ਓਰੇਂਜ (ਦੱਖਣੀ ਕੈਲੀਫੋਰਨੀਆ) ਵਿਚ ਇਕ 6 ਸਾਲ ਲੜਕੇ ਦੀ ਉਸ ਸਮੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਜਦੋਂ ਉਸ ਦੀ ਮਾਂ ਉਸ ਨੂੰ ਕਾਰ ਵਿਚ ਸਕੂਲ ਛੱਡਣ ਜਾ ਰਹੀ ਸੀ। ਐਡਨ ਲੀਓਸ ਨਾਮੀ ਬੱਚਾ ਕਾਰ ਦੀ ਪਿਛਲੀ ਸੀਟ ਉਪਰ ਬੈਠਾ ਸੀ ਜਦੋਂ ਨੇੜੇ ਦੀ ਲੰਘ ਰਹੇ ਹੋਰ ਵਾਹਣ ਦੇ ਡਰਾਈਵਰ ਨੇ ਉਸ ਦੇ ਗੋਲੀ ਮਾਰ ਦਿੱਤੀ। ਉਸ ਨੇ ਆਪਣੀ ਮਾਂ ਨੂੰ ਦੱਸਿਆ ਕਿ ਉਸ ਦਾ ਪੇਟ ਜਖਮੀ ਹੋ ਗਿਆ ਹੈ। ਮਾਂ ਨੇ ਉਸ ਦੇ ਪੇਟ ਵਿਚੋਂ ਖੂਨ ਨਿਕਲਦਾ ਵੇਖਿਆ ਤੇ ਉਸ ਦੀਆਂ ਬਾਹਾਂ ਵਿਚ ਹੀ ਬੱਚਾ ਦਮ ਤੋੜ ਗਿਆ। ਪੁਲਿਸ ਅਨੁਸਾਰ ਬੱਚੇ ਨੂੰ ਨੇੜੇ ਦੇ ਹਸਪਤਾਲ ਲਿਜਾਇਆ ਗਿਆ ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ।

ਲੜਕੇ ਦੀ ਭੈਣ ਅਲੈਕਸਿਸ ਕਲੂਨਨ ਤੇ ਮਾਂ ਦਾ ਰੋ ਰੋ ਕੇ ਬੁਰਾ ਹਾਲ ਹੋ ਗਿਆ ਤੇ ਉਹ ਕਾਤਲ ਨੂੰ ਲੱਭਣ ਦੀ ਬੇਨਤੀ ਕਰ ਰਹੀਆਂ ਸਨ। ਮਾਂ ਡੌਰ ਭੌਰ ਵੇਖ ਰਹੀ ਸੀ ਤੇ ਉਹ ਬੇਹੱਦ ਘਬਰਾਈ ਹੋਈ ਸੀ। ਲੜਕੇ ਦੇ ਚਾਚੇ ਜੌਹਨ ਜੇ ਕਲੂਨਨ ਨੇ ਪੱਤਰਕਾਰਾਂ ਨੂੰ ਦਸਿਆ ਕਿ ਗੋਲੀ ਇਕ ਟਰੱਕ ਵਿਚੋਂ ਚਲਾਈ ਗਈ ਹੈ। ਉਸ ਨੇ ਕਿਹਾ ਕਿ ਤੁਹਾਨੂੰ ਕੋਈ ਅੰਦਾਜਾ ਨਹੀਂ ਹੈ ਕਿ ਸਾਡਾ ਕਿੰਨਾ ਪਿਆਰਾ ਤੇ ਹਸਮੁੱਖ ਬੱਚਾ ਸਾਡੇ ਕੋਲੋਂ ਖੋਹ ਲਿਆ ਗਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਹੈ ਤੇ ਉਹ ਕਾਤਲ ਦੀ ਭਾਲ ਕਰ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਅਚਾਨਕ ਵਾਪਰੀ ਘਟਨਾ ਹੈ ਜੋ ਮਾਂ ਤੇ ਦੂਸਰੇ ਵਾਹਣ ਦੇ ਡਰਾਈਵਰ ਦਰਮਿਆਨ ਹੋਈ ਤਕਰਾਰ ਕਾਰਨ ਵਾਪਰੀ ਹੋ ਸਕਦੀ ਹੈ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਦੇਸ਼ ਦੁਆਬਾ

# Bahujana Hitaya Bahujana Sukhaya

Prem K. Chumber Editor-In-Chief:
Ambedkar Times & Desh Doaba Weeklies Newspapers

The history and the contemporary texture and structure of Hindu society are caste ridden. It is basically an exploitative society. What further distinguishes it from rest of the varied forms of exploitations and exploitative social systems is its birth-based-purity-pollution principle of graded caste hierarchy that perpetuates hereditary occupation laced discrimination. Traditionally it draws its sustenance from the Varna system social stratification having its roots in the Hindu Dharmasastras. The most horrible aspect of this India-specific system of social exclusion and exploitation is that it has been able to inculcate in the minds of its victims that the latter are supposed to undergo such discrimination rather willingly as a penance of their bad deeds they have had accumulated in their earlier enumerable low births.

Religion of the Hindus is nothing but a sacred reinforcement of the above obnoxious system of social exclusion of their -inhabitants cursed as ex-Untouchables. However, as far as the hard labour of these lesser human beings and its expropriation is concerned that is welcomed! For centuries no one objected to this inhuman social practice. On the contrary, this inhuman social practice was considered as a normal practice and an integral part of the Hindu social andpolitical order. So much so that the Hindu religious texts were designed to justify such a horrible social muck meticulously.

Tathagat Buddha was the first rational and forceful voice against the Hindu caste system and its consequent system of untouchability. He contested the Hindu system of birth-based social stratification with his new and innovative slogan of Bahujana HitayaBahujanaSukhaya. He took on the Hindu socio-religious system head-on and turned it upside down while coming out with a scientific interpretation of the maladies of the society and its rational ground-based practical solutions. He categorically discarded the supernatural/ extra-worldly/ mythological God/Avatar based Hindu world view. He very politely but equally firmly emphasized on the equality of all Human beings and very strongly rejected the rotten institution of caste. He very strongly advocated that looking after the interests of all would definitely give way to the much desired goal of the welfare of the all.

Tathagat Buddha came out with four noble truths: (a) suffering is an inherent part of existence, (b) the origin of suffering is ignorance and the main symptoms of which are attachment and craving, (c) the cause of suffering can be removed, (d) the way fir its removal is AshtangikaMarga (the eight-fold path). The eight-fold path includes: (1) right understanding, (2) right thought, (3) right speech, (4) right action, (5) right livelihood, (6) right efforts, (7) right mindfulness, and (8) right concentration.

Let us follow Tathagat Buddha's Ashtangika-Marga in properly understanding the real problem of the community and finding its practical solution by bringing everyone on a common platform for furthering the cause of Dalit liberation and empowerment without accusing each other.

Read more www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-173

## ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਬਾਰੇ ਸਾਰਥਕ ਵਿਚਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਮਿਥ ਮੁਤਾਬਿਕ ਜਸਰਥ-ਦਸ਼ਰਥ ਰਾਮਾਇਣ ਵਿੱਚ ਰਾਜਾ ਰਾਮ ਦਾ ਪਿਤਾ ਅਤੇ ਅਯੋਧਿਆ ਦਾ ਰਾਜਾ ਹੈ। ਇਹ ਰਾਮਾਇਣ ਦਾ ਇੱਕ ਮਹੱਤਵਪੂਰਨ ਪਾਤਰ ਹੈ। ਇਹ "ਅਜ" ਅਤੇ "ਇੰਦੁਮਤੀ" ਦਾ ਪੁੱਤ੍ਰ ਸੀ। ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥੪॥੪॥(੯੭੩) ਅਕਸਰ ਹੀ ਐਸਾ ਹੁੰਦਾ ਹੈ ਕਿ ਜਦੋਂ ਅਸੀਂ ਅੱਧੀ ਤੁੱਕ ਨੂੰ ਲੈ ਕੇ ਵਿਚਾਰ ਕਰਦੇ ਹਾਂ ਤਾਂ ਭੁਲੇਖਾ ਪੈ ਜਾਂਦੈ ਉਪ੍ਰੋਕਤ ਤੁਕ ਦਾ ਪੂਰਾ ਬੰਦ ਇਹ ਹੈ- ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ॥ ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥੪॥੪॥(ਨਾਮਦੇਵ-੯੭੩) ਭਗਤ ਨਾਮਦੇਵ ਆਖਦੇ ਹਨ ਕਿ ਮੇਰਾ ਰੱਬ ਉਹ ਹੈ ਜੋ "ਦਸ਼ਰਥ" ਦਾ ਵੀ "ਰਾਇ" ਹੈ, ਨੰਦ ਦਾ ਵੀ "ਰਾਜਾ" ਹੈ ਅਤੇ ਰਾਮ ਚੰਦ ਵੀ ਉਸ ਨੂੰ ਪ੍ਰਨਾਮ ਕਰਦਾ ਹੈ। ਇਹ ਰੱਬ ਵੱਸਦਾ ਕਿੱਥੇ ਹੈ? ਉਹ ਰਾਮ ਮਨ 'ਚ ਵੱਸਦੈ ਪਰ ਆਪਣੇ ਆਪ ਨੂੰ "ਚੀਨ੍ਹਿ" ਕੇ ਮਿਲਦਾ ਹੈ। ਇਹ ਭੁਲੇਖਾ ਦੂਰ ਕਰਨ ਲਈ ਹੀ "ਆਪ ਜੀ" ਇਸੇ ਸ਼ਬਦ ਵਿਚ ਲਫ਼ਜ਼ ਰਾਮ, ਰਾਮਈਆ ਤੇ ਨਾਰਾਇਣ ਭੀ ਵਰਤਦੇ ਅਤੇ ਦੱਸਦੇ ਹਨ ਕਿ ਸਾਡੇ ਪ੍ਰੀਤਮ ਪਿਆਰੇ ਨੂੰ ਰਾਮ ਕਹਿ ਲਵੋ, ਕ੍ਰਿਸ਼ਨ ਕਹਿ ਲਵੋ, ਚਾਹੇ ਨਾਰਾਇਣ ਕਹਿ ਲਵੋ ਪਰ ਉਹ ਰਾਮ ਚੰਦ ਤੇ ਕ੍ਰਿਸ਼ਨ ਜੋ ਆਪਣੇ ਵਕਤ ਦੇ ਰਾਜੇ ਹੋਏ ਨੇ ਉਨ੍ਹਾਂ ਤੋਂ ਉੱਪਰ ਹੈ। ਉਹ ਰਾਮ ਚੰਦ ਵਰਗਾ ਨਿਰਦਈ ਕਾਤਲ ਨਹੀਂ ਜਿਸ ਨੇ ਆਖੀ ਜਾਂਦੀ ਨੀਵੀ ਜਾਤ ਦੇ ਸ਼ੰਬੂਕ ਭਗਤ ਦਾ ਕਤਲ ਜਾਤ ਹੰਕਾਰੀ ਬ੍ਰਾਹਮਣਾ ਦੇ ਕਹਿਣ 'ਤੇ ਕਰ ਦਿੱਤਾ ਸੀ। ਉਹ ਕ੍ਰਿਸ਼ਨ ਵਰਗਾ ਨਹੀਂ ਜੋ ਪਰਾਈਆਂ ਔਰਤਾਂ ਦੇ ਸਤ ਭੰਗ ਕਰਦਾ ਤੇ ਨਹਾਉਂਦੀਆਂ ਦੇ ਕਪੜੇ ਲੈ ਰੁੱਖ 'ਤੇ ਚੜ੍ਹ ਕਾਮੀ ਹਰਕਤਾਂ ਕਰਦਾ ਸੀ। ਆਪਣੇ ਇਸ਼ਟ ਨੂੰ ਪ੍ਰਭੂ, ਰਾਮ, ਰਮਈਆ, ਗੋਬਿੰਦ, ਹਰੀ, ਨਾਰਾਇਣ ਲਫਜ਼ਾਂ ਨਾਲ ਯਾਦ ਕਰਦੇ ਉਸ ਰਮੇ ਹੋਏ ਕੁਦਰਤੀ ਰੱਬ ਨੂੰ ਹੀ ਯਾਦ ਕਰਦੇ ਹਨ।

ਰਾਮ ਅਵਤਾਰ-ਭਗਤੀ ਦਾ ਵੱਡਾ ਭੁਲੇਖਾ-ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ॥ ਅਸੁਮੇਧ ਜਗੁ ਕੀਜੈ,ਸੋਨਾ ਗਰਭਦਾਨੁ ਦੀਜੈ, ਰਾਮ ਨਾਮ ਸਰਿ ਤਊ ਨ ਪੂਜੈ॥੧॥ ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥ ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥੧॥ਰਹਾਉ॥... ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ ਲੀਜੈ॥ ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥੪॥੪॥(ਰਾਮਕਲੀ-੯੭੩) ਇੱਥੇ ਅਵਤਾਰ-ਪੂਜਾ ਨਹੀਂ ਕਈ ਸੱਜਣਾਂ ਨੂੰ ਅਖ਼ੀਰਲੀ ਤੁਕ ਅਵਤਾਰ-ਪੂਜਾ ਦਾ ਭੁਲੇਖਾ ਪਾ ਦੇਂਦੀ ਏ ਪਰ ਜਦ ਗਹੁ ਨਾਲ ਵਿਚਾਰਦੇ ਹਾਂ ਤਾਂ ਰਹਾਉ ਦੀ ਤੁਕ 'ਚ ਜ਼ਿਕਰ ਹੈ ਕਿ ਪ੍ਰਭੂ-ਨਾਮ ਤੋਂ ਬਿਨਾ ਬਾਕੀ ਹੋਰ ਧਾਰਮਿਕ ਆਹਰ ਪਖੰਡ ਹੀ ਹਨ। ਇਹ ਸ਼ਬਦ ਦਾ ਮੂਲ ਭਾਵ ਹੈ ਜਿਸ ਦਾ ਵਿਸਥਾਰ ਚਾਰ ਬੰਦਾਂ 'ਚ ਹੈ। ਪਹਿਲੇ ਤਿੰਨ ਬੰਦਾਂ 'ਚ ਤਾਂ ਸਾਫ਼ ਤੌਰ ਤੇ ਉਨ੍ਹਾਂ ਕਰਮਕਾਂਡਾਂ ਦਾ ਜ਼ਿਕਰੈ ਜਿਨ੍ਹਾਂ ਨੂੰ ਲੋਕ ਧਾਰਮਿਕ ਸਮਝਦੇ ਨੇ ਪਰ ਜੋ ਭਗਤ ਜੀ ਦੇ ਖ਼ਿਆਲ ਵਿੱਚ ਨਾਮ ਦੇ ਟਾਕਰੇ 'ਤੇ ਨਿਰਾ ਪਖੰਡ ਹਨ। ਅਖ਼ੀਰ ਤੇ ਆਖਦੇ ਹਨ ਕਿ ਜੇ ਤੁਸੀਂ ਅਜਿਹੇ ਥੋਥੇ ਕੰਮ ਹੀ ਕਰਦੇ ਰਹੇ ਤਾਂ ਜਮਾਂ ਤੋਂ ਖ਼ਲਾਸੀ ਨਹੀਂ ਹੋਣੀ ਫਿਰ ਇਹ ਗਿਲਾ ਨਾ ਕਰਨਾ ਕਿ ਜਮ ਸਿਰ ਉੱਤੇ ਹੀ ਮੰਡਰਾਅ ਰਿਹੈ ਪਰ ਚੌਥੇ ਪਦ ਵਿਚ ਅਚਨਚੇਤ ਰਾਜਾ ਜਸਰਥ ਦੇ ਪੁੱਤ੍ਰ ਸ੍ਰੀ ਰਾਮਚੰਦ ਦਾ ਨਾਮ ਆ ਜਾਣਾ ਹੈਰਾਨੀ 'ਚ ਪਾ ਦੇਂਦਾ ਹੈ। ਕਈ ਗਿਆਨੀ ਅਰਥ ਕਰਦੇ ਹਨ ਕਿ ਰਾਜਾ ਜਸਰਥ ਦੇ ਪੁੱਤ੍ਰ ਦਾ ਰਾਜਾ ਇਹ ਅਰਥ ਵੀ ਗ਼ਲਤ ਹੈ। ਲਫ਼ਜ਼ ਨੰਦੁ ਰਾਜਾ ਦਾ ਅਰਥ ਨੰਦ ਦਾ ਰਾਜਾ ਨਹੀਂ ਹੋ ਸਕਦਾ ਕਿਉਂਕਿ ਲਫ਼ਜ਼ ਨੰਦੁ ਦੇ ਅਖ਼ੀਰ ਵਿੱਚ (ੌਂਕੜ) ਹੈ। ਕਈ ਸੱਜਣ ਸਮਝਦੇ ਹਨ ਕਿ ਸ੍ਰੀ ਰਾਮ ਚੰਦ ਨੇ ਵੱਡੇ ਕੰਮ ਕੀਤੇ ਇਸ ਵਾਸਤੇ ਇਨ੍ਹਾਂ ਕੰਮਾਂ ਨੂੰ ਪ੍ਰਭੂ-ਕੰਮ ਦੱਸ ਕੇ ਲਫ਼ਜ਼ ਰਾਮਚੰਦੁ ਪ੍ਰਭੂ ਵਾਸਤੇ ਵਰਤਿਆ ਹੈ। ਇਹ ਗੱਲ ਵੀ ਕੱਚੀ ਆ ਕਿਉਂਕਿ ਫੁਰਮਾਨ ਹੈ-ਰਾਵਣੁ ਮਾਰਿ ਕਿਆ ਵਡਾ ਭਇਆ॥ ਸੋ ਬਾਣੀ ਵਿੱਚ ਪਰਸਪਰ ਵਿਰੋਧ ਨਹੀਂ ਹੋ ਸਕਦਾ। ਜੇ ਭਗਤ ਜੀ ਸ੍ਰੀ ਰਾਮ ਚੰਦ੍ਰ ਦੇ ਵੱਡੇ-ਕੰਮ ਦੇਖ ਕੇ ਉਨ੍ਹਾਂ ਨੂੰ ਪ੍ਰਭੂ ਦੀ ਤੁਲਨਾ ਦੇਂਦੇ ਸਨ ਤਾਂ ਇਸ ਗੱਲ ਦੀ ਕੀਹ ਲੋੜ ਸੀ ਕਿ ਉਨ੍ਹਾਂ ਦੇ ਪਿਤਾ ਦਾ ਨਾਮ ਵੀ ਦੱਸਿਆ ਜਾਂਦਾ? ਜੇ ਸ੍ਰੀ ਰਾਮ ਚੰਦ੍ਰ ਬਹੁਤੇ ਹੁੰਦੇ ਤਾਂ ਭੁਲੇਖਾ ਪੈਣ ਦੀ ਗੁੰਜੈਸ਼ ਹੋ ਸਕਦੀ ਸੀ। ਕਿਸ਼ਨ, ਦਮੋਦਰ, ਮਾਧੋ, ਮੁਰਾਰਿ, ਰਾਮ, ਰਾਮਚੰਦ, ਆਦਿਕ ਲਫ਼ਜ਼ ਭਗਤਾਂ ਨੇ ਅਤੇ ਸਤਿਗੁਰੂ ਜੀ ਨੇ ਵੀ ਸੈਂਕੜੇ ਵਾਰ ਪ੍ਰਭੂ ਵਾਸਤੇ ਵਰਤੇ ਨੇ ਪਰ ਜਦੋਂ ਕਿਸੇ ਦੇ ਪਿਤਾ ਦਾ ਨਾਮ ਨਾਲ ਦਿੱਤਾ ਜਾਏ ਤਾਂ ਉਸ ਵੇਲੇ ਉਹ ਨਾਮ ਪ੍ਰਭੂ ਵਾਸਤੇ ਨਹੀਂ ਵਰਤਿਆ ਜਾ ਸਕਦਾ ਫਿਰ ਤਾਂ ਕਿਸੇ ਖ਼ਾਸ ਵਿਅਕਤੀ ਦਾ ਜ਼ਿਕਰ ਹੀ ਹੋ ਸਕਦਾ ਹੈ। ਅਸਲ ਗੱਲ ਇਹ ਹੈ ਕਿ ਜਿਵੇਂ ਤਿੰਨ ਬੰਦਾਂ 'ਚ ਤਪ, ਜੱਗ, ਤੀਰਥ-ਇਸ਼ਨਾਨ ਅਤੇ ਦਾਨ ਨਾਮ ਦੇ ਟਾਕਰੇ ਤੇ ਇੱਕ ਹੌਲਾ ਜਿਹਾ ਕੰਮ ਦੱਸਿਐ ਤਿਵੇਂ ਹੀ ਕਿਸੇ ਅਵਤਾਰ ਦੀ ਮੂਰਤੀ-ਪੂਜਣਾ ਵੀ ਪ੍ਰਭ ਨਾਮ-ਜਾਪ ਦੇ ਸਾਹਮਣੇ ਇੱਕ ਬੜਾ ਹੀ ਹੌਲਾ ਕੰਮ ਦੱਸਿਆ ਹੈ।

ਸ਼ਬਦ ਦੇ ਅਰਥ ਵੇਖੋ ਕਿ ਹੇ ਜਿੰਦੇ! ਜੇ ਸਦਾ ਅਜਿਹੇ ਕੰਮ ਹੀ ਕਰਦੇ ਰਹਿਣੈ ਤੇ ਨਾਮ ਨਹੀਂ ਸਿਮਰਨਾ ਤਾਂ ਫਿਰ ਮਨ 'ਚ ਗਿਲਾ ਨਾ ਕਰਨਾ ਜਮ ਨੂੰ ਦੋਸ਼ ਨਾ ਦੇਣਾ ਕਿ ਉਹ ਕਿਉਂ ਆ ਗਿਐ, ਇਵੇਂ ਜਮ ਨੇ ਖ਼ਲਾਸੀ ਨਹੀਂ ਕਰਨੀ। ਹੇ ਜਿੰਦੇ! ਪਵਿੱਤ੍ਰ ਵਾਸ਼ਨਾ-ਰਹਿਤ ਅਵਸਥਾ ਨਾਲ ਜਾਣ-ਪਛਾਣ ਪਾ। ਨਾਮਦੇਵ ਬੇਨਤੀ ਕਰਦੈ ਕਿ ਸਭ ਰਸਾਂ ਦਾ ਮੂਲ-ਰਸ ਨਾਮ-ਅੰਮ੍ਰਿਤ ਹੀ ਪੀਣਾ ਚਾਹੀਦੈ ਇਹ ਨਾਮ-ਅੰਮ੍ਰਿਤ ਹੀ ਮੇਰਾ ਰਾਜਾ ਰਾਮ ਚੰਦ ਹੈ। ਜਿਵੇਂ- ਗੁਰ ਈਸ਼ਰ ਗੁਰ ਗੋਰਖ ਬਰਮਾ ਗੁਰ ਪਾਰਬਤੀ ਮਾਈ॥ ਮੇਰੇ ਵਾਸਤੇ ਮੇਰਾ ਗੁਰੂ ਹੀ ਈਸ਼ਰ, ਗੋਰਖ, ਬ੍ਰਹਮਾ ਤੇ ਪਾਰਬਤੀ ਮਾਂ ਭਾਵ ਸਭ ਕੁਝ ਹੈ।

ਨੋਟ- ਇਸ ਸ਼ਬਦ ਦਾ ਹਵਾਲਾ ਦੇ ਕੇ ਭਗਤ-ਬਾਣੀ ਦਾ ਵਿਰੋਧੀ ਲਿਖਦਾ ਹੈ ਕਿ ਭਗਤ ਨਾਮਦੇਵ ਜੀ ਕਿਸੇ ਸਮੇ ਸ੍ਰੀ ਰਾਮ ਚੰਦ ਦੇ ਉਪਾਸ਼ਕ ਰਹੇ ਫਿਰ ਕਿਸ਼ਨ-ਉਪਾਸ਼ਨਾ ਵੱਲ ਜੁੱਟ ਗਏ। ਇਸ ਲਈ ਵਿਰੋਧੀ ਲਿਖਦੈ ਕਿ-ਪੁਰਾਣੇ ਸਮੇ ਤੋਂ ਇਹ ਰਿਵਾਜ ਚਲਿਆ ਆਉਂਦੈ ਕਿ ਜੋ ਰਾਮਚੰਦ ਜੀ ਦਾ ਉਪਾਸ਼ਕ ਉਹ ਕ੍ਰਿਸ਼ਨ ਜੀ ਦਾ ਭਗਤ ਨਹੀਂ ਜੋ ਕ੍ਰਿਸ਼ਨ ਦਾ ਉਹ ਰਾਮ ਚੰਦ ਦਾ ਉਪਾਸ਼ਕ ਨਹੀਂ ਬਣ ਸਕਦਾ। ਇਸੇ ਕਰਕੇ ਰਾਧੇ-ਕਿਸ਼ਨ ਅਤੇ ਸੀਤਾ-ਰਾਮ ਜਾਪ ਵਾਲੇ ਆਪਸ&;'ਚ ਹੀ ਈਰਖਾ-ਵਿਰੋਧ ਰੱਖਦੇ ਹਨ।

ਭਗਤ ਨਾਮਦੇਵ ਜੀ ਨੇ ਸੀਤਾ-ਰਾਮ ਛੱਡਣ ਵੇਲੇ ਸ੍ਰੀ ਰਾਮਚੰਦ ਦੀ ਨਿਰਾਦਰੀ 'ਚ ਬਹੁਤ ਕਰਕੇ ਸ਼ਬਦ ਵਰਤੇ ਨੇ ਜਿਵੇਂ-ਪਾਂਡੇ ਤੁਮਰਾ ਰਾਮਚੰਦ ਸੋ ਭੀ ਆਵਤ ਦੇਖਿਆ ਥਾ॥ ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ ਸੋ ਭਗਤ ਜੀ ਦੀ ਬਾਣੀ ਵਿਚੋਂ ਕਿਤੇ ਭੀ ਸਿੱਧ ਨਹੀਂ ਹੁੰਦਾ ਕਿ ਉਹ ਕਿਸੇ ਸਮੇ ਸ੍ਰੀ ਰਾਮਚੰਦ ਦੇ ਪੁਜਾਰੀ ਸਨ। ਇਸ ਲਈ ਵਿਰੋਧੀ ਲੇਖਕ ਨੇ ਜੋ ਕਰੜੇ ਮੇਹਣੇ ਵਾਲੀ ਗੱਲ ਲਿਖੀ ਉਹ ਵੀ ਦਰੁਸਤ ਨਹੀਂ। ਇਹ ਤੁਕਾਂ ਭਗਤ ਨਾਮਦੇਵ ਜੀ ਦੇ ਗੌਂਡ ਰਾਗ ਵਿੱਚ ਦਿੱਤੇ ਅਖ਼ੀਰਲੇ ਸਤਵੇਂ ਸ਼ਬਦ ਚੋਂ ਹਨ। ਉਸ ਸ਼ਬਦ ਦੀ ਪਹਿਲੀ ਤੁਕ ਹੈ ਕਿ-ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕਉ ਸਮਝਾਊ ਰੇ॥ ਜਰਾ ਧਿਆਨ ਦਿਉ ਕਿ ਭਗਤ ਜੀ ਨੇ ਤਾਂ ਕਿਸੇ ਭੀ ਅਵਤਾਰ ਦੇ ਜੀਵਨ ਬਾਰੇ ਆਪਣੇ ਵਲੋਂ ਕੋਈ ਟੀਕਾ-ਟਿੱਪਣੀ ਨਹੀਂ ਕੀਤੀ ਸਗੋਂ ਉਨ੍ਹਾਂ ਤਾਂ ਗਾਇਤ੍ਰੀ, ਮਹਾਦੇਵ ਅਤੇ ਸ੍ਰੀ ਰਾਮਚੰਦ ਦੇ ਆਪਣੇ ਹੀ ਉਪਾਸ਼ਕਾਂ ਵਲੋਂ ਲਿਖੇ ਅਸ਼ਰਧਾ ਪੈਦਾ ਕਰਨ ਵਾਲੇ ਖ਼ਿਆਲਾਂ ਦਾ ਹਵਾਲਾ ਦੇ ਕੇ ਆਖਿਐ ਕਿ ਪੂਜਾ ਵੀ ਕਰਦੇ ਤੇ ਸ਼ੱਕ ਵੀ ਕਰਦੇ ਹੋ ਇਹ ਭਗਤੀ ਨਹੀਂ ਹੈ। ਜੇ ਸ੍ਰੀ ਕ੍ਰਿਸ਼ਨ ਜੀ ਦੇ ਉਪਾਸ਼ਕਾਂ ਨੇ ਉਸ 'ਤੇ ਭੀ ਕੋਈ ਉਹੋ ਜਿਹੇ ਦੂਸ਼ਣ ਲਾਏ ਹੁੰਦੇ ਤਾਂ ਭਗਤ ਨਾਮਦੇਵ ਜੀ ਉਨ੍ਹਾਂ ਦਾ ਜ਼ਿਕਰ ਵੀ ਇੱਥੇ ਕਰ ਦੇਂਦੇ। ਸੋ ਗੁਰਬਾਣੀ ਵਿਚਾਰ ਲਈ ਭਾਵ ਅਰਥਾਂ ਦੀ ਵੀ ਅਤਿਅੰਤ ਲੋੜ ਹੈ।

# ਜਾਰਜ ਫਲਾਇਡ ਦਾ ਪਰਿਵਾਰ ਰਾਸ਼ਟਰਪਤੀ, ਉਪ ਰਾਸ਼ਟਰਪਤੀ ਨੂੰ ਮਿਲਿਆ

## ਪੁਲਿਸ ਸੁਧਾਰਾਂ ਸਬੰਧੀ ਬਿੱਲ ਪਾਸ ਕਰਨ ਉਪਰ ਦਿੱਤਾ ਜੋਰ





**ਸੈਕਰਾਮੈਂਟੋ 26 ਮਈ (ਹੁਸਨ ਲੜੋਆ ਬੰਗਾ)-** ਮਿਨੀਆਪੋਲਿਸ ਪੁਲਿਸ ਹੱਥੋਂ ਮਾਰੇ ਗਏ ਸਿਆਹਫਿਆਮ ਵਿਅਕਤੀ ਜਾਰਜ ਫਲਾਇਡ ਦੀ ਮੌਤ ਹੋਇਆਂ ਨੂੰ ਇਕ ਵਰਾ ਪੂਰਾ ਹੋਣ`ਤੇ ਉਸ ਦਾ ਪਰਿਵਾਰ ਰਾਸ਼ਟਰਪਤੀ ਜੋਅ ਬਾਇਡਨ, ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਹੋਰ ਕਾਂਗਰਸ ਆਗੂਆਂ ਨੂੰ ਮਿਲਿਆ ਜਿਸ ਦੌਰਾਨ ਪਰਿਵਾਰ ਨੇ ਪੁਲਿਸ ਸੁਧਾਰਾਂ ਬਾਰੇ ਬਿੱਲ ਕਰਨ ਲਈ ਲਹਿਰ ਚਲਾਉਣ ਦਾ ਸੱਦਾ ਦਿੱਤਾ। ਪਰਿਵਾਰ ਨੇ ਕਿਹਾ ਕਿ ਲਾਅ ਇਨਫੋਰਸਮੈਂਟ ਅਧਿਕਾਰੀਆਂ ਨੂੰ ਕਾਨੂੰਨ ਦੁਆਰਾ ਵਧੇਰੇ ਜਿੰਮੇਵਾਰ ਤੇ ਜਵਾਬਦੇਹ ਬਣਾਇਆ ਜਾਵੇ। ਬਾਅਦ ਦੁਪਹਿਰ ਫਲਾਇਡ ਦਾ ਪਰਿਵਾਰ ਬਾਇਡਨ ਤੇ ਹੈਰਿਸ ਨਾਲ ਇਕ ਘੰਟੇ ਦੇ ਕਰੀਬ ਰਿਹਾ। ਪਰਿਵਾਰ ਵਿਚ ਫਲਾਈਡ ਦੀ 7 ਸਾਲਾ ਧੀ ਗਿਅਨਾ, ਉਸ ਦੀ ਪਤਨੀ ਰੌਕਸੀ ਵਾਸ਼ਿੰਗਟਨ, ਫਲਾਇਡ ਦੀ ਭੈਣ ਬੈਰਿਜੈਟ ਤੇ ਫਲਾਈਡ ਦੇ 3 ਭਰਾ ਤੇ ਭਤੀਜਾ ਸ਼ਾਮਿਲ ਸੀ। ਮੀਟਿੰਗ ਉਪਰੰਤ ਫਿਲੋਨਾਇਸ ਫਲਾਇਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਤੁਸੀਂ ਗਿਰਝ ਦੇ ਬਚਾਅ ਲਈ ਕਾਨੂੰਨ ਬਣਾਅ ਸਕਦੇ ਹੋ ਤਾਂ ਤੁਸੀਂ ਸਿਆਹਫਿਆਮ ਲੋਕਾਂ ਦੇ ਬਚਾਅ ਲਈ ਵੀ ਸੰਘੀ ਕਾਨੂੰਨ ਬਣਾ ਸਕਦੇ ਹੋ। ਉਨਾਂ ਨੇ ਕਾਂਗਰਸ ਨੂੰ ਪੁਲਿਸ ਸੁਧਾਰਾਂ ਬਾਰੇ ਕਾਨੂੰਨ ਪਾਸ ਕਰਨ ਲਈ ਕਿਹਾ। ਫਲਾਇਡ ਦੇ ਭਰਾ ਰੋਡਨੀ ਨੇ ਕਿਹਾ ਕਿ ਮੁਲਾਕਾਤ ਦੌਰਾਨ ਬਾਇਡਨ ਤੇ ਹੈਰਿਸ ਨੇ ਸ਼ੋਕ ਪੈਰਗਟਾਇਆ ਤੇ ਫਲਾਇਡ ਨੂੰ ਸ਼ਰਧਾਂਜਲੀ ਦਿੱਤੀ। ਉਨਾਂ ਨੇ ਸਾਨੂੰ ਪੁੱਛਿਆ ਕਿ ਅੱਜ ਕਲ ਕਿਸ ਤਰਾਂ ਚੱਲ ਰਿਹਾ ਹੈ। ਤੁਸੀਂ ਆਪਣਾ ਖਿਆਲ ਰਖ ਰਹੇ ਹੋ, ਇਹ ਵੀ ਪੁੱਛਿਆ ਕਿ ਤੁਸੀਂ ਕਿਸ ਤਰਾਂ ਮਹਿਸੂਸ ਕਰ ਰਹੇ ਹੋ। ਰੋਡਨੀ ਨੇ ਪਰਿਵਾਰ ਪੈਰਤੀ ਚਿੰਤਾ ਪੈਰਗਟਾਉਣ ਲਈ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਦਾ ਧੰਨਵਾਦ ਕੀਤਾ। ਉਪਰੰਤ ਬਾਇਡਨ ਨੇ ਇਕ ਬਿਆਨ ਵਿਚ ਕਿਹਾ ਕਿ ਫਲਾਇਡ ਦੇ ਪਰਿਵਾਰ ਨੇ ਲਾਮਿਸਾਲ ਹੌਂਸਲਾ ਵਿਖਾਇਆ ਹੈ ਵਿਸ਼ੇਸ਼ ਤੌਰ 'ਤੇ ਉਸ ਦੀ ਨਨੀ ਬੱਚੀ ਗਿਅਨਾ ਨੇ ਜਿਸ ਨੂੰ ਮੈ ਅੱਜ ਦੁਬਾਰਾ ਫਿਰ ਮਿਲਿਆ ਹਾਂ। ਹੈਰਿਸ ਜਿਸ ਨੇ ਸੈਨੇਟ ਮੈਂਬਰ ਵਜੋਂ ਫਲਾਇਡ ਦੇ ਸਨਮਾਨ ਵਿੱਚ ਬਿੱਲ ਪੇਸ਼ ਕੀਤਾ ਸੀ, ਨੇ ਕਿਹਾ ਕਿ`ਕਾਂਗਰਸ ਨੂੰ ਬਿੱਲ ਉਪਰ ਤੇਜੀ ਨਾਲ ਕੰਮ ਕਰਨਾ ਚਾਹੀਦਾ ਹੈ। ਹਾਲਾਂ ਕਿ ਬਿੱਲ ਪਾਸ ਹੋਣ ਨਾਲ ਜਾਨਾਂ ਵਾਪਿਸ ਨਹੀਂ ਆ ਸਕਦੀਆਂ ਪਰੰਤੂ ਇਸ ਨਾਲ ਸਿਆਹਫਿਆਮ ਲੋਕਾਂ ਦੀ ਸੁਰੱਖਿਆ ਲਈ ਲੋੜੀਂਦੀ ਪੈਰਗਤੀ ਹੋਵੇਗੀ। ਉਨਾਂ ਕਿਹਾ ਕਿ ਸਾਨੂੰ ਹਰ ਹਾਲਤ ਵਿਚ ਨਸਲੀ ਅਨਿਆਂ ਨੂੰ ਖਤਮ ਕਰਨਾ ਪਵੇਗਾ। ਇਥੇ ਜਿਕਰਯੋਗ ਹੈ ਕਿ ਬਾਇਡਨ ਪਿਛਲੇ ਸਾਲ ਰਾਸ਼ਟਰਪਤੀ ਦੀ ਚੋਣ ਮੁਹਿੰਮ ਤੋਂ ਲੈ ਕੇ ਨਿਰੰਤਰ ਫਲਾਇਡ ਦੇ ਪਰਿਵਾਰ ਦੇ ਸੰਪਰਕ ਵਿਚ ਰਹੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਕੋਵਿਡ ਵੈਕਸੀਨ ਲਵਾਉਣ ਤੋਂ ਬਾਅਦ ਦਿੱਲ ਵਿੱਚ ਸਮੱਸਿਆਵਾਂ ਆਉਣ ਦੇ ਮਾਮਲਿਆਂ ਦੀ ਸਿਹਤ ਅਧਿਕਾਰੀਆਂ ਵੱਲੋਂ ਜਾਂਚ

**ਸੈਕਰਾਮੈਂਟੋ 25 ਮਈ–** ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪੈਰੀਵੈਨਸ਼ਨ (ਸੀ ਡੀ ਸੀ) ਨਾਲ ਜੁੜੇ ਇਕ ਵੈਕਸੀਨ ਸੇਫਟੀ ਗਰੁੱਪ ਨੇ ਕਿਹਾ ਹੈ ਕਿ ਕੁਝ ਨੌਜਵਾਨ ਬਾਲਗਾਂ ਤੇ ਨਬਾਲਗਾਂ ਦੇ ਦਿੱਲਾਂ ਵਿਚ ਕੋਵਿਡ-19 ਵੈਕਸੀਨ ਲਵਾਉਣ ਤੋਂ ਬਾਅਦ ਆਈਆਂ ਸਮੱਸਿਆਵਾਂ ਦੇ ਮਾਮਲਿਆਂ ਦੀ ਸਿਹਤ ਅਧਿਕਾਰੀ ਜਾਂਚ ਕਰ ਰਹੇ ਹਨ। ਇਸ ਸਬੰਧੀ ਹੋਈ ਮੀਟਿੰਗ ਵਿਚ ਵੈਕਸੀਨ ਸੇਫਟੀ ਗਰੁੱਪ ਨੇ ਸੀ ਡੀ ਸੀ ਦੀ ਸਲਾਹਕਾਰ ਕਮੇਟੀ ਨੂੰ ਦਿੱਲ ਦੀ ਸਥਿੱਤੀ ਜਿਸ ਨੂੰ ਮਾਈਓਕਾਰਡਿਟਿਸੋ ਕਿਹਾ ਜਾਂਦਾ ਹੈ, ਸਬੰਧੀ ਰਿਪੋਰਟ ਸੌਂਪੀ। 12 ਸਾਲ ਤੇ ਇਸ ਤੋਂ ਵਧ ਉਮਰ ਦੇ ਨਬਾਲਗਾਂ ਨੂੰ ਫਾਈਜ਼ਰ ਦਾ ਟੀਕਾ ਲਾਉਣ ਦੀ ਪੈਰਵਾਨਗੀ ਦੇਣ ਦੇ ਕੁਝ ਹਫਤਿਆਂ ਬਾਅਦ ਦਿੱਲ ਵਿਚ ਸਮੱਸਿਆ ਪੈਦਾ ਹੋਣ ਦੀਆਂ ਰਿਪੋਰਟਾਂ ਮਿਲੀਆਂ ਹਨ। ਮੋਡਰਨਾ ਦੀ ਵੈਕਸੀਨ 18 ਸਾਲ ਤੇ ਇਸ ਤੋਂ ਵਧ ਉਮਰ ਦੇ ਵਿਅਕਤੀਆਂ ਨੂੰ ਲਾਈ ਜਾ ਰਹੀ ਹੈ। ਸੇਫਟੀ ਗਰੁੱਪ ਨੇ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਕਿਹੜੀ ਵੈਕਸੀਨ ਨਾਲ ਸਮੱਸਿਆ ਪੈਦਾ ਹੋਈ ਹੈ। ਸੇਫਟੀ ਗਰੁੱਪ ਨੇ ਕਿਹਾ ਹੈ ਕਿ ਮਾਈਓਕਾਰਡਿਟਿਸੋ ਦੀਆਂ ਰਿਪੋਰਟਾਂ ਮੁਕਾਬਲਤਨ ਘੱਟ ਹਨ ਤੇ ਉਹ ਸੰਭਾਵੀ ਦਰ ਦੇ ਹੇਠਾਂ ਹਨ ਇਸ ਲਈ ਘਬਰਾਉਣ ਵਾਲੀ ਕੋਈ ਗੱਲ ਨਹੀਂ ਹੈ। ਮੇਓ ਕਲੀਨਿਕ ਅਨੁਸਾਰ ਮਾਈਓਕਾਰਡਿਟਿਸੋ ਦਿੱਲ ਦੇ ਪਠਿਆਂ ਵਿਚ ਸੋਜਸ਼ ਦੀ ਤਰਾਂ ਹੁੰਦੀ ਹੈ ਜਿਸ ਨਾਲ ਦਿੱਲ ਦੀ ਪੈਰਣਾਲੀ ਪੈਰਭਾਵਿਤ ਹੋ ਸਕਦੀ ਹੈ ਤੇ ਦਿੱਲ ਦੀ ਖੂਨ ਪੰਪ ਕਰਨ ਦੀ ਸਮਰਥਾ ਘੱਟ ਸਕਦੀ ਹੈ। ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਵੈਕਸੀਨ ਸੇਫਟੀ ਗਰੁੱਪ ਵੱਲੋਂ ਜਿਨਾਂ ਕੁਝ ਮਾਮਲਿਆਂ ਦੀ ਰਿਪੋਰਟ ਪੇਸ਼ ਕੀਤੀ ਗਈ ਹੈ ਹੋ ਸਕਦਾ ਹੈ ਕਿ ਉਨਾਂ ਮਾਮਲਿਆਂ ਵਿਚ ਪੈਦਾ ਹੋਈ ਸਮੱਸਿਆ ਦਾ ਸਬੰਧ ਵੈਕਸੀਨ ਨਾਲ ਨਾ ਹੋਵੇ। ਮਾਹਿਰਾਂ ਅਨੁਸਾਰ ਸੀਜਨਲ ਵਾਇਰਸ ਵੀ ਇਹ ਸਮੱਸਿਆ ਪੈਦਾ ਕਰ ਸਕਦੇ ਹਨ। ਫਿਲਹਾਲ ਇਸ ਸਬੰਧੀ ਮੁਕੰਮਲ ਜਾਂਚ ਉਪਰੰਤ ਹੀ ਸਥਿੱਤੀ ਸਾਫ ਹੋ ਸਕਦੀ ਹੈ। ਕੁਝ ਵੀ ਹੋਵੇ ਦਿੱਲ ਵਿਚ ਸਮੱਸਿਆ ਪੈਦਾ ਹੋਣ ਦੀਆਂ ਰਿਪੋਰਟਾਂ ਨੇ ਲੋਕਾਂ ਵਿਚ ਇਕ ਡਰ ਜਰੂਰ ਪੈਦਾ ਕਰ ਦਿੱਤਾ ਹੈ ਤੇ ਪਹਿਲਾਂ ਹੀ ਵੈਕਸੀਨ ਲਵਾਉਣ ਤੋਂ ਘਬਰਾ ਰਹੇ ਲੋਕਾਂ ਵਿਚ ਹੋਰ ਡਰ ਦੀ ਭਾਵਨਾ ਪੈਦਾ ਹੋ ਸਕਦੀ ਹੈ।

# ਪੁਲਿਸ ਅਤਿਆਚਾਰ ਦਾ ਸ਼ਿਕਾਰ ਹੋਏ ਭਾਰਤੀ ਮੂਲ ਦੇ ਅਮਰੀਕੀ ਬਜ਼ੁਰਗ ਨੂੰ ਮਿਲਣਗੇ 1.75 ਮਿਲੀਅਨ ਡਾਲਰ

**ਸੈਕਰਾਮੈਂਟੋ 24 ਮਈ–** ਭਾਰਤੀ ਮੂਲ ਦੇ ਅਮਰੀਕੀ ਬਜੁਰਗ ਸੁਰੇਸ਼ਭਾਈ ਪਟੇਲ ਜਿਸ ਨੂੰ 6 ਫਰਵਰੀ 2015 ਨੂੰ ਪੁਲਿਸ ਅੱਤਿਆਚਾਰ ਦਾ ਸ਼ਿਕਾਰ ਹੋਣਾ ਪਿਆ ਸੀ, ਨੂੰ ਅਦਾਲਤ ਵਿਚ ਹੋਏ ਸਮਝੌਤੇ ਅਨੁਸਾਰ 1.75 ਮਿਲੀਅਨ ਡਾਲਰ ਮੁਆਵਜੇ ਵਜੋਂ ਮਿਲਣਗੇ। ਇਸ ਘਟਨਾ ਵਿਚ ਦੋ ਪੁਲਿਸ ਅਧਿਕਾਰੀ ਸ਼ਾਮਿਲ ਸਨ। ਹਾਲਾਂ ਕਿ ਪਟੀਸ਼ਨ ਵਿਚ ਪੁਲਿਸ ਅਧਿਕਾਰੀਆਂ ਦੇ ਨਾਂ ਨਹੀਂ ਲਿਖੇ ਗਏ ਸਨ । ਇਹ ਬਜੁਰਗ 11 ਦਿਨ ਪਹਿਲਾਂ ਹੀ ਭਾਰਤ ਤੋਂ ਅਮਰੀਕਾ ਆਪਣੇ ਪੁੱਤਰ ਕੋਲ ਪੁੱਜਾ ਸੀ। ਉਸ ਦੇ ਗਵਾਂਢੀ ਨੇ ਪੁਲਿਸ ਨੂੰ ਫੋਨ ਉਪਰ ਦਸਿਆ ਕਿ ਇਕ ਕਾਲਾ ਵਿਅਕਤੀ ਗਵਾਂਢ ਵਿਚ ਘੁੰਮ ਰਿਹਾ ਹੈ। ਇਸ ਤੇ ਪੁਲਿਸ



ਮੌਕੇ ਉਪਰ ਪੁੱਜੀ ਤੇ ਬਿਨਾਂ ਕੋਈ ਜਾਂਚ ਪੜਤਾਲ ਕੀਤਿਆਂ ਉਸ ਨਾਲ ਕੁੱਟਮਾਰ ਕੀਤੀ। ਪਟੇਲ ਜੋ ਅੰਗਰੇਜੀ ਨਹੀਂ ਜਾਣਦਾ ਸੀ ਨੇ ਪੁਲਿਸ ਨੂੰ ਸਮਝਾਉਣ ਦਾ ਯਤਨ ਕੀਤਾ ਪਰ ਪੁਲਿਸ ਨੇ ਉਸ ਦੀ ਇਕ ਨਾ ਸੁਣੀ। ਉਸ ਸਮੇ ਪਟੇਲ ਦੀ ਉਮਰ 57 ਸਾਲ ਸੀ। ਪੁਲਿਸ ਦੀ ਕੁੱਟਮਾਰ ਦੌਰਾਨ ਉਹ ਜਮੀਨ ਉਪਰ ਡਿੱਗ ਗਿਆ ਤੇ ਉਸ ਨੂੰ ਅਧਰੰਗ ਹੋ ਗਿਆ ਸੀ। ਰੀੜ ਦੀ ਹੱਡੀ ਵਿਚ ਹੋਏ ਜਖਮ ਕਾਰਨ ਉਸ ਨੂੰ ਲੰਬਾ ਸਮਾਂ ਹਸਪਤਾਲ ਰਹਿਣਾ ਪਿਆ ਸੀ। ਉਸ ਦੇ ਪੁੱਤਰ ਚਿਰਾਗ ਪਟੇਲ ਅਨੁਸਾਰ ਉਸ ਦਾ ਪਿਤਾ ਵਾਕਰ ਦੀ ਮੱਦਦ ਤੋਂ ਬਿਨਾਂ ਤੁਰ ਨਹੀਂ ਸਕਦਾ।

# ਭਾਈ ਇੰਦਰਜੀਤ ਸਿੰਘ, ਵਲੋਂ ਸੰਗਤਾਂ ਦੇ ਸਹਿਯੋਗ ਨਾਲ ਕਰੋਨਾ ਦੌਰਾਨ ਪੰਜਾਬ 'ਚ ਰਸਦ ਤੇ ਦਵਾਈਆਂ ਦੀ ਸੇਵਾ



**ਸੈਕਰਾਮੈਂਟੋ 24 ਮਈ–** ਮਹਾਂਮਾਰੀ ਦੌਰਾਨ ਜਿਥੇ ਵੱਖ ਵੱਖ ਸੰਸਥਾਵਾਂ ਆਪਣੀ ਆਪਣੀ ਜਗਾ ਸੇਵਾ ਵਿੱਚ ਲੱਗੀਆਂ ਹੋਈਆਂ ਹਨ ਉਥੇ ਕੁਝ ਦਾਨੀ ਸੱਜਣ ਵੀ ਅਪਣੇ ਤੌਰ ਤੇ ਲੋਕ ਸੇਵਾ ਵਿੱਚ ਜੁੱਟੇ ਹੋਏ ਹਨ, ਇਵੇਂ ਹੀ ਅਮਰੀਕਾ ਕਾਰਟਰੇਟ ਤੋਂ ਭਾਈ ਇੰਦਰਜੀਤ ਸਿੰਘ ਜੀ ਨੇ ਅਮਰੀਕਾ, ਕਨੇਡਾ, ਇਗਲੈਂਡ ਅਸਟੈਰੇਲੀਆ , ਨਿਊਜੀਲੈਂਡ ਤੇ ਯੂਰਪ ਦੀਆਂ ਸਿੱਖ ਸੰਗਤਾਂ ਦੀ ਮੱਦਦ ਨਾਲ ਪੰਜਾਬ ਵਿੱਚ ਸੁੱਕੀ ਰਸਦ, ਦਵਾਈਆਂ ਦੀ ਥਾਂ ਥਾਂ ਮੱਦਦ ਕੀਤੀ ਜਾ ਰਹੀ ਹੈ। ਭਾਈ ਇੰਦਰਜੀਤ ਸਿੰਘ ਜੀ ਨੇ ਸੇਵਾ ਲੈਣ ਤੇ ਸੇਵਾ ਦੇਣ ਦੀ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਜੋ ਇਸ ਮਹਾਂਮਾਰੀ ਵਿੱਚ ਲੋੜਵੰਦਾਂ ਤੱਕ ਦੁਸ਼ਵੰਦ ਪਹੁੰਚ ਸਕੇ ਉਨਾਂ ਕਿਹਾ ਕਿ ਕੋਈ ਵੀ ਸੇਵਾ ਲੈਣ ਤੇ ਸੇਵਾ ਦੇਣ ਵਾਲਾ ਸਾਡੇ ਨਾਲ ਭਾਈ ਇੰਦਰਜੀਤ ਸਿੰਘ ਜੀ ਅਮਰੀਕਾ 203-919-3241, ਭਾਈ ਸੁੱਖਵੀਰ ਸਿੰਘ ਪੰਜਾਬ 9463554488 ਅਤੇ ਭਾਈ ਸੁੱਚਾ ਸਿੰਘ ਪੰਜਾਬ 9770623872 ਤੇ ਸੰਪਰਕ ਕਰ ਸਕਦੇ ਹਨ। ਇਸ ਸੇਵਾ ਲਈ ਦੁਸ਼ਵੰਦ ਕੱਢਣ ਲਈ ਨਾਮਵਰ ਕੀਰਤਨੀਏ ਬੀਬੀ ਬਲਜੀਤ ਕੌਰ ਖਾਲਸਾ ਨੇ ਵੀ ਸੰਗਤਾਂ ਨੂੰ ਵੀ ਅਪੀਲ ਕੀਤੀ।

# ਸਿਆਟਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਪੁਰਬ ਵੱਖ-ਵੱਖ ਗੁਰੂ ਘਰਾਂ ਵਿਖੇ ਮਨਾਇਆ

**ਸਿਆਟਲ (ਗੁਰ-ਚਰਨ ਸਿੰਘ ਢਿੱਲੋਂ)–** ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਪੁਰਬ ਵੱਖ-ਵੱਖ ਗੁਰੂ ਘਰਾਂ 'ਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ





ਸੱਚਾ ਮਾਰਗ ਐਬਰਨ ਵਿਚ ਟਰੱਕ ਉਪਰੇਟਰਾਂ ਨੇ ਮਿਲ ਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਅਤੇ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ। ਗੁਰਦੁਆਰਾ ਸੱਚਾ ਮਾਰਗ ਐਬਰਨ ਵਿਚ ਐਤਵਾਰ ਨੂੰ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਨ ਸਿੰਘ ਤੇ ਭਾਈ ਮਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਤੇ ਗੁਰੂ ਦਾ ਜੱਸ ਗਾਇਨ ਕੀਤਾ। ਹੈਡ ਗ੍ਰੰਥੀ ਭਾਈ ਮੋਹਨ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਕਰੋਨਾ ਮਹਾਂਮਾਰੀ ਦੇ ਬਚਾਅ ਅਤੇ ਕਿਸਾਨੀ ਸੰਘਰਸ਼ ਦੀ ਕਾਮਯਾਬੀ ਲਈ ਕਾਮਨਾ ਕੀਤੀ। ਸਟੇਜ ਤੋਂ ਹਰਸਿੰਦਰ ਸਿੰਘ ਸੰਧੂ ਨੇ ਗੁਰਪੁਰਬ ਦੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਗੁਰੂ ਜੀ ਦੀ ਸੇਵਾ ਭਗਤੀ ਦਾ ਇਤਿਹਾਸ ਸਾਂਝਾ ਕੀਤਾ। ਇਸ ਮੌਕੇ ਭਾਰੀ ਗਿਣਤੀ ਵਿਚ ਸੰਗਤ ਨੇ ਹਾਜ਼ਰੀ ਲਗਵਾਈ।







**Change of Name**

I, Kawaldeep Singh s/o Jagraj Singh

Resident of:
2242 Citrine Way
Sacramento, CA-94565

Now I have changed my name

From:
Kawaldeep Singh Gill
To:

Kawaldeep Singh

All concerned kindly note it.



**'ਦੇਸ਼ ਦੁਆਬਾ'**

**ਹਰ ਹਫਤੇ ਛਪਣ ਵਾਲਾ ਅਖਬਾਰ**

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

**ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ**

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਕੁਲਵੰਤ ਧਾਲੀਆਂ

# ਅਮਰੀਕੀ ਪ੍ਰਸ਼ਾਸਨ ਵੱਲੋਂ ਜਪਾਨ ਅਤੇ ਸ੍ਰੀਲੰਕਾ ਦੀ ਯਾਤਰਾ ਵਿਰੁੱਧ ਚਿਤਾਵਨੀ ਜਾਰੀ

**ਫਰਿਜ਼ਨੋ (ਕੈਲੀਫੋਰਨੀਆ), 25 ਮਈ 2021–** ਅਮਰੀਕਾ ਵਿੱਚ ਸਰਕਾਰ ਦੇ ਯਤਨਾਂ ਅਤੇ ਕਾਫੀ ਜੱਦੋ-ਜਹਿਦ ਤੋਂ ਬਾਅਦ ਕੋਰੋਨਾ ਵਾਇਰਸ ਦੀ ਲਾਗ ਦੇ ਮਾਮਲਿਆਂ ਵਿੱਚ ਲਗਾਤਾਰ ਗਿਰਾਵਟ ਦਰਜ ਹੋ ਰਹੀ ਹੈ। ਸਰਕਾਰ ਦੁਆਰਾ ਵਾਇਰਸ ਨੂੰ ਦਬਾਉਣ ਲਈ ਸੁਰੱਖਿਆ ਦੇ ਮੱਦੇਨਜ਼ਰ ਅੰਤਰਰਾਸ਼ਟਰੀ ਯਾਤਰਾ ਸੰਬੰਧੀ ਵੀ ਸਾਵਧਾਨੀਆਂ ਵਰਤੀਆਂ ਜਾ ਰਹੀਆਂ ਹਨ। ਇਸ ਲਈ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਜਪਾਨ ਅਤੇ ਸ੍ਰੀਲੰਕਾ ਵਿੱਚ ਵਧ ਰਹੇ ਕੋਰੋਨਾ ਵਾਇਰਸ ਮਾਮਲਿਆਂ ਦੇ ਕਰਕੇ , ਕੋਵਿਡ ਦੇ ਫੈਲਣ ਨੂੰ ਰੋਕਣ ਲਈ ਇਹਨਾਂ ਦੇਸ਼ਾਂ ਦੀ ਯਾਤਰਾ ਦੇ ਵਿਰੁੱਧ ਚਿਤਾਵਨੀ ਜਾਰੀ ਕਰਦਿਆਂ ਦੇਸ਼ ਵਾਸੀਆਂ ਨੂੰ ਯਾਤਰਾ ਨਾਂ ਕਰਨ ਦੀ ਸਲਾਹ ਦਿੱਤੀ ਹੈ। ਵਿਦੇਸ਼ ਵਿਭਾਗ ਨੇ ਇਸ ਹਫ਼ਤੇ ਟਰੈਵਲ ਐਡਵਾਈਜ਼ਰੀਆਂ ਦਾ ਮੁਲਾਂਕਣ ਕਰਨ ਦੇ ਬਾਅਦ ਨਵੀਆਂ ਅਪਡੇਟਸ ਅਨੁਸਾਰ ਜਾਪਾਨ ਅਤੇ ਸ੍ਰੀਲੰਕਾ ਦੀ ਯਾਤਰਾ ਨਾ ਕਰਨ ਦੀ ਹਦਾਇਤ ਕੀਤੀ ਹੈ। ਬਿਮਾਰੀ ਨਿ-ਯੰਤਰਣ ਅਤੇ ਰੋਕਥਾਮ ਕੇਂਦਰ (ਸੀ ਡੀ ਸੀ) ਨੇ ਵੀ ਆਪਣੀ




ਚੇਤਾਵਨੀ ਵਿਚ ਕਿਹਾ ਹੈ ਕਿ ਅਮਰੀਕੀਆਂ ਨੂੰ ਜਪਾਨ ਦੀ ਯਾਤਰਾ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਜਰੂਰੀ ਤੌਰ 'ਤੇ ਯਾਤਰਾ ਕਰਨ ਤੋਂ ਪਹਿਲਾਂ ਕੋਰੋਨਾ ਟੀਕਾ ਲਗਵਾਉਣਾ ਜਰੂਰੀ ਹੈ।ਜਪਾਨ ਵਿੱਚ ਕੋਵਿਡ -19 ਦੇ ਮਾਮਲਿਆਂ ਵਿੱਚ ਵਾਧਾ ਹੋ ਰਿਹਾ ਹੈ । ਅੰਕੜਿਆਂ ਅਨੁਸਾਰ ਐਤਵਾਰ ਤੱਕ ਸੱਤ ਲੱਖ ਤੋਂ ਜਿਆਦਾ ਕੋਰੋਨਾ ਵਾਇਰਸ ਦੀ ਲਾਗ ਦੇ ਮਾਮਲੇ ਦਰਜ ਹੋਏ ਹਨ । ਇਸਦੇ ਇਲਾਵਾ ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਯੂ ਐਚ ਓ) ਦੇ ਅਨੁਸਾਰ ਸੋਮਵਾਰ ਨੂੰ ਜਪਾਨ ਵਿੱਚ (ਐਤਵਾਰ) ਤੱਕ ਤਕਰੀਬਨ 7,14,274 ਪੁਸ਼ਟੀ ਕੀਤੇ ਗਏ ਕੇਸ ਅਤੇ 12,236 ਮੌਤਾਂ ਦਰਜ ਹੋਈਆਂ ਹਨ ਜਦਕਿ 15 ਮਈ ਤੱਕ, ਦੇਸ਼ ਵਿੱਚ ਕੁੱਲ 5,593,436 ਟੀਕਿਆਂ ਦੀਆਂ ਖ਼ੁਰਾਕਾਂ ਲਗਾਈਆਂ ਗਈਆਂ ਹਨ। ਇਸੇ ਦੌਰਾਨ, ਸ੍ਰੀ ਲੰਕਾ ਵਿੱਚ ਸੋਮਵਾਰ ਨੂੰ 2,971 ਨਵੇਂ ਕੋਵਿਡ -19 ਦੇ ਮਾਮਲੇ ਸਾਹਮਣੇ ਆਏ ਹਨ ਅਤੇ ਸੋਮਵਾਰ ਤੱਕ ਦੇਸ਼ ਵਿੱਚ ਕੁੱਲ 167,172 ਕੋਵਿਡ-19 ਕੇਸ ਦਰਜ ਹੋ ਚੁੱਕੇ ਹਨ।

# ਕੈਲੀਫੋਰਨੀਆ ਵਿੱਚ ਪੁਲਿਸ ਨੇ ਜ਼ਬਤ ਕੀਤੇ ਤਰਬੂਜ਼ਾਂ ਵਿੱਚ ਲੁਕੋਏ ਲੱਖਾਂ ਡਾਲਰ ਦੇ ਨਸ਼ੀਲੇ ਪਦਾਰਥ

**ਫਰਿਜ਼ਨੋ (ਕੈਲੀਫੋਰਨੀਆ), 25 ਮਈ 2021–** ਅਮਰੀਕਾ ਵਿੱਚ ਬਾਰਡਰ ਪੁਲਿਸ ਵੱਲੋਂ ਕਾਰਵਾਈ ਕਰਦਿਆਂ ਆਏ ਦਿਨ ਨਸ਼ੀਲੇ ਪਦਾਰਥਾਂ ਨੂੰ ਜ਼ਬਤ ਕਰਕੇ ਦੇਸ਼ ਦੀਆਂ ਗਲੀਆਂ ਵਿੱਚ ਵਰਤੇ ਜਾਣ ਤੋਂ ਰੋਕਿਆ ਜਾਂਦਾ ਹੈ। ਇਸ ਤਰਾਂ ਦੀ ਹੀ ਇੱਕ ਕਾਰਵਾਈ ਵਿੱਚ ਕੈਲੀਫੋਰਨੀਆ ਵਿੱਚ ਬਾਰਡਰ ਪੁਲਿਸ ਦੁਆਰਾ ਤਰਬੂਜ਼ਾਂ ਵਿੱਚ ਲੁਕੋ ਕੇ ਤਸਕਰੀ ਕੀਤੇ ਜਾ ਰਹੇ ਲੱਖਾਂ ਡਾਲਰ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ। ਆਪਣੀ ਇਸ ਸਫਲਤਾ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਹਫਤੇ ਕੈਲੀਫੋਰਨੀਆ 'ਚ ਤਰਬੂਜ਼ਾਂ ਦੇ ਟਰੇਲਰ ਵਿੱਚ ਛੁਪਾਏ ਹੋਏ 1,100 ਪੌਂਡ ਤੋਂ ਜਿਆਦਾ ਮੀਥਾਮੇਟਾਮਾਈਨ ਨਾਮਕ ਪਦਾਰਥ ਨੂੰ ਅਮਰੀਕਾ ਦੇ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ(ਸੀ ਬੀ ਪੀ) ਅਫਸਰਾਂ ਨੇ ਜ਼ਬਤ ਕੀਤਾ ਹੈ। ਸੀ ਬੀ ਪੀ ਨੇ ਇਸ ਸੰਬੰਧੀ ਸ਼ੁੱਕਰਵਾਰ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਨਸ਼ਿਆਂ ਦੀ ਇਸ ਖੇਪ ਦਾ ਪਰਦਾ ਫਾਸ਼ ਪਿਛਲੇ ਮੰਗਲਵਾਰ ਨੂੰ ਓਟੈ ਮੇਸਾ ਪੋਰਟ ਆਫ ਐਂਟਰੀ 'ਤੇ ਅਧਿਕਾਰੀਆਂ ਦੁਆਰਾ ਇੱਕ 47 ਸਾਲਾ ਮੈਕਸੀਕਨ ਨਾਗਰਿਕ ਦੇ ਟਰਾਲੇ ਨੂੰ ਰੋਕਣ ਦੌਰਾਨ ਕੀਤਾ ਗਿਆ। ਇਸ ਟਰਾਲੇ ਦੀ ਜਾਂਚ ਦੌਰਾਨ ਸੀ ਬੀ ਪੀ ਅਧਿਕਾਰੀਆਂ ਨੂੰ ਤਰਬੂਜ਼ ਦੇ ਬਕਸਿਆਂ ਵਿੱਚ ਲਪੇਟ ਕੇ ਰੱਖਿਆ ਹੋਇਆ ਮੀਥਾਮੇਟਾਮਾਈਨ ਨਸ਼ੀਲਾ ਪਦਾਰਥ ਮਿਲਿਆ। ਇਸ ਕਾਰਵਾਈ ਵਿੱਚ ਅਧਿਕਾਰੀਆਂ ਨੂੰ ਡਰੱਗ ਦੇ 193 ਕੰਟੇਨਰ ਮਿਲੇ ਅਤੇ ਫੋਰਸ ਦਾ ਅਨੁਮਾਨ ਹੈ ਕਿ ਜ਼ਬਤ ਕੀਤੀ ਡਰੱਗ ਦੀ ਸਟ੍ਰੈਰੀਟ ਕੀਮਤ ਲੱਗਭਗ 2.5 ਮਿਲੀਅਨ ਡਾਲਰ ਹੈ। ਇਸ ਟਰੱਕ ਦੇ ਡਰਾਈਵਰ ਨੂੰ ਗਰਿਫਤਾਰ ਕੀਤਾ ਗਿਆ ਹੈ ਜੋ ਕਿ ਨਸ਼ੇ ਤਸਕਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।





# ਕੈਲੀਫੋਰਨੀਆ ਵਿੱਚ ਫੋਸਟਰ ਫਾਰਮਜ਼ ਨੂੰ ਹੋਇਆ ਵੱਡਾ ਜੁਰਮਾਨਾ

**ਫਰਿਜ਼ਨੋ (ਕੈਲੀਫੋਰਨੀਆ), 25 ਮਈ 2021–** ਕੈਲੀਫੋਰਨੀਆ ਵਿੱਚ ਕੋਰੋਨਾ ਮਹਾਂਮਾਰੀ ਦੌਰਾਨ ਆਪਣੇ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ ਵਿੱਚ ਅਸਫਲ ਰਹਿਣ 'ਤੇ ਫੋਸਟਰ ਫਾਰਮਜ਼ ਨੂੰ ਭਾਰੀ ਜੁਰਮਾਨਾ ਕੀਤਾ ਗਿਆ ਹੈ। ਕੈਲੀਫੋਰਨੀਆ ਡਿਵੀਜ਼ਨ ਆਫ਼ ਆਕੂਪੇਸ਼ਨਲ ਹੈਲਥ ਐਂਡ ਸੇਫਟੀ(ਕੈਲ / ਓ ਐਸ ਐਚ ਏ) ਨੇ ਲਿਵਿੰਗਸਟਨ ਪੋਲਟਰੀ ਪਲਾਂਟ ਅਤੇ ਡਿਸਟੈਰੀਬਿਊਸ਼ਨ ਸੈਂਟਰ ਵਿਖੇ ਕੋਵਿਡ-19 ਤੋਂ ਕਰਮਚਾਰੀਆਂ ਨੂੰ ਬਚਾਉਣ ਵਿੱਚ ਅਸਫਲ ਰਹਿਣ ਕਰਕੇ ਇਸ ਪੋਲਟਰੀ ਕੰਪਨੀ ਨੂੰ ਤਕਰੀਬਨ 181,500 ਡਾਲਰ ਦਾ ਜ਼ੁਰਮਾਨਾ ਜਾਰੀ ਕੀਤਾ ਹੈ। ਇਸ ਮਾਮਲੇ ਵਿੱਚ ਕੈਲ / ਓ ਐਸ ਐਚ ਏ ਨੇ ਪਿਛਲੀ ਜੁਲਾਈ ਵਿੱਚ ਫੋਸਟਰ ਫਾਰਮਜ਼ ਵਿੱਚ ਕੋਰੋਨਾ ਕਾਰਨ ਕਰਮਚਾਰੀ ਦੀ ਮੌਤ ਹੋਣ ਬਾਰੇ ਨੋਟੀਫਿਕੇਸ਼ਨ ਪੈਰਾਪਤ ਕਰਨ ਤੋਂ ਬਾਅਦ ਇਸਦੀ ਜਾਂਚ ਸ਼ੁਰੂ ਕੀਤੀ ਸੀ। 17 ਮਈ ਨੂੰ ਪੂਰੀ ਹੋਈ ਇਸ ਪੜਤਾਲ ਤੋਂ ਬਾਅਦ, ਏਜੰਸੀ ਦਾ ਦੋਸ਼ ਹੈ ਕਿ ਫੋਸਟਰ ਫਾਰਮਜ਼ ਅਤੇ ਇਸਦੀ ਇੱਕ ਕਰਮਚਾਰੀ ਏਜੰਸੀ ਪਿਛਲੇ ਸਾਲ ਮਰਸੇਡ ਕਾਉਂਟੀ ਵਿੱਚ ਕੰਪਨੀ ਦੇ ਫੂਡ ਪੈਰੋਸੈਸਿੰਗ ਪਲਾਂਟ 'ਚ ਕਰਮਚਾਰੀਆਂ ਦੀਆਂ ਘੱਟੋ ਘੱਟ ਚਾਰ ਮੌਤਾਂ ਬਾਰੇ ਤੁਰੰਤ ਰਿਪੋਰਟ ਕਰਨ ਵਿੱਚ ਅਸਫਲ ਰਹੀ ਹੈ।

ਫੋਸਟਰ ਫਾਰਮਜ਼ 'ਤੇ ਇਹ ਵੀ ਦੋਸ਼ ਹੈ ਕਿ ਇਹ ਕੰਪਨੀ ਆਪਣੇ ਕਰਮਚਾਰੀਆਂ ਅਤੇ ਠੇਕਾ ਮੁਲਾਜ਼ਮਾਂ ਨਾਲ ਕੰਮ ਵਾਲੀ ਥਾਂ 'ਤੇ ਕੋਵਿਡ-19 ਸੰਬੰਧੀ ਸੁਰੱਖਿਆ ਪੈਰਨਾਲੀ ਨੂੰ ਪੈਰਭਾਵਸ਼ਾਲੀ ਢੰਗ ਨਾਲ ਸਥਾਪਤ, ਲਾਗੂ ਅਤੇ ਕਾਇਮ ਰੱਖਣ ਵਿੱਚ ਵੀ ਅਸਫਲ ਰਹੀ ਹੈ, ਜਿਸ ਕਾਰਨ ਕਰਮਚਾਰੀਆਂ ਦੀ ਮੌਤ ਹੋਈ ਹੈ। ਕੈਲ ਏਜੰਸੀ ਨੇ ਇਹ ਵੀ ਦੋਸ਼ ਲਾਇਆ ਹੈ ਕਿ ਫੋਸਟਰ ਫਾਰਮਜ਼ ਵਾਇਰਸ ਦੀ ਲਾਗ ਨੂੰ ਰੋਕਣ ਅਤੇ ਸਥਿਤੀਆਂ ਨੂੰ ਹੱਲ ਕਰਨ ਲਈ ਢੁੱਕਵੇਂ ਪੈਰਬੰਧ ਲਾਗ ਕਰਨ ਵਿੱਚ ਵੀ ਅਸਫਲ ਰਹੀ ਹੈ। ਜਿਸ ਵਿੱਚ ਮਾਸਕ ਜਾਂ ਸਰੀਰਕ ਦੂਰੀ ਦੀਆਂ ਸਾਵਧਾਨੀਆਂ ਸ਼ਾਮਲ ਹਨ। ਇਸਦੇ ਇਲਾਵਾ ਕੰਪਨੀ ਆਪਣੇ ਕਰਮਚਾਰੀਆਂ ਅਤੇ ਠੇਕਾ ਮੁਲਾਜ਼ਮਾਂ ਨੂੰ ਕੋਵੀਡ -19 ਸੰਬੰਧੀ ਸਿਖਲਾਈ ਅਤੇ ਹਿਦਾਇਤਾਂ ਦੇਣ ਵਿੱਚ ਵੀ ਅਸਫਲ ਰਹੀ ਹੈ, ਜਿਸ ਵਿੱਚ ਵਾਇਰਸ ਫੈਲਣ ਦੀ ਸਿਖਲਾਈ ਅਤੇ ਹਿਦਾਇਤ ਵੀ ਸ਼ਾਮਲ ਹੈ। ਏਜੰਸੀ ਨੇ ਫੋਸਟਰ ਫਾਰਮਜ਼ ਦੇ ਲਿਵਿੰਗਸਟਨ ਡਿਸਟੈਰੀਬਿਊਸ਼ਨ ਸੈਂਟਰ ਵਿੱਚ ਵੀ ਇਕ ਵੱਖਰੀ ਜਾਂਚ ਪੜਤਾਲ ਕੀਤੀ ਇਸ ਪੈਰੋਸੈਸਿੰਗ ਸੁਵਿਧਾ ਵਿੱਚ ਵੀ ਇਸੇ ਤਰਾਂ ਦੀਆਂ ਉਲੰਘਣਾਵਾਂ ਦਾ ਦੋਸ਼ ਲਗਾਇਆ ਹੈ, ਜਿਸ ਵਿੱਚ ਕੰਪਨੀ ਘੱਟੋ ਘੱਟ ਤਿੰਨ ਮੌਤਾਂ ਦੀ ਰਿਪੋਰਟ ਕਰਨ ਵਿੱਚ ਅਸਫਲ ਰਹੀ ਸੀ। ਇਹਨਾਂ ਸਭ ਦੋਸ਼ਾਂ ਲਈ ਕੈਲ / ਓ ਐਸ ਐਚ ਏ 103,100 ਡਾਲਰ ਅਤੇ 78,400 ਦੇ ਜ਼ੁਰਮਾਨੇ ਜਾਰੀ ਕੀਤੇ ਗਏ ਹਨ। ਇਸਦੇ ਇਲਾਵਾ ਚਾਰ ਸਟਾਫਿੰਗ ਏਜੰਸੀਆਂ ਨੂੰ ਵੀ ਜੁਰਮਾਨੇ ਜਾਰੀ ਕੀਤੇ ਗਏ ਹਨ ਜੋ ਫੋਸਟਰ ਫਾਰਮਾਂ ਲਈ ਠੇਕਾ ਕਰਮਚਾਰੀਆਂ ਨੂੰ ਮੁਹੱਈਆ ਕਰਵਾਉਂਦੀਆਂ ਹਨ।




# ਫਲਾਈਟ ਵਿੱਚ ਫੇਸ ਮਾਸਕ ਨਾਲ ਨੱਕ ਨਾ ਢਕਣ 'ਤੇ ਯਾਤਰੀ ਕਰ ਰਿਹਾ ਹੈ 9,000 ਡਾਲਰ ਜੁਰਮਾਨੇ ਦਾ ਸਾਹਮਣਾ

**ਫਰਿਜ਼ਨੋ (ਕੈਲੀਫੋਰਨੀਆ), 25 ਮਈ 2021–** ਕੋਰੋਨਾ ਵਾਇਰਸ ਦੀ ਲਾਗ ਤੋਂ ਬਚਾਅ ਲਈ ਚਿਹਰੇ ਨੂੰ ਮਾਸਕ ਨਾਲ ਢਕਣਾ ਪੈਰਮੁੱਖ ਮੰਨਿਆ ਗਿਆ ਹੈ। ਇਸ ਬਚਾਅ ਵਿੱਚ ਮਾਸਕ ਨਾਲ ਨੱਕ ਨੂੰ ਢਕਣਾ ਵੀ ਬਹੁਤ ਜਰੂਰੀ ਹੈ।ਕਈ ਲੋਕ ਜਨਤਕ ਥਾਵਾਂ ਜਾਂ ਜਹਾਜ਼ਾਂ ਵਿੱਚ ਚਿਹਰੇ 'ਤੇ ਮਾਸਕ ਦੀ ਵਰਤੋਂ ਤਾਂ ਕਰਦੇ ਹਨ ਪਰ ਇਸ ਨਾਲ ਨੱਕ ਨੂੰ ਨਹੀਂ ਢਕਦੇ ਜੋ ਕਿ ਸਹੀ ਨਹੀਂ ਹੈ। ਇਸੇ ਤਰਾਂ ਦੀ ਲਾਪਰਵਾਹੀ ਇੱਕ ਫਲਾਈਟ ਵਿੱਚ ਕਰਕੇ ਇੱਕ ਯਾਤਰੀ 9000 ਡਾਲਰ ਦੇ ਜੁਰਮਾਨੇ ਦਾ ਸਾਹਮਣਾ ਕਰ



ਰਿਹਾ ਹੈ। ਅਧਿਕਾਰੀਆਂ ਅਨੁਸਾਰ ਇੱਕ ਵਿਅਕਤੀ ਨੂੰ ਕੈਲੀਫੋਰਨੀਆ ਤੋਂ ਟੈਕਸਾਸ ਲਈ ਸਾਊਥਵੈਸਟ ਏਅਰ ਲਾਈਨ ਦੀ ਫਲਾਈਟ ਦੌਰਾਨ, ਫੇਸ ਮਾਸਕ ਦਿਸ਼ਾ ਨਿ-ਰਦੇਸ਼ਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰਨ 'ਤੇ 9,000 ਡਾਲਰ ਦੇ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫੈਡਰਲ ਹਵਾਬਾਜ਼ੀ ਪ੍ਰਸ਼ਾਸਨ ਵੱਲੋਂ ਉਸ ਆਦਮੀ ਨੂੰ ਭੇਜੇ ਇੱਕ ਪੱਤਰ ਦੇ ਅਨੁਸਾਰ, ਉਡਾਣ ਦੇ ਦੌਰਾਨ ਫਲਾਈਟ ਅਟੈਂਡੇਂਟ ਨੇ ਇਸ ਯਾਤਰੀ ਨੂੰ ਮਾਸਕ ਨਾਲ ਆਪਣੀ ਨੱਕ ਨੂੰ ਢਕਣ ਦੀ ਬੇਨਤੀ ਕੀਤੀ ਗਈ ਪਰ ਯਾਤਰੀ ਵੱਲੋਂ ਅਜਿਹਾ ਨਾਂ ਕਰਕੇ ਕਰਮਚਾਰੀ ਨਾਲ ਬੁਰਾ ਵਿਵਹਾਰ ਕੀਤਾ ਗਿਆ। ਇਸ ਉਪਰੰਤ ਫਲਾਈਟ ਅਟੈਂਡੇਂਟ ਨੇ ਉਸਨੂੰ ਮਾਸਕ ਨਾਲ ਨੱਕ ਢਕਣ ਦੀ ਜ਼ਰੂਰਤ ਬਾਰੇ ਦੱਸਿਆ ਪਰ ਯਾਤਰੀ ਨੇ ਮਾਸਕ ਨੂੰ ਸੁੱਟ ਦਿੱਤਾ ਅਤੇ ਇਸਨੂੰ ਪਹਿਣਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਟੈਕਸਾਸ ਵਿੱਚ ਮਾਸਕ ਨੂੰ ਲਾਗੂ ਨਹੀਂ ਕੀਤਾ ਜਾਵੇਗਾ। ਯਾਤਰੀ ਦੇ ਇਸ ਵਿਵਹਾਰ ਕਰਕੇ ਫੈਡਰਲ ਐਵੀਏਸ਼ਨ ਅਥਾਰਟੀ (ਐਫ ਏ ਏ) ਨੇ ਉਸਨੂੰ 9,000 ਡਾਲਰ ਜੁਰਮਾਨਾ ਕਰਨ ਦਾ ਨੋਟਿਸ ਦਿੱਤਾ ਹੈ। ਇਸ ਯਾਤਰੀ ਨੂੰ 28 ਅਪੈਰੈਲ ਨੂੰ ਭੇਜੇ ਪੱਤਰ ਦਾ ਜਵਾਬ ਦੇਣ ਲਈ 30 ਦਿਨ ਦਿੱਤੇ ਗਏ ਹਨ।

ਜਿਕਰਯੋਗ ਹੈ ਕਿ ਐਫ ਏ ਏ ਵੱਲੋਂ ਮਹਾਂਮਾਰੀ ਦੌਰਾਨ ਫਲਾਈਟ ਦੌਰਾਨ ਕੋਵਿਡ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਅਤੇ ਕਰਮਚਾਰੀਆਂ ਨਾਲ ਮਾੜਾ ਵਿਵਹਾਰ ਕਰਨ ਲਈ ਯਾਤਰੀਆਂ ਨੂੰ ਜੁਰਮਾਨੇ ਲਾਗੂ ਕੀਤੇ ਗਏ ਹਨ।

# ਲਾਸ ਵੇਗਸ ਵਿੱਚ ਏਅਰ ਫੋਰਸ ਬੇਸ ਦੇ ਨੇੜੇ ਜਹਾਜ਼ ਹੋਇਆ ਕਰੈਸ਼, ਪਾਈਲਟ ਦੀ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ), 25 ਮਈ 2021–** ਲਾਸ ਵੇਗਸ ਦੇ ਇੱਕ ਏਅਰ ਫੋਰਸ ਬੇਸ ਦੇ ਨੇੜੇ ਇੱਕ ਜਹਾਜ਼ ਹਾਦਸੇ ਦਾ ਸ਼ੈਕਾਰ ਹੋਇਆ ਹੈ, ਜਿਸ ਵਿੱਚ ਪਾਈਲਟ ਦੀ ਮੌਤ ਹੋ ਗਈ ਹੈ। ਇਸ ਹਾਦਸਾ ਲਾਸ ਵੇਗਸ ਦੇ ਨੇਲਿਸ ਏਅਰਫੋਰਸ ਬੇਸ ਤੋਂ ਸੋਮਵਾਰ ਦੁਪਹਿਰ ਨੂੰ ਜਹਾਜ਼ ਦੇ ਉਡਾਣ ਭਰਨ ਤੋਂ ਤੁਰੰਤ ਬਾਅਦ ਹੋਇਆ।

ਇਸ ਕੈਰੈਸ਼ ਵਿੱਚ ਮਾਰੇ ਗਏ ਪਾਈਲਟ ਦੀ ਪਛਾਣ ਜਾਰੀ ਨਹੀਂ ਕੀਤੀ ਗਈ ਹੈ,ਜਦਕਿ ਕੋਈ ਹੋਰ ਜਹਾਜ਼ ਵਿੱਚ ਸਵਾਰ ਨਹੀਂ ਸੀ। ਬੇਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਜਹਾਜ਼ ਕੰਟਰੈਕਟ ਸੇਵਾ ਵਾਲਾ ਸੀ,ਜਿਸਨੂੰ ਗੈਰ ਹਵਾਈ ਸੈਨਾ ਦੇ ਪਾਈਲਟ ਦੁਆਰਾ ਚਲਾਇਆ ਜਾ ਰਿਹਾ ਸੀ , ਜੋ ਕਿ ਦੁਪਹਿਰ ਦੇ ਕਰੀਬ 2:30 ਵਜੇ ਬੇਸ ਦੇ ਦੱਖਣੀ ਕਿਨਾਰੇ ਦੇ ਬਾਹਰ ਕਰੈਸ਼ ਹੋਇਆ। ਇਸ ਬੇਸ ਦੇ ਇੱਕ ਅਧਿਕਾਰੀ ਅਨੁਸਾਰ ਏਅਰਫੋਰਸ ਬੇਸ ਵਿੱਚ ਕੰਟਰੈਕਟ ਵਾਲੇ ਜਹਾਜ਼ਾਂ ਦੀ ਵਰਤੋਂ ਨਿਯਮਤ ਤੌਰ 'ਤੇ ਸਿਖਲਾਈ ਮਿਸ਼ਨ ਲਈ ਕੀਤੀ ਜਾਂਦੀ ਹੈ। ਹਾਦਸਾ ਗੈਰਸਤ ਹੋਇਆ ਜਹਾਜ਼ ਫਲੋਰਿਡਾ ਦੀ ਇੱਕ ਕੰਪਨੀ ਡਰੇਕਨ ਯੂ ਐਸ ਦੀ ਪਰਾਪਰਟੀ ਹੈ ਅਤੇ ਜਹਾਜ਼ ਦਾ ਸੰਚਾਲਨ ਅਤੇ ਪਾਇਲਟ ਦਾ ਪੈਰਬੰਧ ਵੀ ਇਸ ਕੰਪਨੀ ਦੁਆਰਾ ਨੇਲਿਸ ਏਅਰਫੋਰਸ ਬੇਸ ਨੂੰ ਮੁਹੱਈਆ ਕਰਵਾਇਆ ਜਾਂਦਾ ਹੈ।ਡਰੇਕਨ ਯੂ ਐਸ ਦੁਆਰਾ ਜਾਂਚ ਏਜੰਸੀਆਂ ਨੂੰ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਵਿੱਚ ਸਹਿਯੋਗ ਦਿੱਤਾ ਜਾ ਰਿਹਾ ਹੈ ਅਤੇ ਨੈਸ਼ਨਲ ਟੈਰਾਂਸਪੋਰਟੇਸ਼ਨ ਸੇਫਟੀ ਬੋਰਡ (ਐਨ ਟੀ ਐਸ ਬੀ) ਇਸ ਘਟਨਾ ਦੀ ਜਾਂਚ ਕਰ ਰਿਹਾ ਹੈ।



## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਗੁਰਿੰਦਰਜੀਤ ਨੀਟਾ ਮਾਛੀਕੇ



ਕੁਲਵੰਤ ਧਾਲੀਆਂ

# ਨਿਊਜਰਸੀ ਵਿੱਚ ਗੋਲੀਬਾਰੀ ਨੇ ਜਨਮ ਦਿਨ ਦੀ ਪਾਰਟੀ 'ਚ ਲਈ 2 ਦੀ ਜਾਨ

**ਫਰਿਜ਼ਨੋ (ਕੈਲੀ-ਫੋਰਨੀਆ), 25 ਮਈ 2021-** ਨਿਊਜਰਸੀ ਦੇ ਘਰ ਦੇ ਬਾਹਰ ਕੀਤੀ ਜਾ ਰਹੀ ਜਨਮ ਦਿਨ ਦੀ ਪਾਰਟੀ ਵਿੱਚ ਸ਼ਨੀਵਾਰ ਦੀ ਰਾਤ ਨੂੰ ਉਸ ਸਮੇਂ ਭਾਜੜ ਪੈ ਗਈ, ਜਦੋਂ ਕਿਸੇ ਨੇ ਪਾਰਟੀ ਵਿੱਚ ਸ਼ਾਮਿਲ ਲੋਕਾਂ ਤੇ ਗੋਲੀਬਾਰੀ ਕੀਤੀ। ਇਸ ਗੋਲੀਬਾਰੀ ਨਾਲ ਦੋ ਲੋਕਾਂ ਦੀ ਮੌਤ ਹੋ ਗਈ ਜਦਕਿ 12 ਜ਼ਖਮੀ ਹੋ ਗਏ। ਪੁਲਿਸ ਨੇ ਦੱਸਿਆ ਕਿ ਇਹ ਘਟਨਾ ਫੇਅਰਫੀਲਡ ਨੇੜੇ ਬਰਿੱਜਟਨ, ਨਿਊਜਰਸੀ ਦੇ ਇੱਕ ਘਰ ਬਾਹਰ ਹੋਈ। ਅਧਿਕਾਰੀਆਂ ਵੱਲੋਂ ਇਸ ਗੋਲੀਬਾਰੀ ਨੂੰ ਕਰਨ ਵਾਲੇ ਹਮਲਾਵਰ ਦੀ ਭਾਲ ਕੀਤੀ ਜਾ ਰਹੀ ਹੈ। ਨਿਊਜਰਸੀ ਸਟੇਟ ਪੁਲਿਸ ਦੇ ਅਨੁਸਾਰ ਇਸ



ਹਮਲੇ ਵਿੱਚ ਇੱਕ 30 ਸਾਲਾ ਵਿਅਕਤੀ ਅਤੇ ਇੱਕ 25 ਸਾਲਾ ਔਰਤ ਦੀ ਮੌਤ ਹੋ ਗਈ ਹੈ ਅਤੇ ਇੱਕ ਦਰਜਨ ਹੋਰ ਜ਼ਖਮੀ ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ, ਜਿਨੈਹਾਂ ਵਿੱਚ ਇੱਕ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਗੋਲੀਬਾਰੀ ਦਾ ਉਦੇਸ਼ ਜਾਂਚ ਅਧੀਨ ਹੈ। ਇਸ ਜਨਮਦਿਨ ਦੀ ਪਾਰਟੀ ਵਿੱਚ 100 ਤੋਂ ਵੱਧ ਲੋਕ ਸ਼ਾਮਲ ਹੋਏ ਸਨ ਅਤੇ ਇਹ ਗੋਲੀਬਾਰੀ 47 ਦਿਨਾਂ ਵਿੱਚ ਘੱਟੋ ਘੱਟ ਤੀਜੀ ਘਟਨਾ ਹੈ ਜਦੋਂ ਜਨਮ ਦਿਨ ਦੀ ਪਾਰਟੀ ਵਿੱਚ ਕਈ ਲੋਕਾਂ ਨੂੰ ਗੋਲੀ ਮਾਰ ਗਈ ਹੈ।

# ਅਮਰੀਕਾ: ਜਾਰਜ ਫਲੋਇਡ ਦੀ ਯਾਦ ਵਿੱਚ ਉਸਦੇ ਪਰਿਵਾਰ ਨੇ ਕੀਤੀ ਰੈਲੀ

**ਫਰਿਜ਼ਨੋ (ਕੈਲੀਫੋਰਨੀਆ), 24 ਮਈ 2021-** ਅਮ-ਰੀਕਾ ਵਿੱਚ ਕਾਲੇ ਮੂਲ ਦਾ ਇੱਕ ਵਿਅਕਤੀ ਜਾਰਜ ਫਲੋਇਡ ਜੋ ਕਿ ਤਕਰੀਬਨ ਇੱਕ ਸਾਲ ਪਹਿਲਾਂ, ਇੱਕ ਗੋਰੇ ਪੁਲਿਸ ਅਧਿਕਾਰੀ ਦੁਆਰਾ ਧੌਣ 'ਤੇ ਗੋਡਾ ਰੱਖੇ ਜਾਣ ਕਾਰਨ ਆਪਣੀ ਜਾਨ ਗਵਾ ਬੈਠਾ ਸੀ ਦੇ ਪਰਿਵਾਰ ਦੇ ਮੈਂਬਰਾਂ ਅਤੇ ਹੋਰ ਲੋਕ ਜਿਹਨਾਂ ਨੇ ਆਪਣਿਆਂ ਨੂੰ ਪੁਲਿਸ ਮੁਕਾਬਲੇ ਵਿੱਚ ਗਵਾਇਆ ਹੈ, ਨੇ ਐਤਵਾਰ ਨੂੰ ਮਿਨੀਏਪੋਲਿਸ ਵਿੱਚ ਇੱਕ ਮਾਰਚ ਵਿੱਚ ਸ਼ਮੂਲੀਅਤ ਕੀਤੀ। ਇਹ ਮਾਰਚ ਫਲੋਇਡ ਦੀ ਮੌਤ ਦੀ ਪਹਿਲੀ ਬਰਸੀ ਦੇ ਮੌਕੇ 'ਤੇ ਦੇਸ਼ ਭਰ ਦੀਆਂ ਕਈ ਯੋਜਨਾਬੱਧ ਸਮਾਗਮਾਂ ਵਿਚੋਂ ਇੱਕ ਸੀ। ਉੱਤਰੀ ਕੈਰੋਲਿਨਾ ਦੇ ਫਾਈਟਵਿਲੇ ਜਿੱਥੇ




ਜਾਰਜ ਦਾ ਜਨਮ ਹੋਇਆ ਸੀ ਦੀ ਇੱਕ ਸੰਸਥਾ ਜਾਰਜ ਫਲੋਇਡ ਮੈਮੋਰੀਅਲ ਫਾਉਂ-ਡੇਸ਼ਨੋ, ਮਿਨੀਏਪੋਲਿਸ ਵਿੱਚ ਹਫ਼ਤੇ ਦੇ ਸ਼ੁਰੂ ਵਿੱਚ ਫਲੋਇਡ ਦੀ ਬਰਸੀ ਦੇ ਮੌਕੇ ਸਮਾਗਮਾਂ ਦੀ ਇੱਕ ਲੜੀ ਦਾ ਆਯੋਜਨ ਕਰ ਰਹੀ ਹੈ।ਇਸ ਮੌਕੇ ਸੈਂਕੜੇ ਲੋਕ ਸ਼ਹਿਰ ਦੀ ਕਚਹਿਰੀ ਮੂਹਰੇ ਰੈਲੀ ਲਈ ਇਕੱਠੇ ਹੋਏ ਜਿਥੇ ਪੁਲਿਸ ਅਧਿਕਾਰੀ ਚੌਵਿਨ ਦਾ ਟਰਾਇਲ ਸਮਾਪਤ ਹੋਇਆ ਸੀ। ਇਸ ਇਕੱਠ ਵਿੱਚ ਬਹੁਤ ਸਾਰੇ ਲੋਕਾਂ ਨੇ ਫਲੋਇਡ, ਫਿਲੈਂਡੋ ਕੈਸਟਾਈਲ ਅਤੇ ਪੁਲਿਸ ਦੁਆਰਾ ਮਾਰੇ ਗਏ ਕਾਲੇ ਆਦਮੀਆਂ ਦੀਆਂ ਤਸਵੀਰਾਂ ਫੜੀਆਂ ਹੋਈਆਂ ਸਨ।ਇਸ ਸਮਾਰੋਹ ਦੇ ਬੁ-ਲਾਰਿਆਂ ਵਿੱਚ ਕਈ ਸਥਾਨਕ ਮੈਂਬਰ, ਫਲੋਇਡ ਪਰਿਵਾਰ ਦੇ ਅਟਾਰਨੀ ਬੇਨ ਕਰੰਪ ਅਤੇ ਅਲ ਸ਼ਾਰਪਟਨ ਸ਼ਾਮਿਲ ਸਨ, ਜਿਨੈਹਾਂ ਨੇ ਅਮਰੀਕਾ ਦੀ ਸੈਨੇਟ ਨੂੰ ਜੌਰਜ ਫਲੋਇਡ ਜਸਟਿਸ ਇਨ ਪੋਲੀਸਿੰਗ ਐਕਟ ਨੂੰ ਪਾਸ ਕਰਨ ਲਈ ਕਿਹਾ ਸੀ। ਐਤਵਾਰ ਨੂੰ ਨਿਊਯਾਰਕ ਵਿੱਚ, ਫਲੋਇਡ ਦਾ ਭਰਾ ਵੀ ਬਰੁਕਲਿਨ ਦੇ ਇਕੱਠ ਵਿੱਚ ਸ਼ਾਮਿਲ ਹੋਇਆ ਅਤੇ ਉਸਨੇ ਸਮਰਥਕਾਂ ਨੂੰ ਆਪਣੇ ਭਰਾ ਜਾਂ ਨਸਲਵਾਦੀ ਹਿੰਸਾ ਦੇ ਪੀੜਤਾਂ ਨੂੰ ਨਾਂ ਭੁੱਲਣ ਦੀ ਅਪੀਲ ਕੀਤੀ।

# ਟੈਕਸਾਸ ਵਿੱਚ ਪੁਲਿਸ ਨੇ ਜ਼ਬਤ ਕੀਤਾ ਹਥਿਆਰਾਂ ਦਾ ਜਖੀਰਾ

**ਫਰਿਜ਼ਨੋ (ਕੈਲੀਫੋਰਨੀਆ), 24 ਮਈ 2021-** ਅਮਰੀਕੀ ਸੂਬੇ ਟੈਕਸਾਸ ਵਿੱਚ ਪੁਲਿਸ ਅਧਿਕਾਰੀਆਂ ਨੇ ਸੰਭਾਵਿਤ ਤੌਰ ਮੈਕਸੀਕੋ ਜਾ ਰਹੇ ਇੱਕ ਸ਼ੱਕੀ ਵਿਅਕਤੀ ਕੋਲੋਂ ਇੱਕ ਦਰਜਨ ਤੋਂ ਵੱਧ ਹਥਿਆਰ ਅਤੇ 3,500 ਰਾਊਂਡ ਦੇ ਕਰੀਬ ਗੋਲੀਆਂ ਬਰਾਮਦ ਕੀਤੀਆਂ ਹਨ। ਹਥਿਆਰਾਂ ਦੀ ਇਸ ਬਰਾਮਦੀ ਬਾਰੇ ਟੈਕਸਾਸ ਪੁਲਿਸ ਨੇ ਦੱਸਿਆ ਕਿ ਟੈਕਸਾਸ ਹਾਈਵੇਅ ਪੈਟੈਰੋਲ ਦੇ ਜਵਾਨਾਂ ਨੇ ਮੈਕਸੀਕੋ ਦੀ ਸਰਹੱਦ 'ਤੇ ਸਥਿਤ ਹਿਡਲਗੋ ਕਾਊਂਟੀ ਵਿੱਚ ਟਰੈਫਿਕ ਦੀ ਉਲੰਘਣਾ ਕਰਦੇ ਵਾਹਨ ਨੂੰ ਰੋਕਣ ਦੀ ਕੋਸ਼ੈਸ਼ ਕਰਨ ਤੋਂ ਬਾਅਦ ਸ਼ੁੱਕਰਵਾਰ ਨੂੰ 7:30 ਵਜੇ ਦੇ ਕਰੀਬ ਉਸਦਾ ਪਿੱਛਾ ਸ਼ੁਰੂ ਕੀਤਾ। ਅਧਿਕਾਰੀਆਂ ਨੇ ਅਖੀਰ ਲਾ ਜੋਇਆ ਸ਼ਹਿਰ ਨੇੜੇ ਉਸਦੇ ਵਾਹਨ ਨੂੰ ਰੋਕਿਆ ਅਤੇ ਜਾਂਚ ਦੌਰਾਨ 16



ਬੰਦੂਕਾਂ ਅਤੇ 3,520 ਰਾਉਂਡ ਗੋਲੀਆਂ ਦੀ ਭਾਲ ਕੀਤੀ । ਪੁਲਿਸ ਅਨੁਸਾਰ ਜ਼ਬਤ ਕੀਤੇ ਗਏ ਹਥਿਆਰਾਂ ਵਿੱਚ ਆਟੋਮੈਟਿਕ ਰਾਈਫਲਾਂ, ਸ਼ਾਟ ਗਨ, ਹੈਂਡਗਨ ਅਤੇ ਇੱਕ .50 ਕੈਲੀਬਰ ਰਾਈਫਲ ਵੀ ਸ਼ਾਮਿਲ ਹੈ। ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ (ਡੀ ਪੀ ਐਸ) ਅਨੁਸਾਰ ਇਸ ਵਾਹਨ ਦੇ ਡਰਾਈਵਰ ਨੂੰ ਗੈਰਿਫਤਾਰ ਕਰ ਲਿਆ ਗਿਆ ਸੀ ਜੋ ਕਿ ਹਥਿਆਰਾਂ ਦੇ ਸੰਬੰਧ ਵਿੱਚ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਉਹ ਮੈਕਸੀਕੋ ਜਾ ਰਿਹਾ ਸੀ। ਇਹ ਗੈਰਿਫਤਾਰੀ ਓਪਰੇਸ਼ਨ ਲੋਨ ਸਟਾਰ ਦੇ ਦੌਰਾਨ ਹੋਈ ਹੈ, ਜੋ ਇਸ ਸਾਲ ਦੇ ਸ਼ੁਰੂ ਵਿੱਚ ਟੈਕਸਾਸ ਦੀ ਸਰਹੱਦ ਪਾਰ ਪੈਰਵਾਸੀਆਂ ਅਤੇ ਕਾਰਟਲ ਤਸਕਰੀ ਵਿੱਚ ਹੋਏ ਵਾਧੇ ਨਾਲ ਨਜਿੱਠਣ ਲਈ ਸ਼ੁਰੂ ਕੀਤਾ ਗਿਆ ਹੈ।

# ਪ੍ਰਭੂ ਰਤਨਾਕਰ ਜੀ ਦੀਆਂ ਸਿੱਖਿਆਵਾਂ ਤੋਂ ਸੇਧ ਲਵੇ ਵਾਲਮੀਕਿ ਸਮਾਜ - ਸੁਰਿੰਦਰ ਆਦਿਵਾਸੀ!


**ਫਗਵਾੜਾ 24 ਮਈ (ਬੀ.ਕੇ.ਰੱਤੂ)** ਭਾਰਤੀਯ ਵਾਲਮੀਕਿ ਧਰਮ ਸਮਾਜ (ਰਜਿ.) ਭਾਵਾਧਸ ਦੇ ਸੰਸਥਾਪਕ ਪਰਮ ਪੂਜਨੀਕ ਪੈਰਭੂ ਰਤਨਾਕਰ ਜੀ ਦੇ ਅਸ਼ੀਰਵਾਦ ਤੇ ਭਾਵਾਧਸ ਦੇ ਮੁੱਖ ਸੰਚਾਲਕ ਵੀਰੇਸ਼ ਵਿਜੇ ਦਾਨਵ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਾਤਾ ਊਸ਼ਾ ਮਤੀ ਦਰਾਵਿੜ ਦੀ ਪੈਰੇਰਣਾ ਸਦਕਾ ਭਾਵਾਧਸ ਦੇ ਰਾਸ਼ਟਰੀ ਪੈਰਚਾਰ ਮੰਤਰੀ



ਵੀਰ ਸੁਰਿੰਦਰ ਆਦਿਵਾਸੀ ਦੀ ਅਗਵਾਈ ਹੇਠ ਭਗਵਾਨ ਵਾਲਮੀਕਿ ਚੌਕ ਪਲਾਹੀ ਗੇਟ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਨਿਤਨੇਮ ਦਾ ਪਾਠ ਕੀਤਾ ਗਿਆ ਅਤੇ ਸ਼ਰਧਾ ਪੂਰਵਕ ਝੰਡੇ ਦੀ ਰਸਮ ਨਿਭਾਈ ਗਈ। ਇਸ ਮੌਕੇ ਸੁਰਿੰਦਰ ਆਦਿਵਾਸੀ ਤੋਂ ਇਲਾਵਾ ਅਸ਼ੋਕ ਕੁਮਾਰ (ਬੋਬੀ) ਨੇ ਕਿਹਾ ਕਿ 24 ਮਈ 1964 ਨੂੰ ਪਰਮ ਪੂਜਕ ਪਰਭੂ ਰਤਨਾਕਰ ਜੀ ਨੇ ਵਾਲਮੀਕਿ ਧਰਮ (ਆਦਿ ਧਰਮ) ਦੀ ਸਥਾਪਨਾ ਕਰਕੇ ਸਮਾਜ ਨੂੰ ਅੰਧ-ਵਿਸ਼ਵਾਸ, ਨਸ਼ਾਖੋਰੀ ਵਰਗੀਆਂ ਬੁਰਾਈਆਂ ਤੋਂ ਮੁਕਤ ਹੋ ਕੇ ਪਰਮਾਤਮਾ ਦਾ ਓਟ ਆਸਰਾ ਲੈ ਕੇ ਕਰਮ ਕਰਨ ਲਈ ਪੈਰੇਰਿਤ ਕੀਤਾ। ਸਮੂਹ ਵਾਲਮੀਕਿ ਸਮਾਜ ਨੂੰ ਉਹਨਾਂ ਵਲੋਂ ਰਚਿਤ ਗੈਰੰਥਾਂ ਅਤੇ ਰਚਨਾਵਾਂ ਦੀਆਂ ਸਿੱਖਿਆਵਾਂ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਪੈਰਚਾਰ ਸਕੱਤਰ ਜਿੰਮੀ ਸੌਂਧੀ, ਸ਼ਾਖਾ ਪੈਰਧਾਨ ਸੰਜੀਵ ਮਿੰਟਾ, ਪੈਰਧਾਨ ਅਸ਼ੋਕ ਕੁਮਾਰ ਜੋਗਾ, ਵੀਰ ਬਿੰਦੂ ਬਘਾਣੀਆ, ਵਿਜੇ ਮੇਘਨਾਦ, ਸ਼ੇਖਰ ਕਨੋਜ, ਬੰਟੀ ਗਿੱਲ, ਸੋਨੂੰ ਸਰਵਟੇ, ਰਾਜ ਸੱਭਰਵਾਲ, ਬਲਵੀਰ ਕੁਮਾਰ, ਜਸਵਿੰਦਰ ਸਿੰਘ, ਮੱਖਣ, ਵੀਰ ਚੰਚਲ ਨਾਹਰ, ਯਸ਼ਰਾਜ, ਰਾਜੂ, ਬੀਰਾ ਆਦਿ ਹਾਜਰ ਸਨ।

# ਅਲਬਰਟ ਆਈਨਸਟਾਈਨ ਦੁਆਰਾ ਲਿਖਿਆ ਪੱਤਰ 12 ਮਿਲੀਅਨ ਡਾਲਰ 'ਚ ਹੋਇਆ ਨਿਲਾਮ

**ਫਰਿਜ਼ਨੋ (ਕੈਲੀਫੋਰਨੀਆ), 23 ਮਈ 2021-** ਵਿਗਿਆਨ ਦੇ ਖੇਤਰ ਵਿੱਚ ਆਪਣੀਆਂ ਖੋਜਾਂ ਦੁਆਰਾ ਆਪਣਾ ਨਾਮ ਅਮਰ ਕਰ ਚੁੱਕੇ ਵਿਗਿਆਨੀ ਦੇ ਹੱਥਾਂ ਦੁਆਰਾ ਲਿਖਿਆ ਹੋਇਆ ਇੱਕ ਫਾਰਮੂਲੇ ਵਾਲਾ ਪੱਤਰ ਅਮਰੀਕਾ ਦੇ ਬੋਸਟਨ ਵਿੱਚ ਲੱਖਾਂ ਡਾਲਰ 'ਚ ਵੇਚਿਆ ਗਿਆ ਹੈ। ਬੋਸਟਨ ਸਥਿਤ ਇੱਕ ਨਿਲਾਮੀ ਸੰਸਥਾ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਅਲਬਰਟ ਆਈਨਸਟਾਈਨ ਦਾ ਇੱਕ ਹੱਥ ਲਿਖਤ ਪੱਤਰ ਜਿਸ ਵਿਚ ਉਸ ਦਾ ਮਸ਼ਹੂਰ ਥ ੍ਰ ਠਫ2 ਦਾ ਫਾਰਮੂਲਾ ਹੈ,ਨੂੰ ਨਿਲਾਮੀ ਵਿੱਚ 1.2 ਮਿਲੀਅਨ ਡਾਲਰ ਤੋਂ ਵੀ ਜਿਆਦਾ 'ਚ ਵੇਚਿਆ ਗਿਆ ਹੈ ।ਕੈਲੀਫੋਰਨੀਆ ਇੰਸਟੀਚਿਊਟ ਆਫ਼ ਟੈਕਨੋਲੋਜੀ ਅਤੇ ਯੇਰੂਸ਼ਲਮ ਦੀ ਇਬਰਾਨੀ ਯੂਨੀਵਰਸਿਟੀ ਵਿੱਚ ਆਈਨਸਟਾਈਨ ਪੇਪਰਜ਼ ਪੈਰੋਜੈਕਟ ਦੇ ਅਧਿਕਾਰੀਆਂ ਅਨੁਸਾਰ ਆਈਨਸਟਾਈਨ ਦੀਆਂ ਸਿਰਫ ਤਿੰਨ ਹੋਰ ਹੱਥ ਲਿਖਤਾਂ ਮੌਜੂਦ ਹਨ ,ਜਿਹਨਾਂ ਵਿੱਚ ਇਹ ਫਾਰਮੂਲਾ ਵਰਤਿਆ ਗਿਆ ਹੈ। ਇਸ ਪੱਤਰ ਨੂੰ ਵੇਚਣ ਵਾਲੀ ਨਿਲਾਮੀ ਸੰਸਥਾ ਆਰ



ਆਰ ਆਕਸ਼ਨ ਅਨੁਸਾਰ ਇਹ ਚੌਥਾ ਪੱਤਰ ਇੱਕ ਨਿੱਜੀ ਸੰਗੈਰਹਿ ਵਿੱਚੋਂ ਇੱਕ ਹੈ ਅਤੇ ਹਾਲ ਹੀ ਵਿੱਚ ਜਨਤਕ ਹੋਇਆ ਹੈ। ਇਸ ਨਿਲਾਮੀ ਸੰਸਥਾ ਨੇ ਇਸ ਪੱਤਰ ਨੂੰ 40000 ਡਾਲਰ ਵਿੱਚ ਵੇਚਣ ਦੀ ਉਮੀਦ ਕੀਤੀ ਸੀ। ਆਰ ਆਰ ਆਕਸ਼ਨ ਅਨੁਸਾਰ, ਇਹ ਪੱਤਰ ਜਿਸ ਵਿੱਚ ਫਾਰਮੂਲਾ ਥ ੍ਰ ਠਫ2 ਹੈ ਜੋ ਕਿ ਐਨਰਜੀ ਅਤੇ ਲਾਈਟ ਦੀ ਸਪੀਡ ਬਾਰੇ ਹੈ 26 ਅਕਤੂਬਰ, 1946 ਨੂੰ ਪੋਲਿਸ਼-ਅਮਰੀਕੀ ਭੌਤਿਕ ਵਿਗਿਆਨੀ ਲੁਡਵਿਕ ਸਿਲਬਰਸਟੀਨ ਨੂੰ ਆਈਨ-ਸਟਾਈਨ ਦੁਆਰਾ ਲਿਖਿਆ ਗਿਆ ਸੀ। ਸਿਲਬਰਸਟੀਨ ਦੀ ਮੌਤ ਹੋਣ ਤੱਕ ਪੱਤਰ ਉਸ ਕੋਲ ਸੀ, ਪਰ ਹੁਣ ਉਸਦੇ ਵੰਸ਼ਜ ਉਸਦੇ ਨਿੱਜੀ ਸਮਾਨ ਨੂੰ ਵੇਚ ਰਹੇ ਹਨ।

ਹਾਲਾਂਕਿ ਇਸ ਪੱਤਰ ਦੇ ਖਰੀਦਦਾਰ ਦੀ ਪਛਾਣ ਨਹੀਂ ਦੱਸੀ ਗਈ ਹੈ। ਇਹ ਨਿਲਾਮੀ 13 ਮਈ ਨੂੰ ਸ਼ੁਰੂ ਹੋ ਕੇ ਵੀਰਵਾਰ ਨੂੰ ਸਮਾਪਤ ਹੋਈ ਹੈ।

# ਨਿਊਜ਼ੀਲੈਂਡ 'ਚ ਪਹਿਲੀ ਵਾਰ ਮਾਓਰੀ ਮੂਲ ਦੀ ਮਹਿਲਾ ਡੇਮ ਸਿੰਡੀ ਕਿਰੋ ਬਣੇਗੀ ਗਵਰਨਰ ਜਨਰਲ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੀ ਮੌਜੂਦਾ ਗਵਰਨਰ ਜਨਰਲ ਡੇਮ ਪੈਟਸੇ ਰੈਡੀ ਅਕਤੂਬਰ ਮਹੀਨੇ ਰਿਟਾਇਰ ਹੋ ਰਹੀ ਹੈ। ਅਗਾਊਂ ਤਿਆਰੀਆਂ ਦੇ ਮੱਦੇ ਨਜ਼ਰ ਅੱਜ ਪੈਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਨਵੀਂ ਗਵਰਨਰ ਜਨਰਲ ਦੇ ਨਾਂਅ ਦਾ ਐਲਾਨ ਕੀਤਾ। ਨਿਊਜ਼ੀਲੈਂਡ ਦੇ ਇਤਿਹਾਸ ਵਿਚ ਪਹਿਲੀ ਵਾਰ ਹੋ ਰਿਹਾ ਹੈ ਕਿ ਮਾਓਰੀ ਮੂਲ ਦੀ ਪਹਿਲੀ ਮਹਿਲਾ ਗਵਰਨਰ ਜਨਰਲ ਡੇਮ ਸਿੰਡੀ ਕਿਰੋ ਬਨਣ ਜਾ ਰਹੀ ਹੈ। ਰਾਜਾਸ਼ਾਹੀ ਦਾ ਇਕ ਉਚ ਪੱਧਰੀ ਸਨਮਾਨ 'ਕਨ-ਾਈਟ ਜਾਂ ਡੇਮ ਕੰਪੇਨਨ' ਜਦੋਂ ਮਿਲਦਾ ਹੈ ਤਾਂ ਨਾਂਅ ਮੂਹਰੇ ਡੇਮ ਲਗਾ ਦਿੱਤਾ ਜਾਂਦਾ ਹੈ। ਸਿੰਡੀ ਕਿਰੋ ਨੂੰ ਇਹ ਸਨਮਾਨ ਮਿਲ ਚੁੱਕਾ ਹੈ। ਬਹੁਤ ਹੀ ਗਰੀਬ ਪਰਿਵਾਰ ਦੇ ਵਿਚ ਇਸਦਾ ਜਨਮ 1958 ਦੇ ਵਿਚ ਹੋਇਆ ਅਤੇ ਮਾਪਿਆਂ ਦੇ 6 ਬੱਚਿਆਂ ਵਿਚੋਂ ਇਹ ਵੱਡੀ ਹੈ। ਇਸਨੇ ਉਚ ਸਤਰ ਦੀ ਪੜੈਹਾਈ ਕੀਤੀ ਹੋਈ ਹੈ। ਉਹ ਪੀ. ਐਚ. ਡੀ. ਅਤੇ ਐਮ. ਬੀ.ਏ ਇਨ ਬਿਜਨਸ ਐਡਮਨਿਸਟਰੇਸ਼ਨ ਹੈ। ਉਹ ਅਧਿਆਪਨ ਕਿੱਤੇ ਨਾਲ ਸਬੰਧਿਤ ਰਹੀ ਹੈ। 1995 ਤੋਂ 2000 ਤੱਕ ਮੈਸੀ ਯੂਨੀਵਰਸਿਟੀ ਸੀਨੀਅਰ ਲੈਕਚਰਾਰ (ਸੋਸ਼ਲ) ਵਜੋਂ ਪੜੈਹਾਇਆ। ਉਸਨੇ ਸੋਸ਼ਲ ਵਰਕਰ ਵਜੋਂ ਵੀ ਡਿਗਰੀ ਹਾਸਿਲ ਕੀਤੀ ਹੋਈ ਹੈ।




ਯੂਨੀਵਰਸਿਟੀ ਆਫ ਔਕਲੈਂਡ ਦੇ ਵਿਚ ਉਹ ਪੈਰੋ ਵਾਈਸ ਚਾਂਸਲਰ ਮਾਓਰੀ ਰਹੀ ਹੈ ਅਤੇ ਇਸ ਵੇਲੇ ਰਾਇਲ ਸੁਸਾਇਟੀ ਟੀ ਅਪਾਰਾਂਗੀ ਦੀ ਚੀਫ ਐਗਜ਼ੀਕਿਊਟਿਵ ਹੈ। ਉਚ ਪੜੈਹਾਈ ਇਸ ਮਹਿਲਾ ਨੂੰ ਗੁਰਬਤ ਤੋਂ ਗਵਰਨਰ ਜਨਰਲ ਤੱਕ ਲੈ ਗਈ ਹੈ, ਜੋ ਕਿ ਇਕ ਉਦਾਹਰਣ ਹੈ। ਡੈਮ ਸਿੰਡੀ ਕਿਰੋ ਡਾ. ਰਿਚਰਡ ਡੇਵਿਸ ਦੇ ਨਾਲ ਵਿਆਹੀ ਹੋਈ ਹੈ ਅਤੇ ਇਸਦੇ ਚਾਰ ਬੇਟੇ ਹਨ। ਡੇਮ ਸਿੰਡੀ 21 ਅਕਤੂਬਰ ਨੂੰ ਦੇਸ਼ ਦੀ 22ਵੀਂ ਗਵਰਨਰ ਜਨਰਲ ਬਣ ਜਾਵੇਗੀ। ਅੱਜ ਦੇ ਭਾਸ਼ਣ ਵਿਚ ਉਸਨੇ ਜਿੱਥੇ ਮਾਓਰੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦੇ ਨਾਲ ਨਮਸਕਾਰ ਦੇ ਨਾਲ ਆਪਣਾ ਭਾਸ਼ਣ ਸ਼ੁਰੂ ਕੀਤਾ। ਗਵਰਨਰ ਜਨਰਲ ਦਾ ਕੰਮ ਦੇਸ਼ ਦੀ ਰਾਣੀ ਦੀ ਪੈਰਤੀ-ਨਿਧਤਾ ਕਰਨਾ ਹੁੰਦਾ ਹੈ। ਗਵਰਨਰ ਜਨਰਲ ਦੀ ਸਲਾਨਾ ਤਨਖਾਹ 3 ਲੱਖ 71 ਹਜ਼ਾਰ 900 ਡਾਲਰ ਹੈ। ਇਸ ਤੋਂ ਇਲਾਵਾ 33,358 ਡਾਲਰ ਹੋਰ ਭੱਤੇ ਵੱਖਰੇ ਹਨ। ਵਰਨਣਯੋਗ ਹੈ ਕਿ ਨਿਊਜ਼ੀਲੈਂਡ ਦੇ ਵਿਚ 2006 ਤੋਂ 2011 ਤੱਕ ਭਾਰਤੀ ਮੂਲ ਦੇ ਸਰ ਅਨੰਦ ਸੱਤਿਆਨੰਦ ਵੀ 19ਵੇਂ ਗਵਰਨਰ ਜਨਰਲ ਰਹਿ ਚੁੱਕੇ ਹਨ। ਵਿਗਿਆਨ ਭਵਨ ਦੇ ਵਿਚ ਸੰਨ 2011 ਦੇ ਵਿਚ ਉਹਨਾਂ ਨੂੰ ਨੌਵੇਂ ਪੈਰਵਾਸੀ ਭਾਰਤੀ ਸੰਮੇਲਨ ਮੌਕੇ ਪੈਰਵਾਸੀ ਭਾਰਤੀਆ ਸਨਮਾਨ ਵੀ ਦਿੱਤਾ ਗਿਆ ਸੀ।

# ਆਪ ਆਗੂ ਅਮਨ ਅਰੋੜਾ ਦਾ ਫਰਿਜ਼ਨੋ ਵਿਖੇ ਸੁਆਗਤ










**ਫਰਿਜ਼ਨੋ (ਕੈਲੀਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ** – ਆਮ ਆਦਮੀ ਪਾਰਟੀ ਦੇ ਆਗੂ ਅਤੇ ਮੌਜੂਦਾ ਵਧਾਇਕ ਅਮਨ ਅਰੋੜਾ ਅੱਜ-ਕੱਲ੍ਹ ਆਪਣੀ ਨਿੱਜੀ ਪਰਿਵਾਰਕ ਫੇਰੀ ਦੌਰਾਨ ਕੈਲੀਫੋਰਨੀਆਂ ਪਹੁੰਚੇ ਹੋਏ ਹਨ। ਇਸ ਫੇਰੀ ਦੌਰਾਨ ਉਹ ਆਮ ਆਦਮੀ ਪਾਰਟੀ ਦੇ ਪੁਰਾਣੇ ਵਲੰਟੀਅਰਾਂ ਨਾਲ ਮਿਲਕੇ ਪੁਰਾਣੇ ਗਿਲੇ ਸ਼ਿਕਵੇਂ ਦੂਰ ਕਰਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਮੀਟਿੰਗਾਂ ਵੀ ਕਰ ਰਹੇ ਹਨ। ਇਸੇ ਸਿਲਸਿਲੇ ਤਹਿਤ ਉਹ ਲੰਘੇ ਵੀਰਵਾਰ ਫਰਿਜ਼ਨੋ ਦੇ ਕਰ੍ਹੀ ਹਾਊਸ ਰੈਸਟੋਰੈਂਟ ਵਿਖੇ ਪਹੁੰਚੇ।

ਜਿੱਥੇ ਉਹਨਾਂ ਦੇ ਸੁਆਗਤ ਲਈ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਹ ਮਿਲਣੀ ਉੱਘੇ ਸਮਾਜਸੇਵੀ ਤੇ ਕਾਰੋਬਾਰੀ ਗੁਲਿੰਦਰ ਗਿੱਲ (ਸੈਕਰਾਮਿੰਟੋ) ਦੇ ਯਤਨਾਂ ਸਦਕਾ ਸੰਭਵ ਹੋਈ। ਇਸ ਮੌਕੇ 'ਤੇ ਪੱਤਰਕਾਰ ਨੀਟਾ ਮਾਛੀਕੇ ਨੇ ਸਟੇਜ ਸੰਚਾਲਨ ਕਰਦਿਆਂ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਕੇ , ਸਮਾਗਮ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ , ਕਿਸਾਨੀ ਸੰਘਰਸ਼ ਦੌਰਾਨ 300 ਤੋਂ ਵੱਧ ਸ਼ਹੀਦ ਹੋਏ ਕਿਸਾਨਾਂ, ਕੋਵਿੱਡ ਦੀ ਦੂਜੀ ਲਹਿਰ ਦੌਰਾਨ ਮਾਰੇ ਗਏ ਲੋਕਾਂ, ਕੋਵਿੱਡ ਕਾਰਨ 278 ਤੋਂ ਵੱਧ ਮਾਰੇ ਗਏ ਡਾਕਟਰਾਂ ਅਤੇ ਦਿੱਲੀ ਤੋਂ ਪਾਰਟੀ ਦੇ ਸਾਬਕਾ ਵਧਾਇਕ ਪੱਤਰਕਾਰ ਜਰਨੈਲ ਸਿੰਘ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਭਤੀਜੇ ਅਭੈ ਸੰਧੂ ਦੀ ਮੌਤ ਤੇ ਦੁੱਖ ਜ਼ਾਹਰ ਕਰਦਿਆਂ ਇੱਕ ਮਿੰਟ ਦਾ ਮੋਨ ਧਾਰਕੇ ਸ਼ਰਧਾਂਜਲੀ ਦਿੱਤੀ ਗਈ।

ਇਸ ਸਮਾਗਮ ਦੌਰਾਨ ਬੋਲਣ ਵਾਲੇ ਬੁਲਾਰਿਆਂ ਵਿੱਚ ਮਹਿੰਦਰ ਸਿੰਘ ਸੰਧਾਵਾਲ਼ੀਆ, ਸਾਧੂ ਸਿੰਘ ਸੰਘਾ, ਸੁਰਿੰਦਰ ਮੰਢਾਲੀ, ਸੁਰਜੀਤ ਜੰਡੂ, ਬਲਬਹਾਦਰ ਸਿੰਘ, ਹਾਕਮ ਸਿੰਘ ਢਿਲੋਂ, ਗੁਲਿੰਦਰ ਗਿੱਲ ਅਤੇ ਰਣਜੀਤ ਗਿੱਲ ਆਦਿ ਨੇ ਆਪਣੇ ਵਿਚਾਰ ਰੱਖੇ। ਅਖੀਰ ਵਿੱਚ ਅਮਨ ਅਰੋੜਾ ਨੇ ਆਪਣੇ ਭਾਸ਼ਨ ਵਿੱਚ ਕਿਹਾ ਕਿ ਉਹ ਰਾਜਨੀਤਕ ਨਹੀਂ ਸਗੋਂ ਪਰਿਵਾਰਕ ਫੇਰੀ ਦੌਰਾਨ ਕੈਲੇਫੋਰਨੀਆ ਆਏ ਹਨ।

ਉਹਨਾਂ ਨੇ ਮੰਨਿਆ ਕਿ ਹਾਂ, ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਤੋਂ ਵੀ ਗਲਤੀਆਂ ਹੋਈਆ ਸਨ , ਪਰ ਸਾਨੂੰ ਦਿਲ ਛੋਟਾ ਕਰਨ ਦੀ ਲੋੜ ਨਹੀਂ ਪਾਰਟੀ ਨਵੀਂ ਹੈ ਗਲਤੀਆਂ ਤੋ ਬਹੁਤ ਕੁਝ ਸਿੱਖਿਆ ਹੈ ਤੇ ਸਿੱਖ ਰਹੀ ਹੈ। ਉਹਨਾਂ ਆਖਿਆ ਕਿ ਪਾਰਟੀ ਦੇ ਵਲੰਟੀਅਰਜ਼ ਦੀਆਂ ਨਿਯੁਕਤੀਆਂ ਬਲਾਕ ਪੱਧਰ, ਜਿਲ੍ਹਾ ਪੱਧਰ ਤੋਂ ਲੈ ਕੇ ਰਾਜ ਪੱਧਰ ਤੱਕ ਹੋ ਚੁਕੀਆਂ ਹਨ ਅਤੇ ਉਹਨਾਂ ਦਾਹਵੇ ਨਾਲ਼ ਕਿਹਾ ਕਿ ਵਲੰਟੀਅਰਜ਼ ਨੂੰ , ਅਤੇ ਪੰਜਾਬ ਦੇ ਲੋਕਾਂ ਨੂੰ ਕਿਸੇ ਵੀ ਤਰਾਂ ਨਿਰਾਸ਼ ਨਹੀਂ ਹੋਣ ਦਿੱਤਾ ਜਾਵੇਗਾ।

ਸਾਨੂੰ ਸਦਾ ਹੀ ਆਸਵੰਦ ਹੋ ਕੇ ਪੰਜਾਬ ਦੇ ਸੁਨਿਹਰੇ ਭਵਿੱਖ ਲਈ ਯਤਨਸ਼ੀਲ ਹੋਣ ਅਤੇ ਰਹਿਣ ਦੀ ਲੋੜ ਹੈ।

ਇਸ ਮੌਕੇ ਆਪ ਵਲੰਟੀਅਰ ਟੀਮ ਫਰਿਜ਼ਨੋ ਵੱਲੋਂ ਅਮਨ ਅਰੋੜਾ ਨੂੰ ਪਾਰਟੀ ਦੀਆ ਪੌਲਸੀਆਂ ਨੂੰ ਲੈਕੇ ਤਿੱਖੇ ਸਵਾਲ ਵੀ ਕੀਤੇ ਗਏ, ਜਿੰਨ੍ਹਾਂ ਦੇ ਅਮਨ ਅਰੋੜਾ ਨੇ ਬੜੇ ਠਰੰਮੇ ਅਤੇ ਸੁਲਝੇ ਹੋਏ ਤਰੀਕੇ ਨਾਲ ਤਸੱਲੀਬਖਸ਼ ਜਵਾਬ ਦਿੱਤੇ। ਕੋਵਿੱਡ ਦੇ ਚੱਲਦਿਆਂ ਲਿਮਟਿਡ ਗਿਣਤੀ ਵਿੱਚ ਇੰਡੋ ਯੂ ਐਸ ਹੈਰੀਟੇਜ਼ ਆਰਗੇਨੀਜੇਸ਼ਨ, ਇੰਡੋ ਅਮੈਰਕਿਨ ਹੈਰੀਟੇਜ਼ ਫੋਰਮ, ਜੀ ਐਚ ਜੀ, ਵਿਰਸਾ ਫਾਊਂਡੇਸ਼ਨ ਅਤੇ ਅਜ਼ਾਦ ਕਲੱਬ ਦੇ ਮੋਢੀ ਮੈਂਬਰਾਂ ਨੇ ਹੀ ਹਾਜ਼ਰੀ ਭਰੀ ਤੇ ਇਸ ਮਿਲਣੀ ਦਾ ਮੁਹੱਬਤ ਭਰੇ ਮਹੌਲ ਵਿੱਚ ਆਨੰਦ ਮਾਣਿਆਂ ਤੇ ਸਮਾਗਮ ਨੂੰ ਕਾਮਯਾਬ ਬਣਾਇਆ। ਅਖੀਰ ਰਾਤਰੀ- ਭੋਜਨ ਤੋਂ ਬਾਹਦ, ਅਮਿੱਟ ਪੈੜਾ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।






# ਤਾਰਾ ਸਾਗਰ ਦਾ ਕਾਵਿ ਸੰਸਾਰ-ਚੇਤੰਨ ਜੀਵਨ ਮੁੱਲਾਂ ਦਾ ਦਸਤਾਵੇਜ਼- ਡਾ.ਉਮਿੰਦਰ ਜੌਹਲ

ਬੀਤੇ ਦਿਨੀਂ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ ਵਿਪਸਾ ਦੀ ਮਾਸਿਕ ਮਿਲਣੀ ਜ਼ੂਮ ਲਿੰਕ ਰਾਹੀਂ ਹੋਈ। ਜਨਰਲ ਸਕੱਤਰ ਕੁਲਵਿੰਦਰ ਨੇ ਜੀ ਆਇਆਂ ਕਹਿੰਦੇ ਹੋਏ, ਡਾ. ਸੁਖਵਿੰਦਰ ਕੰਬੋਜ ਨੂੰ ਪ੍ਰੋਗਰਾਮ ਦੀ ਰੂਪ-ਰੇਖਾ ਦੱਸਣ ਲਈ ਸੱਦਾ ਦਿੱਤਾ। ਡਾ.ਕੰਬੋਜ ਨੇ ਹਾਜ਼ਰ ਸਾਹਿਤਕਾਰਾਂ ਦਾ ਸਵਾਗਤ ਕਰਦੇ ਹੋਏ ਮਹਿੰਦਰ ਸਾਥੀ, ਜਨਮੇਜਾ ਸਿੰਘ ਜੌਹਲ ਜੀ ਦੀ ਧਰਮਾ ਪਤਨੀ ਪਿੰਕੀ, ਜਰਨੈਲ ਸਿੰਘ ਐਮ.ਐਲ.ਏ, ਪ੍ਰਿੰਸੀਪਲ ਸੁਲੱਖਣ ਮੀਤ, ਸੁਰਿੰਦਰ ਸੀਰਤ ਦੀ ਸੱਸ ਗੁਣਵੰਤ ਕੌਰ ਅਤੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ ਦੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਜਲੀ ਭੇਂਟ ਕੀਤੀ।

ਦੂਜੇ ਸੈਸ਼ਨ ਵਿਚ ਲਾਜ ਨੀਲਮ ਸੈਣੀ ਨੇ ਤਾਰਾ ਸਾਗਰ ਦੀ ਜਾਣ-ਪਛਾਣ ਕਰਵਾਉਂਦੇ ਦੱਸਿਆ ਕਿ ਤਾਰਾ ਸਾਗਰ 1995 ਤੋਂ ਲੈ ਕੇ ਹੁਣ ਤੱਕ ਸਾਹਿਤਕ ਅਤੇ ਸਭਿਆਚਾਰਕ ਜਥੇਬੰਦਕ ਕਾਰਜਾਂ ਵਿਚ ਸਰਗਰਮ ਰਹੇ। ਸਾਗਰ ਨੇ ਹਰ ਸੰਸਥਾ ਵਿਚ ਆਪਣੀ ਭੂਮਿਕਾ ਸੁਹਿਰਦਤਾ ਅਤੇ ਦਿਆਨਤਦਾਰੀ ਨਾਲ ਨਿਭਾਈ ਹੈ। ਸਿਰਜਣਾ ਦਾ ਕੰਮ ਘੱਟ ਪਰ ਨਿਰੰਤਰ ਕੀਤਾ ਹੈ। ਉਹ ਇਕ ਸ਼ਾਇਰ ਅਤੇ ਕਹਾਣੀਕਾਰ ਹੋਣ ਦੇ ਨਾਲ-ਨਾ਼ਲ ਚੰਗੇ ਕਲਾਕਰ ਵੀ ਹਨ।

ਉਨ੍ਹਾਂ ਨੇ 'ਕਲਾਕਾਰ ਮੰਚ' ਵਲੋਂ ਖੇਡੇ ਵੱਖ-ਵੱਖ ਨਾਟਕਾਂ ਵਿਚ ਵਧੀਆ ਕਿਰਦਾਰ ਨਿਭਾਏ ਹਨ। ਚਰਚਿਤ ਪੰਜਾਬੀ ਮੂਵੀ 'ਧੀਆਂ ਮਰ ਜਾਣੀਆਂ' ਵਿਚ ਉਨ੍ਹਾਂ ਵਲੋਂ ਨਿਭਾਈ ਅਮਲੀ ਦੀ ਭੂਮਿਕਾ ਦਰਸ਼ਕਾਂ ਦੇ ਚੇਤਿਆਂ ਵਿਚ ਵਸੀ ਹੋਈ ਹੈ। ਉਨ੍ਹਾਂ ਦਾ ਪਲੇਠਾ ਕਾਵਿ ਸੰਗ੍ਰਹਿ'ਰੇਤ ਮਹਿਲ'2012 ਵਿਚ ਪ੍ਰਕਾਸ਼ਿਤ ਹੋਇਆ। ਇਸ ਤੋਂ ਇਲਾਵਾ ਅਮਰੀਕੀ ਪੰਜਾਬੀ ਕਾਵਿ ਸੰਗ੍ਰਹਿ 'ਉਧਾਰ ਲਏ ਪਰਾਂ ਦੀ ਦਾਸਤਾਨ' ਦੀ ਸਹਿ ਸੰਪਾਦਨਾ ਵੀ ਕੀਤੀ ਅਤੇ ਕੁਝ ਕਹਾਣੀਆਂ ਵੀ ਸਿਰਜੀਆਂ ਹਨ।

ਇਸ ਉਪਰੰਤ 'ਤਾਰਾ ਸਾਗਰ ਦਾ ਕਾਵਿ ਸੰਸਾਰ'- ਡਾ. ਉਮਿੰਦਰ ਜੌਹਲ ਵਲੋਂ ਅਲੋਚਨਾਤਮਿਕ ਪੇਪਰ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਿਆ ਗਿਆ। ਉਨ੍ਹਾਂ ਕਿਹਾ ਕਿ ਤਾਰਾ ਸਾਗਰ ਦੀ ਜੀਵਨ ਸਾਧਨਾ ਲੰਮੀ ਹੈ ਅਤੇ ਇਹੋ ਕਾਰਣ ਹੈ ਕਿ ਉਨ੍ਹਾਂ ਇਸਨੂੰ ਤਾਰਾ ਸਾਗਰ ਦੇ ਕਾਵਿ-ਸੰਸਾਰ ਦਾ ਨਾਮ ਦਿੱਤਾ ਹੈ। ਤਾਰਾ ਸਾਗਰ ਦੀ ਕਵਿਤਾ ਅਮਰੀਕੀ ਧਰਤੀ ਤੇ ਵਸਦੇ ਪੰਜਾਬੀ ਬੰਦੇ ਦੀ ਸੰਵੇਦਨਾ ਦਾ, ਉਹ ਦਸਤਾਵੇਜ਼ ਹੈ, ਜਿਸ ਵਿਚ ਸਮਾਜਿਕ ਵਿਵਸਥਾ ਦੀਆਂ ਗੁੰਝਲਾਂ ਦਾ ਤਲਿੱਸਮ ਬੰਦੇ ਲਈ ਸੂਝ ਬਾਹਰਾ ਵਰਤਾਰਾ ਬਣ ਕੇ ਬੰਦੇ ਦੀ ਹੋਣੀ ਬਣਿਆ ਹੋਇਆ ਹੈ।ਇਸ ਨੂੰ ਭੋਗਦੀ ਸਧਾਰਨ ਮਾਨਸਿਕਤਾ ਬੇਵੱਸੀ ਦੇ ਆਲਮ ਨੂੰ ਹੰਢਾਉਂਦੀ ਹੈ। 'ਰੇਤ ਮਹਿਲ' ਨੂੰ ਚਿੰਤਨ ਅਤੇ ਜੀਵਨ ਮੁੱਲਾਂ ਦੀ ਪ੍ਰਤੀਬੱਧਤਾ ਦੀ ਕਵਿਤਾ ਕਹਿ ਸਕਦੇ ਹਾਂ। ਪਰਚੇ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਡਾ. ਸੁਹਿੰਦਰਬੀਰ ਨੇ ਕਿਹਾ ਕਿ ਉਮਿੰਦਰ ਜੌਹਲ ਦੇ ਪੇਪਰ ਦੀ ਵਿਸ਼ਸ਼ੇਤਾ ਪੇਪਰ ਦੀ ਜਟਿਲਤਾ ਸੀ। ਉਹਨਾਂ ਨੇ ਕਵਿਤਾ ਦੀ ਗਹਿਰਾਈ ਵਿਚ ਜਾ ਕੇ ਇਸਦੇ ਜਲਿਟ ਵਰਤਾਰੇ ਨੂੰ ਸਾਡੇ ਨਾ਼ਲ ਸਾਂਝਾ ਕੀਤਾ ਹੈ।ਉਨ੍ਹਾਂ ਕਿਹਾ ਕਿ ਤਾਰਾ ਸਾਗਰ ਇਕ ਸੁਚੇਤ ਸ਼ਾਇਰ ਹੈ ਜੋ ਇਨਸਾਨੀ ਕਦਰਾਂ ਕੀਮਤਾਂ ਨੂੰ ਉਚੇਰੀਆਂ ਕਦਰਾਂ-ਕੀਮਤਾਂ ਨਾ਼ਲ ਜੋੜ ਕੇ ਬੇਗਮਪੁਰੇ ਦੇ ਰਾਹ ਵੱਲ ਤੋਰਦਾ ਹੈ:

ਜਿਹਨ ਵਿਚ ਬਿਖਰੇ ਪਏ ਨੇ
ਅੱਖਰ, ਸ਼ਬਦ, ਵਾਕ
ਲੜੀਬੱਧ ਨਹੀਂ ਹੋ ਰਹੇ
ਕਿਸੇ ਕਵਿਤਾ ਖਾਤਿਰ
ਕਵੀ ਉਸਲਵੱਟੇ ਲੈਂਦਾ ਹੈ
ਨਹੀਂ ਅਹੁੜ ਰਹੀ ਕਵਿਤਾ
ਸਮਾਧੀ ਲਗਾਉਂਦਾ ਹੈ
ਆਮਦ ਦੀ ਉਡੀਕ ਕਰਦਾ ਹੈ

ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਉਹ ਡਾ. ਉਮਿੰਦਰ ਜੌਹਲ ਅਤੇ ਡਾ. ਸੁਹਿੰਦਰਬੀਰ ਦੇ ਅਤਿ ਧੰਨਵਾਦੀ ਹਨ। ਉਨ੍ਹਾਂ ਵਲੋਂ ਵਿਪਸਾ ਨੂੰ ਲਗਾਤਾਰ ਦਿੱਤਾ ਜਾ ਰਿਹਾ ਸਹਿਯੋਗ ਕਾਬਿਲੇ-ਤਾਰੀਫ਼ ਹੈ। ਤਾਰਾ ਸਾਗਰ ਪਰਵਾਸੀ ਪੰਜਾਬੀ ਕਵਿਤਾ ਦਾ ਮਾਣਯੋਗ ਹਸਤਾਖ਼ਰ ਹੈ, ਜਿਸਨੇ ਜੀਵਨ ਦੇ ਸਥਾਈ ਮੁੱਲਾਂ ਨੂੰ ਆਪਣੀ ਕਵਿਤਾ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵਿਪਸਾ ਦੀ ਮਾਸਿਕ ਮਿਲਣੀ ਵਿਚ ਹਰ ਮਹੀਨੇ ਪੇਸ਼ ਕੀਤੇ ਜਾਣ ਵਾਲੇ ਅਲੋਚਨਾਤਮਿਕ ਪੇਪਰਾਂ ਨੂੰ ਪੁਸਤਕ ਦਾ ਰੂਪ ਦਿੱਤਾ ਜਾਵੇਗਾ। ਇਸ ਉਪਰੰਤ ਡਾ. ਗੁਰਪ੍ਰੀਤ ਧੁੱਗਾ, ਗੁਲਸ਼ਨ ਦਿਆਲ, ਚਰਨਜੀਤ ਪੰਨੂ, ਅਮਰਜੀਤ ਪੰਨੂੰ, ਸੁਰਜੀਤ ਸਖੀ ਅਤੇ ਕੁਲਵਿੰਦਰ ਨੇ ਇਸ ਪੇਪਰ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਤਾਰਾ ਸਾਗਰ ਨੂੰ ਉਨ੍ਹਾਂ ਦੇ ਕਾਵਿ-ਸੰਸਾਰ ਬਾਰੇ ਭਾਵ-ਪੂਰਤ ਸਵਾਲ ਵੀ ਪੁੱਛੇ।

ਇਸ ਉਪਰੰਤ ਕਵੀ ਦਰਬਾਰ ਵਿਚ ਤਾਰਾ ਸਾਗਰ, ਗੁਲਸ਼ਨ ਦਿਆਲ, ਸੁਖਪਾਲ ਸੰਘੇੜਾ, ਅਮਰਜੀਤ ਪੰਨੂੰ, ਸੇਵਾ ਸਿੰਘ ਨੂਰਪੁਰੀ, ਮਹਿੰਦਰ ਸਿੰਘ ਸੰਘੇੜਾ, ਡਾ. ਗੁਰਪ੍ਰੀਤ ਧੁੱਗਾ, ਐਸ਼ ਕਮ ਐਸ਼, ਚਰਨਜੀਤ ਸਿੰਘ ਪੰਨੂੰ, ਸੁਰਜੀਤ ਸਖੀ, ਲਾਜ ਨੀਲਮ ਸੈਣੀ, ਕੁਲਵਿੰਦਰ ਅਤੇ ਡਾ. ਸੁਖਵਿੰਦਰ ਕੰਬੋਜ ਨੇ ਹਿੱਸਾ ਲਿਆ।

ਲਾਜ ਨੀਲਮ ਸੈਣੀ ਅਤੇ ਕੁਲਵਿੰਦਰ ਨੇ ਮੰਚ-ਸੰਚਾਲਨ ਬਾਖ਼ੂਬੀ ਨਿਭਾਇਆ। ਅਗਲੀ ਮਾਸਿਕ ਮਿਲਣੀ ਵਿਚ ਲਾਜ ਨੀਲਮ ਸੈਣੀ ਦੀ ਕਹਾਣੀ ਪ੍ਰਕਿਰਿਆ 'ਤੇ ਅਲੋਚਨਾਤਮਿਕ ਪੇਪਰ ਡਾ. ਰਜਿੰਦਰ ਸਿੰਘ ਵਲੋਂ ਪੇਸ਼ ਕੀਤਾ ਜਾਵੇਗਾ।




**ਰਿਪੋਰਟ: ਲਾਜ ਨੀਲਮ ਸੈਣੀ**
**ਸਹਾਇਕ ਸਕੱਤਰ ਵਿਪਸਾ**
**510-502-0551**

# ਤੀਜੀ ਲਹਿਰ ਆਈ ਤਾਂ ਨਹੀਂ ਰਹੇਗਾ ਆਕਸੀਜਨ ਦਾ ਸੰਕਟ

**ਨਵੀਂ ਦਿੱਲੀ-** 15-20 ਦਿਨ ਪਹਿਲਾਂ ਮੈਡੀਕਲ ਆਕਸੀਜਨ ਦੀ ਕਮੀ ਨੂੰ ਲੈ ਕੇ ਮਚੀ ਹਾਏ-ਤੌਬਾ ਤੋਂ ਬਾਅਦ ਸਿਰਫ਼ 10 ਦਿਨਾਂ 'ਚ ਸੱਤ ਤੋਂ ਅੱਠ ਗੁਣਾ ਆਕਸੀਜਨ ਉਤਪਾਦਨ ਕੀਤਾ, ਉਸ ਨੂੰ ਫਿਲਹਾਲ ਬਰਕਰਾਰ ਰੱਖਿਆ ਜਾਵੇਗਾ। ਅਸਲ 'ਚ ਕਿਸੇ ਵੀ ਤੀਜੀ ਲਹਿਰ ਦੇ ਸ਼ੱਕ ਦੇ ਖ਼ਤਮ ਹੋਣ ਤਕ ਸਰਕਾਰ ਇਸ ਵਿਚ ਕੋਈ ਕਮੀ ਨਹੀਂ ਰੱਖਣਾ ਚਾਹੁੰਦੀ। ਇੰਡਸਟਰੀ ਵਿਭਾਗ ਮੁਤਾਬਕ ਸਾਲ 2019 'ਚ ਦੇਸ਼ 'ਚ ਰੋਜ਼ਾਨਾ 900 ਟਨ ਲਿਕਵਿਡ ਮੈਡੀਕਲ ਆਕਸੀਜਨ (ਐੱਲਐੱਮਓ) ਦਾ ਉਤਪਾਦਨ ਹੁੰਦਾ ਸੀ, ਜਿਹੜਾ ਹੁਣ 9,300 ਟਨ ਦੇ ਪੱਧਰ ਨੂੰ ਪਾਰ ਕਰ ਗਿਆ ਹੈ। ਇੰਡਸਟਰੀ ਵਿਭਾਗ ਮੁਤਾਬਕ 2019 ਦੇ ਪੂਰੇ ਸਾਲ ਭਰ ਐੱਲਐੱਮਓ ਦੇ ਉਤਪਾਦਨ ਦੇ ਬਰਾਬਰ ਪਿਛਲੇ ਇਕ ਮਹੀਨੇ 'ਚ ਐੱਲਐੱਮਓ ਦਾ ਉਤਪਾਦਨ ਕੀਤਾ ਗਿਆ। ਉੱਥੇ, ਹਸਪਤਾਲਾਂ 'ਚ ਲੱਗਣ ਵਾਲੇ ਆਕਸੀਜਨ ਤੇ ਪੀਐੱਸਏ ਪਲਾਂਟਾਂ, ਆਕਸੀਜਨ ਕੰਸਨਟ੍ਰੇਟਰ, ਆਕਸੀਜਨ ਸਿਲੰਡਰਾਂ 'ਚ ਵਾਧੇ ਦੇ ਨਾਲ ਐੱਲ ਐੱਮ ਓ ਦੀ ਢੁਆਈ ਲਈ ਟੈਂਕਰਾਂ ਦੀ ਗਿਣਤੀ ਵਧਣ ਨਾਲ ਤੀਜੀ ਲਹਿਰ ਲਈ ਵਿਵਸਥਾ ਤਿਆਰ ਹੈ। ਸੂਤਰਾਂ ਮੁਤਾਬਕ, ਵੱਖ-ਵੱਖ ਹਸਪਤਾਲਾਂ 'ਚ ਲੱਗ ਰਹੇ ਪੀਐੱਸਏ ਪਲਾਂਟ ਤੇ ਹੋਰ ਆਕਸੀਜਨ ਪਲਾਂਟ ਜਦੋਂ ਪੂਰੀ ਤਰ੍ਹਾਂ ਨਾਲ ਤਿਆਰ ਹੋ ਜਾਣਗੇ ਤਾਂ ਭਾਰਤ 'ਚ ਏਨੀ ਆਕਸੀਜਨ ਹੋਵੇਗੀ ਕਿ ਉਹ ਰੋਜ਼ਾਨਾ ਤਿੰਨ ਲੱਖ ਤਕ ਮਰੀਜ਼ਾਂ ਦੀਆਂ ਲੋੜਾਂ ਨੂੰ ਸੰਭਾਲ ਸਕੇਗਾ। 2020 'ਚ 162 ਪੀਐੱਸਏ ਪਲਾਂਟਾਂ ਦੀ ਮਨਜ਼ੂਰੀ ਪੀਐੱਮ ਕੇਅਰਜ਼ ਫੰਡ ਤੋਂ ਦਿੱਤੀ ਗਈ। ਇਨ੍ਹਾਂ 'ਚੋਂ 77 ਪਲਾਂਟ ਹਸਪਤਾਲਾਂ 'ਚ ਲੱਗ ਗਏ ਹਨ ਤੇ ਬਾਕੀ ਜੁਲਾਈ ਤਕ ਲੱਗ ਜਾਣਗੇ। ਇਸ ਸਾਲ ਮਾਰਚ 'ਚ 1,051 ਪੀਐੱਸਏ ਪਲਾਂਟਾਂ ਦੀ ਪੀਐੱਮ ਕੇਅਰਜ਼ ਫੰਡ ਤੋਂ ਮੁੜ ਮਨਜ਼ੂਰੀ ਦਿੱਤੀ ਗਈ, ਜਿਸ ਨੂੰ ਅਗਲੇ ਤਿੰਨ ਮਹੀਨਿਆਂ 'ਚ ਸਥਾਪਤ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 27 ਅਪ੍ਰੈਲ ਨੂੰ 500 ਹੋਰ ਪੀਐੱਸਏ ਪਲਾਂਟਾਂ ਦੀ ਸਥਾਪਨਾ ਦੀ ਪੀਐੱਮ ਕੇਅਰਜ਼ ਫੰਡ ਤੋਂ ਮਨਜ਼ੂਰੀ ਦਿੱਤੀ ਗਈ।

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics






Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਐੱਸਸੀ.ਬੀਸੀ. ਫੈੱਡਰੇਸ਼ਨ ਵਲੋਂ ਮਾਹਿਲਪੁਰ ਬਲਾਕਾਂ ਦੀ ਚੋਣ ਸੰਪੰਨ

**ਹੁਸਿਆਰਪੁਰ (ਬਿਊਰੋ)–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੇ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਧਾਨ ਡਾ. ਜਸਵੰਤ ਰਾਏ ਦੀ ਪ੍ਰਧਾਨਗੀ ਹੇਠ ਮਾਹਿਲਪੁਰ ਦੇ ਦੋਵਾਂ ਬਲਾਕਾਂ ਦੀ ਆਨ ਲਾਈਨ ਮੀਟਿੰਗ ਕੀਤੀ ਗਈ ਜਿਸ ਵਿੱਚ ਸੂਬਾ ਵਾਇਸ ਚੇਅਰਮੈਨ ਸ਼੍ਰੀ ਬਲਰਾਜ ਕੁਮਾਰ ਅਤੇ ਸੂਬਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਹੁਰਾਂ ਨੇ ਉਚੇਚੇ ਤੌਰ ਤੇ ਜੁਆਇਨ ਕੀਤਾ।

ਸ਼੍ਰੀ ਬਲਰਾਜ ਕੁਮਾਰ, ਡਾ. ਜਸਵੰਤ ਰਾਏ, ਸ. ਕੁਲਵਿੰਦਰ ਸਿੰਘ ਬੋਦਲ ਅਤੇ ਯੋਧਾ ਮੱਲ ਨੇ ਹਾਜ਼ਰੀਨ ਨੂੰ ਫੈੱਡਰੇਸ਼ਨ ਦੇ ਸ਼ਾਨਾਮੱਤੀ ਇਤਿਹਾਸ, ਬਾਬਾ ਸਾਹਿਬ ਅਤੇ ਬਾਕੀ ਰਹਿਬਰਾਂ ਦੇ ਜੀਵਨ ਅਤੇ ਮਿਸ਼ਨ ਬਾਰੇ ਨਿੱਠ ਕੇ ਚਰਚਾ ਕਰਦਿਆਂ ਦਲਿਤ ਸਮਾਜ ਤੇ ਦਲਿਤ ਮੁਲਾਜ਼ਮਾਂ ਦੀਆਂ ਸੰਵਿਧਾਨਕ ਮੰਗਾਂ ਲਈ ਸੰਘਰਸ਼ ਕਰਦੇ ਰਹਿਣ ਦਾ ਅਹਿਦ ਲਿਆ।ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਦਲਿਤ ਸਮਾਜ ਨੂੰ ਲਗਾਤਾਰ ਅੱਖੋਂ ਪਰੋਖੇ ਕਰ ਰਹੀ ਹੈ।ਸਿਰਫ਼ ਚੋਣਾਂ ਸਮੇਂ ਹੀ ਇਨ੍ਹਾਂ ਨੂੰ ਦਲਿਤ ਸਮਾਜ ਦੀ ਯਾਦ ਆਉਂਦੀ ਹੈ।ਫੈੱਡਰੇਸ਼ਨ ਆਉਣ ਵਾਲੇ ਸਮੇਂ



ਵਿੱਚ ਸਰਕਾਰ ਦੇ ਇਸ ਮਤਰੇਈ ਮਾਂ ਵਾਲੇ ਕਿਰਦਾਰ ਨੂੰ ਲੋਕਾਂ ਵਿੱਚ ਬੇਨਕਾਬ ਕਰੇਗੀ।ਇਸ ਸਮੇਂ ਸਰਵਸੰਮਤੀ ਨਾਲ ਮਾਹਿਲਪੁਰ ਦੇ ਦੋਵੇਂ ਬਲਾਕਾਂ ਦੀ ਚੋਣ ਕੀਤੀ ਗਈ।

ਬਲਾਕ-1 ਤੋਂ ਬ੍ਰਹਮਜੀਤ ਸਿੰਘ ਪ੍ਰਧਾਨ, ਹੈੱਡਮਾਸਟਰ ਰਾਜ ਕੁਮਾਰ ਅਡੀਸ਼ਨਲ ਪ੍ਰਧਾਨ, ਕਰਨੈਲ ਸਿੰਘ ਅਤੇ ਸੁਰਜੀਤ ਸਿੰਘ ਨੂੰ ਜਨਰਲ ਸਕੱਤਰ, ਹਰਵਿੰਦਰ ਸਿੰਘ ਵਿੱਤ ਸਕੱਤਰ, ਜਸਵਿੰਦਰ ਕੌਰ, ਕਰਨੈਲ ਸਿੰਘ ਮੁਗੋਵਾਲ ਸਟੇਟ ਅਵਾਰਡੀ ਅਤੇ ਮਨਜੀਤ ਸਿੰਘ ਨੂੰ ਸਲਾਹਕਾਰ ਚੁਣਿਆ ਗਿਆ।ਬਲਾਕ-2 ਤੋਂ ਸ਼੍ਰੀ ਸੰਦੀਪ ਸਿੰਘ ਪ੍ਰਧਾਨ, ਮਨਜਿੰਦਰ ਸਿੰਘ ਅਡੀਸ਼ਨਲ ਪ੍ਰਧਾਨ, ਅਸ਼ੋਕ ਕੁਮਾਰ ਅਤੇ ਪਰਮਜੀਤ ਸਿੰਘ ਜਨਰਲ ਸਕਤਰ, ਸੁਚੇਤ ਸਾਹਨੀ ਵਿੱਤ ਸਕੱਤਰ, ਲੈਕ. ਪਰਮਿੰਦਰ ਸਿੰਘ ਅਤੇ ਪ੍ਰਸ਼ੋਤਮ ਸਿੰਘ ਨੂੰ ਸਲਾਹਕਾਰ ਚੁਣਿਆ ਗਿਆ।ਇਸ ਮੌਕੇ ਅਰਵਿੰਦਰ ਕੌਰ, ਸੁਲੱਖਣ ਬੈਂਸ, ਜਗਦੀਸ਼ ਸਿੰਘ ਸਟੇਟ ਅਵਾਰਡੀ, ਅਮਰਜੀਤ ਸਿੰਘ, ਹਰਦਿਆਲ ਸਿੰਘ, ਪਵਨ ਕੁਮਾਰ ਅਜਨੋਹਾ, ਗਗਨਦੀਪ ਸਿੰਘ, ਪਰਸ ਰਾਮ ਪੱਟੀ ਆਦਿ ਆਨ ਲਾਈਨ ਸਨ।ਸਾਰੇ ਮੈਂਬਰਾਂ ਲਈ ਧੰਨਵਾਦੀ ਸ਼ਬਦ ਸ. ਬੋਦਲ ਨੇ ਆਖੇ।

# ਪਰਮਜੀਤ ਸਿੰਘ ਕੈਂਥ ਵੱਲੋਂ ਬੰਧੂਆ ਮਜ਼ਦੂਰੀ ਖਿਲਾਫ ਲੜਨ ਵਾਲੇ ਜੈ ਸਿੰਘ ਫਿਲੌਰ ਦੀ ਮੌਤ ਗਹਿਰੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ–** ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਪਿੱਛਲੇ ਦਿਨ ਦਲਿਤ ਦਾਸਤਾ ਵਿਰੋਧੀ ਅੰਦੋਲਨ ਦੇ ਮੁੱਖੀ ਐਡਵੋਕੇਟ ਜੈ ਸਿੰਘ ਫਿਲੌਰ ਦਾ ਕਰੋਨਾ ਪਾਜ਼ਟਿਵ ਹੋਣ ਕਾਰਨ ਬਿਮਾਰੀ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਬੇਵੱਖਤੀ ਮੌਤ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੀਆਂ ਕਿਹਾ ਕਿ



ਅਨੁਸੂਚਿਤ ਜਾਤੀ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹਨਾ ਸਮਾਜ ਵਿਚ ਬੰਧੂਆ ਮਜ਼ਦੂਰੀ ਬੰਦ ਕਰਵਾਉਣ ਲਈ ਪੰਜਾਬ ਵਿੱਚ ਲੰਮੇ ਸੰਘਰਸ਼ ਨਾਲ ਸਬੰਧਤ ਵਰਗ ਵਿਚ ਸਮਾਜ ਸੁਧਾਰਕ ਦੇ ਤੌਰ ਤੇ ਪਹਿਚਾਣ ਬਣਾਈ। ਸ੍ਰ ਕੈਂਥ ਨੇ ਦੱਸਿਆ ਕਿ ਬੰਧੂਆ ਮਜ਼ਦੂਰ ਦੀ ਅਵਾਜ ਨੂੰ ਅੰਤਰ ਰਾਸ਼ਟਰ ਪੱਧਰ ਤੱਕ ਉਠਾਉਣ ਲਈ ਕਾਮਯਾਬ ਹੋਏ । ਅੱਜ ਸਾਡੇ ਕੋਲੋ ਸਮਾਜ ਸੁਧਾਰਕ,ਜ਼ੁਲਮ ਤੇ ਜ਼ਾਲਿਮ ਦੇ ਖਿਲਾਫ਼ ਲੜਣ ਵਾਲੇ, ਦੱਬੇ ਕੁਚਲਿਆ ਅਤੇ ਕਮਜ਼ੋਰ ਵਰਗਾ ਦੀ ਅਵਾਜ਼ ਅਤੇ ਉਹਨਾ ਦੇ ਹਿੱਤਾ ਦੀ ਤਰਜਮਾਨੀ ਕਰਨ ਵਾਲੇ ਯੋਧੇ ਨੂੰ ਹਮੇਸ਼ਾ ਲਈ ਖੋਹ ਲਿਆ ਹੈ। ਆਓ "ਦਲਿਤ ਦਾਸਤਾ ਵਿਰੋਧੀ ਅੰਦੋਲਨ" ਦੇ ਨਾਇਕ,ਹਜ਼ਾਰਾਂ ਬੰਧੂਆਂ ਮਜ਼ਦੂਰਾਂ ਨੂੰ ਨਵਾਂ ਜੀਵਨ ਦਿਵਾਉਣ ਵਾਲੇ ਸਮਾਜਿਕ-ਰਾਜਨੀਤਿਕ ਤਾਕਤ ਵਾਲੇ ਧਨਾਢ ਜਿਮੀਦਾਰਾਂ ਨੇ ਕਾਇਮ ਕੀਤੀ ਸੀਰੀ ਵਿਵਸਥਾ ਦੇ ਖਿਲਾਫ਼ ਲੜਣ ਵਾਲੇ 'ਜੋਸ਼ੀਲੇ ਤੇ ਨਿਧੱੜਕ ਜਰਨੈਲ' ਲਈ ਪ੍ਰਾਰਥਨਾ ਕਰੀਏ ਕਿ ਗੁਰੂ ਮਹਾਰਾਜ ਆਪਣੇ ਚਰਨਾ ਵਿਚ&; ਨਿਵਾਸ ਦੇਵੇ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਛੱਬੀ ਮਈ ਨੂੰ ਕਾਲਾ ਦਿਵਸ ਮਨਾਉਣ ਦੇ ਸੱਦੇ ਦੀ ਜਮਹੂਰੀ ਅਧਿਕਾਰ ਸਭਾ ਵੱਲੋਂ ਹਮਾਇਤ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਨੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਛੱਬੀ ਮਈ ਨੂੰ ਕਾਲਾ ਦਿਵਸ ਮਨਾਏ ਜਾਣ ਦੇ ਸੱਦੇ ਦੀ ਹਮਾਇਤ ਕਰਨ ਤੇ ਇਸ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਲਿਆ ਹੈ। ਜਿਲ੍ਹਾ ਕਾਰਜਕਾਰਨੀ ਦੀ ਮੀਟਿੰਗ ਪਿਛੋਂ ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਜਨਰਲ ਸਕੱਤਰ ਪ੍ਰਿਪਾਲ ਸਿੰਘ ਅਤੇ ਪ੍ਰੈੱਸ ਸਕੱਤਰ ਡਾ ਅਜੀਤਪਾਲ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਖੇਤੀ ਸੰਬੰਧੀ ਲਿਆਂਦੇ ਤਿੰਨ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਕਰ ਰਹੇ ਕਿਸਾਨਾਂ ਦੇ ਘੋਲ ਨੂੰ ਛੱਬੀ ਮਈ ਵਾਲੇ ਦਿਨ ਛੇ ਮਹੀਨੇ ਪੂਰੇ ਹੋ ਜਾਣਗੇ। ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਅੰਦੋਲਨ ਨੂੰ ਉਖੇੜਨ ਤੇ ਬਦਨਾਮ ਕਰਨ ਲਈ ਕਈ ਤਰ੍ਹਾਂ ਦੀਆਂ ਚਾਲਾਂ ਚਲੀਆਂ ਗਈਆਂ ਅਤੇ ਹੁਣ ਕਿਸਾਨਾਂ ਤੇ ਕੋਰੋਨਾ ਫੈਲਾਉਣ ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਆਪਣਾ ਸੰਘਰਸ਼ ਖਤਮ ਕਰਨ ਲਈ ਜੋਰ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਖੇਤੀ ਸੂਬਿਆਂ ਦਾ ਵਿਸ਼ਾ ਹੈ ਪਰ ਕੇਂਦਰ ਸਰਕਾਰ ਨੇ ਧੱਕੇ ਨਾਲ ਤਿੰਨ ਕਾਲੇ ਕਾਨੂੰਨ ਮੜ੍ਹ ਕੇ ਕਿਸਾਨਾਂ ਦੀਆਂ ਜ਼ਮੀਨਾਂ ਕਾਰਪੋਰੇਟਾਂ ਦੇ ਹਵਾਲੇ ਕਰਨ, ਠੇਕਾ ਖੇਤੀ ਸ਼ੁਰੂ ਕਰਨ, ਐਮਐਸਪੀ ਖਤਮ ਕਰਨ ਜਨਤਕ ਵੰਡ ਪ੍ਰਣਾਲੀ ਤੇ ਸਰਕਾਰੀ ਮੰਡੀਆਂ ਦਾ ਭੋਗ ਪਾਉਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ 22 ਜਨਵਰੀ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਕਿਸਾਨਾਂ ਨਾਲ ਗੱਲਬਾਤ ਕਰਨੀ ਬੰਦ ਕਰਕੇ ਉਹਨਾਂ ਸਿਰ ਝੂਠੇ ਕੇਸ ਮੜਨਾ ਸਰਾਸਰ ਗੈਰ ਜਮਹੂਰੀ ਤੇ ਤਾਨਾਸ਼ਾਹ ਰਵਈਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸਭਾ ਕਿਸਾਨਾਂ ਦੇ ਘੋਲ ਨੂੰ ਸਿਹਤਮੰਦ ਤੇ ਸਨਮਾਨਜਨਕ ਜਿਉਣ ਦੇ ਹੱਕ ਦੀ ਲੜਾਈ ਮੰਨਦੀ ਹੈ। ਇਸ ਪ੍ਰਸੰਗ ਵਿੱਚ ਉਨ੍ਹਾਂ ਵੱਲੋਂ 26 ਮਈ ਨੂੰ ਮਨਾਏ ਜਾ ਰਹੇ ਕਾਲੇ ਦਿਨ ਦੀ ਹਮਾਇਤ ਕਰਦੀ ਹੋਈ ਮੰਗ ਕਰਦੀ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਦਾ ਰਾਹ ਖੋਲ੍ਹੇ ਜਾਵੇ ਤੇ ਤਿੰਨੇ ਖੇਤੀ ਕਨੂੰਨਾਂ ਨੂੰ ਵਾਪਿਸ ਲੈਣ ਲਈ ਵਿਚਾਰ ਵਟਾਂਦਰਾ ਕਰੇ।

**ਜਾਰੀ ਕਰਤਾ-ਡਾ ਅਜੀਤਪਾਲ ਸਿੰਘ**
**91-98156-29301**

# ਸਕਾਟਲੈਂਡ ਅਤੇ ਵੇਲਜ਼ ਨੇ ਭਾਰਤ ਲਈ ਭੇਜੀ ਮੈਡੀਕਲ ਸਹਾਇਤਾ





**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** -ਕੋਰੋਨਾ ਵਾਇਰਸ ਦੀ ਜਬਰਦਸਤ ਦੂਜੀ ਲਹਿਰ ਦਾ ਸਾਹਮਣਾ ਕਰ ਰਹੇ ਭਾਰਤ ਦੀ ਦੁਨੀਆ ਦੇ ਮੋਹਰੀ ਦੇਸ਼ਾਂ ਵੱਲੋਂ ਹਰ ਸੰਭਵ ਸਹਾਇਤਾ ਕੀਤੀ ਜਾ ਰਹੀ ਹੈ। ਇਹਨਾਂ ਦੇਸ਼ਾਂ ਦੀ ਲੜੀ ਵਿੱਚ ਸਕਾਟਲੈਂਡ ਅਤੇ ਵੇਲਜ ਵੀ ਸ਼ਾਮਿਲ ਹੋ ਗਏ ਹਨ। ਸਕਾਟਲੈਂਡ ਅਤੇ ਵੇਲਜ਼ ਤੋਂ ਸੈਂਕੜੇ ਜਿੰਦਗੀਆਂ ਬਚਾਉਣ ਲਈ ਮੈਡੀਕਲ ਉਪਕਰਨ ਭਾਰਤ ਭੇਜੇ ਗਏ ਹਨ। ਜਿਹਨਾਂ ਵਿੱਚ ਸਕਾਟਲੈਂਡ ਨੇ 40 ਵੈਂਟੀਲੇਟਰ ਅਤੇ 100 ਆਕਸੀਜਨ ਕੰਸਨਟ੍ਰੇਟਰ ਸਹਾਇਤਾ ਵਜੋਂ ਭੇਜੇ ਹਨ। ਇਹ ਉਪਕਰਨ ਸ਼ੁੱਕਰਵਾਰ ਰਾਤ ਨੂੰ ਭਾਰਤ ਪਹੁੰਚੇ ਹਨ ਅਤੇ ਇੰਡੀਅਨ ਰੈਡ ਕਰਾਸ ਸੁਸਾਇਟੀ (ਆਈ ਆਰ ਸੀ ਐਸ) ਦੁਆਰਾ ਵੰਡੇ ਜਾਣਗੇ। ਇਸਦੇ ਇਲਾਵਾ ਵੇਲਜ ਸਰਕਾਰ ਦੁਆਰਾ ਭੇਜੇ 638 ਆਕਸੀਜਨ ਕੰਸਨਟ੍ਰੇਟਰ ਅਤੇ 351 ਵੈਂਟੀਲੇਟਰ ਬੁੱਧਵਾਰ ਅਤੇ ਵੀਰਵਾਰ ਨੂੰ ਪਹੁੰਚੇ ਹਨ। ਭਾਰਤ ਨੇ ਇਸ ਹਫਤੇ ਰੋਜ਼ਾਨਾ ਮੌਤਾਂ ਦਾ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ, ਜੋ ਬੁੱਧਵਾਰ ਨੂੰ 4,529 ਤੱਕ ਪਹੁੰਚ ਗਿਆ। ਸਕਾਟਲੈਂਡ ਅਤੇ ਵੇਲਜ਼ ਤੋਂ ਭੇਜੇ ਗਏ ਮੈਡੀਕਲ ਉਪਕਰਣਾਂ ਦੀ ਵਰਤੋਂ ਹਸਪਤਾਲਾਂ ਅਤੇ ਇੰਟਿਵੈਂਸਿਵ ਕੇਅਰ ਵਾਰਡਾਂ ਵਿੱਚ ਕੀਤੀ ਜਾ ਸਕਦੀ ਹੈ।

ਸਕਾਟਲੈਂਡ ਸਰਕਾਰ ਅਨੁਸਾਰ ਯੂਕੇ ਤੋਂ ਭੇਜੀ ਗਈ ਸਹਾਇਤਾ ਚਾਰ ਦੇਸ਼ਾਂ ਦੇ ਵਾਧੂ ਸਟਾਕ, ਵਿਦੇਸ਼ੀ, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ ਦੁਆਰਾ ਫੰਡ ਕੀਤੀ ਗਈ ਹੈ। ਯੂਕੇ ਦੇ ਵਿਦੇਸ਼ ਸਕੱਤਰ ਡੋਮਿਨਿਕ ਰਾਬ ਅਨੁਸਾਰ ਵੀ ਬ੍ਰਿਟੇਨ, ਸਕਾਟਿਸ਼ ਅਤੇ ਵੈਲਸ਼ ਸਰਕਾਰਾਂ ਕੋਵਿਡ ਖਿਲਾਫ ਸੰਘਰਸ਼ ਵਿੱਚ ਭਾਰਤ ਦੀ ਸਹਾਇਤਾ ਕਰਨ ਲਈ ਮਿਲ ਕੇ ਕੰਮ ਕਰ ਰਹੀਆਂ ਹਨ।

# ਲਾੜੀ ਦੀ ਰਿਪੋਰਟ ਆਈ ਕੋਰੋਨਾ ਪਾਜ਼ੇਟਿਵ, ਲਾੜੇ ਨਾਲ ਪੀਪੀਈ ਕਿੱਟ ਪਾ ਕੇ ਪਹੁੰਚੀ ਪੂਰੀ ਬਰਾਤ

ਨੈਨੀਤਾਲ- ਨੈਨੀਤਾਲ ਜ਼ਿਲ੍ਹੇ ਦੇ ਕੋਟਾਬਾਗ ਬਲਾਕ 'ਚ ਵਿਆਹ ਤੋਂ ਇਕ ਦਿਨ ਪਹਿਲਾਂ ਲਾੜੀ ਦੀ ਰਿਪੋਰਟ ਕੋਰੋਨਾ ਪਾਜ਼ੇਟਿਵ ਆਉਣ ਕਾਰਨ ਪਰਿਵਾਰ 'ਚ ਹੰਗਾਮਾ ਮਚ ਗਿਆ। ਇਸ ਦੀ ਖ਼ਬਰ ਦੀ ਜਾਣਕਾਰੀ ਜਦੋਂ ਲਾੜੇ ਦੇ ਪਰਿਵਾਰ ਨੂੰ ਦਿੱਤੀ ਗਈ ਤਾਂ ਉਨ੍ਹਾਂ ਨੇ ਪਹਿਲਾਂ ਵਿਆਹ ਦੀ ਤਰੀਕ ਟਾਲਣ ਦਾ ਸੋਚਿਆ ਫਿਰ ਤੈਅ ਕੀਤਾ ਕਿ ਵਿਆਹ ਹੋਵੇਗਾ ਪਰ ਕੋਵਿਡ ਗਾਈਡ ਲਾਈਨ ਨੂੰ ਧਿਆਨ 'ਚ ਰੱਖ



ਕੇ, ਫਿਰ ਲਾੜੇ ਸਮੇਤ ਪੂਰੀ ਬਰਾਤ ਪੀਪੀਈ ਕਿੱਟ ਪਾ ਕੇ ਵਿਆਹ 'ਚ ਪਹੁੰਚੀ। ਰਸਮ-ਰਿਵਾਜ ਨਾਲ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ ਗਈਆਂ ਪਰ ਕੋਵਿਡ ਪਾਜ਼ੇਟਿਵ ਲਾੜੀ ਨੂੰ ਆਈਸੋਲੇਟ ਕੀਤੇ ਜਾਣ ਕਾਰਨ ਵਿਦਾ ਕਰ ਕੇ ਲੈ ਜਾ ਨਾ ਸਕੇ। ਰਿਪੋਰਟ ਨਿਗੇਟਿਵ ਆਉਣ ਤੋਂ ਬਾਅਦ ਲਾੜੀ ਦੀ ਵਿਦਾਈ ਕੀਤੀ ਜਾਵੇਗੀ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਗੀਤਕਾਰ ਤੇ ਲੇਖਕ ਬਲਵਿੰਦਰ ਭੌਰਾ ਨਿਊਯਾਰਕ ਨੂੰ ਸਦਮਾ, ਪਤਨੀ ਦਾ ਦੇਹਾਂਤ



*14 ਅਪ੍ਰੈਲ 2019 ਨੂੰ ਡਾ. ਅੰਬੇਦਕਰ ਦਾ ਜਨਮ ਦਿਨ ਮਨਾਏ ਜਾਣ ਮੌਕੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੁਆਰਾ ਲਈ ਗਈ ਇਕ ਯਾਦਗਾਰੀ ਤਸਵੀਰ, ਜਿਸ ਵਿਚ ਨਾਮਵਰ ਗੀਤਕਾਰ ਤੇ ਲੇਖਕ ਬਲਵਿੰਦਰ ਭੌਰਾ ਤੇ ਉਹਨਾਂ ਦੀ ਸੁਪਤਨੀ ਗੁਰਬਖਸ਼ ਕੌਰ ਭੌਰਾ ਅਤੇ ਹੋਰ ਮਿਸ਼ਨਰੀ ਭੈਣ-ਭਰਾ ਖੜ੍ਹੇ ਹਨ।*

**ਸਿਆਟਲ (ਹਰਮਨਪ੍ਰੀਤ ਸਿੰਘ)–** ਅਮਰੀਕਾ ਰਹਿੰਦੇ ਪੰਜਾਬੀ ਦੇ ਪ੍ਰਸਿੱਧ ਗੀਤਕਾਰ ਤੇ ਲੇਖਕ ਬਲਵਿੰਦਰ ਭੌਰਾ ਨਿਊਯਾਰਕ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੀ 55 ਸਾਲਾ ਧਰਮ ਪਤਨੀ ਗੁਰਬਖਸ਼ ਕੌਰ ਭੌਰਾ ਦਾ ਕੁਝ ਦਿਨ ਬਿਮਾਰ ਰਹਿਣ ਤੋਂ ਬਾਅਦ ਦੇਹਾਂਤ ਹੋ ਗਿਆ। ਉਹਨਾਂ ਆਖਰੀ ਸਾਹ ਪੰਜਾਬ (ਭਾਰਤ) ਵਿਚ ਲਿਆ। ਕੁਝ ਦਿਨ ਪਹਿਲਾਂ ਹੀ ਬਲਵਿੰਦਰ ਭੌਰਾ ਤੇ ਉਹਨਾਂ ਦੀ ਪਤਨੀ ਆਪਣੇ ਰਿਸ਼ਤੇਦਾਰ ਦੇ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਪੰਜਾਬ ਗਏ ਸਨ। ਵਾਪਸੀ ਤੇ 2 ਦਿਨ ਪਹਿਲਾਂ ਗੁਰਬਖਸ਼ ਕੌਰ ਦੀ ਤਬੀਅਤ ਜ਼ਿਆਦਾ ਖਰਾਬ ਹੋ ਗਈ, ਉਹਨਾਂ ਨੂੰ ਤੁਰੰਤ ਧਿਆਣਾ ਦੇ ਡੀ. ਐਮ. ਸੀ. ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਉਹਨਾਂ ਦੀ ਮੌਤ ਹੋ ਗਈ। ਉਹ ਆਪਣੇ ਪਿੱਛੇ 2 ਲੜਕੀਆਂ ਤੇ ਇਕ ਪੁੱਤਰ ਛੱਡ ਗਏ। ਅਮਰੀਕਾ ਤੇ ਭਾਰਤ ਦੀਆਂ ਸੰਗੀਤ ਖੇਤਰ ਤੇ ਪੱਤਰਕਾਰੀ ਖੇਤਰ ਦੀਆਂ ਪ੍ਰਸਿੱਧ ਸ਼ਖਸੀਅਤਾਂ ਨੇ ਬਲਵਿੰਦਰ ਭੌਰਾ ਨਾਲ ਗਹਿਰਾ ਦੁੱਖ ਪ੍ਰਗਟ ਕੀਤਾ ਹੈ।

*ਅਦਾਰਾ 'ਦੇਸ਼ ਦੁਆਬਾ' ਵੱਲੋਂ ਇਸ ਦੁੱਖ ਦੀ ਘੜੀ ਵਿਚ ਭੌਰਾ ਪਰਿਵਾਰ ਨਾਲ ਦਿਲੋਂ ਦੁੱਖ ਪ੍ਰਗਟ ਕਰਦਿਆਂ ਵਿਛੜੀ ਆਤਮਾ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਜਾਂਦੀ ਹੈ।*

# ਬਸਪਾ ਪੰਜਾਬ ਪ੍ਰਧਾਨ ਨੇ ਕਿਸਾਨ ਅੰਦੋਲਨ ਦੇ ਸਮਰਥਨ ਵਿਚ ਕਾਲਾ ਝੰਡਾ ਘਰ ਉਪਰ ਲਹਿਰਾਇਆ



**ਬਲਾਚੌਰ–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਸਾਨ ਅੰਦੋਲਨ ਦੇ ਸਮਰਥਨ ਵਿਚ ਭਾਜਪਾ ਸਰਕਾਰ ਦੇ ਵਿਰੋਧ ਅਤੇ ਕਿਸਾਨਾਂ ਵੱਲੋਂ ਐਲਾਨੇ ਕਾਲੇ ਕਾਨੂੰਨਾਂ ਦੇ ਵਿਰੋਧ ਦਿਵਸ ਦੇ ਸਮਰਥਨ ਵਿਚ ਘਰ ਉਪਰ ਕਾਲਾ ਝੰਡਾ ਲਹਿਰਾਇਆ ਤਾਂਕਿ ਕਿਸਾਨ ਅੰਦੋਲਨ ਮਜ਼ਬੂਤ ਹੋਵੇ ਅਤੇ ਭਾਜਪਾ ਦੀ ਮੋਦੀ ਸਰਕਾਰ ਆਪਣੀ ਹੈਂਕੜਬਾਜ਼ੀ ਛੱਡ ਕੇ ਕਿਸਾਨਾਂ ਦੇ ਪੱਖ ਵਿੱਚ ਫੈਸਲਾ ਲਵੇ। ਸਰਦਾਰ ਗੜ੍ਹੀ ਨੇ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਦਾ ਪਰਬੰਧ ਤੇ ਪ੍ਰਸ਼ਾਸ਼ਨ ਇੰਨਾ ਨਿਕੰਮਾ ਹੈ ਕਿ ਪਿਛਲੇ 130ਦਿਨਾਂ ਜਨਵਰੀ ਮਹੀਨੇ ਤੋਂ ਅੱਜ ਤੱਕ ਪਰਧਾਨ ਮੰਤਰੀ ਦਾ ਦਫਤਰ ਕਿਸਾਨਾਂ ਨਾਲ ਇਕ ਫੋਨ ਕਾਲ ਦੀ ਦੂਰੀ ਤੈਅ ਨਹੀਂ ਕਰ ਸਕਿਆ, ਸਗੋਂ ਮੁੱਖ ਮੰਤਰੀ ਦੇਸ਼ ਵਾਸੀਆਂ ਨੂੰ ਗੁੰਮਰਾਹ ਕਰਨ ਲਈ ਮਗਰਮੱਛ ਹੰਝੂ ਵਹਾ ਰਿਹਾ ਹੈ। ਕੋਰੋਨਾ ਮਹਾਂਮਾਰੀ ਨਾਲ ਦੇਸ਼ ਦੀ ਗੰਗਾ ਨਦੀ ਲਾਸ਼ਾਂ ਨਾਲ ਭਰੀ ਪਈ ਹੈ, ਕਿਸਾਨ ਅੰਦੋਲਨ ਤਹਿਤ 500 ਦੇ ਲਗਭਗ ਕਿਸਾਨ ਸ਼ਹੀਦ ਹੋ ਚੁੱਕੇ ਹਨ। ਬਸਪਾ ਪੰਜਾਬ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਕਾਲੇ ਕਾਨੂੰਨ ਤੁਰੰਤ ਰੱਦ ਕਰਕੇ ਕਿਸਾਨਾਂ ਨੂੰ ਰਾਹਤ ਦਿੱਤੀ ਜਾਵੇ।

# "ਬੁੱਧ ਪੂਰਨਿਮਾ" ਬਹੁਤ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਈ ਗਈ








**ਜਲੰਧਰ–** ਜਲੰਧਰ ਛਾਉਣੀ ਨਾਲ ਲਗਦੇ ਸੋਫੀ ਪਿੰਡ "ਬੁੱਧ ਪੂਰਨਿਮਾ" ਬਹੁਤ ਧੁਮ-ਧਾਮ ਅਤੇ ਸ਼ਰਧਾ ਨਾਲ ਮਨਾਈ ਗਈ। ਬੁੱਧ ਵਿਹਾਰ ਟਰਸਟ (ਰਜਿ.) ਸੋਫੀ ਪਿੰਡ ਦੇ ਅਹੁਦੇਦਾਰਾਂ ਅਤੇ ਨਗਰ ਨਿਵਾਸੀਆਂ ਨੇ ਭਗਵਾਲ ਬੁੱਧ ਦੀ ਤਸਵੀਰ ਮੋਹਰੇ ਮੋਮਬੱਤਿਆਂ ਅਤੇ ਅਗਰਬੱਤਿਆਂ ਜਲਾ ਕੇ "ਵਿਸ਼ਵ ਸ਼ਾਂਤੀ" ਅਤੇ ਚੰਗੀ ਸਿਹਤ ਲਈ ਪੈਰਾਰਥਨਾ ਕੀਤੀ ਅਤੇ ਤਥਾਗਤ ਬੁੱਧ ਦਾ ਅਸ਼ੀਰਵਾਦ ਪੈਰਾਪਤ ਕੀਤਾ। ਸਮੂਹਿਕ ਰੂਪ ਵਿੱਚ ਵੰਦਨਾ, ਤ੍ਰੀਸ਼ਰਨ ਅਤੇ ਪੰਚਸ਼ੀਲ ਦੇ ਪਾਠ ਪੜੇ ਗਏ । ਐਡਵੋਕੇਟ ਹਰਭਜਨ ਸਾਂਪਲਾ ਨੇ ਸਮੂਹ ਸੰਗਤਾਂ ਨੂੰ "ਬੁੱਧ ਪੂਰਨਿਮਾ" ਦੀ ਵਧਾਈਆਂ ਦਿੰਦੇਆ ਕਿਹਾ ਕਿ ਤਥਾਗਤ ਬੁੱਧ ਦਾ ਜਨਮ, ਗਿਆਨ ਪੈਰਾਪਤੀ ਅਤੇ ਨਿਰਵਾਨ ਇੱਕ ਦਿਨ ਹੀ ਹੋਏ ਸਨ, ਇਸ ਦਿਨ ਨੂੰ ਸਾਰੇ ਸੰਸਾਰ (ਵਿਸ਼ਵ) ਵਿੱਚ "ਬੁੱਧ ਪੂਰਨਿਮਾ" ਦੇ ਉਤਸਵ ਵਜੋਂ ਮਨਾਈਆ ਜਾਂਦਾ ਹੈ।




ਰੂਪ ਲਾਲ ਨੰਬਰਦਾਰ ਨੇ ਕਿਹਾ ਕਿ ਬੁੱਧ ਧੰਮ ਇਨਸ਼ਾਨ ਵਾਸਤੇ ਇਸ਼ਾਨੀਅਤ ਦਾ ਧੰਮ ਹੈ। ਡਾ ਗੁਰਪਾਲ ਨੇ ਕਿਹਾ ਕਿ ਚਲ ਰਹੀ ਮਹਾਮਾਰੀ ਕਰੋਨਾ ਦੇ ਸਮੇਂ ਵਿੱਚ ਬੁੱਧ ਧੰਮ ਹੀ ਇੱਕ ਸੰਸਾਰ ਨੂੰ ਮੱਦਦ ਕਰ ਸਕਦਾ ਹੈ, ਇਹ ਲਈ ਬੁੱਧ ਦੀਆਂ ਸਿੱਖਿਆਵਾਂ ਉਪਰ ਚਲਣਾ ਚਾਹੀਦਾ ਹੈ।

ਇਸ ਮੌਕੇ ਤੇ ਮੰਚ ਸੰਚਾਲਨ ਸ਼ੈਰੀ ਚਮਨ ਸਾਂਪਲਾ ਨੇ ਸੁਚੱਜੇ ਤਰੀਕੇ ਨਾਲ ਕੀਤਾ। ਸਕੂਲਾਂ ਦੇ ਬੱਚਿਆਂ ਸੋਫੀਆਂ, ਵਾਰੂਣ, ਸਿਧਾਰਥ, ਜੈਸਮਿਨ, ਨਿਸ਼ਾਂਤ ਨੇ ਗੀਤ ਗਾਏ ਅਤੇ ਕਵਿਤਾਵਾਂ ਪੜੀਆਂ। ਇਸ ਮੌਕੇ ਤੇ ਮਾਸਟਰ ਰਾਮ ਲਾਲ, ਲੈਮਬਰ ਰਾਮ, ਲਾਲ ਚੰਦ ਸਾਂਪਲਾ, ਜਸਵੰਤ ਰਾਏ, ਬਰਕੇਤ ਸਾਂਪਲਾ, ਦੇਵਰਾਜ ਸਾਂਪਲਾ, ਰੂਪ ਲਾਲ ਨੰਬਰਦਾਰ, ਸ਼੍ਰੀਮਤੀ ਮਨਜੀਤ ਕੌਰ, ਮੈਡਮ ਕਾਂਤਾ ਕੁਮਾਰੀ, ਰਾਜਵਿੰਦਰ ਕੌਰ, ਕੋਮਲ, ਕਮਲੇਸ਼ ਰਾਣੀ, ਪਾਲੋ, ਰੇਸ਼ਮ ਕੌਰ, ਪ੍ਰੀਅੰਕਾ, ਕੁਲਵੰਤ ਕੌਰ ਤੇ ਹੋਰ ਵਿਸ਼ੇਸ਼ ਤੌਰ ਤੇ ਹਾਜਰ ਸਨ।

ਅੰਤ ਵਿੱਚ ਨੰਬਰਦਾਰ ਰੂਪ ਲਾਲ ਪੈਰਧਾਨ ਬੁੱਧ ਵਿਹਾਰ ਟਰਸਟ ਸੋਫੀ ਪਿੰਡ ਨੇ ਸਭ ਦਾ ਧੰਨਵਾਦ ਕੀਤਾ ਅਤੇ ਸਾਰੀਆ ਨੂੰ ਮਾਸਕ ਪਾਕੇ ਰੱਖਣ ਅਤੇ ਸਮਾਜਿਕ ਦੂਰੀ ਬਣਾਈ ਰੱਖਣ ਲਈ ਸੁਚੇਤ ਕੀਤਾ । ਇਸ ਮੌਕੇ ਤੇ ਖੀਰ ਦਾ ਲੰਗਰ ਵਰਤਾਈਆ ਗਿਆ।

**ਜਾਰੀ ਕਰਤਾ– ਹਰਭਜਨ ਸਾਂਪਲਾ, ਸੱਕਤਰ**

# ਕੋਰੋਨਾ ਤੋਂ ਬਚਣ ਲਈ ਕੁਝ ਸੁਝਾਅ

ਕਰੋਨਾ ਜਾਂ ਕੋਵਿਡ 19 ਜਿਸ ਨੂੰ ਮਹਾਂਮਾਰੀ ਵੀ ਕਿਹਾ ਜਾ ਰਿਹਾ ਹੈ। ਸਾਡਾ ਸਭ ਦਾ ਮੰਨ੍ਹਣਾ ਹੈ ਕਿ ਵਾਇਰਸ ਹੈ ਜਿਸ ਤੋਂ ਬੱਚਣ ਦੇ ਵਿਧੀ ਵਿਧਾਨ ਜੋ ਸਾਇੰਸਦਾਨ ਅਤੇ ਡਾਕਟਰਾਂ ਵਲੋਂ ਵਾਰ ਵਾਰ ਦੱਸੇ ਗਏ ਹਨ, ਨੂੰ ਵਰਤੋਂ 'ਚ ਲਿਆਵੋ ਅਤੇ ਇਸ ਵਾਇਰਸ ਦੀ ਆੜ ਵਿੱਚ ਹੋ ਰਹੀਆਂ ਰਾਜਨੀਤਿਕ ਬੇਰਹਿਮੀਆਂ ਲਈ ਅੱਖਾਂ ਖੋਲ੍ਹਕੇ ਮੁਕਾਬਲੇ ਲਈ ਗ਼ਦਰ ਪਾਰਟੀ ਦੀ ਸੋਚ ਨੂੰ ਨਾਲ ਲੈ ਕੇ ਲੁੱਟੇ-ਪੁੱਟੇ ਜਾ ਰਹੇ ਲੋਕਾਂ ਨੂੰ ਜਾਗ੍ਰਿਤ ਕਰੋ। ਹੇਠ ਲਿਖੇ ਸੁਝਾਅ ਦੇਣ ਦੇ ਭਾਵ ਲੋਕਾਈ ਨਾਲ ਸਦਾ ਸਾਥ ਦੇਣ ਲਈ ਹਨ ।

1. ਮਾਸਕ ਪਾਵੋ।
2. ਵਾਰ ਵਾਰ ਹੱਥ ਧੋਵੋ।
3. ਦੂਰੀ ਬਣਾਕੇ ਰੱਖੋ।
4. ਪੰਜ ਵਾਰ ਇੱਕ ਗਲਾਸ ਇੱਕ ਸਮੇਂ ਕੋਸੇ ਪਾਣੀ ਦਾ ਪੀਵੋ।
5. ਹਾਜ਼ਮਾਂ ਸ਼ਕਤੀ ਲਈ ਵਿਟਾਮਨ ਖਾਵੋ।
6. ਟੀਕੇ ਦੀ ਸੁਬਿਧਤਾ ਦੀ ਵਰਤੋਂ ਕਰੋ।
7. ਸਰਕਾਰਾਂ ਵਲੋਂ ਵਾਰ ਵਾਰ ਲੌਕ-ਡਾਊਨ ਲਾ ਕੇ ਕਿਸਾਨ , ਮਜ਼ਦੂਰਾਂ , ਮੁਲਾਜ਼ਮਾਂ ਅਤੇ ਜੰਤਾਂ ਨਾਲ ਹੋ ਰਹੇ ਧੋਖਿਆਂ ਤੋਂ ਬਚੋ।
8. ਰਾਜਨੀਤੀਵਾਨ ਸਧਾਰਨ ਜੰਤਾਂ ਦੀਆਂ ਲੋਥਾਂ ਉੱਤੋਂ ਲੰਘਦੇ ਮੁਸ੍ਕੜੀਆਂ 'ਚ ਹੱਸਦੇ ਹਨ ਇਹ ਬੇਈਮਾਨੀਆਂ ਨੂੰ ਧਿਆਨ 'ਚ ਰੱਖੋ।
9. ਇਲੈਕਸ਼ਨ ਲੋਕਾਂ ਨਾਲ ਬਹੁਤ ਵੱਡਾ ਧਰੋਹ ਹੈ ਪਰ ਜਦੋਂ ਤੱਕ ਸਮਾਜ ਦੀ ਉਸਾਰੂ ਤਬਦੀਲੀ ਲਈ ' ਵਿਸ਼ਾਲ ਏਕਾ ' ਨਹੀਂ ਬਣਦਾ ਉਸ ਸਮੇਂ ਤੱਕ ਹੱਕ-ਸੱਚ ਦੀ ਅਵਾਜ਼ ਬੁਲੰਦ ਕਰਨ ਲਈ ਕਿਰਤੀ ਜਮਾਤ ਨੂੰ ਲੋਕਾਂ ਵਿੱਚ ਜਾਣ ਲਈ ਇਸ ਹੱਥਿਆਰ ਦੀ ਵਰਤੋਂ ਕਰਨੀ ਚਾਹੀਦੀ ਹੈ। ਕਰੋਨਾ ਨੂੰ ਖ਼ਤਮ ਕਰਨ ਵਾਲੇ ਯਤਨ ਅਤੇ ਕਿਸਾਨਾਂ ਦੇ ਕਾਲੇ ਕਾਨੂੰਨਾਂ ਨੂੰ ਮੁਆਫ਼ ਕਰਾਉਣ ਵਾਲੇ ਅੰਦੋਲਨ ਨੂੰ ਜਦੋਂ ਅਸੀਂ ਧਿਆਨ ਨਾਲ ਵਿਚਾਰਾਂਗੇ ਤਾਂ ਸਰਕਾਰਾਂ ਦੀਆਂ ਬੇਈਮਾਨੀ ਚਾਲ੍ਹਾਂ ਸਾਹਮਣੇ ਆ ਜਾਂਦੀਆਂ ਹਨ , ਜੋ ਇਹ ਕਾਰਪੋਰਟਸ ਘਰ-ਾਣਿਆਂ ਅਤੇ ਸੰਸਾਰੀ ਅਮੀਰਾਂ ਦੀਆਂ ਦੀਆਂ ਹਿਤੈਸ਼ੀ ਹਨ। ਲੋਕ ਮਾਰੂ ਵਾਇਰਸ ਅਤੇ ਬੇਈਮਾਨ ਸਰਕਾਰਾਂ ਨੂੰ ਲੋਕਾਂ ਦੇ ਨਿਸ਼ਕਾਮ ਏਕੇ ਨਾਲ ਭਾਂਜ ਦਿੱਤੀ ਜਾ ਸਕਦੀ ਹੈ ਅਤੇ ਹੱਕੀ ਸੰਘਰਸ਼ ਜਿੱਤੇ ਜਾ ਸਕਦੇ ਹਨ।

**ਧੰਨਵਾਦ ਸਾਹਿਤ ਵਲੋਂ**
**ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ**
**ਨਿਊਯਾਰਕ**

# ਪੰਜਾਬ ਜੀਊਂਦਾ ਗੁਰੂ ਦੇ ਨਾਂਅ 'ਤੇ

ਪੰਜਾਬੀ ਸਭਿਅਤਾ ਵਿੱਚ ਅਸੀਂ ਸਦਾ ਹੀ ਸੋਚਦੇ, ਕਹਿੰਦੇ ਅਤੇ ਵਿਚਰਦੇ ਹਾਂ ਕਿ ਪੰਜਾਬ ਜੀਊਂਦਾ ਗੁਰੂ ਦੇ ਨਾਂਅ ' ਤੇ।

ਪੰਜਾਬ ਦੀ ਧਰਤੀ ਉੱਤੇ ਬੜੇ ਬੜੇ ਬਲਕਾਰੀ ਯੋਧਿਆਂ ਨੇ ਜਨਮ ਲਿਆ। ਇੱਥੇ ਸਤਿਗੁਰਾਂ, ਸੱਚੇ ਪਾਤਸ਼ਾਹਾਂ ਦਾ ਵਸੇਰਾ ਹੈ।

ਸਾਨੂੰ ਪੰਜਾਬੀਆਂ ਨੂੰ ਮਨੁੱਖਤਾ ਨਾਲ ਪਿਆਰ ਕਰਨਾ , ਭਲੇ ਦੀ ਗੱਲ ਕਰਨੀ , ਆਪਣੇ ਹੱਕਾਂ ਲਈ ਅਵਾਜ਼ ਬੁਲੰਦ ਕਰਨਾ ਸਾਡੇ ਗੁਰੂਆਂ ਨੇ ਹੀ ਦੱਸਿਆ ਹੈ । ਜ਼ਾਲਮ ਨੂੰ ਉਸ ਦੇ ਮੂੰਹ ਉੱਤੇ ਜਾਬਰ ਕਹਿਣਾ ਅਤੇ ਇਹ ਵੀ ਦੱਸਿਆ ਕਿ ਹੱਕ ਸੱਚ ਦਾ ਹੋਕਾ ਦੇਣ ਲਈ ਸਿਰ ਤਲੀ ਉੱਤੇ ਰੱਖਣਾ ਪੈਂਦਾ ਹੈ।

ਗੁਰੂ ਸਹਿਬਾਨਾਂ ਨੇ ਕਿਰਤੀਆਂ ਦੀ ਤਾਕਤ ਨੂੰ ਮਹਾਨ ਦੱਸਦਿਆਂ ਪੰਜ ਪਿਆਰਿਆਂ ਦੀ ਸਾਜਨਾ ਕੀਤੀ ਸੀ ਅਤੇ ਊਚ-ਨੀਚ ਦੇ ਪਾੜੇ ਨੂੰ ਇੱਕ ਬਾਟੇ ਵਿੱਚ ਅੰਮ੍ਰਿਤ ਛਕਾਕੇ ਮਨੁੱਖ ਨੂੰ ਮਨੁੱਖ ਦੀ ਪੇਸ਼ਗੋਈ ਕੀਤੀ ਸੀ।

ਅੱਜ ਦੇ ਘਾਤਿਕ ਸਮੇਂ ਵਿੱਚ ਜਿੱਥੇ ਬੰਦਾ ਹੀ ਬੰਦੇ ਦੀ ਲੁੱਟ ਕਰ ਰਿਹਾ ਹੈ ਨੂੰ ਸਮਝਣ ਦੀ ਲੋੜ ਹੈ। ਦੁਨੀਆਂ ਭਰ ਵਿੱਚ ਦੇਸ਼ਾਂ ਦੀਆਂ ਦੇਸ਼ਾਂ ਨਾਲ ਲੜਾਈਆਂ ਹੋ ਰਹੀਆਂ ਹਨ , ਹਉਮੈ ਕਰਕੇ ਸਧਾਰਨ ਜੰਤਾਂ ਮਰ ਰਹੀ ਹੈ। ਬੀਮਾਰੀਆਂ, ਵਾਇਰਸਾਂ ਦੇ ਕੀਟਾਣੂਆਂ ਨੂੰ ਰੋਕਣ ਲਈ ਸਰਕਾਰਾਂ ਦੇ ਕਿਰਦਾਰਾਂ ਦਾ ਜਨਾਜ਼ਾ ਸਭ ਦੇ ਸਾਹਮਣੇ ਹੈ। ਕਰੋੜਾਂ ਲੋਕ ਮਰ ਗਏ ਹਨ ਕਰੋੜਾਂ ਮਰਨ ਦੀ ਹਾਲਤ ਵਿੱਚ ਹਨ। ਮਜ਼ਦੂਰ, ਕਿਸਾਨ, ਮੁਲਾਜ਼ਮ ਅਤੇ ਆਮ ਜਨਤਾ ਸਰਕਾਰਾਂ ਮੋਹਰੇ ਜੀਵਨ ਜੀਊਣ ਦੀ ਸੁੱਵਿਧਾਵਾਂ ਲਈ ਗੁਹਾਰ ਲਗਾ ਰਹੇ ਹਨ। ਸਰਕਾਰਾਂ ਦੀਆਂ ਨਾ-ਕਾਮਯਾਬੀਆਂ ਦੇ ਕਾਰਨ ਤੱਦ ਹੀ ਪਤਾ ਲੱਗ ਸਕਦੇ ਹਨ ਜੇ ਲੋਕ ' ਇੱਕ' ਹੋਣਗੇ। ਸਾਡੇ ਗੁਰੂਆਂ ਵਲੋਂ ਦਿੱਤਾ ਹੋਇਆ ' ਏਕਾ ' ਹੀ ਸਭ ਮੱਸਲਿਆਂ ਦਾ ਹੱਲ ਹੈ ਅਤੇ ' ਏਕਾ ' ਹੀ ਤਾਕਤ ਹੈ।

ਅੱਜ ਦੇਸੀ ਮਹੀਨੇ ਦੀ ਸ਼ੁਰੂਆਤ ਹੈ ਸੰਗਰਾਦ ਹੈ
ਸਭ ਰੱਲ ਮਿਲ ਕਹੀਏ।
ਪੰਜਾਬ ਨਾ ਹਿੰਦੂ ਨਾ ਮੁਸਲਮਾਨ ,
ਪੰਜਾਬ ਜੀਊਂਦਾ ਗੁਰੂ ਦੇ ਨਾਂਅ 'ਤੇ।

ਪ੍ਰੋ. ਪੂਰਨ ਸਿੰਘ

ਆਵੋ, ਗੁਰੂਆਂ ਦੇ ਵਿਖਾਏ ਮਾਰਗ ਉੱਤੇ ਚੱਲੀਏ !

**ਵਲੋਂ-**
**ਇੰਡੋ ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ**

# ਬੁੱਧ ਪੂਰਨਿਮਾ ਮਹਾਂਉਤਸਵ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਬਹੁਤ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ

**ਲੁਧਿਆਣਾ/ ਜਲੰਧਰ-** ਬੁੱਧ ਪੂਰਨਿਮਾ ਮਹਾਂਉਤਸਵ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਬਹੁਤ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ ਗਿਆ। ਭਿਖਸ਼ੂ ਸੰਘ ਦੇ ਭਿਖਸ਼ੂ ਦਰਸ਼ਨਦੀਪ, ਭਿਖਸ਼ੂ ਪ੍ਰਗਿਆ ਬੋਧੀ ਅਤੇ ਭਿਖਸ਼ੂ ਮੁੱਦਿਤਾ ਬੋਧੀ ਜੀ ਨੇ ਵੰਦਨਾ, ਤ੍ਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਪੜ੍ਹੇ ਅਤੇ ਵਿਸ਼ਵ ਸ਼ਾਂਤੀ ਅਤੇ ਸਿਹਤ ਲਈ ਪ੍ਰਾਰਥਨਾਂ ਕੀਤੀ। ਭਿਖਸ਼ੂ ਪ੍ਰਗਿਆ ਬੋਧੀ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਬੁੱਧ ਧੰਮ ਮਾਨਵ ਕਲਿਅਣ ਨੂੰ ਪਹਿਲ ਦਿੰਦਾ ਹੈ ਅਤੇ ਇਹ ਧੰਮ ਇਨਸਾਨ ਵਾਸਤੇ ਹੈ। ਬੁੱਧ ਨੇ ਕਿਹਾ ਕਿ ਆਪਣਾ ਦੀਪਕ ਆਪ ਬਣੋ ਤੇ ਚੰਗੇ ਮਾੜੇ ਦੀ ਪਹਿਚਾਣ ਕਰਕੇ



ਮਾਨਵ ਕਲਿਆਣ ਦੇ ਕੰਮ ਕਰਨੇ ਚਾਹੀਦੇ ਹਨ। ਉਹਨਾਂ ਕਿਹਾਕਿ ਬੁੱਧ ਦਾ ਜਨਮ 2565 ਸਾਲ ਪਹਿਲਾਂ ਹੋਇਆ ਸੀ ਤੇ ਗਿਆਨ ਪ੍ਰਾਪਤੀ ਅਤੇ ਨਿਰਵਾਣ ਪ੍ਰਾਪਤੀ ਇਕੋ ਦਿਨ ਹੋਈ ਜੋ ਵੈਸਾਖ ਪੂਰਨਿਮਾ ਅਤੇ ਬੁੱਧ ਪੂਰਨਿਮਾ ਪੂਰੀ ਦੁਨੀਆਂ ਵਿਚ ਧੂੰਮ-ਧਾਮ ਅਤੇ ਸ਼ਰਧਾ ਨਾਲ ਮਨਾਈ ਜਾਂਦੀ ਹੈ। ਇਸ ਮੌਕੇ ਤੇ ਖੀਰ ਅਤੇ ਲੰਗਰ ਵਰਤਾਏ ਗਏ। ਇਸ ਮੌਕੇ ਤੇ ਸ੍ਰੀ ਰਾਮ ਪਾਲ ਰਾਹੀ ਪ੍ਰਧਾਨ (ਯੂ. ਕੇ.), ਸ੍ਰੀ ਸੌਰਵ ਲਾਲ ਸਾਂਪਲਾ ਪ੍ਰਧਾਨ ਅੰਬੇਡਕਰ ਮਿਸ਼ਨ ਸੁਸਾਇਟੀ ਯੂਰਪ ਅਤੇ ਸ੍ਰੀ ਸੋਢੀ ਲਾਲ ਬੋਧੀ ਅਮਰੀਕਾ ਵੱਲੋਂ ਬੁੱਧ ਪੂਰਨਿਮਾ ਦੇ ਵਧਾਈ ਸੰਦੇਸ਼ ਵੀ ਪੜ੍ਹ ਕੇ ਸੁਣਾਏ ਗਏ।

# ਲੋੜਵੰਦ ਪਰਿਵਾਰਾਂ ਨੂੰ ਕੱਚਾ ਰਾਸ਼ਨ ਵੰਡ ਕੇ ਮਨਾਈ ਗਈ ਬੁੱਧ ਜੈਅੰਤੀ

**ਜਲੰਧਰ-** ਅੱਜ ਬੁੱਧ ਪੂਰਨਿਮਾ ਦੇ ਪਵਿੱਤਰ ਮੌਕੇ ਤੇ ਅੰਬੇਡਕਰ ਭਵਨ ਟਰੱਸਟ ਵੱਲੋਂ ਲੋੜਮੰਦ ਪਰਿਵਾਰਾਂ ਨੂੰ ਕੱਚਾ ਰਾਸ਼ਨ ਵੰਡ ਕੇ ਅੰ-ਬੇਡਕਰ ਭਵਨ, ਜਲੰਧਰ ਵਿਖੇ ਕਰੋਨਾ ਮਹਾਮਾਰੀ ਦੇ ਦੌਰਾਨ ਸਰਕਾਰ ਦੇ ਆਦੇਸ਼ਾਂ ਦਾ ਪਾਲਣ ਕਰਦੇ ਹੋਏ ਬੁੱਧ ਜੈਅੰਤੀ ਬੜੀ ਧੂਮ ਧਾਮ ਨਾਲ ਮਨਾਈ ਗਈ. ਪੈਰੋਗਰਾਮ ਦਾ ਆਰੰਭ ਭਵਨ ਦੇ ਟਰੱ-ਸਟੀ ਹਰਮੇਸ਼ ਜੱਸਲ ਦੁਆਰਾ ਤੈਰਿਸ਼ਰਣ-ਪੰ-ਚਸ਼ੀਲ ਨਾਲ ਕੀਤਾ ਗਿਆ. ਉੱਘੇ ਅੰਬੇਡਕਰਵਾਦੀ, ਲੇਖਕ ਤੇ ਚਿੰਤਕ ਲਾਹੌਰੀ ਰਾਮ ਬਾਲੀ ਨੇ ਬੁੱਧ ਬਾਰੇ ਚਾਨਣਾ ਪਾਇਆ.ਬੁੱਧ ਜੈਅੰਤੀ ਦੇ ਸਮਾਗਮ ਵਿਚ ਜਲੰਧਰ ਦੇ ਕਾਜ਼ੀ ਮੰਡੀ, ਮਕਸੂਦਾਂ, ਅਬਦਪੁਰਾ, ਮਾਡਲ ਹਾਊਸ, ਬੂਟਾ ਮੰਡੀ, ਭਾਰਗੋ ਕੈਂਪ ਅਤੇ ਵਰਿਆਣਾ ਦੇ ਲੋੜਮੰਦ ਪਰਿਵਾਰਾਂ ਨੂੰ ਅੰਬੇਡਕਰ ਭਵਨ ਟਰੱਸਟ ਦੁਆਰਾ ਕੱਚਾ ਰਾਸ਼ਨ ਵੰਡਿਆ ਗਿਆ. ਰਾਸ਼ਨ ਵੰਡਣ ਲਈ ਧੰਮਾ ਵੇਵਜ਼ ਅਤੇ ਅੰਬੇਡਕਰਾਈਟ ਇੰਟਰਨੈਸ਼ਨਲ ਕੋ-ਓਰਡੀਨੈਸ਼ਨ ਸੋਸਾਇਟੀ ਕੈਨੇਡਾ ਨੇ ਮਾਲੀ ਮਦਦ ਕੀਤੀ. ਟਰੱਸਟ ਦੇ ਜਨਰਲ ਸਕੱਤਰ ਡਾ. ਜੀ ਸੀ ਕੌਲ, ਅੰਬੇਡਕਰ





ਮਿਸ਼ਨ ਸੋਸਾਇਟੀ ਪੰਜਾਬ ਦੀ ਪੈਰਧਾਨ ਮੈਡਮ ਸੁਦੇਸ਼ ਕਲਿਆਣ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਵਿੱਤ ਸਕੱਤਰ ਕੁਲਦੀਪ ਭੱਟੀ ਐਡਵੋਕੇਟ ਨੇ ਆਪਣੇ ਵਿਚਾਰ ਪੇਸ਼ ਕੀਤੇ. ਟਰੱਸਟ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਆਪਣੇ ਵਿਚਾਰ ਪੇਸ਼ ਕਰਦਿਆਂ 'ਅੰਬੇਡਕਰਾਈਟ ਇੰਟਰਨੈਸ਼ਨਲ ਕੋ-ਓਰਡੀਨੈਸ਼ਨ ਸੋਸਾਇਟੀ ਕੈਨੇਡਾ', "ਧੰਮਾ ਵੇਵਜ਼' ਅਤੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ। ਸਮਾਗਮ ਵਿਚ ਲੱਡੂ ਵੰਡੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਭਜਨ ਨਿਮਤਾ, ਨਿਰਮਲ ਬਿਨਜੀ, ਕਰਿਸ਼ਨ ਕਲਿਆਣ ਅਤੇ ਵਿਨੋਦ ਕੁਮਾਰ ਮੌਜੂਦ ਸਨ. ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪੈਰੈਸ ਬਿਆਨ ਵਿਚ ਦਿੱਤੀ।

***ਬਲਦੇਵ ਰਾਜ ਭਾਰਦਵਾਜ, ਵਿੱਤ ਸਕੱਤਰ***
***ਅੰਬੇਡਕਰ ਭਵਨ ਟਰੱਸਟ (ਰਜਿ), ਜਲੰਧਰ***

# ਲਾਪਤਾ ਹੋਏ ਕਾਲੇ ਮੂਲ ਦੇ ਲੋਕਾਂ ਨੂੰ ਲੱਭਣ ਲਈ ਹੋਈ ਵੈਬਸਾਈਟ ਜਾਰੀ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-** ਇੰਗਲੈਂਡ ਅਤੇ ਵੇਲਜ਼ ਵਿੱਚ ਵੱਡੀ ਸੰਖਿਆ'ਚ ਲਾਪਤਾ ਹੋ ਰਹੇ ਕਾਲੇ ਮੂਲ ਦੇ ਵਿਅਕਤੀਆਂ ਨੂੰ ਲੱਭਣ ਵਿੱਚ ਮੱਦਦ ਕਰਨ ਲਈ ਇੱਕ ਵੈੱਬਸਾਈਟ ਸ਼ੁਰੂ ਕੀਤੀ ਗਈ ਹੈ। ਇਹ ਵੈਬਸਾਈਟ ਪੂਰਬੀ ਲੰਡਨ ਦੇ ਨਿਊਹੈਮ ਦੇ ਡੋਮੀਨਿਕ ਨੌਰਟਨ ਨੇ ਮੀਡੀਆ ਅਤੇ ਪੈਰਸ਼ਾਸਨਿਕ ਅਧਿਕਾਰੀਆਂ ਦੁਆਰਾ ਇਨੈਹਾਂ ਲੋਕਾਂ ਦੇ ਲਾਪਤਾ ਹੋਣ ਪੈਰਤੀ ਧਿਆਨ ਨਾ ਦੇਣ ਦੀ ਘਾਟ ਕਰਕੇ ਸ਼ੁਰੂ ਕੀਤੀ ਹੈ। 26 ਸਾਲਾਂ ਡੋਮਨਿਕ ਨੇ ਇਸ ਤੋਂ ਪਹਿਲਾਂ ਮਾਈਕੈਰੋਸਾਫਟ, ਸਿਟੀਬੈਂਕ ਅਤੇ ਮਰਸੀਡੀਜ਼ ਸਮੇਤ ਕਈ ਕੰਪਨੀਆਂ ਲਈ ਕੰਮ ਕੀਤਾ ਹੈ।

ਇਸ ਵੈਬਸਾਈਟ ਦਾ ਨਾਮ ਮਿਸਿੰਗ ਬਲੈਕ ਪੀਪਲ ਡਾਟ ਕਾਮ ਹੈ ਅਤੇ ਇਹ ਗੁੰਮਸ਼ੁਦਾ ਲੋਕਾਂ ਦੀ ਸੂਚੀ ਬਾਰੇ ਦੱਸਦੀ ਹੈ ਜੋ ਕਿ ਨੌਰਟਨ ਦੁਆਰਾ ਨਿਯਮਿਤ ਤੌਰ'ਤੇ ਅਪਡੇਟ




ਕੀਤੀ ਜਾਂਦੀ ਹੈ, ਅਤੇ ਨਾਲ ਹੀ ਇਸ ਵਿੱਚ ਉਹਨਾਂ ਲੋਕਾਂ ਲਈ ਸਹਾਇਤਾ ਬਾਰੇ ਸਰੋਤ ਵੀ ਉਪਲੱਬਧ ਹਨ ਜਿਨੈਹਾਂ ਦੇ ਅਜ਼ੀਜ਼ ਗਾਇਬ ਹੋ ਗਏ ਹਨ। ਇਸ ਵੈਬਸਾਈਟ ਦੇ ਇਲਾਵਾ ਨੌਰਟਨ ਨੇ ਇੱਕ ਪਟੀਸ਼ਨ ਵੀ ਅਰੰਭ ਕੀਤੀ ਜਿਸ ਵਿੱਚ ਲਾਪਤਾ ਹੋਏ ਕਾਲੇ ਲੋਕਾਂ ਦੇ ਆਲੇ-ਦੁਆਲੇ ਦੇ ਕਾਰਨਾਂ ਦੀ ਜਨਤਕ ਜਾਂਚ ਦੀ ਮੰਗ ਕੀਤੀ ਗਈ ਹੈ, ਜਿਸ ਤੇ 10,000 ਤੋਂ ਵੱਧ ਦਸਤਖਤ ਹੋ ਗਏ ਹਨ। ਇੰਗਲੈਂਡ ਅਤੇ ਵੇਲਜ਼ ਵਿੱਚ ਕਾਲੇ ਮੂਲ ਦੇ ਵਿਅਕਤੀਆਂ ਦੇ ਗੁੰਮ ਹੋਣ ਦੀ ਅੰਕੜੇ ਗੋਰੇ ਮੂਲ ਦੇ ਲੋਕਾਂ ਨਾਲੋਂ ਚਾਰ ਗੁਣਾ ਜ਼ਿਆਦਾ ਹਨ। ਨੈਸ਼ਨਲ ਕਰਾਈਮ ਏਜੰਸੀ ਦੇ ਅੰਕੜਿਆਂ ਅਨੁਸਾਰ ਇਹ ਸਮੂਹ ਲਈ ਇੰਗਲੈਂਡ ਅਤੇ ਵੇਲਜ਼ ਵਿਚ 2019 ਤੋਂ 2020 ਦੇ ਵਿੱਚਕਾਰ ਲਾਪਤਾ ਹੋਏ ਲੋਕਾਂ ਦੀ ਗਿਣਤੀ 14 ਪ੍ਰਤੀਸ਼ਤ ਹੈ, ਜੋ ਕਿ ਉਹਨਾਂ ਦੀ ਆਬਾਦੀ ਨਾਲੋਂ ਚਾਰ ਗੁਣਾ (3 ਪ੍ਰਤੀਸ਼ਤ) ਵੱਧ ਹੈ।

# ਯੂਕੇ: ਹਸਪਤਾਲਾਂ 'ਚ ਹੋਰ ਇਲਾਜ ਕਰਵਾਉਣ ਗਏ 8,747 ਮਰੀਜ਼ ਕੋਰੋਨਾ ਦੀ ਭੇਂਟ ਚੜ੍ਹੇ, ਅੰਕੜਿਆਂ ਰਾਹੀਂ ਖੁਲਾਸਾ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-** ਕੋਰੋਨਾ ਮਹਾਂਮਾਰੀ ਦੌਰਾਨ ਇੰਗਲੈਂਡ ਦੇ ਹਸਪਤਾਲਾਂ ਵਿੱਚ ਹੋਰ ਬਿਮਾਰੀਆਂ ਦਾ ਇਲਾਜ ਕਰਵਾਉਂਦੇ ਹੋਏ, ਐਨ ਐਚ ਐਸ ਦੇ ਅਧਿਕਾਰਤ ਅੰਕੜਿਆਂ ਅਨੁਸਾਰ ਕੋਰੋਨਾ ਨਾਲ ਬਿਮਾਰ ਹੋਣ ਦੇ ਬਾਅਦ ਤਕਰੀਬਨ 8700 ਮਰੀਜ਼ਾਂ ਦੀ ਮੌਤ ਹੋਈ ਹੈ। ਐਨ ਐਚ ਐਸ ਦੇ ਸੀਨੀਅਰ ਡਾਕਟਰਾਂ ਅਨੁਸਾਰ ਇਕੱਲੇ ਕਮਰਿਆਂ ਦੀ ਘਾਟ, ਨਿੱਜੀ ਸੁਰੱਖਿਆ ਉਪਕਰਣਾਂ ਦੀ ਘਾਟ ਅਤੇ ਮਹਾਂਮਾਰੀ ਦੇ ਸ਼ੁਰੂ ਵਿੱਚ ਸਟਾਫ ਦੁਆਰਾ ਮਰੀਜ਼ਾਂ ਦੀ ਜਾਂਚ ਕਰਨ ਵਿੱਚ ਅਸਮਰੱਥਾ ਕਾਰਨ ਵਾਇਰਸ ਦੀ ਲਾਗ ਹੋਈ ਹੈ। ਇੰਗਲੈਂਡ ਵਿੱਚ ਐਨ ਐਚ ਐਸ ਟਰੱਸਟ ਦੁਆਰਾ ਜਾਰੀ ਕੀਤੇ ਗਏ ਸਰਕਾਰੀ ਅੰਕੜੇ ਦਰਸਾਉਂਦੇ ਹਨ ਕਿ ਮਾਰਚ 2020 ਤੋਂ ਲੈ ਕੇ ਹੁਣ ਤੱਕ ਹਸਪਤਾਲਾਂ ਵਿੱਚ ਲੱਗਭਗ 32,307




ਵਿਅਕਤੀ ਹੋਰ ਇਲਾਜ ਦੌਰਾਨ ਇਸ ਬਿਮਾਰੀ ਦਾ ਸ਼ਿਕਾਰ ਹੋਏ ਹਨ ਅਤੇ ਉਨ੍ਹਾਂ ਵਿੱਚੋਂ 8,747 ਦੀ ਮੌਤ ਹੋਈ ਹੈ।

ਮੌਤਾਂ ਸੰਬੰਧੀ ਇਹ ਅੰਕੜੇ ਇੰਗਲੈਂਡ ਦੇ 81 ਹਸਪਤਾਲਾਂ ਵਿੱਚੋਂ "ਫਰੀਡਮ ਆਫ ਇਨਫਰਮੇਸ਼ਨ" ਤਹਿਤ ਪੈਰਾਪਤ ਹੋਏ ਹਨ। ਅੰਕੜਿਆਂ ਅਨੁਸਾਰ ਯੂਨੀਵਰਸਿਟੀ ਹਸਪਤਾਲ ਬਰਮਿੰਘਮ ਟਰੱਸਟ ਵਿੱਚ ਸਭ ਤੋਂ ਵੱਧ 408 ਮੌਤਾਂ ਹੋਈਆਂ, ਉਸ ਤੋਂ ਬਾਅਦ ਨਾਟਿੰਘਮ ਯੂਨੀਵਰਸਿਟੀ ਹਸਪਤਾਲ 'ਚ 279 ਮੌਤਾਂ ਅਤੇ ਫਰਿਮਲੇ ਹੈਲਥ ਵਿੱਚ 259 ਮੌਤਾਂ ਹੋਈਆਂ ਹਨ। ਹਸਪਤਾਲਾਂ ਵਿੱਚ ਕੋਰੋਨਾ ਕਾਰਨ ਮਰਨ ਵਾਲੇ ਇਹ 8,747 ਮਰੀਜ ਕਿਸੇ ਹੋਰ ਕਾਰਨ ਜਿਵੇਂ ਕਿ ਸੱਟਾਂ ਦਾ ਇਲਾਜ, ਕੋਈ ਹੋਰ ਗੰਭੀਰ ਬਿਮਾਰੀ, ਅਪੈਰੇਸ਼ਨ ਹੋਣ ਕਰਕੇ ਹਸਪਤਾਲ ਵਿੱਚ ਸਨ।


# ਸਕਾਟਲੈਂਡ: ਯਾਤਰਾ ਪਾਬੰਦੀਆਂ ਵਿੱਚ ਢਿੱਲ ਤੋਂ ਬਾਅਦ ਐਡਿਨਬਰਾ ਤੋਂ ਉੱਡਿਆ ਪਹਿਲਾ ਜਹਾਜ਼

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਸਕਾਟਲੈਂਡ ਵਿੱਚ ਕੋਰੋਨਾ ਮਹਾਂਮਾਰੀ ਕਰਕੇ ਲਾਗੂ ਕੀਤੀਆਂ ਹੋਈਆਂ ਯਾਤਰਾ ਪਾਬੰਦੀਆਂ ਵਿੱਚ ਢਿੱਲ ਦੇਣ ਲਈ ਸ਼ੁਰੂ ਕੀਤੇ ਗਈ ਨਵੀਂ ਟੈਰੈਫਿਕ ਲਾਈਟ ਪੈਰਨਾਲੀ ਦੇ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਅੰਤਰਰਾਸ਼ਟਰੀ ਉਡਾਣ ਸ਼ੁਰੂ ਕੀਤੀ ਗਈ ਹੈ। ਸਕ-ਾਟਲੈਂਡ ਤੋਂ "ਗ੍ਰੀਨ ਸੂਚੀ" ਵਾਲੇ ਦੇਸ਼ ਦੀ ਪਹਿਲੀ ਸਿੱਧੀ ਅੰਤਰਰਾਸ਼ਟਰੀ ਉਡਾਣ ਪੁਰਤਗਾਲ ਵਿੱਚ ਲੈਂਡ ਹੋਈ ਹੈ। ਯੂਕੇ ਸਰਕਾਰ ਵੱਲੋਂ ਨਵੀਂ ਟੈਰੈਫਿਕ ਲਾਈਟ ਪੈਰਨਾਲੀ ਲਾਗੂ ਹੋਣ ਤੋਂ ਬਾਅਦ ਐਡਿਨਬਰਾ ਤੋਂ ਫਰੋ ਤੱਕ ਪਹਿਲੀ ਉਡਾਣ ਦਾ ਆਗਾਜ਼ ਹੋਇਆ ਹੈ। ਇਸ ਨਵੀਂ ਪੈਰਨਾਲੀ ਤਹਿਤ ਗ੍ਰੀਨ ਦੇਸ਼ਾਂ ਦੀ ਸੂਚੀ ਵਿੱਚ ਯਾਤਰਾ ਕਰਕੇ ਆਉਣ ਵਾਲੇ ਦੇਸ਼ਾਂ ਲੋਕਾਂ ਨੂੰ ਆਪਣੀ ਵਾਪਸੀ 'ਤੇ ਇਕਾਂਤਵਾਸ ਹੋਣ ਦੀ ਜ਼ਰੂਰਤ ਨਹੀਂ ਪਵੇਗੀ। ਪਰ ਫਿਰ ਵੀ ਸਕਾਟਲੈਂਡ ਦੀ ਸਰਕਾਰ ਲੋਕਾਂ ਨੂੰ ਬਿਨਾਂ ਜਰੂਰੀ ਕੰਮ ਦੇ




ਅੰਤਰਰਾਸ਼ਟਰੀ ਯਾਤਰਾ ਨਾ ਕਰਨ ਦੀ ਅਪੀਲ ਕਰ ਰਹੀ ਹੈ। ਇਹਨਾਂ ਯਾਤਰਾ ਦੇ ਨਵੇਂ ਨਿਯਮਾਂ ਤਹਿਤ ਅੰਬਰ ਜਾਂ ਲਾਲ ਸੂਚੀ ਵਾਲੇ ਦੇਸ਼ਾਂ ਦੀ ਯਾਤਰਾ ਕਰਨ ਵਾਲਿਆਂ ਨੂੰ ਵਾਪਸ ਪਹੁੰਚਣ ਉਪਰੰਤ ਘੱਟੋ ਘੱਟ 10 ਦਿਨਾਂ ਲਈ ਕਿਸੇ ਹੋਟਲ ਜਾਂ ਘਰ ਵਿੱਚ ਅਲੱਗ ਰਹਿਣਾ ਹੋਵੇਗਾ। ਸਕਾਟਲੈਂਡ ਦੇ ਐਡਿਨਬਰਾ ਤੋਂ ਪੁ-ਰਤਗਾਲ ਦੇ ਫਰੋ ਵਿਚਲੀ ਫਲਾਈਟ ਵਿੱਚ ਤਕਰੀਬਨ 120 ਯਾਤਰੀ ਸਵਾਰ ਸਨ, ਜਿਹਨਾਂ ਵਿੱਚ ਜਿਆਦਾਤਰ ਛੁੱਟੀਆਂ ਮਨਾਉਣ ਵਾਲੇ ਅਤੇ ਪੁਰਤਗਾਲ ਵਿੱਚ ਆਪਣੇ ਦੂਜੇ ਘਰ ਨੂੰ ਜਾਣ ਵਾਲੇ ਸਕਾਟਿਸ਼ ਯਾਤਰੀ ਸਨ।

# ਸੰਤ ਰਾਮਾ ਨੰਦ ਜੀ ਦੀ ਸ਼ਹਾਦਤ 'ਤੇ ਯਾਦ ਕਰਦਿਆਂ



(1) Sahib Kanshi Ram Ji, Sant Naranjan Dass Ji, head , Dera Sachkhand, Ballan (Jalandhar) and Sant Rama Nand Ji of Dera Ballan, Sant Surinder Kumar Bawa, C. L. Chumber, F.C. Mall, Hargopal Singh Ex M.L.A , Satish Bharti seen in picture at Dera Ballan in 2000 AD.

(2) Sant Rama Nand and Sahib Kanshi Ram

(3) Sahib Kanshi Ram Ji watching the religious literature presented by Sant Rama Nand Ji

(4) Sahib Kanshi Ram Ji and Sant Surinder Kumar (Kathaar) at Sant Sarwan Dass Charitable Hospital, Kathaar (Jalandhar).

**Courtesy: Posted at www.ambedkartimes.com on May 31, 2009**









# ਦੁੱਧ ਅਤੇ ਨਾਰੀਅਲ ਤੇਲ ਨਾਲ ਬਣਾਓ ਸਿਹਤ

ਮਿਲਕ ਬਾਥ ਤਿਆਰ ਕਰਨ ਲਈ ਪਾਣੀ ਵਿੱਚ ਮਿਲਕ ਪਾਊਡਰ ਮਿਲਾਓ। ਮੰਨਿਆ ਜਾਂਦਾ ਹੈ ਕਿ ਇਹ ਚਮੜੀ ਨੂੰ ਮੁਲਾਇਮ ਬਣਾਉਂਦਾ ਤੇ ਪੋਸ਼ਣ ਦਿੰਦਾ ਹੈ। ਜੇ ਡੈੱਡ ਸਕਿਨ ਨੂੰ ਹਟਾਉਣਾ ਹੋਵੇ ਤਾਂ ਉਬਲਦੇ ਦੁੱਧ ਵਿੱਚ ਥੋੜ੍ਹਾ ਲੂਣ ਮਿਲਾਓ ਅਤੇ ਤੁਰੰਤ ਉਸ ਵਿੱਚ ਫੈਟ ਫ੍ਰੀ ਦੁੱਧ ਪਾ ਦਿਓ। ਲੂਫਾ ਦੇ ਪ੍ਰਯੋਗ ਨਾਲ ਆਪਣੇ ਸਰੀਰ ਦੀ ਮਾਲਿਸ਼ ਕਰੋ।

ਜੇ ਚਿਹਰਾ ਲਾਲ ਹੋ ਗਿਆ ਹੈ ਅਤੇ ਉਸ ਵਿੱਚ ਜਲਨ ਹੋ ਰਹੀ ਹੈ ਤਾਂ ਮਲਾਈ ਜਾਂ ਮੱਖਣ ਲਾਓ। ਇੰਨਾ ਹੀ ਨਹੀਂ ਤੁਸੀਂ ਦੁੱਧ ਵੀ ਲਾ ਸਕਦੇ ਹੋ। ਜਦੋਂ ਚਿਹਰੇ ਉੱਤੇ ਦੁੱਧ ਸੁੱਕ ਜਾਵੇ ਤਾਂ ਉਸ ਨੂੰ ਧੋ ਲਵੋ।

ਜੇ ਤੁਹਾਡੀ ਚਮੜੀ ਦੇ ਰੋਮ ਵੱਡੇ ਹਨ ਤਾਂ ਦੁੱਧ ਦੀ ਖੱਟੀ ਮਲਾਈ ਦੀ ਵਰਤੋਂ ਕਰੋ। ਖੱਟੀ ਮਲਾਈ ਨੂੰ ਆਪਣੀ ਗਰਦਨ ਅਤੇ ਚਿਹਰੇ ਉੱਤੇ ਲਾਓ ਤੇ 15 ਮਿੰਟ ਬਾਅਦ ਠੰਢੇ ਪਾਣੀ ਨਾਲ ਧੋ ਲਵੋ। ਇਸ ਦੀ ਵਰਤੋਂ ਕਰਨ ਨਾਲ ਰੋਮ ਛੋਟੇ ਹੋ ਜਾਣਗੇ ਅਤੇ ਚਮੜੀ ਚਮਕ ਜਾਵੇਗੀ।

ਚਮੜੀ ਖੁਸ਼ਕ ਹੈ ਤਾਂ ਦੋ ਚਮਚ ਦੁੱਧ ਦੀ ਮਲਾਈ ਵਿੱਚ ਇੱਕ ਚਮਚ ਸ਼ਹਿਦ ਮਿਲਾ ਕੇ ਆਪਣੀ ਚਮੜੀ ਉੱਤੇ ਲਾਓ, ਉਸ ਦੀ ਖੁਸ਼ਕੀ ਖਤਮ ਹੋਵੇਗੀ। ਦੁੱਧ ਦੀ ਮਲਾਈ ਵਿੱਚ ਥੋੜ੍ਹਾ ਜਿਹਾ ਪਾਣੀ ਮਿਲਾ ਕੇ ਚਿਹਰੇ ਦਾ ਫੇਸ਼ੀਅਲ ਕੀਤਾ ਜਾ ਸਕਦਾ ਹੈ।



ਬਾਦਾਮ ਅਤੇ ਲੌਂਗ ਨੂੰ ਬਰਾਬਰ ਹਿੱਸੇ ਵਿੱਚ ਲੈ ਕੇ ਪਾਊਡਰ ਬਣਾ ਲਵੋ। ਅੱਧਾ ਚਮਚ ਦੁੱਧ ਵਿੱਚ ਚੁਟਕੀ ਕੁ ਹਲਦੀ ਮਿਲਾ ਕੇ ਚਿਹਰੇ ਉੱਤੇ ਲਾਓ। ਥੋੜ੍ਹੀ ਦੇਰ ਬਾਅਦ ਧੋ ਲਵੋ। ਇਸ ਨਾਲ ਚਿਹਰੇ ਉੱਤੇ ਨਿਖਾਰ ਆਉਂਦਾ ਹੈ।

### ਤੁਹਾਡੀ ਸਿਹਤ, ਸੁੰਦਰਤਾ ਅਤੇ ਵਾਲਾਂ ਨੂੰ ਤੰਦਰੁਸਤ ਬਣਾਵੇ ਨਾਰੀਅਲ ਤੇਲ

ਨਾਰੀਅਲ ਤੇਲ ਦੇ ਸਿਹਤ ਸੰਬੰਧੀ ਕਾਫੀ ਲਾਭ ਹੁੰਦੇ ਹਨ। ਇਸ ਦੇ ਔਸ਼ਧੀ ਗੁਣ ਤੁਹਾਡੀ ਸਿਹਤ, ਸੁੰਦਰਤਾ ਅਤੇ ਵਾਲਾਂ ਨੂੰ ਤੰਦਰੁਸਤ ਬਣਾਈ ਰੱਖਦੇ ਹਨ। ਇਹ ਚਮੜੀ ਅਤੇ ਵਾਲਾਂ ਨੂੰ ਕੁਦਰਤੀ ਰੂਪ ਵਿੱਚ ਮੁਲਾਇਮ ਅਤੇ ਚਮਕੀਲਾ ਬਣਾਉਂਦਾ ਹੈ। ਚਮੜੀ ਦੀ ਖੁਸ਼ਕੀ ਮਿਟਾਉਣੀ ਹੋਵੇ ਜਾਂ ਵਾਲਾਂ ਦੀ ਕੰਡੀਸ਼ਨਿੰਗ ਕਰਨੀ ਹੋਵੇ, ਨਾਰੀਅਲ ਤੇਲ ਸਭ ਤੋਂ ਚੰਗਾ ਬਦਲ ਹੈ। ਇਹ ਤੁਹਾਡੀ ਉਮਰ ਨੂੰ ਵੀ ਛੋਟਾ ਵਿਖਾਉਣ ਵਿੱਚ ਵੀ ਮਦਦ ਕਰਦਾ ਹੈ।

* ਨਾਰੀਅਲ ਦਾ ਤੇਲ ਸੁੱਕੀ ਚਮੜੀ ਨੂੰ ਮੁਲਾਇਮ ਬਣਾਉਂਦਾ ਹੈ। ਨਹਾਉਣ ਤੋਂ ਵੀਹ ਮਿੰਟ ਪਹਿਲਾਂ



ਨਾਰੀਅਲ ਤੇਲ ਨਾਲ ਪੂਰੇ ਸਰੀਰ ਦੀ ਮਾਲਿਸ਼ ਕਰੋ ਤੇ ਤਾਜ਼ੇ ਪਾਣੀ ਨਾਲ ਨਹਾ ਲਓ। ਇਸ ਵਿੱਚ ਝੁਰੜੀਆਂ ਮਿਟਾਉਣ ਵਾਲੇ ਗੁਣ ਮਿਲਦੇ ਹਨ।

ਅੱਖਾਂ ਦੇ ਦੁਆਲੇ ਹੱਥਾਂ 'ਤੇ ਨਾਰੀਅਲ ਤੇਲ ਦੀਆਂ ਕੁਝ ਬੂੰਦਾਂ ਲੈ ਕੇ ਮਾਲਿਸ਼ ਕਰੋ। ਇਸ ਨਾਲ ਚਮੜੀ ਚਮਕਦਾਰ ਅਤੇ ਮੁਲਾਇਮ ਬਣੇਗੀ। ਇਸ ਦੇ ਇਸਤੇਮਾਲ ਨਾਲ ਛਾਈਆਂ ਅਤੇ ਝੁਰੜੀਆਂ ਨਹੀਂ ਪੈਂਦੀਆਂ। ਨਾਰੀਅਲ ਦਾ ਤੇਲ ਤੇਜ਼ ਧੁੱਪ ਤੋਂ ਵੀ ਤੁਹਾਡੀ ਚਮੜੀ ਦੀ ਰੱਖਿਆ ਕਰਦਾ ਹੈ।

* ਨਾਰੀਅਲ ਤੇਲ ਮੁੜ੍ਹਕੇ ਤੋਂ ਹੋਣ ਵਾਲੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਦਾ ਹੈ। ਖਾਜ-ਖੁਜਲੀ ਦੀ ਸਮੱਸਿਆ ਹੋਣ 'ਤੇ ਵੀ ਇਸ ਦੀ ਵਰਤੋਂ ਕਰੋ। ਚਮੜੀ ਵਿੱਚ ਨਮੀ ਰਹੇਗੀ ਅਤੇ ਖੁਰਕ ਦੀ ਸਮੱਸਿਆ ਨਹੀਂ ਹੋਵੇਗੀ। ਚੀਨੀ ਵਿੱਚ ਨਾਰੀਅਲ ਤੇਲ ਦੀਆਂ ਕੁਝ ਬੂੰਦਾਂ ਮਿਲਾ ਕੇ ਤੁਸੀਂ ਸਕਰੱਬ ਵਾਂਗ ਇਸਤੇਮਾਲ ਕਰ ਸਕਦੇ ਹੋ। ਇਸ ਨਾਲ ਮਰੀ ਚਮੜੀ ਉਤਰੇਗੀ।

* ਚਿਹਰੇ 'ਤੇ ਕਿੱਲ ਮੁਹਾਸੇ ਜਾਂ ਕਿਸੇ ਸੱਟ ਦੇ ਨਿਸ਼ਾਨ ਹਨ ਤਾਂ ਨਾਰੀਅਲ ਤੇਲ ਦਾ ਲਗਾਤਾਰ ਇਸਤੇਮਾਲ ਕਰੋ। ਦਾਗ ਧੱਬੇ ਦੂਰ ਹੋ ਜਾਣਗੇ। ਮੇਕਅਪ ਉਤਾਰਨ ਵਿੱਚ ਤੁਸੀਂ ਨਾਰੀਅਲ ਤੇਲ ਦਾ ਇਸਤੇਮਾਲ ਕਰ ਸਕਦੇ ਹੋ। ਰੂੰ ਦੇ ਫੰਬੇ ਨੂੰ ਨਾਰੀਅਲ ਤੇਲ ਵਿੱਚ ਡੁਬੋ ਕੇ ਹੌਲੀ-ਹੌਲੀ ਚਿਹਰੇ 'ਤੇ ਲਾਓ। ਮੇਕਅਪ ਉਤਰ ਜਾਵੇਗਾ। ਵਾਟਰ ਪਰੂਫ ਮਸਕਾਰਾ ਹਟਾਉਣ ਲਈ ਵੀ ਨਾਰੀਅਲ ਤੇਲ ਵਰਤੋ। ਇਸ ਨਾਲ ਕੱਜਲ ਅਤੇ ਲਾਈਨਰ ਵੀ ਬਿਨਾਂ ਫੈਲੇ ਸਾਫ ਹੋ ਜਾਂਦਾ ਹੈ।

* ਨਾਰੀਅਲ ਤੇਲ ਨਾਲ ਆਪਣੀਆਂ ਉਂਗਲੀਆਂ ਦੀ ਮਾਲਿਸ਼ ਕਰੋ। ਇਸ ਨਾਲ ਖੂਨ ਦਾ ਪ੍ਰਵਾਹ ਠੀਕ ਹੁੰਦਾ ਹੈ। ਨਹੁੰਆਂ ਦੇ ਆਲੇ-ਦੁਆਲੇ ਦੀ ਚਮੜੀ ਉਖੜੇਗੀ ਨਹੀਂ। ਨਾਰੀਅਲ ਤੇ ਦੀ ਨਹੁੰਆਂ 'ਤੇ ਮਾਲਿਸ਼ ਕਰਨ ਨਾਲ ਨਹੁੰਆਂ ਵਿੱਚ ਵੀ ਚਮਕ ਆਉਂਦੀ ਹੈ।

* ਫਟੀਆਂ ਅੱਡੀਆਂ ਨੂੰ ਮੁਲਾਇਮ ਬਣਾਉਣ ਲਈ ਨਾਰੀਅਲ ਤੇਲ ਦਾ ਇਸਤੇਮਾਲ ਕਰੋ। ਨਾਰੀਅਲ ਤੇਲ ਵਿੱਚ ਚੁਟਕੀ ਭਰ ਹਲਦੀ ਰਲਾ ਕੇ ਪੇਸਟ ਬਣਾਓ ਅਤੇ ਇਸ ਮਾਸਕ ਨੂੰ ਫਟੀਆਂ ਅੱਡੀਆਂ 'ਤੇ ਲਗਾਓ। ਫਟੇ ਅਤੇ ਸੁੱਕਾਂ ਬੁੱਲ੍ਹਾਂ 'ਤੇ ਵੀ ਤੁਸੀਂ ਨਾਰੀਅਲ ਤੇਲ ਦਾ ਇਸਤੇਮਾਲ ਕਰ ਸਕਦੇ ਹੋ। ਇਸ ਨਾਲ ਬੁੱਲ੍ਹ ਮੁਲਾਇਮ ਹੋਣਗੇ।

### ਵਾਤਾਵਰਨ ਦੇ ਰਖਵਾਲੇ

# ਸੁੰਦਰਲਾਲ ਬਹੁਗੁਣਾ ਨੂੰ ਸੱਚੀ ਸਰਧਾਂਜਲੀ



ਡਾ. ਗੁਰਿੰਦਰ ਕੌਰ
001-408-493-9776

ਪ੍ਰਸਿੱਧ ਵਾਤਾਵਰਨ ਕਾਰਕੁਨ ਸੁੰਦਰਲਾਲ ਬਹੁਗੁਣਾ ਦਾ ਜਨਮ 9 ਜਨਵਰੀ 1927 ਨੂੰ ਉੱਤਰਾਖੰਡ ਦੇ ਟਿਹਰੀ ਜ਼ਿਲ੍ਹੇ ਦੇ ਮਰੋਡਾ ਪਿੰਡ ਵਿਚ ਹੋਇਆ ਸੀ ਅਤੇ ਉਨ੍ਹਾਂ ਦੀ ਮੌਤ 21 ਮਈ 2021 ਨੂੰ ਹੋ ਗਈ। ਸੁੰਦਰਲਾਲ ਬਹੁਗੁਣਾ ਨੇ 1949 ਵਿਚ ਠਕਰ ਬੱਪਾ ਅਤੇ ਮੀਰਾ ਬੇਨ ਦੇ ਪ੍ਰਭਾਵ ਥੱਲੇ ਆ ਕੇ ਸਮਾਜ ਸੇਵਾ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਦਲਿਤ ਵਿਦਿਆਰਥੀਆਂ ਦੇ ਰਹਿਣ ਲਈ ਹੋਸਟਲ ਬਣਵਾਇਆ ਅਤੇ ਦਲਿਤਾਂ ਦੇ ਮੰਦਰ ਵਿਚ ਜਾਣ ਲਈ ਅੰਦੋਲਨ ਸ਼ੁਰੂ ਕਰ ਦਿੱਤਾ। ਇਨ੍ਹਾਂ ਨੇ ਸਿਲਾਰ ਪਿੰਡ ਵਿਚ ਨੌਜੁਵਾਨਾਂ ਨੂੰ ਵਾਤਾਵਰਨ ਬਾਰੇ ਜਾਗਰੂਕ ਕਰਨ ਲਈ ਇਕ ਆਸ਼ਰਮ ਬਣਾਇਆ। 1962 ਵਿਚ ਚੀਨ ਅਤੇ ਭਾਰਤ ਦੀ ਲੜਾਈ ਤੋਂ ਬਾਅਦ ਭਾਰਤ ਸਰਕਾਰ ਨੇ ਹਿਮਾਲਿਆ ਖੇਤਰ ਵਿਚ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਲਈ ਸੜਕਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਸੜਕਾਂ ਬਣਾਉਣ ਸਮੇਂ ਪਹਾੜਾਂ ਦੀ ਬਣਤਰ ਦਾ ਖਿਆਲ ਨਾ ਰੱਖਦੇ ਹੋਏ ਅੰਨ੍ਹੇਵਾਹ ਜੰਗਲਾਂ ਦੀ ਕਟਾਈ ਸ਼ੁਰੂ ਕਰ ਦਿੱਤੀ। ਜੰਗਲਾਂ ਦੀ ਅੰਨ੍ਹੇਵਾਹ ਕਟਾਈ ਨੂੰ ਰੋਕਣ ਲਈ ਸੁੰਦਰਲਾਲ ਬਹੁਗੁਣਾ ਨੇ ਆਪਣੇ ਸਾਥੀਆਂ ਨਾਲ ਵਿਉਂਤਬੰਦੀ ਕਰਕੇ 1970ਵਿਆਂ ਦੇ ਦਹਾਕੇ ਵਿਚ ਚਿਪਕੋ ਅੰਦੋਲਨ ਸ਼ੁਰੂ ਕਰ ਦਿੱਤਾ ਜਿਸ ਕਰਕੇ ਉਹ ਦੁਨੀਆ ਭਰ ਵਿੱਚ ਪ੍ਰਸਿੱਧ ਹੋ ਗਏ। ਚਿਪਕੋ ਅੰਦੋਲਨ ਦਾ ਨਾਅਰਾ 'ਵਾਤਾਵਰਨ ਸਥਾਈ ਅਰਥਵਿਵਸਥਾ ਹੈ' (ਇਕੋਲੋਜੀ ਇਜ਼ ਪਰਮਾਨੈਂਟ ਇਕੌਨਮੀ)। ਸੁੰਦਰਲਾਲ ਬਹੁਗੁਣਾ ਅਨੁਸਾਰ ਮਿੱਟੀ, ਪਾਣੀ ਅਤੇ ਜੰਗਲ ਹਰ ਤਰ੍ਹਾਂ ਦੇ ਜੀਵ-ਜੰਤੂਆਂ ਦੀ ਜ਼ਿੰਦਗੀ ਦੇ ਆਧਾਰ ਹਨ। ਜੇਕਰ ਜੰਗਲ ਨਹੀਂ ਰਹਿਣਗੇ ਤਾਂ ਪਾਣੀ ਦੇ ਸਰੋਤ-ਚਸ਼ਮੇ ਅਤੇ ਦਰਿਆ ਵੀ ਸੁੱਕ ਜਾਣਗੇ। ਪਾਣੀ ਤੋਂ ਬਿਨਾਂ ਕੋਈ ਵੀ ਖਾਧ ਪਦਾਰਥ ਨਹੀਂ ਹੋਵੇਗਾ ਅਤੇ ਦਰਖ਼ਤਾਂ ਤੋਂ ਬਿਨ੍ਹਾਂ ਮਿੱਟੀ ਖੁਰ ਜਾਵੇਗੀ ਅਤੇ ਹਰ ਖੇਤਰ ਵੀਰਾਨ ਹੋ ਜਾਵੇਗਾ।

ਚਿਪਕੋ ਅੰਦੋਲਨ ਹਿਮਾਲਿਆਂ ਖੇਤਰ ਤੋਂ ਬਾਅਦ ਭਾਰਤ ਦੇ ਬਾਕੀ ਹਿੱਸਿਆਂ ਵਿਚ ਫ਼ੈਲਿਆ ਅਤੇ 1980 ਵਿਚ ਅਮਰੀਕਾ ਦੀ ਫਰੈਂਡਜ਼ ਆਫ਼ ਨੇਚਰ ਸੰਸਥਾ ਨੇ ਇਸ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਸੁੰਦਰਲਾਲ ਬਹੁਗੁਣਾ ਨੂੰ ਸਨਮਾਨਿਤ ਕੀਤਾ ਸੀ। ਸੁੰਦਰਲਾਲ ਬਹੁਗੁਣਾ ਦੇ ਇਸ ਅੰਦੋਲਨ ਨਾਲ ਹਿਮਾਲਿਆ ਖੇਤਰ ਦੇ ਲੋਕ ਇੰਨੇ ਜਾਗਰੂਕ ਹੋ ਗਏ ਸਨ ਕਿ ਉਨ੍ਹਾਂ ਨੇ 1980 ਦੇ ਦਹਾਕੇ ਵਿਚ ਹਿਮਾਲੀਆ ਖੇਤਰ ਵਿਚ ਜੰਗਲਾਂ ਦੀ ਕਟਾਈ ਦਾ ਜ਼ੋਰਦਾਰ ਵਿਰੋਧ ਕੀਤਾ। ਇਸ ਵਿਰੋਧ ਦੇ ਸਿੱਟੇ ਵਜੋਂ ਉਦੋਂ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ 1981 ਵਿਚ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿੱਚੋਂ 15 ਸਾਲਾਂ ਲਈ ਜੰਗਲਾਂ ਦੀ ਕਟਾਈ ਉੱਤੇ ਪਾਬੰਦੀ ਲਗਾ ਦਿੱਤੀ ਸੀ।

1981-83 ਦਰਮਿਆਨ ਸੁੰਦਰਲਾਲ ਬਹੁਗੁਣਾ ਨੇ ਲੋਕਾਂ ਨੂੰ ਵਾਤਾਵਰਨ ਬਾਰੇ ਜਾਗਰੂਕ ਕਰਨ ਲਈ ਹਿਮਾਲੀਅਨ ਖੇਤਰ ਵਿਚ ਕਸ਼ਮੀਰ ਤੋਂ ਲੈ ਕੇ ਕੋਹੀਮਾ ਤੱਕ 5000 ਕਿਲੋਮੀਟਰ ਦੀ ਪਦਯਾਤਰਾ ਕੀਤੀ। ਉਨ੍ਹਾਂ ਨੇ ਇਸ ਯਾਤਰਾ ਸਮੇਂ ਵਿਕਾਸ ਯੋਜਨਾਵਾਂ ਦੇ ਨਾਂ ਹੇਠਾਂ ਜੰਗਲਾਂ ਦੀ ਅੰਧਾਖੁੰਦ ਹੁੰਦੀ ਕਟਾਈ ਦੇ ਅੰਕੜੇ ਇੱਕਠੇ ਕਰਕੇ ਉਸ ਦੀ ਰਿਪੋਰਟ ਯੂਨਾਈਟਡ ਨੇਸ਼ਨਜ਼ ਨੂੰ ਵੀ ਭੇਜੀ ਸੀ। ਉਨ੍ਹਾਂ ਨੇ ਇਹ ਰਿਪੋਰਟ ਯੂਨਾਈਟਡ ਨੇਸ਼ਨਜ਼ ਨੂੰ ਇਸ ਉਮੀਦ ਉੱਤੇ ਭੇਜੀ ਸੀ ਕਿ ਉਹ ਹਿਮਾਲਿਆ ਦੇ ਵਾਤਾਵਰਨ ਅਤੇ ਇੱਥੋਂ ਦੇ ਸਰੋਤਾਂ ਨੂੰ ਹਰ ਹੀਲੇ ਬਚਾਉਣਾ ਚਾਹੁੰਦੇ ਸਨ। ਸੁੰਦਰਲਾਲ ਬਹੁਗੁਣਾ ਨੇ ਉੱਤਰਾਖੰਡ ਵਿਚ ਬਣਦੀਆਂ ਸੜਕਾਂ, ਡੈਮਾਂ, ਸੈਰ-ਸਪਾਟੇ ਦੇ ਬੇਸ਼ੁਮਾਰ ਪਸਾਰੇ ਅਤੇ ਹੋਟਲਾਂ ਦੇ ਵਧਦੀ ਗਿਣਤੀ ਦਾ ਵੀ ਵਿਰੋਧ ਕੀਤਾ।

ਚਿਪਕੋ ਅੰਦੋਲਨ ਤੋਂ ਬਾਅਦ ਉਨ੍ਹਾਂ ਨੇ ਟਿਹਰੀ ਡੈਮ ਦੇ ਨਿਰਮਾਣ ਦਾ ਵੀ ਵਿਰੋਧ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਪ੍ਰੋਜੈਕਟ ਨਾਲ ਉੱਤਰਾਖੰਡ ਦੇ ਈਕੋਸਿਸਟਮ ਨੂੰ ਖ਼ਤਰਾ ਪੈਦਾ ਹੋ ਜਾਵੇਗਾ ਕਿਉਂਕਿ ਇਕ ਤਾਂ ਇਹ ਭੂਚਾਲ ਸੰਵੇਦਨਸ਼ੀਲ ਖੇਤਰ ਵਿਚ ਪੈਂਦਾ ਹੈ ਅਤੇ ਦੂਜਾ ਆਸਪਾਸ ਦੇ ਪਿੰਡਾਂ ਦੇ ਲੱਖਾਂ ਲੋਕ ਉੱਜੜ ਜਾਣਗੇ। ਇਸ ਪ੍ਰੋਜੈਕਟ ਨੂੰ ਰੋਕਣ ਲਈ ਉਨ੍ਹਾਂ ਨੇ ਲੰਬੇ ਸਮੇਂ ਲਈ ਵਰਤ ਵੀ ਰੱਖਿਆ। ਕੇਂਦਰ ਸਰਕਾਰ ਨੇ ਉਨ੍ਹਾਂ ਦੇ ਸਿਰੜ ਨੂੰ ਦੇਖਦੇ ਹੋਏ ਇਸ ਪ੍ਰੋਜੈਕਟ ਦੀ ਸਮੀਖਿਆ ਲਈ ਇਕ ਕਮੇਟੀ ਦਾ ਗਠਨ ਕੀਤਾ, ਪਰ ਕੇਂਦਰ ਸਰਕਾਰ ਕਮੇਟੀ ਦੀਆਂ ਸਿਫ਼ਾਰਸਾਂ ਲਾਗੂ ਕਰਨ ਵਿਚ ਨਾਕਾਮ ਰਹੀ। ਬਹੁਗੁਣਾ ਨੇ ਇਸ ਸੰਬੰਧ ਵਿਚ ਇਕ ਹੋਰ ਭੁੱਖ ਹੜਤਾਲ ਕੀਤੀ, ਪਰ ਡੈਮ ਨਿਰਮਾਣ ਦਾ ਕੰਮ ਜਾਰੀ ਰਿਹਾ। ਇਸ ਡੈਮ ਦੇ ਬਣਨ ਕਾਰਨ ਬਹੁਗੁਣਾ ਨੂੰ ਲੋਕਾਂ ਅਤੇ ਵਾਤਾਵਰਨ ਦੇ ਉਜਾੜੇ ਦਾ ਬਹੁਤ ਦੁੱਖ ਸੀ। ਇਸ ਡੈਮ ਦੀ ਭੇਂਟ ਉਨ੍ਹਾਂ ਦਾ ਜੱਦੀ ਘਰ ਵੀ ਚੜ੍ਹ ਗਿਆ ਸੀ ਅਤੇ ਉਨ੍ਹਾਂ ਨੂੰ ਪਿੰਡ ਛੱਡਕੇ ਜਾਣਾ ਪਿਆ।



ਗਾਂਧੀ ਜੀ ਦੇ ਪਦਚਿੰਨ੍ਹਾਂ ਉੱਤੇ ਚੱਲਦਿਆਂ ਸੁੰਦਰਲਾਲ ਬਹੁਗੁਣਾ ਨੇ ਉੱਤਰਾਖੰਡ ਦੇ ਨਾਲ ਨਾਲ ਹਿਮਾਲਿਆ ਖੇਤਰ ਦੇ ਲੋਕਾਂ ਨੂੰ ਪਿੰਡ ਪਿੰਡ ਜਾ ਕੇ ਇੱਥੋਂ ਦੇ ਵਾਤਾਵਰਨ ਨੂੰ ਬਚਾਉਣ ਲਈ ਲਾਮਬੰਦ ਕੀਤਾ। ਉਨ੍ਹਾਂ ਨੇ ਇਹ ਉਪਰਾਲਾ 1970 ਦੇ ਦਹਾਕੇ ਵਿਚ ਸ਼ੁਰੂ ਕੀਤਾ ਅਤੇ ਚਿਪਕੋ ਅੰਦੋਲਨ ਨੇ ਜ਼ੋਰ 1974 ਵਿਚ ਫੜਿਆ। ਇਹ ਉਹ ਸਮਾਂ ਸੀ ਜਦੋਂ ਦੁਨੀਆ ਦੇ ਵਿਕਸਤ ਦੇਸਾਂ ਨੇ ਵਾਤਾਵਰਨ ਮੁੱਦਿਆਂ ਬਾਰੇ ਅੰਤਰਰਾਸ਼ਟਰੀ ਪੱਧਰ ਉੱਤੇ ਗੱਲਬਾਤ ਕਰਨੀ ਹੀ ਸ਼ੁਰੂ ਕੀਤੀ ਸੀ। ਵਾਤਾਵਰਨ ਸੰਬੰਧੀ ਪਹਿਲੀ ਅੰਤਰਰਾਸ਼ਟਰੀ ਕਾਨਫਰੰਸ 1972 ਵਿਚ ਸਵੀਡਨ ਦੇ ਸਟਾਕਹੋਮ ਸ਼ਹਿਰ ਵਿਚ ਹੋਈ ਸੀ। ਉਸ ਤੋਂ ਪਹਿਲਾਂ ਹੀ ਸੁੰਦਰਲਾਲ ਬਹੁਗੁਣਾ ਨੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਹਿਮਾਲਿਆ ਖੇਤਰ ਦੇ ਲੋਕਾਂ ਨੂੰ ਜਾਗਰੂਕ ਕਰਨ ਦਾ ਵੱਡਾ ਉਪਰਾਲਾ ਸ਼ੁਰੂ ਕਰ ਦਿੱਤਾ ਸੀ। ਇਸ ਖੇਤਰ ਦੀਆਂ ਔਰਤਾਂ ਨੇ ਵੀ ਵਾਤਾਵਰਨ ਨੂੰ ਬਚਾਉਣ ਦੇ ਲਈ ਚਿਪਕੋ ਅੰਦੋਲਨ ਵਿਚ ਭਰਪੂਰ ਯੋਗਦਾਨ ਪਾਇਆ ਸੀ।

ਸੁੰਦਰਲਾਲ ਬਹੁਗੁਣਾ ਇਕ ਚੱਲਦੀ-ਫ਼ਿਰਦੀ ਸੰਸਥਾ ਸਨ। ਉਨ੍ਹਾਂ ਦਾ ਚਲਾਇਆ ਦਰਖ਼ਤਾਂ ਨੂੰ ਬਚਾਉਣ ਦਾ ਚਿਪਕੋ ਅੰਦੋਲਨ ਦੱਖਣੀ ਭਾਰਤ ਦੇ ਕਰਨਾਟਕ ਰਾਜ ਵਿਚ ਅਪੀਕੋ ਅੰਦੋਲਨ ਦੇ ਨਾਂ ਨਾਲ ਚੱਲਿਆ ਸੀ। ਸੁੰਦਰਲਾਲ ਬਹੁਗੁਣਾ ਐਡੀ ਮਹਾਨ ਸ਼ਖ਼ਸੀਅਤ ਦੇ ਮਾਲਕ ਸਨ ਕਿ 1981 ਵਿਚ ਇਨ੍ਹਾਂ ਨੇ ਪਦਮ ਸ੍ਰੀ ਪੁਰਸਕਾਰ ਲੈਣ ਤੋਂ ਇਸ ਲਈ ਨਾਂਹ ਕਰ ਦਿੱਤੀ ਸੀ ਕਿ ਹਿਮਾਲਿਆ ਖੇਤਰ ਵਿਚ ਵਿਕਾਸ ਦੇ ਨਾਂ ਉੱਤੇ ਜੰਗਲਾਂ ਦਾ ਅੰਧਾਧੁੰਦ ਉਜਾੜਾ ਹੋ ਰਿਹਾ ਸੀ। ਵਾਤਾਵਰਨ ਮੁੱਦਿਆਂ ਦੇ ਸੰਬੰਧ ਵਿਚ ਅੰਦੋਲਨ ਕਰਦਿਆਂ ਉਨ੍ਹਾਂ ਨੂੰ ਕਈ ਵਾਰੀ ਜੇਲ੍ਹ ਵੀ ਜਾਣਾ, ਪਰ ਉਨ੍ਹਾਂ ਨੇ ਕਦੇ ਹਾਰ ਨਹੀਂ ਮੰਨੀ ਸੀ। ਉਨ੍ਹਾਂ ਕਹਿਣਾ ਸੀ ਮੇਰੀ ਲੜਾਈ ਹਿਮਾਲਿਆ ਨੂੰ ਬਚਾਉਣ ਲਈ ਹੈ ਅਤੇ ਇਹ ਜਾਰੀ ਰਹੇਗੀ।

2013 ਦੀ ਉੱਤਰਾਖੰਡ ਤਰਾਸਦੀ ਉਨ੍ਹਾਂ ਦੇ ਚਿਪਕੋ ਅੰਦੋਲਨ ਸ਼ੁਰੂ ਕਰਨ ਤੋਂ 40 ਸਾਲ ਬਾਅਦ ਵਾਪਰੀ ਜਿਸ ਵਿਚ ਲੱਖਾਂ ਸਥਾਨਕ ਲੋਕ ਘਰੋਂ-ਬੇਘਰ ਹੋਏ ਅਤੇ ਦਰਜਨਾਂ ਪਿੰਡ ਪਹਾੜਾਂ ਦੇ ਸੰਤੁਲਨ ਵਿਗੜਨ ਕਾਰਨ ਆਪਣੇ ਥਾਵਾਂ ਤੋਂ ਖਿਸਕ ਗਏ ਸਨ। ਵਾਤਾਵਰਨ ਦੀ ਕੀਮਤ ਉੱਤੇ ਕੀਤਾ ਸਰਕਾਰ ਦੁਆਰਾ ਆਰਥਿਕ ਵਿਕਾਸ ਉੱਤਰਾਖੰਡ ਦੇ ਲੋਕਾਂ ਨੂੰ ਬਹੁਤ ਮਹਿੰਗਾ ਪਿਆ। ਬਹੁਗੁਣਾ ਨੇ ਡੈਮਾਂ ਦੀ ਉਸਾਰੀ ਅਤੇ ਦਰਖ਼ਤਾਂ ਦੀ ਕਟਾਈ ਦੇ ਨਾਲ ਨਾਲ ਸੜਕਾਂ ਦੇ ਬੇਸ਼ੁਮਾਰ ਵਾਧੇ ਦਾ ਵਿਰੋਧ ਕੀਤਾ ਸੀ। 2000 ਵਿਚ ਉੱਤਰਾਖੰਡ ਦੇ ਨਵੇਂ ਰਾਜ ਬਨਣ ਤੋਂ ਬਾਅਦ ਇਸ ਨੂੰ ਸੈਰਗਾਹ ਦੇ ਤੌਰ ਉੱਤੇ ਉਭਾਰਨ ਲਈ ਇੱਥੇ ਸੜਕਾਂ ਦਾ ਜਾਲ ਵਿਛਾ ਦਿੱਤਾ ਹੈ। ਸੜਕਾਂ ਦੀ ਲੰਬਾਈ ਜਿਹੜੀ 2000 ਵਿਚ ਸਿਰਫ਼ 2000 ਕਿਲੋਮੀਟਰ ਸੀ, ਉਹ 2013 ਵਿਚ ਵਧ ਕੇ 24,000 ਕਿਲੋਮੀਟਰ ਹੋ ਗਈ ਸੀ। ਸੜਕਾਂ ਬਨਾਉਣ ਲਈ ਸਰਕਾਰ ਨੇ ਨਾ ਤਾਂ ਭੂ-ਵਿਗਿਆਨੀਆਂ ਦੀ ਮਦਦ ਲਈ ਅਤੇ ਨਾ ਹੀ ਵਾਤਾਵਰਨ ਨਿਯਮਾਂ ਦੀ ਪਾਲਣਾ ਕੀਤੀ। ਸਥਾਨਕ ਲੋਕਾਂ ਅਤੇ ਵਾਤਾਵਰਨ ਕਾਰਕੁਨਾਂ ਦੀ ਰਾਇ ਲੈਣ ਨੂੰ ਸਰਕਾਰ ਨੇ ਅਣਗੋਲਿਆ ਕੀਤਾ, ਜਦੋਂਕਿ ਸਥਾਨਕ ਲੋਕ ਅਤੇ ਵਾਤਾਵਰਨ ਕਾਰਕੁਨ ਹਰ ਵਿਕਾਸ ਕਾਰਜ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਰਕਾਰ ਨੂੰ ਇੱਥੋਂ ਦੇ ਵਾਤਾਵਰਨ ਦੀ ਸੰਵੇਦਨਸ਼ੀਲਤਾ ਬਾਰੇ ਵੇਰਵੇ ਨਾਲ ਦੱਸਦੇ ਸਨ। ਜੇਕਰ ਸੁੰਦਰਲਾਲ ਬਹੁਗੁਣਾ ਵਰਗੇ ਦਿਓ-ਕੱਦ ਵਾਤਾਵਰਨ ਕਾਰਕੁਨ ਦੀ ਗੱਲ ਮੰਨੀ ਹੁੰਦੀ ਤਾਂ ਉੱਤਰਾਖੰਡ ਵਿਚ 2013 ਦਾ ਹਾਦਸਾ ਨਾ ਵਾਪਰਿਆ ਹੁੰਦਾ।

ਫਰਵਰੀ 2021 ਵਿਚ ਵੀ ਚਮੋਲੀ ਵਿਚ ਪਹਾੜ ਖਿਸਕਣ ਨਾਲ ਭਿਆਨਕ ਹਾਦਸਾ ਵਾਪਰਨ ਨਾਲ ਲਗਭਗ ਸੌ ਵਿਅਕਤੀਆਂ ਦੀ ਮੌਤ ਹੋ ਗਈ। ਚਮੋਲੀ ਹਾਦਸਾ ਉਸੇ ਪਣ-ਬਿਜਲੀ ਪ੍ਰੋਜੈਕਟ ਉੱਤੇ ਵਾਪਰਿਆ ਜਿਸ ਨੂੰ ਬਣਾਉਣ ਤੋਂ ਪਹਿਲਾਂ ਦਰਖ਼ਤ ਕੱਟਣ ਤੋਂ ਰੋਕਣ ਲਈ ਚਿਪਕੋ ਅੰਦੋਲਨ ਸ਼ੁਰੂ ਹੋਇਆ ਸੀ। ਉੱਤਰਾਖੰਡ ਰਾਜ ਦਾ ਪਹਾੜੀ ਖੇਤਰ ਬਹੁਤ ਹੀ ਸੰਵੇਦਨਸ਼ੀਲ ਹੈ ਜਿਸ ਕਰਕੇ ਇਹ ਖੇਤਰ ਵਾਰ ਵਾਰ ਕੁਦਰਤੀ ਆਫ਼ਤਾਂ ਦੀ ਲਪੇਟ ਵਿਚ ਆ ਜਾਂਦਾ ਹੈ।

ਭੂਚਾਲ ਆਉਣਾ, ਬੱਦਲ ਫਟਣਾ, ਪਹਾੜਾਂ ਦਾ ਖਿਸਕਣਾ ਅਤੇ ਜੰਗਲਾਂ ਨੂੰ ਅੱਗ ਲੱਗਣਾ ਆਦਿ ਪ੍ਰਕਿਰਿਆਵਾਂ ਭਾਵੇਂ ਕੁਦਰਤੀ ਆਫ਼ਤਾਂ ਹਨ, ਪਰ ਇਨ੍ਹਾਂ ਦੀ ਗਿਣਤੀ ਅਤੇ ਨੁਕਸਾਨ ਵਿਚ ਵਾਧਾ ਮਨੁੱਖੀ ਗਤੀਵਿਧੀਆਂ ਕਾਰਨ ਹੀ ਹੋ ਰਿਹਾ ਹੈ। ਫਰਵਰੀ 2021 ਵਿਚ ਹੋਏ ਚਮੋਲੀ ਹਾਦਸੇ ਤੋਂ ਦੋ ਮਹੀਨੇ ਬਾਅਦ ਅਪ੍ਰੈਲ ਵਿਚ ਉੱਤਰਾਖੰਡ ਦੇ ਜੰਗਲਾਂ ਨੂੰ ਅੱਗ ਲੱਗ ਗਈ ਜਿਸ ਨੇ ਫਿਰ ਇੱਥੋਂ ਦੇ ਵਾਤਾਵਰਨ ਅਤੇ ਲੋਕਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ। ਸੰਨ 2000 ਵਿਚ ਉੱਤਰਾਖੰਡ ਰਾਜ ਦੇ ਬਨਣ ਤੋਂ ਬਾਅਦ 2021 ਤੱਕ ਇੱਥੋਂ ਦਾ ਲਗਭਗ 48000 ਹੈਕਟੇਅਰ ਜੰਗਲੀ ਰਕਬਾ ਅੱਗ ਨਾਲ ਪ੍ਰਭਾਵਿਤ ਹੋ ਚੁੱਕਿਆ ਹੈ। ਉੱਤਰਾਖੰਡ ਦੇ ਲੋਕ ਇੱਥੋਂ ਦੇ ਵਾਤਾਵਰਨ ਦੀ ਸੰਵੇਦਨਸ਼ੀਲਤਾ ਬਾਰੇ ਜਾਣੂ ਸਨ ਜਿਸ ਕਰਕੇ ਉਹ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਹੀ ਬ੍ਰਿਟਿਸ਼ ਰਾਜ ਵੇਲੇ ਤੋਂ ਹੀ ਵਾਤਾਵਰਨ ਦੇ ਮੁਦਿਆਂ ਨਾਲ ਜੁੜੇ ਹੋਏ ਸਨ। ਸਥਾਨਕ ਦਰਖ਼ਤਾਂ ਦੀ ਜ਼ਿਆਦਾ ਕਟਾਈ ਤੋਂ ਬਾਅਦ ਜਦੋਂ ਬ੍ਰਿਟਿਸ਼ ਸਰਕਾਰ ਨੇ ਇਸ ਖੇਤਰ ਵਿਚ ਚੀਲ ਦੇ ਦਰਖ਼ਤ ਲਗਾਉਣੇ ਸ਼ੁਰੂ ਕੀਤੇ ਸਨ ਤਾਂ ਵੀ ਸਥਾਨਕ ਲੋਕਾਂ ਨੇ ਬਹੁਤ ਵਿਰੋਧ ਕੀਤਾ ਸੀ ਕਿਉਂਕਿ ਉਨ੍ਹਾਂ ਨੇ ਵਾਤਾਵਰਨ ਬਾਰੇ ਆਪਣੇ ਡੂੰਘੇ ਅਨੁਭਵ ਤੋਂ ਇਹ ਸਿੱਟਾ ਕੱਢ ਲਿਆ ਸੀ ਕਿ ਜਿੱਥੇ ਇਹ ਚੀਲ ਦੇ ਦਰਖ਼ਤ ਲੱਗੇ ਹਨ, ਉੱਥੇ ਜੰਗਲੀ ਅੱਗ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ।

ਅਫ਼ਸੋਸ ਦੀ ਗੱਲ ਹੈ ਇਹ ਸਾਡੀ ਕੇਂਦਰ ਅਤੇ ਉੱਤਰਾਖੰਡ ਦੀ ਰਾਜ ਸਰਕਾਰਾਂ ਨੇ ਸੁੰਦਰਲਾਲ ਬਹੁਗੁਣਾ ਵਰਗੇ ਵਾਤਾਵਰਨ ਪ੍ਰਤਿ ਸੰਵੇਦਨਸ਼ੀਲ ਇਨਸਾਨ ਦੇ ਅਨੁਭਵ ਦਾ ਕੋਈ ਫ਼ਾਇਦਾ ਨਹੀਂ ਉਠਾਇਆ। ਭਾਰਤ ਸਰਕਾਰ ਨੇ ਵੱਖ ਵੱਖ ਸਮਿਆਂ ਉੱਤੇ ਸੁੰਦਰਲਾਲ ਬਹੁਗੁਣਾ ਨੂੰ ਕਈ ਤਰ੍ਹਾਂ ਦੇ ਇਨਾਮਾਂ ਨਾਲ ਸਨਮਾਨਿਤ ਕੀਤਾ। ਭਾਰਤ ਸਰਕਾਰ ਨੇ 2009 ਵਿਚ ਉਨ੍ਹਾਂ ਨੂੰ ਪਦਮ ਵਿਭੂਸ਼ਣ ਪੁਰਸਕਾਰ ਨਾਲ ਸਨਮਾਨਿਤ ਕੀਤਾ ਸੀ, ਪਰ ਉਨ੍ਹਾਂ ਲਈ ਅਸਲੀ ਪੁਰਸਕਾਰ ਤਾਂ ਉੱਤਰਾਖੰਡ ਦੇ ਵਾਤਾਵਰਨ ਅਤੇ ਉਨ੍ਹਾਂ ਦੇ ਲੋਕਾਂ ਨੂੰ ਬਚਾਉਣ ਦਾ ਸੀ।

ਸੁੰਦਰਲਾਲ ਬਹੁਗੁਣਾ ਨੇ 2018 ਵਿਚ ਵੀ ਟਾਈਮਜ਼ ਆਫ਼ ਇੰਡੀਆ ਅਖ਼ਬਾਰ ਨੂੰ ਦਿੱਤੀ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਨਵੀਂ ਚਾਰ ਧਾਮ ਸੜਕ ਅਤੇ ਪੰਚੇਸ਼ਵਰ ਡੈਮ, ਉੱਤਰਾਖੰਡ ਰਾਜ ਨੂੰ ਹੋਰ ਤਬਾਹ ਕਰ ਦੇਣਗੇ ਕਿਉਂਕਿ ਇਨ੍ਹਾਂ ਦੇ ਬਣਾਉਣ ਲਈ ਲੱਖਾਂ ਦਰਖ਼ਤ ਅਤੇ ਮੀਲਾਂ ਲੰਬੇ ਪਹਾੜ ਕੱਟੇ ਜਾਣਗੇ। ਸਰਕਾਰਾਂ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੀ ਵਾਤਾਵਰਨ ਜ਼ਿਆਦਤੀ ਨਾਲ ਪਹਿਲਾਂ ਤੋਂ ਸੰਵੇਦਨਸ਼ੀਲ ਪਹਾੜੀ ਖੇਤਰ ਹੋਰ ਕੁਦਰਤੀ ਆਫ਼ਤਾਂ ਦੇ ਸਨਮੁੱਖ ਹੋ ਜਾਵੇਗਾ। ਸੁੰਦਰਲਾਲ ਬਹੁਗੁਣਾ ਇਕ ਦੂਰਅੰਦੇਸ਼ੀ ਸੂਝਬੂਝ ਦਾ ਮਾਲਕ ਸੀ, ਸਰਕਾਰਾਂ ਨੂੰ ਉਸ ਤੋਂ ਸੇਧ ਲੈਣੀ ਚਾਹੀਦੀ ਹੈ। ਜੇਕਰ ਉੱਤਰਾਖੰਡ ਸਰਕਾਰ ਅਤੇ ਕੇਂਦਰ ਸਰਕਾਰ ਸੁੰਦਰਲਾਲ ਬਹੁਗੁਣਾ ਵਰਗੀ ਮਹਾਨ ਸ਼ਖ਼ਸੀਅਤ ਨੂੰ ਸੱਚੀ ਸ਼ਰਧਾਜਲੀ ਦੇਣਾ ਚਾਹੁੰਦੀਆਂ ਹਨ ਤਾਂ ਉਨ੍ਹਾਂ ਦੇ ਸੁਝਾਏ ਰਸਤੇ ਉੱਤੇ ਚੱਲਕੇ ਇਕੱਲੇ ਉੱਤਰਾਖੰਡ ਜਾਂ ਹਿਮਾਲਿਆ ਦੇ ਵਾਤਾਵਰਨ ਨੂੰ ਹੀ ਨਹੀਂ, ਸਗੋਂ ਸਮੁੱਚੇ ਦੇਸ ਨੂੰ ਵਧਦੀਆਂ ਕੁਦਰਤੀ ਆਫ਼ਤਾਂ ਤੋਂ ਮਾਰ ਤੋਂ ਬਚਾਉਣ ਦੇ ਉਪਰਾਲੇ ਸ਼ੁਰੂ ਕਰਨ।

# ਸਿੱਖਿਆ ਸੰਸਥਾ ਦਾ ਵਿਦਿਆਰਥੀ ਦੇ ਜੀਵਨ ਵਿੱਚ ਅਹਿਮ ਯੋਗਦਾਨ



ਜੋਤੀ ਸ਼ਰਮਾ (ਮੈਥ ਮਿਸਟ੍ਰੈਸ)
ਸ.ਸ.ਸ.ਸ. ਕਕਰਾਲਾ ਵਾਇਆ ਨਾਭਾ
ਪਟਿਆਲਾ

ਜੇਕਰ ਸਿਖਿੱਆ ਸੰਸਥਾ ਵਿੱਚ ਬਿਤਾਏ ਗਏ ਵਰ੍ਹਿਆਂ ਤੇ ਝਾਤ ਪਾਈ ਜਾਵੇ ਤਾਂ ਸਿਖਿੱਆ ਸੰਸਥਾ ਵਿਦਿਆਰਥੀ ਦੇ ਜੀਵਨ ਵਿੱਚ ਬਹੁਤ ਅਹਿਮ ਰੋਲ ਰਖੱਦੀ ਹੈ। ਸਿਖਿੱਆ ਸੰਸਥਾ ਦੇ ਅੰਦਰ ਰਹਿੰਦਿਆਂ ਵਿਦਿਆਰਥੀ ਕਈ ਤਰ੍ਹਾਂ ਦੇ ਅਨੁਭਵਾਂ ਵਿੱਚੋ ਗੁਜ਼ਰਦਾ ਹੈ, ਜਿਵੇਂ ਕਿ ਉਹ ਜਮਾਤ ਅਧਿਐਨ ਦਾ ਅਨੁਭਵ ਲੈਂਦਾ ਹੈ।

ਸਫਲਤਾਵਾਂ, ਅਧਿਆਪਕਾਂ, ਵਿਦਿਆਰਥੀ-ਸਾਥੀਆਂ ਅਤੇ ਸੰਸਥਾ ਮੁਖੀ ਜਾਂ ਸਕੂਲ ਪ੍ਰਿੰਸੀਪਲ ਨਾਲ ਉਸਦਾ ਰਾਬਤਾ ਕਾਇਮ ਹੁੰਦਾ ਹੈ, ਜੋ ਉਸਦੇ ਜੀਵਨ ਉੱਤੇ ਗਹਿਰਾ ਅਸਰ ਪਾਉਂਦਾ ਹੈ। ਸਿਖਿੱਆ ਸੰਸਥਾ ਦਾ ਵਾਤਾਵਰਣ, ਵਿਦਿਆਰਥੀਆਂ ਦੇ ਵਿਅਕਤੀਗਤ ਅਤੇ ਸਮਾਜਿਕ ਗੁਣਾਂ ਨੂੰ ਤਾਂ ਵਿਕਸਿਤ ਕਰਦਾ ਹੀ ਹੈ, ਉਥੇ ਹੀ ਉਹਨਾਂ ਦੇ ਜੀਵਨ ਦੇ ਬਾਕੀ ਪਹਿਲੂਆਂ ਅਤੇ ਸਿਖੱਣ ਪ੍ਰਕ੍ਰਿਆ ਨੂੰ ਵੀ ਪ੍ਰਭਾਵਿਤ ਕਰਦਾ ਹੈ। ਸਿੱਖਿਆ ਸੰਸਥਾ ਵਿੱਚ ਹੀ ਵਿਦਿਆਰਥੀ ਆਪਣੀਆਂ ਭਾਵਨਾਵਾਂ ਜਿਵੇਂ ਕਿ ਖੁਸ਼ੀ, ਦੁੱਖ ਅਤੇ ਉਹਨਾਂ ਦਾ ਹਰੇਕ ਜਾਤੀ ਪ੍ਰਤੀ ਮੇਲ-ਜੋਲ ਬਾਰੇ ਸੋਚ ਵਿਕਸਤ ਕਰਦਾ ਹੈ। ਅਧਿਆਪਕ ਨੂੰ ਚਾਹੀਦਾ ਹੈ, ਕਿ ਉਹ ਜਮਾਤ ਵਿੱਚ ਇੱਕ ਅਜਿਹਾ ਮਾਹੌਲ ਸਿਰਜੇ, ਜਿਸ ਵਿੱਚ ਹਰੇਕ ਵਿਦਿਆਰਥੀ ਭਾਵਨਾਤਮਕ ਰੂਪ ਨਾਲ ਖੁਦ ਨੂੰ ਸੁਰੱਖਿਅਤ ਸਮਝੇ ਅਤੇ ਆਪਣੇ ਵਿਚਾਰਾਂ ਨੂੰ ਅਧਿਆਪਕ ਅੱਗੇ ਪੇਸ਼ ਕਰ ਸਕੇ।

ਅਧਿਆਪਕ, ਸੰਸਥਾ ਵਿੱਚ ਸਕਰਾਤਮਕ ਸਿੱਖਣ ਮਾਹੌਲ ਮੁੱਹਈਆ ਕਰਵਾਉਂਦੇ ਹਨ। ਅਧਿਆਪਕ ਆਪਣੀ ਚੰਗੀ ਗੱਲਬਾਤ ਦੇ ਤਰੀਕੇ ਨਾਲ ਵਿਦਿਆਰਥੀਆਂ ਦੇ ਜੀਵਨ ਵਿੱਚ ਇੱਕ ਚੰਗਾ ਯੋਗਦਾਨ ਪ੍ਰਦਾਨ ਕਰਦੇ ਹਨ, ਸੋ ਸਿੱਖਿਆ ਸੰਸਥਾ ਦਾ ਵਿਦਿਆਰਥੀ ਦੇ ਜੀਵਨ ਵਿੱਚ ਅਹਿਮ ਯੋਗਦਾਨ ਹੈ।

# ਵਧਦੀ ਉਮਰ ਦਾ ਔਰਤਾਂ ’ਤੇ ਅਸਰ

ਉਮਰ ਵੱਧਣ ਦੇ ਨਾਲ-ਨਾਲ ਔਰਤਾਂ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਰਮੋਨਲ ਦਾ ਉਤਾਰ-ਚੜਾਅ ਵੀ ਇਕ ਅਜਿਹੀ ਬਿਮਾਰੀ ਹੈ ਜੋ ਮਿਡਲ ਉਮਰ ਦੀਆਂ ਔਰਤਾਂ ’ਚ ਜ਼ਿਆਦਾ ਦੇਖਣ ਨੂੰ ਮਿਲ ਰਹੀ ਹੈ। ਇੰਡੋਕ੍ਰਾਈਨ ਗਲੈਂਡ ਦੇ ਸੁਚਾਰੂ ਰੂਪ ਨਾਲ ਕੰਮ ਨਾ ਕਰਨ ਕਾਰਨ ਹਾਰਮੋਨ ’ਚ ਇਹ ਉਤਾਰ-ਚੜਾਅ ਆਉਂਦਾ ਹੈ। ਹਾਰਮੋਨ ’ਚ ਉਤਾਰ-ਚੜਾਅ ਆਉਣ ਦਾ ਸਭ ਤੋਂ ਵੱਡਾ ਕਾਰਨ ਹੈ ਕਿ ਔਰਤਾਂ ਵੱਧ ਸਮੇਂ ਤਕ ਬੈਠੀਆਂ ਰਹਿੰਦੀਆਂ ਹਨ, ਐਕਸਰਸਾਈਜ ਨਹੀਂ ਕਰਦੀਆਂ, ਉਨ੍ਹਾਂ ਦਾ ਖਾਣ-ਪੀਣ ਸਭ ਤੋਂ ਵੱਡਾ ਜ਼ਿੰਮੇਵਾਰ ਹੈ। ਤੁਸੀਂ ਜਾਣਦੇ ਹੋ ਕਿ ਹਾਰਮੋਨਲ ਅਸੰਤੁਲਨ ਪੀਸੀਓਡੀ, ਥਾਈਰਾਈਡ ਦੀ ਸਮੱਸਿਆ ਅਤੇ ਬਾਂਝਪਣ ਦਾ ਕਾਰਨ ਬਣਦਾ ਹੈ। ਆਓ ਜਾਣਦੇ ਹਾਂ ਕਿ ਮਿਡਲ ਉਮਰ ’ਚ ਹਾਰਮੋਨ ਅਸੰਤੁਲਨ ਦਾ ਕਾਰਨ ਕੀ ਹੈ ਅਤੇ ਉਸਦਾ ਇਲਾਜ ਕਿਵੇਂ ਕਰੀਏ।

### 20-50 ਸਾਲ ਦੀਆਂ ਔਰਤਾਂ ’ਚ ਹਾਰਮੋਨ ’ਚ ਬਦਲਾਅ ਦਾ ਕਾਰਨ

20 ਤੋਂ 50 ਸਾਲ ਦੀ ਉਮਰ ਤਕ ਔਰਤਾਂ ਦਾ ਭਾਰ ਵੱਧ ਜਾਂਦਾ ਹੈ। ਉਨ੍ਹਾਂ ਦਾ ਲਾਈਫਸਟਾਈਲ ਗਤੀਹੀਨ ਹੁੰਦਾ ਹੈ ਅਤੇ ਨਾਲ ਹੀ ਮਾਨਸਿਕ ਤਣਾਅ ਵੀ ਵੱਧ ਜਾਂਦਾ ਹੈ, ਜਿਸ ਕਾਰਨ ਹਾਰਮੋਨ ’ਚ ਉਤਾਰ-ਚੜਾਅ ਆਉਂਦਾ ਹੈ।

### ਹਾਰਮੋਨ ’ਚ ਉਤਾਰ-ਚੜਾਅ ਦੇ ਲੱਛਣ

ਇਸ ਉਮਰ ’ਚ ਔਰਤਾਂ ’ਚ ਇਹ ਲੱਛਣ ਕਈ ਤਰ੍ਹਾਂ ਨਾਲ ਦਿਖਾਈ ਦਿੰਦੇ ਹਨ, ਜਿਵੇਂ ਮੂਡ ਸਵਿੰਗਸ, ਖ਼ਰਾਬ ਨੀਂਦ, ਯੌਨ ਇੱਛਾ ’ਚ ਕਮੀ ਹੋਣਾ, ਭਾਰ ਵੱਧਣਾ, ਚਿੰਤਾ, ਥਕਾਨ, ਅਨਿਯਮਿਤ ਪੀਰੀਅਡਸ, ਪੀਰੀਅਡ ਦੇਰੀ ਨਾਲ ਆਉਣੇ, ਚਿਹਰੇ ’ਤੇ ਵਾਲ ਆਉਣੇ, ਮੁਹਾਸੇ, ਥਕਾਨ ਅਤੇ ਚਿੰਤਾ ਹੋਣਾ ਸ਼ਾਮਿਲ ਹੈ। ਤੁਹਾਨੂੰ ਦੱਸ ਦੇਈਏ ਕਿ ਹਾਰਮੋਨ ਅਸੰਤੁਲਨ ਵੀ ਅਤੇ ਬਾਂਝਪਣ ਦਾ ਕਾਰਨ ਬਣ ਸਕਦਾ ਹੈ।

### ਬਚਾਅ ਦੇ ਉਪਾਅ

ਥਾਈਰਾਈਡ, ਐਸਟ੍ਰੋਜਨ, ਪ੍ਰੋਲੈਕਟਿਨ, ਟੈਸਟੋਸਟੇਰੋਨ, ਕੋਰਟੀਸੋਲ ਦਾ ਪੱਧਰ ਜਾਣਨ ਲਈ ਜ਼ਰੂਰ ਕਰਵਾਓ। ਔਰਤਾਂ ’ਚ ਅਨੀਮਿਆ ਜਾਂ ਆਇਰਨ ਦੀ ਕਮੀ ਬੇਹੱਦ ਪਾਈ ਜਾਂਦੀ ਹੈ ਇਸਦੀ ਕਮੀ ਦਾ ਪਤਾ ਲਗਾਉਣ ਲਈ ਜ਼ਰੂਰ ਕਰਵਾਓ। ਇਸਦੇ ਨਾਲ ਹੀ ਕੋਲੈਸਟ੍ਰੋਲ, ਗੁਲੂਕੋਜ਼ ਦਾ ਲੈਵਲ ਅਤੇ ਲੀਵਰ ਦੀ ਜਾਂਚ ਕਰਵਾਉਣਾ ਵੀ ਜ਼ਰੂਰੀ ਹੈ।

ਬ੍ਰੈਸਟ ਅਤੇ ਯੂਟਰਸ ਦੇ ਕੈਂਸਰ ਦੀ ਨਿਯਮਿਤ ਜਾਂਚ ਜ਼ਰੂਰੀ ਹੈ। ਔਰਤਾਂ ਨੂੰ 20 ਸਾਲ ਦੀ ਉਮਰ ਤੋਂ ਹੀ ਪੈਪਸਮਿਅਰ ਟੈਸਟ ਕਰਵਾ ਲੈਣਾ ਚਾਹੀਦਾ ਹੈ। 65 ਸਾਲ ਦੀ ਉਮਰ ਤਕ ਹਰ ਤਿੰਨ ਸਾਲ ਬਾਅਦ ਪੈਪਸਮਿਅਰ ਟੈਸਟ ਜ਼ਰੂਰ ਕਰਵਾਓ। ਬ੍ਰੈਸਟ ’ਚ ਕਿਸੀ ਵੀ ਤਰ੍ਹਾਂ ਦੀ ਅਸਮਾਨਤਾ ਦਿਖਣ ਤੋਂ ਪਹਿਲਾਂ ਖ਼ੁਦ ਜਾਂਚ ਕਰੋ ਫਿਰ ਡਾਕਟਰ ਨੂੰ ਦਿਖਾਓ।

### ਡਾਈਟ ’ਚ ਇਨ੍ਹਾਂ ਚੀਜ਼ਾਂ ਨੂੰ ਕਰੋ ਸ਼ਾਮਿਲ

* ਚਾਹ, ਕੌਫੀ, ਚਾਕਲੇਟ, ਕੋਲਡ ਡਰਿੰਕਸ ਆਦਿ ਦੇ ਵੱਧ ਸੇਵਨ ਨਾਲ ਔਰਤਾਂ ਦੀ ਐਡ੍ਰੇਨਲ ਗ੍ਰੰਥੀ ਜ਼ਿਆਦਾ ਸਰਗਰਮ ਹੋ ਜਾਂਦੀ ਹੈ, ਜਿਸ ਨਾਲ ਹਾਰਮੋਨਸ ਦਾ ਡਿਸਚਾਰਜ ਵੱਧਣ ਲੱਗਦਾ ਹੈ।
* ਪੋਸ਼ਕ ਆਹਾਰ ਲਓ ਤਾਂਕਿ ਸਰੀਰ ਨੂੰ ਵਿਟਾਮਿਨਜ਼, ਮਿਨਰਲਜ਼, ਪ੍ਰੋਟੀਨ ਆਦਿ ਮਿਲਦੇ ਰਹਿਣ।
* ਆਹਾਰ ’ਚ ਤਾਜ਼ੇ ਫ਼ਲਾਂ ਤੇ ਸਬਜ਼ੀਆਂ ਜਿਵੇਂ ਗਾਜਰ, ਬ੍ਰੋਕੋਲੀ ਅਤੇ ਪੱਤਾਗੋਭੀ ਦੀ ਮਾਤਰਾ ਵਧਾ ਦਿਓ।
* ਗ੍ਰੀਨ ਟੀ ’ਚ ਥਿਯਾਨਾਈਨ ਕੁਦਰਤੀ ਤੱਤ ਪਾਇਆ ਜਾਂਦਾ ਹੈ, ਜੋ ਹਾਰਮੋਨਜ਼ ਨੂੰ ਸੰਤੁਲਿਤ ਰੱਖਦਾ ਹੈ।
* ਓਟਸ ਅਤੇ ਦਹੀ ਨੂੰ ਆਹਾਰ ’ਚ ਸ਼ਾਮਿਲ ਕਰੋ।

ਸਰੀਰ ’ਚ ਪਾਣੀ ਦੀ ਕਮੀ ਨਾ ਹੋਣ ਦਿਓ।
* ਸੂਰਜਮੁਖੀ ਦੇ ਬੀਜ, ਅੰਡੇ, ਸੁੱਕੇ ਮੇਵੇ ਅਤੇ ਚਿਕਨ ’ਚ ਓਮੇਗਾ 3 ਤੇ 6 ਪਾਇਆ ਜਾਂਦਾ ਹੈ, ਜੋ ਹਾਰਮੋਨਜ਼ ’ਚ ਸੰਤੁਲਨ ਬਣਾਏ ਰੱਖਦੇ ਹਨ।

ਨਾਰੀਅਲ ਪਾਣੀ ਪੀਓ।
* ਜੰਕ ਫੂਡ ਤੇ ਕੁਝ ਹੋਰ ਖ਼ਾਦ ਪਦਾਰਥ, ਜਿਸ ’ਚ ਕੈਲਰੀ ਦੀ ਮਾਤਰਾ ਵੱਧ ਹੋਵੇ, ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

## ਇਸਤਰੀ-ਮੁਕਤੀ ਅੰਦੋਲਨ

# ਆਜ਼ਾਦੀ ਬਾਦ ਭਾਰਤ ਅੰਦਰ ਜਨਵਾਦੀ ਇਸਤਰੀ ਜੱਥੇਬੰਦੀਆਂ ਅਤੇ ਜਨਤਕ ਅੰਦੋਲਨਾਂ ਦੀ ਸ਼ੁਰੂਆਤ



ਰਾਜਿੰਦਰ ਕੌਰ ਚੋਹਕਾ
91-98725-44738

ਇਹ ਕੁਦਰਤੀ ਸੀ, 'ਕਿ ਆਜ਼ਾਦੀ ਦੇ ਬਾਦ ਉਹ ਇਸਤਰੀ ਜੱਥੇਬੰਦੀਆਂ ਜੋ ਕਾਂਗਰਸ ਨੇ ਜੱਥੇਬੰਦ ਕੀਤੀਆਂ ਸਨ ਜਾਂ ਉਨ੍ਹਾਂ ਦੀ ਨੇਤ੍ਰਤਾ ਕਾਂਗਰਸ ਪਾਰਟੀ ਨਾਲ ਸੀ, 'ਜਿਵੇਂ ਕੁਲ ਹਿੰਦ ਇਸਤਰੀ ਕਾਨਫਰੰਸ ਅਤੇ ਹੋਰ ਉਚ ਘਰਾਣਿਆਂ ਦੀਆਂ ਇਸਤਰੀਆਂ ਵੱਲੋਂ ਗਠਤ ਕੀਤੀਆਂ ਜੱਥੇਬੰਦੀਆਂ ਜਿਨ੍ਹਾਂ 'ਵੱਲੋਂ ਕਾਂਗਰਸ ਪਾਰਟੀ ਅਤੇ ਕਾਂਗਰਸ ਸਰਕਾਰਾਂ ਦਾ ਸਾਥ ਦਿੱਤਾ। ਇਹ ਵੀ ਉਨ੍ਹਾਂ ਦੇ ਜਮਾਤੀ-ਖਾਸੇ ਕਾਰਨ ਹੀ ਸੀ, 'ਕਿਉਂਕਿ ਉਹੀ ਜਮਾਤ ਜੋ ਬੁਰਜੁਆਂ-ਲੈਂਡਲਾਰਡ ਸਨ, ਇਨ੍ਹਾਂ ਸਰਕਾਰਾਂ ਤੇ ਵੀ ਕਾਬਜ਼ ਸਨ। ਜਿਸ ਦੀਆਂ ਇਹ ਜੱਥੇਬੰਦੀਆ ਨੁਮਾਇੰਦਗੀ ਕਰਦੀਆਂ ਸਨ। ਅੰਤ ਵਿੱਚ ਇਨ੍ਹਾਂ ਇਸਤਰੀ ਜੱਥੇਬੰਦੀਆਂ ਦੀ ਸਰਗਰਮੀ ਕੇਵਲ ਠੋਸ ਸਮਾਜਕ ਕੰਮਾਂ, ਜਾਂ ਇਸਤਰੀਆਂ ਦੇ ਕੁਝ ਕੁ ਹੱਕਾਂ ਨਾਲ ਸਬੰਧਤ ਸੀ, ਲਈ ਐਜੀਟੇਸ਼ਨ ਅਤੇ ਮੁਹਿੰਮ ਤੱਕ ਹੀ ਸੀਮਿਤ ਹੋ ਕੇ ਰਹਿ ਗਈ। ਸਗੋਂ ਇਨ੍ਹਾਂ ਜੱਥੇਬੰਦੀਆਂ ਨੇ ਆਪਣੀ ਹਮਾਇਤ ਕਾਂਗਰਸ-ਸਰਕਾਰਾਂ ਨੂੰ ਜਾਰੀ ਰੱਖੀ। ਪਰ ਦੂਸਰੇ ਪੱਖ ਅੰਦਰ, 'ਉਹ ਜੱਥੇਬੰਦੀਆਂ ਜਿਹੜੀਆਂ ਜਨਤਕ ਅਧਾਰਿਤ ਜਮਹੂਰੀ ਹੋਂਦ ਵਾਲੀਆਂ, ਜਿਵੇਂ "ਮਾਰਸ" ਅਤੇ ਹੋਰ ਰਾਜਾਂ ਅੰਦਰ ਸਨ, 'ਉਨ੍ਹਾਂ ਨੇ ਦੂਸਰੀਆਂ ਜਮਹੂਰੀ ਜਨਤਕ ਜੱਥੇਬੰਦੀਆਂ ਨਾਲ ਮਿਲ ਕੇ ਕਾਂਗਰਸ ਸਰਕਾਰ ਦੇ ਵਿਰੁੱਧ ਘੋਲ ਜਾਰੀ ਰੱਖੇ।

ਇਹ ਵੀ ਇਕ ਮਾਣ ਵਾਲੀ ਗੱਲ ਹੈ, 'ਕਿ 1950 ਤੋਂ ਹੀ ਜਮਹੂਰੀ ਲਹਿਰਾਂ ਵਾਲੀਆਂ ਇਸਤਰੀ ਜੱਥੇਬੰਦੀਆਂ ਦੇ ਕੌਮਾਂਤਰੀ ਜੱਥੇਬੰਦੀਆਂ ਨਾਲ ਵੀ ਰਿਸ਼ਤੇ ਜੁੜ ਚੁੱਕੇ ਸਨ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਇਸਤਰੀ ਡੈਲੀਗੇਟਾਂ ਨੇ ਭਾਰਤ ਵੱਲੋਂ, 'ਸੋਵੀਅਤ ਯੂਨੀਅਨ, ਲੋਕ ਚੀਨ, ਯੂਰਪ ਅਤੇ ਏਸ਼ੀਆਈ ਦੇਸ਼ਾਂ ਦੇ ਦੌਰੇ ਕੀਤੇ। ਇਸੇ ਤਰ੍ਹਾਂ ਭਾਰਤ ਦੀਆਂ ਇਸਤਰੀ ਡੈਲੀਗੇਟਾਂ ਨੇ ਕਈ ਸੰਸਾਰ ਅਮਨ ਕਾਨਫ੍ਰੰਸਾਂ ਵਿੱਚ ਵੀ ਹਿੱਸਾ ਲਿਆ।

ਜੂਨ 1952 ਨੂੰ ਰੇਣੂ ਚੱਕਰਾਵਰਤੀ ਅਤੇ ਹੋਰ ਡੈਲੀਗੇਅਟਾਂ ਨੇ ਕੌਮਾਂਤਰੀ ਅਮਨ ਕੌਂਸਲ ਬਰਲਿਨ ਵਿੱਚ ਸ਼ਮੂਲੀਅਤ ਕੀਤੀ। ਇਸੇ ਸਾਲ ਹੀ ਪੱਛਮੀ ਬੰਗਾਲ ਦੇ ਮਾਰਸ ਦੇ ਇਕ ਇਸਤਰੀ ਡੈਲੀਗੇਸ਼ਨ, 'ਮੰਜੂਰੀ ਚੈਟਰਜੀ ਅਤੇ ਪੰਕਜ ਅਚਾਰੀਆ ਨੇ 1952 ਨੂੰ ਪੀਕਿੰਗ ਵਿਖੇ ਸੰਸਾਰ ਅਮਨ ਕਾਨਫਰੰਸ, ਵਿਆਨਾ-1952 ਅਤੇ ਹੇਲੀਸਿੰਕੀ-1953 'ਚ ਸ਼ਮੂਲੀਅਤ ਕੀਤੀ। ਜੂਨ 5-10, 1953 ਨੂੰ ਕੌਮਾਂਤਰੀ ਇਸਤਰੀ ਕਾਂਗਰਸ ਜੋ ਕੋਪਨ ਹੈਗਨ ਹੋਈ ਸੀ, 'ਉਸ ਵਿੱਚ ਦੇਸ਼ ਦੇ ਵੱਖ-ਵੱਖ ਰਾਜਾਂ ਦੀਆਂ 26-ਇਸਤਰੀ ਆਗੂਆਂ ਨੇ "ਐਨੇ ਮਸਕਾਰਨੀ" ਦੀ ਅਗਵਾਈ ਵਿੱਚ ਹਿੱਸਾ ਲਿਆ।

ਇਸ ਡੈਲੀਗੇਸ਼ਨ ਵਿੱਚ ਹੋਰਾਂ ਤੋਂ ਬਿਨ੍ਹਾਂ, ਦੂਸਰੇ ਮੈਂਬਰ ਰੇਣੂ-ਚੱਕਰਾਵਰਤੀ (ਐਮ.ਪੀ), ਪੁਸ਼ਪਾਮਈ ਬਾਸੂ, ਅਨੂਸਾਂਬਾਈ ਗਿਆਨ ਚੰਦ, ਹਜ਼ਰਾ ਬੇਗਮ, ਅੰਜਲੀ ਮੁਕਰਜੀ, ਪੰਕਜ-ਅਚਾਰੀਆ ਆਦਿ ਸ਼ਾਮਲ ਸਨ। ਕਾਂਗਰਸ ਦੌਰਾਨ ਇਸਤਰੀਆਂ ਦਾ ਕੌਮਾਂਤਰੀ ਚਾਰਟਰ-ਆਫ ਡੀਮਾਂਡ ਵੀ ਪ੍ਰਵਾਨ ਕੀਤਾ ਗਿਆ। ਕੌਮਾਂਤਰੀ ਇਸਤਰੀ ਕਾਂਗਰਸ ਦੇ ਬਾਦ ਫੌਰੀ ਹੀ "ਮਾਰਸ ਦੀਆਂ ਕਮਿਊਨਿਸਟ ਵਰਕਰਾਂ ਅਤੇ ਆਗੂਆਂ ਨੇ 'ਕੁਲ ਹਿੰਦ ਜਮਹੂਰੀ ਇਸਤਰੀ ਸੰਗਠਤ ਕਾਇਮ ਕਰਨ ਦੀ ਸ਼ੁਰੂਆਤ ਕੀਤੀ। ਕੁਝ ਅਰਸੇ ਬਾਦ "ਕੌਮੀ ਭਾਰਤੀ ਇਸਤਰੀ ਫੈਡਰੇਸ਼ਨ" (ਟ।ਂਜ਼।।)ਆਖਰ ਹੋਂਦ ਵਿੱਚ ਆ ਹੀ ਗਈ।

ਕੋਪਨ ਹੈਗਨ ਕਾਨਫਰੰਸ ਦੇ ਬਾਦ "ਕੁਲ ਹਿੰਦ ਇਸਤਰੀ ਕੋ-ਆਰਡੀਨੇਸ਼ਨ ਕਮੇਟੀ ਬਣਾਈ ਗਈ, 'ਜਿਸ ਵਿੱਚ ਭਾਰਤ ਅੰਦਰ ਕੰਮ ਕਰਦੀਆਂ ਵੱਖੋ ਵੱਖ ਇਸਤਰੀਆਂ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ। ਕੋ- ਆਰਡੀਨੇਸ਼ਨ ਕਮੇਟੀ ਦੇ ਸੰਯੁਕਤ ਕਨਵੀਨਰ ਸਨ ਅਨੂਸਾਂ ਬਾਈ ਗਿਆਨ ਚੰਦ ਅਤੇ ਹਜ਼ਰਾ ਬੇਗਮ। ਇਸ ਕੋ- ਆਰਡੀਨੇਸ਼ਨ ਕਮੇਟੀ ਨੇ 4-7 ਜੂਨ, 1954 ਨੂੰ ਕੱਲਕੱਤਾ ਵਿਖੇ ਕੁਲ ਹਿੰਦ ਇਸਤਰੀ ਕਾਂਗਰਸ ਕਰਨ ਦਾ ਸੱਦਾ ਦਿੱਤਾ। ਕੋ-ਆਰਡੀਨੇਸ਼ਨ ਕਮੇਟੀ ਨੇ ਜਾਰੀ ਇਕ ਅਪੀਲ ਰਾਹੀਂ ਇਹ ਵੀ ਸੱਦਾ ਦਿੱਤਾ, 'ਕਿ 1) ਅਮਨ ਤੇ ਆਜ਼ਾਦੀ ਦੀ ਰੱਖਿਆ 2) ਇਸਤਰੀ ਅਧਿਕਾਰਾਂ ਲਈ ਕਾਨੂੰਨ 3) ਇਸਤਰੀ ਲਈ ਰੁਜ਼ਗਾਰ 4) ਕਿਸਾਨ ਇਸਤਰੀਆਂ ਦਾ ਹੱਕ 5) ਬੱਚਾ-ਜੱਚਾ ਦੀ ਭਲਾਈ ਲਈ ਕਨੂੰਨੀ ਹੱਕ ਦਿੱਤੇ ਜਾਣ।

ਕੁਲ ਹਿੰਦ ਇਸਤਰੀ ਕਾਂਗਰਸ ਕਲਕੱਤਾ ਵਿਖੇ 1954 ਨੂੰ ਯੂਨੀਵਰਸਿਟੀ ਇੰਸਟੀਚਿਊਟ ਹਾਲ ਵਿਖੇ ਹੋਈ, ਜਿਸ ਵਿੱਚ 870 ਡੈਲੀਗੇਟ ਭੈਣਾਂ ਜੋ ਵੱਖੋ- ਵੱਖ ਇਸਤਰੀ ਜੱਥੇਬੰਦੀਆਂ ਦੀ ਨੁਮਾਇੰਦਗੀ ਕਰਦੀਆਂ ਸਨ ਸ਼ਾਮਲ ਹੋਈਆਂ। ਕੌਮਾਂਤਰੀ ਜਨਵਾਦੀ ਇਸਤਰੀ ਫੈਡਰੇਸ਼ਨ ਦੇ ਡੈਲੀਗੇਟਾਂ ਵੱਲੋਂ ਵੀ ਇਸ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ ਗਈ। ਬਰਤਾਨੀਆਂ ਤੋ ਡੋਰਾ-ਰਸੂਲ, ਆਸਟ੍ਰੇਲੀਆ ਤੋਂ ਬਿਟੀ ਰੈਇਲੀ ਇਸ ਕਾਂਗਰਸ ਵਿੱਚ ਸ਼ਾਮਲ ਹੋਈਆਂ। ਭਾਰਤ ਦੇ ਵੱਖੋ-ਵੱਖ ਰਾਜਾਂ 'ਚ ਇਸਤਰੀਆਂ ਦੀਆਂ ਜੱਥੇਬੰਦੀਆਂ, "ਆਂਧਰਾ ਮਹਿਲਾ ਸੰਗਮ-ਹੈਦਰਾਬਾਦ, ਆਸਾਮ ਮਹਿਲਾ ਸਭਾ, ਪ੍ਰਗਤੀ ਮਹਿਲਾ ਸੰਘਾ, ਬਿਹਾਰ- ਜਨਵਾਦੀ ਮਹਿਲਾ ਸੰਘਾ, ਜਮਸ਼ੇਦਪੁਰ ਮਹਿਲਾ ਸੇਵਾ ਸੰਮਤੀ, ਮੂੰਗੇਰ-ਕਿਸਾਨ ਮਹਿਲਾ ਸਮਿਤੀ, ਉਡੀਸਾ-ਨਾਰੀ ਮੰਗਲ ਸਮਿਤੀ, ਦਿਲੀ-ਜਨਵਾਦੀ ਮਹਿਲਾ ਸਮਾਜ, ਮਹਿਲਾ ਮੰਗਲ ਪ੍ਰੀਸ਼ਦ, ਵਿਜੈ ਨਗਰ ਮਹਿਲਾ ਸਮਿਤੀ, ਬਨਾਰਸ ਮਹਿਲਾ ਸਮਿਤੀ, ਕਾਨਪੁਰ ਮਹਿਲਾ ਵਿਕਾਸ ਮੰਡਲ, ਅਲੀਗੜ੍ਹ ਬਾਹਨੋਕੀ ਸੇਵਾ ਸਮਿਤੀ, ਤ੍ਰੀਪੁਰਾ ਨਾਰੀ ਸਮਿਤੀ, ਪੱਛਮੀ ਬੰਗਾਲ ਮਹਿਲਾ ਆਤਮਾ ਰਕਸ਼ਾ ਸਮਿਤੀ, ਅਤੇ 18 ਹੋਰ ਸੂਬਾਈ ਪੱਧਰ ਦੀਆਂ ਇਸਤਰੀ ਜੱਥੇਬੰਦੀਆਂ ਨੇ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ। ਵਿਅੱਕਤੀਗਤ ਤੌਰ ਤੇ ਮੱਧਿਆ ਪ੍ਰਦੇਸ਼, ਰਾਜਸਥਾਨ ਅਤੇ ਮਹਾਂਰਾਸ਼ਟਰ ਤੋਂ ਵੀ ਡੈਲੀਗੇਟ ਪੁੱਜੀਆਂ। ਕੁਲ ਹਿੰਦ ਇਸਤਰੀ ਕਾਨਫ੍ਰੰਸ ਦੀਆਂ ਮੈਂਬਰ ਵੀ ਵਿਅੱਕਤੀਗਤ ਹੈਸੀਅਤ ਵਿੱਚ ਇਸ ਕਾਂਗਰਸ ਵਿੱਚ ਸ਼ਾਮਲ ਹੋਈਆਂ।

ਕਾਂਗਰਸ ਨੂੰ ਬਹੁਤ ਸਾਰੀਆਂ ਜੱਥੇਬੰਦੀਆਂ, "ਜਿਵੇਂ ਇਸਤਰੀ ਕਾਂਗਰਸ ਦੀ" ਨੀਨਾ ਪੋਪੋਵਾ, ਸੋਵੀਅਤ (ਸਾਬਕਾ) ਇਸਤਰੀ ਫਾਸ਼ੀਵਾਦ ਵਿਰੋਧੀ ਕਮੇਟੀ ਦੀ ਪ੍ਰਧਾਨ, (ਮਰਹੂਮ) ਮੈਡਮ ਸਨ ਯਾਤ ਸੇਨ (ਉਸ ਵੇਲੇ) ਕੁਲ ਚੀਨ ਇਸਤਰੀ ਜਮਹੂਰੀ ਫੈਡਰੇਸ਼ਨ ਦੀ ਪ੍ਰਧਾਨ, ਭਰਾਤਰੀ ਜੱਥੇਬੰਦੀਆਂ-ਬਰਤਾਨੀਆਂ, (ਸਾ:) ਪੂਰਬੀ-ਜਰਮਨੀ, ਬ੍ਰਿਟਿਸ਼ ਗੁਆਨਾ, ਸਵੀਡਨ ਅਤੇ ਲੰਕਾਂ ਵੱਲੋਂ ਸ਼ੁਭ ਇਛਾਵਾਂ ਭੇਂਟ ਕੀਤੀਆਂ ਗਈਆਂ। ਭਾਰਤ ਦੀਆਂ ਪ੍ਰਮੁੱਖ ਸਖਸ਼ੀਅਤਾਂ ਵਿੱਚੋਂ ਰਮੇਸ਼ਵਰੀ ਨਹਿਰੂ, (ਮਰਹੂਮ) ਅੰਮ੍ਰਿਤ ਕੌਰ ਕੇਂਦਰੀ ਸਿਹਤ ਮੰਤਰੀ, ਸ਼ਾਰਦਾ ਬੇਨ ਮਹਿਤਾ, ਪੰਡਤ ਸੁੰਦਰ ਲਾਲ, ਡਾ: ਗਿਆਨ ਚੰਦ ਵੱਲੋਂ ਵੀ ਇਸਤਰੀ ਕਾਂਗਰਸ ਦਾ ਸਵਾਗਤ ਕੀਤਾ ਗਿਆ।

ਹੁਣ ਤੱਕ ਭਾਰਤੀ ਮੰਚ 'ਤੇ ਹੇਠ ਲਿਖੀਆਂ ਇਸਤਰੀਆਂ ਜੱਥੇਬੰਦੀਆਂ ਹੋਂਦ ਵਿਚ ਆ ਚੁੱਕੀਆਂ ਸਨ ਅਤੇ ਇਸਤਰੀ ਵਰਗ ਨਾਲ ਸਬੰਧਤ ਕੌਮਾਂਤਰੀ ਘਟਨਾਵਾਂ ਨਾਲ ਇਕਮੁੱਠਤਾ ਪ੍ਰਗਟਾਈ ਗਈ।

1) ਆਲ ਇੰਡੀਆਂ ਵੋਮੈਨ ਕਾਨਫ੍ਰੰਸ ਪੂਨਾ- 1927
2) ਆਲ ਇੰਡੀਆ ਗਰਲਜ਼ ਸਟੂਡੈਂਟ ਲਖਨਊ-ਜਨਵਰੀ 1940
3) 1940 ਨੂੰ ਮੁਸਲਿਮ ਲੀਗ ਦਾ ਇਸਤਰੀ ਫੈਡਰੇਸ਼ਨ ਵਿੰਗ ਦਾ ਗਠਨ ਹੋਇਆ।



4) 1936 ਨੂੰ ਆਰ.ਐਸ.ਐਸ. ਦਾ ਇਸਤਰੀ ਵਿੰਗ ਹੋਂਦ ਵਿੱਚ ਆਇਆ।
5) ਕੌਮਾਂਤਰੀ ਵੋਮੈਨਜ਼ ਕਾਨਫ੍ਰੰਸ1945 ਪੈਰਿਸ, ਐਂਟੀ ਫਾਸ਼ੀਵਾਦ, ਵਿਰੁੱਧ ਕਾਨਫ੍ਰੰਰਸ ਹੋਈ।
6) ਵੋਮੈਨਜ਼ ਇੰਟਰਨੈਸ਼ਨਲ ਡੈਮੋਕ੍ਰੈਟਿਕ ਫੈਡਰੇਸ਼ਨ ਪੈਰਿਸ-1945 ਹੋਈ।
7) ਮਹਿਲਾਂ ਆਤਮਾ ਰਕਸ਼ਾ ਸਮਿਤੀ ਕਲਕੱਤਾ, ਅਪ੍ਰੈਲ-1942 ਵਿੱਚ ਗਠਨ ਹੋਇਆ।
8) ਵੈਸਟ ਬੰਗਾਲ ਮਹਿਲਾ ਸਮ੍ਰਿਤੀ ਮਾਰਸ ਜਿਸ ਦਾ ਨਾਂ ਬਦਲਿਆ ਗਿਆ ਸੀ ਹੋਂਦ ਵਿੱਚ ਆਈ, ਉਸਦੀ ਅੱਗੋਂ 1970 ਨੂੰ ਦੁਬਾਰਾ ਵੰਡ ਹੋ ਗਈ ਅਤੇ ਪੱਛਮੀ ਬੰਗਾ ਮਹਿਲਾ ਸਮਿਤੀ ਵੱਜੋਂ ਹੀ ਕੰਮ ਕਰਦੀ ਰਹੀਂ।
9) ਨੈਸ਼ਲਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ, ਜੋ ਮਾਰਸ ਦੀ ਪਹਿਲ ਕਦਮੀ 'ਤੇ 1953 ਨੂੰ ਗਠਤ ਕੀਤੀ ਗਈ।
10) ਇਸਦੀ ਦੀ ਪਹਿਲ ਕਦਮੀ ਤੇ ਆਲ ਇੰਡੀਆ ਵੋਮੈਨਜ਼ ਕਾਂਗਰਸ, ਕਲਕੱਤਾ ਵਿਖੇ 4-7, 1954 ਨੂੰ ਗਠਿਤ ਕੀਤੀ ਗਈ।
11) ਆਲ ਇੰਡੀਆਂ ਵੋਮੈਨਜ਼ ਕਾਂਗਰਸ ਦੇ ਸੱਦੇ 'ਤੇ 1954 ਨੂੰ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨਜ਼ ਦੀ ਸਥਾਪਨਾ ਹੋਈ।
12) ਕੌਮਾਂਤਰੀ ਇਸਤਰੀ ਅੰਦੋਲਨ ਵੱਜੋ, ਕੋਪਨ ਹੈਗਨ ਸੰਸਾਰ ਇਸਤਰੀ ਕਾਂਗਰਸ 1953 ਵਿੱਚ ਹੋਈ।
13) ਮਾਂ ਦਿਵਸ ਸਵਿਟਜ਼ਰਲੈਂਡ ਵਿੱਚ 7-10 ਜੁਲਾਈ, 1955 ਨੂੰ ਮਨਾਇਆ ਗਿਆ।
14) ਗੋਲਡਨ ਜੁਬਲੀ ਕੌਮਾਂਤਰੀ ਇਸਤਰੀ ਦਿਵਸ, '8 ਮਾਰਚ 1960 ਨੂੰ ਸੰਸਾਰ ਪੱਧਰ ਤੇ ਮਨਾਇਆ ਗਿਆ।
15) ਕੁਲ ਹਿੰਦ ਜਨਵਾਦੀ ਇਸਤਰੀ ਸਭਾ ਦਾ ਗਠਨ ਅਕਤੂਬਰ, 1981 ਵਿੱਚ ਹੋਇਆ ਸੀ।

ਇਸ ਤਰ੍ਹਾਂ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਜੋ ਕੁਲ ਹਿੰਦ ਵੋਮੈਨ ਕਾਂਗਰਸ ਰਾਹੀਂ ਉਸਾਰੀ ਗਈ ਸੀ, ਸ਼ੁਰੂ ਵਿੱਚ ਕੇਵਲ 43 ਇਸਤਰੀ ਜੱਥੇਬੰਦੀਆਂ ਜਿਹੜੀਆਂ ਭਾਰਤ ਦੇ ਵੱਖ-ਵੱਖ ਰਾਜਾਂ ਨਾਲ ਸਬੰਧ ਰੱਖਦੀਆਂ ਸਨ, ਇਸ ਨਾਲ ਇਲਹਾਕ ਬੱਧ ਹੋਈਆਂ। ਐਨ.ਐਫ.ਆਈ.ਡਬਲਯੂ. ਨਾਲ ਹੋਰ ਜੱਥੇਬੰਦੀਆਂ ਰਲਦੀਆਂ ਗਈਆਂ। ਇਸ ਦੀ ਪਹਿਲੀ ਪ੍ਰਧਾਨ-ਪੁਸ਼ਪਾਮਾਈ ਬਾਸੂ, ਉਪ ਪ੍ਰਧਾਨ ਰੇਣੂ ਚੱਕਰਾਵਤੀ, ਬਿਮਲ ਪ੍ਰਾਤਿਵਾ ਦੇਵੀ, ਡਾ: ਲਕਸ਼ਮੀ ਸਹਿਗਲ, ਕੇ.ਆਰ.ਗੌਰੀ, ਅਰੁਣਾ ਆਸਫ ਅਲੀ, ਸੁਧਾ ਰੇਅ, ਪਿਰੋਜਾ ਵਾਡੀਆਂ, ਸੰਯੁਕਤ ਸਕੱਤਰ ਅਨੂਸਨਾ ਗਿਆਨ ਚੰਦ ਅਤੇ ਹਾਜ਼ਰਾ ਬੇਗਮ, ਖਜ਼ਾਨਚੀ ਸਆਦਤ ਬਾਨੋ ਕਿਚਲੂ ਸਨ (ਸਭ ਮਰਹੂਮ)। ਬਹੁਤ ਸਾਰੀਆਂ ਹੋਰ ਪ੍ਰਮੁੱਖ ਇਸਤਰੀ ਆਗੂ ਜੋ ਵੱਖ ਵੱਖ ਰਾਜਾਂ ਨਾਲ ਸਬੰਧ ਰੱਖਦੀਆਂ ਸਨ, 'ਐਨ.ਐਫ.ਆਈ.ਡਬਲਯੂ ਦੀਆਂ ਕਾਰਜਕਾਰੀ ਕਮੇਟੀ ਅਤੇ ਕੌਂਸਲ ਦੀਆਂ ਮੈਂਬਰ ਬਣੀਆ। ਮਾਂ ਦਿਵਸ: 7-10 ਜੁਲਾਈ 1955 ਨੂੰ ਸਵਿਟਜ਼ਰਲੈਂਡ ਵਿਖੇ ਮਨਾਇਆ ਗਿਆ। ਉਸ ਵਿੱਚ 69 ਦੇਸ਼ਾਂ ਦੇ ਡੈਲੀਗੇਟਾਂ ਨੇ ਹਿੱਸਾ ਲਿਆ। ਭਾਰਤ ਵੱਲੋਂ ਐਨ.ਐਫ.ਆਈ.ਡਬਲਯੂ ਅਤੇ ਮਾਰਸ ਵਲੋਂ 47 ਡੈਲੀਗੇਟਾਂ ਨੇ, 'ਜੋ ਵੱਖੋ-ਵੱਖ ਇਸਤਰੀ ਜੱਥੇਬੰਦੀਆਂ ਨਾਲ ਸਬੰਧਤ ਸਨ, 'ਕਾਨਫ੍ਰੰਸ ਵਿੱਚ ਸ਼ਾਮਲ ਹੋਈਆਂ। ਪ੍ਰਮੁੱਖ ਇਸਤਰੀ ਆਗੂ ਜੋ ਇਸ ਕਾਨਫ੍ਰੰਸ ਵਿੱਚ ਸ਼ਾਮਲ ਸਨ, 'ਰੇਣੂ ਚੱਕਰਾਵਰਤੀ, ਮੈਤਰੇਈ ਦੇਵੀ, ਮਨੀ ਕੁੰਨਤਲਾ ਸੇਨ, ਗੀਤਾ ਮੁਕਰਜੀ, ਮੁਕਤਾ ਕੁਮਾਰ, ਸੁਧਾ ਰੇਅ ਆਦਿ। ਮਾਂ ਦਿਵਸ ਦਾ ਮੁੱਖ ਮੰਤਵ ਇਸ ਕਾਨਫ੍ਰੰਸ ਵਿੱਚ ਸੰਸਾਰ ਅਮਨ ਸੀ। ਇਸ ਕਾਨਫ੍ਰੰਸ ਅੰਦਰ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਜੋਸ਼ੀਲੀ ਅਪੀਲ ਕੀਤੀ ਗਈ, ਕਿ ਆਪਣੇ ਬੱਚਿਆਂ ਦੀ ਲੰਬੀ ਉਮਰ ਲਈ ਸੰਸਾਰ ਅਮਨ ਦੀ ਕਾਇਮੀ ਅਤੇ ਜੰਗ ਵਿਰੁੱਧ ਉਹ ਅੱਗੇ ਆਉਣ। ਇਸੇ ਤਰ੍ਹਾਂ 1960 ਨੂੰ 8-ਮਾਰਚ ਕੌਮਾਂਤਰੀ ਇਸਤਰੀ ਦਿਵਸ ਨੂੰ ਗੋਲਡਨ ਜੁਬਲੀ ਵਜੋਂ ਮਨਾਇਆ ਗਿਆ। ਸਾਰੇ ਸੰਸਾਰ ਅੰਦਰ ਵੱਖੋ-ਵੱਖ ਰਵਾਇਤਾਂ ਨਾਲ ਇਹ ਦਿਵਸ ਇਸਤਰੀ ਜੱਥੇਬੰਦੀਆਂ ਵੱਲੋਂ ਇਸਤਰੀਆਂ ਨੂੰ ਸਮਰਪਿਤ ਕੀਤਾ ਗਿਆ। ਭਾਰਤ ਅੰਦਰ ਮਾਰਸ ਅਤੇ ਐਨ.ਐਫ.ਆਈ.ਡਬਲਯੂ ਵੱਲੋਂ 8-ਮਾਰਚ 'ਤੇ ਭਿੰਨ-ਭਿੰਨ ਤਰ੍ਹਾਂ ਦੇ ਫੰਕਸ਼ਨ ਕੀਤੇ ਗਏ। 9-12 ਅਪ੍ਰੈਲ 1960 ਨੂੰ ਏਡਨ ਗਾਰਡਨ ਕਲਕੱਤਾ ਵਿਖੇ ਇਕ ਵੱਡਾ ਇਕੱਠ ਵੀ ਕੀਤਾ ਗਿਆ।

ਇਸ ਤਰ੍ਹਾਂ ਵੱਖ ਵੱਖ ਸਰਗਰਮੀਆਂ ਰਾਹੀਂ ਭਾਰਤ ਦੀ ਜਮਹੂਰੀ ਇਸਤਰੀ ਲਹਿਰ ਨੇ, 'ਵੱਡੇ ਪੱਧਰ ਤੇ ਕੌਮਾਂਤਰੀ ਇਸਤਰੀ ਲਹਿਰਾਂ ਨਾਲ ਜੋ ਅਮਨ ਅਤੇ ਇਸਤਰੀ ਹੱਕਾਂ ਲਈ ਸਰਗਰਮ ਸਨ ਮਜ਼ਬੂਤ ਨਾਤਾ ਜੋੜ ਲਿਆ।

ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦਾ ਉਭਾਰ ਭਾਰਤ ਅੰਦਰ ਆਜ਼ਾਦੀ ਬਾਦ ਦੇ ਪਹਿਲੇ ਦਹਾਕੇ ਅੰਦਰ, ਐਨ.ਐਫ.ਆਈ.ਡਬਲਯੂ, ਜੱਥੇਬੰਦੀ ਕੁਲ ਹਿੰਦ ਇਸਤਰੀ ਕਾਨਫ੍ਰੰਸ ਤੋਂ ਬਾਦ ਦੂਸਰੀ ਵੱਡੀ ਇਸਤਰੀ ਜੱਥੇਬੰਦੀ ਹੋਂਦ ਵਿੱਚ ਆ ਗਈ। ਕੁਲ ਹਿੰਦ ਇਸਤਰੀ ਕਾਨਫ੍ਰੰਸ ਦੀ ਸ਼ੁਰੂਆਤ ਇਸਤਰੀ ਸਮਾਜ ਸੁਧਾਰਕਾਂ ਵੱਲੋਂ ਕੀਤੀ ਗਈ, ਇਹ ਸਮਾਜ ਦੇ ਉੱਚ ਵਰਗਾਂ ਅਤੇ ਕਾਂਗਰਸ ਲੀਡਰਸ਼ਿਪ ਅਧਾਰਿਤ ਸੀ।

ਬੁਰਜੁਆ ਅਮੀਰ ਵਰਗ ਪੱਖੀ ਜਮਹੂਰੀ ਇਸਤਰੀ ਹੱਕ- ਜਿਵੇਂ ਸਿਖਿਆ, ਵੋਟ ਦਾ ਅਧਿਕਾਰ, ਸਮਾਜ ਅਤੇ ਕਾਨੂੰਨੀ ਅਧਿਕਾਰਾਂ ਲਈ, ਮੱਧ-ਯੁੱਗੀ, ਸਾਮੰਤਵਾਦੀ ਅਤਿਆਚਾਰ ਅਤੇ ਸਮਾਜਕ ਵਿਤਕਰੇ ਵਿਰੁੱਧ ਤੱਕ ਹੀ ਇਹ ਜੱਥੇਬੰਦੀ ਸੀਮਤ ਸੀ। ਕਿਉਂਕਿ ਕੌਮੀ ਫੈਡਰੇਸ਼ਨ ਜਿਹੜੀ ਕਮਿਊਨਿਸਟ ਪਾਰਟੀ ਆਫ ਇੰਡੀਆ ਦੀ ਪਹਿਲ ਕਦਮੀ ਤੇ ਗਠਿਤ ਹੋਈ ਸੀ, 'ਦਾ ਤਰੱਕੀ ਪਸੰਦ ਉਦੇਸ਼ ਅਤੇ ਨਿਸ਼ਾਨ, 'ਜਿਹੜਾ ਸਮਾਜਕ-ਪ੍ਰੀਵਰਤਨ ਵਲ ਸੇਧਿਤ ਸੀ, ਜੋ ਮਰਦ ਅਤੇ ਇਸਤਰੀ ਵਿਚਕਾਰ ਅਸਲੀ ਬਰਾਬਰਤਾ ਚਾਹੁੰਦਾ ਸੀ। ਇਸ ਦੀ ਵਿਚਾਰਧਾਰਾ ਸਮਾਜਵਾਦੀ ਸੀ, ਭਾਵੇਂ ਇਸ ਦੇ ਸੰਵਿਧਾਨ, ਉਦੇਸ਼ ਅਤੇ ਨਿਸ਼ਾਨੇ ਬਹੁਤ ਖੁਲ੍ਹੇ ਤੇ ਵਿਸ਼ਾਲ ਘੇਰੇ ਅਧਾਰਿਤ ਸਨ, 'ਤਾਂ ਕਿ ਵੱਧ ਤੋਂ ਵੱਧ ਇਸਤਰੀਆਂ ਦੇ ਸਮੂਹਾਂ ਨੂੰ ਇਸ ਦੇ ਘੇਰੇ ਵਿੱਚ ਲਿਆਂਦਾ ਜਾ ਸਕੇ। ਭਾਰਤੀ ਇਸਤਰੀਆਂ ਦੀ ਕੌਮੀ ਫੈਡਰੇਸ਼ਨ ਸ਼ੁਰੂ ਤੋਂ ਹੀ ਕੌਮਾਂਤਰੀ ਜਮਹੂਰੀ ਇਸਤਰੀ ਫੈਡਰੇਸ਼ਨ ਨਾਲ ਇਲਹਾਕ ਬੱਧ ਬਾਡੀ ਰਹੀ।

ਇੱਕ ਨਵਾਂ ਮੋੜ: ਪਰ ਕੁਝ ਸਮੇਂ ਬਾਦ ਕੌਮਾਂਤਰੀ ਅਤੇ ਕੌਮੀ ਹਲਾਤਾਂ ਅੰਦਰ ਇੱਕ ਨਵੀਂ ਤਬਦੀਲੀ ਨੇ ਪਾਸਾ ਪਲਟਿਆ। ਸੰਸਾਰ ਕਮਿਊਨਿਸਟ ਕੈਂਪ ਅੰਦਰ ਵਿਚਾਰਧਾਰਕ ਮਤ-ਭੇਦ ਉਭਰਨ ਕਾਰਨ, 'ਸਮਾਜਵਾਦੀ ਕੈਂਪ ਦਾ ਇਤਹਾਦ ਵੰਡਿਆ ਗਿਆ। 1956 ਨੂੰ ਸੋਵੀਅਤ ਯੂਨੀਅਨ ਅੰਦਰ 20-ਵੀਂ ਪਾਰਟੀ ਕਾਂਗਰਸ ਬਾਦ ਤਬਦੀਲੀ ਵਾਲਾ ਰੁੱਖ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਸੀ।

ਕੌਮਾਂਤਰੀ ਜਮਹੂਰੀ ਇਸਤਰੀ ਫੈਡਰੇਸ਼ਨ ਜੋ ਸੋਵੀਅਤ ਯੂਨੀਅਨ ਨਾਲ ਇੱਕਸੁਰ ਸੀ, 'ਇਹ ਵਿਚਾਰਧਾਰਕ ਮੱਤ ਭੇਦ ਸੀ.ਪੀ.ਆਈ. ਅੰਦਰ ਵੀ ਸਾਹਮਣੇ ਗਏ ਤਾਂ ਅਖੀਰ (1964) ਵਿੱਚ ਪਾਰਟੀ ਦੋ ਫਾੜ ਹੋ ਗਈ ਅਤੇ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਿਸਟ) ਨੇ ਆਪਣੀ 7ਵੀਂ ਪਾਰਟੀ ਕਾਂਗਰਸ 1964 ਦੌਰਾਨ ਨਵਾਂ ਪਾਰਟੀ ਪ੍ਰੋਗਰਾਮ ਪ੍ਰਵਾਨ ਕਰ ਲਿਆ। ਪਹਿਲੇ ਧੜੇ ਸੀ.ਪੀ.ਆਈ. ਨੇ ਕਾਂਗਰਸ ਪਾਰਟੀ ਅਤੇ ਕਾਂਗਰਸੀ ਸਰਕਾਰਾਂ ਪ੍ਰਤੀ ਆਪਣੇ ਮੇਲ-ਮਿਲਾਪ ਵਾਲੇ ਰਵੱਈਏ ਨੂੰ ਜਾਰੀ ਰੱਖਿਆ (ਹੁਣ ਨਹੀਂ)। ਵਿਚਾਰਧਾਰਕ ਪਾੜੇ ਦਾ ਪਰਛਾਵਾਂ ਜਨਤਕ ਜੱਥੇਬੰਦੀਆਂ ਉੱਤੇ ਵੀ ਪੈ ਗਿਆ। ਹੌਲੀ-ਹੌਲੀ ਕੌਮੀ ਭਾਰਤੀ ਇਸਤਰੀ ਫੈਡਰੇਸ਼ਨ ਜੋ ।ਜ਼।ਣ।ਂ।ਨਾਲ ਇਲਹਾਕ ਬੱਧ ਸੀ, ਨੇ ਵੀ ਕਾਂਗਰਸ ਸਰਕਾਰਾਂ ਵੱਲੋਂ ਮੇਲ-ਮਿਲਾਪ ਵਾਲੀ ਲਾਈਨ ਨੂੰ ਅਪਣਾ ਲਿਆ। ਇਸੇ ਤਰ੍ਹਾਂ ਸੂਬਾਈ ਯੂਨਿਟ ਜੋ ਟ।ਂ।ਜ਼। ਨਾਲ ਇਲਹਾਕ ਬੱਧ ਸਨ, 'ਉਹ ਵੀ ਵਿਚਾਰਧਾਰਕ ਤੌਰ 'ਤੇ ਵੰਡੇ ਗਏ।

ਪੱਛਮੀ ਬੰਗਾ ਮਹਿਲਾ ਸਮਿਤੀ ਜੋ ਪੱਛਮੀ ਬੰਗਾਲ ਵਿੱਚ ਸਰਗਰਮ ਸੀ, ਵੀ 1970 ਨੂੰ ਵੰਡੀ ਗਈ। ਵੰਡ ਨਾਲ ਇਕ ਹਿੱਸਾ ਪੱਛਮੀ ਬੰਗਾ ਗਣਤੰਤਰਿਕ ਮਹਿਲਾ ਸਮਿਤੀ ਅਤੇ ਦੂਜਾ ਧੜਾ ਪੱਛਮੀ ਬੰਗਾ ਮਹਿਲਾ ਸਮਿਤੀ ਵੱਜੋਂ ਹੋਂਦ ਵਿੱਚ ਰਿਹਾ। ਪਹਿਲੇ ਧੜੇ ਨੇ ਪੱਛਮੀ ਬੰਗਾਲ ਗਣਤੰਤਰਿਕ ਮਹਿਲਾ ਸਮਿਤੀ, 'ਜਿਸ ਦੀ ਲੀਡਰਸ਼ਿਪ ਸੀ.ਪੀ.ਆਈ. (ਐਮ) ਨਾਲ ਵਿਚਾਰਧਾਰਕ ਮੇਲ ਜੋਲ ਰੱਖਦੀ ਸੀ, 'ਜਿਹੜੀ ਕਿਰਤੀਆਂ ਕਿਸਾਨਾਂ ਅਤੇ ਹੋਰ ਜਮਹੂਰੀ ਲਹਿਰਾਂ ਵਾਲੇ ਲੋਕਾਂ ਦੀ ਲਹਿਰ ਸੀ। ਜੋ ਬੁਰਜੁਆਂ, ਜਗੀਰਦਾਰਾਂ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਿਰੁੱਧ ਸੰਘਰਸ਼ ਸ਼ੀਲ ਸੀ,ਨਾਲ ਨਾਤਾ ਜੋੜ ਲਿਆ। ਦੂਸਰੀ ਧਿਰ ਪੱਛਮੀ ਬੰਗਾ ਮਹਿਲਾ ਸਮਿਤੀ ਕੌਮੀ ਭਾਰਤੀ ਇਸਤਰੀ ਫੈਡਰੇਸ਼ਨ ਨਾਲ ਜੁੜੀ ਰਹੀ ਅਤੇ ਉਹ ਆਪਣੀ ਕਾਂਗਰਸ ਪਾਰਟੀ ਅਤੇ ਕਾਂਗਰਸੀ ਸਰਕਾਰਾਂ ਨਾਲ ਮੇਲ-ਮਿਲਾਪ ਵਾਲੀ ਨੀਤੀ ਤੇ ਚਲਦੀ ਰਹੀ।

ਇਸ ਨਵੀਂ ਅਵਸਥਾ ਦੌਰਾਨ ਜਮਹੂਰੀ ਇਸਤਰੀ ਲਹਿਰ ਇਕ ਨਵੀਂ ਸਟੇਜ ਤੇ ਪੁੱਜ ਗਈ ਅਤੇ ਇਸਤਰੀਆਂ ਦੀ ਮੁਕਤੀ ਲਈ ਤਿਖੀਆਂ ਤਬਦੀਲੀਆਂ ਵਾਲੇ ਨਜ਼ਰੀਏ ਰਾਹੀਂ, 'ਸਮਾਜਕ ਢਾਂਚੇ 'ਚ ਤਬਦੀਲੀ ਲਿਆਉਣ ਲਈ, 'ਇਸ ਨੇ ਆਪਣੇ ਨਾਲ ਲੁੱਟੇ ਜਾ ਰਹੇ ਸਾਰੇ ਲੋਕਾਂ ਅਤੇ ਕਿਰਤੀ ਵਰਗ ਨਾਲ ਜੋੜਕੇ, 'ਇਸਤਰੀ ਮੁਕਤੀ ਦੇ ਕਾਜ ਨੂੰ ਅੱਗੇ ਵਧਾਉਣ ਦਾ ਨਿਸਚਾ ਦੁਹਰਾਇਆ। ਇਸੇ ਤਰ੍ਹਾਂ 1940 ਦੇ ਬਾਦ 'ਜਮਹੂਰੀ ਇਸਤਰੀ ਲਹਿਰਾਂ ਜੋ ਭਾਰਤ ਦੇ ਬਾਕੀ ਹਿੱਸਿਆ ਅੰਦਰ ਵੀ ਵਿਕਸਤ ਹੋਈਆਂ ਜਿਨ੍ਹਾਂ ਨੂੰ ਜਮਹੂਰੀ ਇਸਤਰੀ ਲਹਿਰਾਂ ਵੱਜੋਂ ਭਾਰਤ ਅੰਦਰ ਆਪਣੀ ਪ੍ਰਪੱਕਤਾ ਅਤੇ ਜਨਤਕ ਅਧਾਰ ਵਾਲੀ ਹੋਂਦ ਗ੍ਰਿਹਣ ਕਰਨ ਲਈ ਬੜਾ ਲੰਬਾ ਸਫਰ ਤੈਅ ਕਰਨਾ ਪਿਆ।

ਜੇਕਰ ਅੱਜ "ਕੁਲ ਹਿੰਦ ਜਨਵਾਦੀ ਇਸਤਰੀ ਸਭਾ" ਆਜ਼ਾਦੀ ਜਮਹੂਰੀਅਤ ਅਤੇ ਇਸਤਰੀਆਂ ਦੀ ਮੁਕਤੀ, ਦਾ ਬੀੜਾ ਚੁਕਣ ਲਈ ਦੇਸ਼ ਅੰਦਰ ਇੱਕ ਭਵਿੱਖੀ ਨਜ਼ਰੀਆ ਲੈ ਕੇ ਆਈ ਹੈ, ਤਾਂ ਇਹ ਉਸ ਦੇ ਸੰਘਰਸ਼ਾਂ, ਜਮਹੂਰੀਅਤ ਨੂੰ ਸਮਰਪਣ, ਸਮਾਜਕ ਪ੍ਰੀਵਰਤਨ ਲਈ ਕਿਰਤੀ ਵਰਗ ਦਾ ਇਕ ਹਿੱਸਾ ਬਣਾ ਕੇ,'ਜਨ-ਅਧਾਰਿਤ ਅੰਦੋਲਨਾਂ ਰਾਹੀਂ ਅੱਗੇ ਵੱਧਣ ਕਾਰਨ ਹੀ ਹੈ। ਦੇਸ਼ ਅੰਦਰ ਇਸਤਰੀਆਂ ਪ੍ਰਤੀ ਵੱਧ ਰਹੇ ਅਪਰਾਧਾਂ ਵਿਰੁਧ, ਸੰਗਠਤ ਰੂਪ ਵਿੱਚ ਵਿਰੋਧ ਰੋਸ ਕਰਨੇ ਪੈਣੇ ਹਨ। ਆਰਥਿਕ ਸੋਸ਼ਣ, ਚੁਲੇ- ਚੌਂਕੇ ਦੀ ਗੁਲਾਮੀ ਵਿਰੁਧ ਤੇ ਇਕ ਨਰੋਏ ਸੱਭਿਆਚਾਰ ਲਈ ਸਾਰੇ ਕਿਰਤੀਆਂ ਨਾਲ ਮਿਲ ਕੇ ਸੰਘਰਸ਼ ਕਰਨਾ ਪਏਗਾ। ਕੋਵਿਡ-19 ਵਿਰੁਧ, ਸਭ ਲਈ ਸਿਹਤ, ਸਿੱਖਿਆ ਤੇ ਰੁਜ਼ਗਾਰ ਲਈ ਸਾਰਿਆਂ ਨੂੰ ਮਿਲ ਕੇ ਲੜਨਾ ਪਏਗਾ। ਮੁਕਤੀ ਅੱਜੇ ਦੂਰ ਹੈ, ਪੈਂਡਾ ਅਜੇ ਦੂਰ ਹੈ ਠਰੰਮਾ ਰੱਖੀਏ।

## ਸਾਡਾ-ਵਿਰਸਾ

# ਹਿੰਦੂ-ਜਰਮਨ ਸਾਜ਼ਿਸ਼ ਕੇਸ ਕੈਲੇਫੌਰਨੀਆ (ਗਦਰ-ਪਾਰਟੀ ਦਾ ਆਜ਼ਾਦੀ ਅੰਦਰ ਰੋਲ)



ਜਗਦੀਸ਼ ਸਿੰਘ ਚੋਹਕਾ
91-92179-97445
001-403-285-4208

ਰੂਸ ਅੰਦਰ ਜਦੋਂ ਮਹਾਨ ਸਮਾਜਵਾਦੀ (7-ਨਵੰਬਰ) ਅਕਤੂਬਰ ਇਨਕਲਾਬ ਦੀ ਲਾਲ-ਸੂਹੀ ਪਹਿਲੀ ਕਿਰਨ ਨੇ ਦੁਨੀਆਂ ਦੀ ਗੁਲਾਮੀ ਨੂੰ ਲਲਕਾਰਿਆ ਤਾਂ ਹਿੰਦੂਸਤਾਨ ਦੀ ਆਜ਼ਾਦੀ ਲਈ ਸਾਨ ਫ੍ਰਾਂਸਿਸਕੋ ਵਿਖੇ ਬਰਲਿਨ ਇੰਡੀਅਨ ਕਮੇਟੀ (ਇੰਡੀਅਨ ਇੰਡੀਪੈਂਡਿਸ ਕਮੇਟੀ) ਵੱਲੋਂ ਵੀ ਅਣਖੀਲੇ ਹਿੰਦੂਸਤਾਨੀਆਂ ਨੇ ਬਸਤੀਵਾਦੀ ਗੋਰੀ ਸਰਕਾਰ ਵਿਰੁਧ ਹਥਿਆਰਬੰਦ ਬਗਾਗ਼ਤ ਲਈ ਝੰਡਾ ਉਚਾ ਚੁੱਕਿਆ। ਪਹਿਲੀ ਸੰਸਾਰ ਜੰਗ 1914 ਵਿੱਚ ਹੀ ਸ਼ੁਰੂ ਹੋ ਗਈ ਸੀ। ਇਸ ਜੰਗ ਵਿੱਚ ਸਾਮਰਾਜੀ ਸ਼ਕਤੀਆਂ ਦੇ ਇਕ ਪਾਸੇ ਜਰਮਨੀ ਦੇ ਇਤਹਾਦੀ ਦੇਸ਼ ਆਸਟਰੀਆ, ਹੰਗਰੀ, ਬੁਲਗਾਰੀਆ, ਉਸਮਾਨੀ-ਸਾਮਰਾਜ (Ottoman-Empire) ਅਤੇ ਦੂਸਰੇ ਪਾਸੇ ਇੰਗਲੈਂਡ ਤੇ ਉਸ ਦੇ ਧੜੇ ਦੇ ਦੇਸ਼ ਫਰਾਂਸ, ਰੂਸ, ਇਟਲੀ, ਰੁਮਾਨੀਆ, ਜਾਪਾਨ ਤੇ ਅਮਰੀਕਾ ਦੇਸ਼ ਆਹਮੋ-ਸਾਹਮਣੇ ਸਨ। ਹਿੰਦੂਸਤਾਨ ਕਿਉਂਕਿ ਬਰਤਾਨਵੀ ਸਾਮਰਾਜ ਦੇ ਅਧੀਨ ਸੀ, 'ਇਸ ਨੂੰ ਵੀ ਬੱਦੋ-ਬੱਦੀ ਇਸ ਜੰਗ ਵਿੱਚ ਭਾਈਵਾਲ ਬਣਾ ਲਿਆ। ਲੱਖਾਂ ਹਿੰਦੂਸਤਾਨੀ ਫੌਜੀ ਜਿਨ੍ਹਾਂ 'ਚ ਵੱਡੀ ਗਿਣਤੀ ਪੰਜਾਬੀ ਫੌਜੀਆਂ ਦੀ ਸੀ, ਜੰਗ ਬੰਦ ਹੋਣ ਕਾਰਨ ਕੁਝ ਚਿਰ ਪਹਿਲਾ ਫੌਜ ਛੱਡ ਗਏ ਤੇ ਬਹੁਤ ਸਾਰੇ ਕੱਢ ਦਿੱਤੇ ਗਏ। ਅਮਰੀਕਾ ਵੱਲੋਂ ਸਾਲ 1913 ਵਿੱਚ ਹੀ ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ (ਗਦਰ ਪਾਰਟੀ) ਦਾ ਦਫਤਰ ਵੀ ਸਾਨ ਫ੍ਰਾਂਸਿਸਕੋ ਵਿਖੇ ਖੁਲ੍ਹ ਗਿਆ ਸੀ ਤੇ ਰਾਜਨੀਤਕ ਸਰਗਰਮੀਆਂ ਸ਼ੁਰੂ ਹੋ ਗਈਆਂ ਸਨ। ਜਰਮਨ ਤੇ ਇੰਗਲੈਂਡ ਵਿਚਕਾਰ ਤਣਾ-ਤਣਾਈ ਪਹਿਲਾਂ ਹੀ ਸੀ। ਜਰਮਨ ਵਿੱਚ ਬਣੀ ਬਰਲਿਨ- ਇੰਡੀਆ (ਇੰਡੀਪੈਂਡਿਸ) ਕਮੇਟੀ ਤੇ ਅਮਰੀਕਾ ਅੰਦਰ ਬਣੀ ਗਦਰ ਪਾਰਟੀ ਦਾ ਮੇਲ-ਜੋਲ ਹੀ ਇਸ ਮੁਕੱਦਮੇ ਦਾ (20-ਨਵੰਬਰ, 1917-24-ਅਪ੍ਰੈਲ, 1918) ਸਬੱਬ ਬਣਿਆ ਸੀ।

ਸਾਨ ਫ੍ਰਾਂਸਿਸਕੋ ਵਿਖੇ ਜਰਮਨੀ ਦੇ ਵਾਇਸ ਕੌਂਸਲਰ ਜਨਰਲ, ਈ.ਐਚ.ਵੌਨਸ਼ੈਕ ਨਾਲ ਗਦਰ ਪਾਰਟੀ ਦੇ ਬਣਾਏ ਇਕ ਸੰਪਰਕ ਰਾਹੀਂ ਇਹ ਵਿਉਂਤ ਬਣਾਈ ਗਈ ਕਿ ਬ੍ਰਿਟਿਸ਼-ਇੰਡੀਅਨ ਫੌਜਾਂ ਵਿੱਚ ਬਗਾਵਤ ਕੀਤੀ ਜਾਵੇ। ਇਸ ਵਿਊਂਤ ਲਈ ਜਰਮਨ ਸਰਕਾਰ ਗਦਰ ਪਾਰਟੀ ਨੂੰ ਦਫਤਰੀ ਖਰਚਾ (1000 ਡਾਲਰ ਪ੍ਰਤੀ ਮਹੀਨਾ) ਅਤੇ ਫੌਜਾਂ ਅੰਦਰ ਬਗਾਵਤ ਲਈ ਹਥਿਆਰ ਤੇ ਦਾਰੂ ਸਿਕੇ ਦੇ ਖਰਚੇ ਲਈ 20-ਹਜਾਰ ਡਾਲਰ ਮਦਦ ਕਰੇਗੀ। ਇਸ ਸਕੀਮ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਦੀਆਂ ਫੌਜੀ ਛਾਉਣੀਆਂ ਤੋਂ ਲੈ ਕੇ ਸਿੰਘਾਪੁਰ, ਬਰਮਾ, ਮਲੇਸ਼ੀਆ ਅੰਦਰ ਬ੍ਰਿਟਿਸ਼-ਇੰਡੀਅਨ ਫੌਜਾਂ ਵਿੱਚ ਬਗਾਵਤਾਂ ਕੀਤੀਆਂ ਜਾਣ। ਇਸ ਯੋਜਨਾ ਨੂੰ ਸਿਰੇ ਚਾੜ੍ਹਨ ਲਈ ਅਮਰੀਕਾ 'ਚੋਂ ਹਥਿਆਰ ਤੇ ਦਾਰੂ-ਸਿੱਕਾ ਖਰੀਦ ਕੇ ਸਮੁੰਦਰੀ ਜਹਾਜ਼ ਰਾਹੀਂ ਹਿੰਦੂਸਤਾਨ ਖੜ੍ਹਿਆ ਜਾਵੇਗਾ।

ਮਾਰਚ 16, 1915 ਨੂੰ ਜਰਮਨ ਦੇ ਕੌਂਸਲ ਨੇ ਪੁਰਾਣਾ ਤੇਲ ਢੋਣ ਵਾਲਾ ਪੁਰਾਣਾ ਜਹਾਜ਼ "ਮੈਵਰਿਕ'' ਖਰੀਦ ਕੇ ਇਸ ਦੀ "ਮੈਵਰਿਕ ਸਟੀਮਸ਼ਿਪ ਕੰਪਨੀ'' ਦੇ ਨਾਂ ਰਜਿਸਟਰੇਸ਼ਨ ਕਰਾਈ। ਬਹਾਨਾ ਇਹ ਬਣਾਇਆ ਗਿਆ ਕਿ 'ਜਾਵਾ' ਤੋਂ ਨਾਰੀਅਲ ਦਾ ਤੇਲ ਲਿਆ ਕੇ ਅਮਰੀਕਾ ਵਿੱਚ



ਵੇਚਿਆ ਜਾਵੇਗਾ। ਪਰ ਯੋਜਨਾ ਇਹ ਵੀ ਬਣਾਈ ਗਈ ਕਿ ਮਵੈਰਿਕ ਵਿੱਚ ਹਥਿਆਰ ਨਿਊ-ਯਾਰਕ ਦੀ ਥਾਂ ਸ਼ਾਂਤ ਮਹਾਂਸਾਗਰ ਵਿੱਚ ਕਿਸੇ ਹੋਰ ਥਾਂ ਕਿਸੇ ਛੋਟੇ ਜਹਾਜ ਰਾਹੀਂ ਪਹੁੰਚਾਅ ਕੇ ਲੱਦੇ ਜਾਣ। ਇਸ ਕੰਮ ਲਈ ਜਰਮਨ ਦਾ ਇਕ ਕੰਪਨੀ ਦਾ ਛੋਟਾ ਜਹਾਜ "ਐਨੀ ਲਾਰਸਨ'' ਵਰਤਿਆ ਗਿਆ। ਜਰਮਨ-ਮਿਲਟਰੀ ਅਟੈਚੀ ਕੈਪਟਨ ਫਰੈਂਜ਼ ਵੌਨ ਪੇਪਨ ਨੇ ਫਿਲਾਡੈਲਫੀਆ ਤੋਂ 2-ਲੱਖ ਡਾਲਰ ਦੇ ਹਥਿਆਰ ਖਰੀਦ ਕੇ ਗੱਡੀ ਰਾਹੀਂ ਨਿਊਯਾਰਕ ਤੋਂ ਕੈਲੇਫੋਰਨੀਆ ਦੀ ਬੰਦਰਗਾਹ, ਸੈਨ ਡੀਐਗੋ ਪੁੱਚਾ ਦਿੱਤੇ ਗਏ।

ਗਦਰ ਪਾਰਟੀ ਵੱਲੋਂ ਬਾਬਾ ਹਰੀ ਸਿੰਘ ਉਸਮਾਨ ਜੋ 'ਮੈਵਰਿਕ' ਜਹਾਜ ਨਾਲ ਗਏ, ਉਨ੍ਹਾਂ ਦੇ ਕਹਿਣ ਅਨੁਸਾਰ ਲਗਪਗ 15-ਹਜਾਰ ਰਫ਼ਲਾਂ, ਪਿਸਤੌਲ ਤੇ ਬਹੁਤ ਸਾਰਾ ਦਾਰੂ-ਸਿਕਾ ਸੀ। ਹਥਿਆਰ ਖਰੀਦਣ ਵੇਲੇ ਬਹਾਨਾ ਇਹ ਬਣਾਇਆ ਗਿਆ ਕਿ ਇਹ ਮੈਕੇਸੀਕੋ ਦੀ ਖਾਨਾਜੰਗੀ ਵਿੱਚ ਅਮਰੀਕਾ ਧੜੇ ਦੀ ਮਦਦ ਲਈ ਲਿਜਾਣੇ ਸਨ। ਮਾਰਚ-8, 1915 ਨੂੰ ਸੈਨ-ਡੀਐਗੋ ਤੋਂ ਅਸਲਾ "ਐਨੀ ਲਾਰਸਨ'' ਵਿੱਚ ਲੱਦ ਕੇ, "ਮੈਵਰਿਕ'' ਵੱਲ ਭੇਜ ਦਿੱਤਾ ਜੋ ਮੈਕਸੀਕੋ ਦੇ ਸੋਕੋਰੋ ਟਾਪੂ ਤੋਂ 100 ਕੁ ਮੀਲ ਦੀ ਵਿੱਥ ਤੇ ਖੜਾ ਸੀ। ਮੁਰੰਮਤ ਹੋਣ ਕਾਰਨ ਮੈਵਰਿਕ ਲੇਟ ਹੋ ਗਿਆ। 14-ਅਪ੍ਰੈਲ, 1915 ਤੋਂ ਤੁਰਕੇ ਉਹ 30-ਅਪ੍ਰੈਲ, 1915 ਨੂੰ ਸੋਕੋਰੋ ਟਾਪੂ ਪਹੁੰਚਿਆ। ਇਸ ਜਹਾਜ ਵਿੱਚ ਹਰੀ ਸਿੰਘ ਉਸਮਾਨ ਸਮੇਤ ਗਦਰੀ ਮੰਗੂ ਰਾਮ, ਹਰਚਰਨ ਦਾਸ, ਗੰਭੀਰ ਸਿੰਘ ਤੇ ਹਰਨਾਮ ਸਿੰਘ ਸਵਾਰ ਸਨ। ਤੇਲ ਵਾਲੇ ਟੈਂਕ ਵਿੱਚ ਕੁਝ ਬੰਦੂਕਾਂ ਛੁਪਾ ਲਈਆਂ ਤੇ ਕੈਬਿਨ ਵਿੱਚ 'ਗਦਰ' ਅਖਬਾਰ ਦੀਆਂ 20-ਹਜ਼ਾਰ ਕਾਪੀਆਂ ਵੀ ਰੱਖੀਆਂ ਹੋਈਆਂ ਸਨ। ਐਨੀ ਲਾਰਸਨ, ਮੈਵਰਿਕ ਦੇ ਪਹੁੰਚਣ ਤੋਂ ਪਹਿਲਾ ਹੀ ਪਹੁੰਚ ਗਿਆ। ਤਿੰਨ ਕੁ ਹਫਤੇ ਤਕ ਮੈਵਰਿਕ ਨੂੰ ਉਡੀਕਿਆ ਗਿਆ। ਜਹਾਜ ਦਾ ਰਾਸ਼ਨ ਤੇ ਪਾਣੀ ਮੁਕਦਾ ਦੇਖ ਕੇ ਕੈਪਟਨ ਨੇ ਜਹਾਜ ਨੂੰ ਮੈਕਸੀਕੋ ਦੀ ਬੰਦਰਗਾਹ ਐਕੋਪੁਕੋ 'ਤੇ ਲਾ ਦਿੱਤਾ। ਰਾਸ਼ਨ-ਪਾਣੀ ਲੈ ਕੇ ਦੂਬਾਰਾ ਮੈਵਰਿਕ ਨਾਲ ਤਾਲ-ਮੇਲ ਕਰਨ ਦਾ ਯਤਨ ਕੀਤਾ ਗਿਆ। ਰਾਸ਼ਨ ਪਾਣੀ ਲੈਣ ਗਏ ਦੌਰਾਨ ਐਨੀ ਲਾਰਸਨ ਦੀ ਗੈਰ ਹਾਜ਼ਰੀ ਦੌਰਾਨ ਮੈਵਰਿਕ ਪਹੁੰਚ ਗਿਆ। ਕੁਝ ਸਮਾਂ ਉਡੀਕਣ ਤੇ ਫਿਰ ਸੈਨ ਡਿਐਗੋ ਮੁੜ ਆਇਆ ਤੇ ਜਰਮਨ ਕੌਂਸਲ ਨੂੰ ਐਨੀ ਲਾਰਸਨ ਦੇ ਨਾ ਮਿਲਣ ਬਾਰੇ ਇਤਲਾਹ ਦਿੱਤੀ।

ਜੂਨ-1, 1915 ਨੂੰ ਮੈਵਰਿਕ ਦੂਬਾਰਾ ਸਕੋਰੇ ਟਾਪੂ 'ਤੇ ਪਹੁੰਚ ਗਿਆ। ਐਨੀ ਲਾਰਸਨ ਵੀ ਉਡੀਕ ਕਰਕੇ ਵਾਸ਼ਿੰਗਟਨ ਪ੍ਰਾਂਤ ਦੀ ਬੰਦਰਗਾਹ "ਹਕੂਇਮ'' ਵੱਲ ਮੁੜ ਗਿਆ। ਕੁਦਰਤ ਨੂੰ ਨਾ ਭਾਵੇਂ ਕਿ ਦੋਨੋ ਜਹਾਜ਼ ਇਕ ਦੂਜੇ ਨੂੰ ਨਾ ਮਿਲ ਸੱਕੇ। ਅਮਰੀਕਨ ਪੁਲਿਸ ਨੇ "ਐਨੀ ਲਾਰਸਨ'' ਨੂੰ ਕਾਬੂ ਕਰ ਲਿਆ ਤੇ ਅਸਲਾ ਬਰਾਮਦ ਕਰਕੇ ਕੈਪਟਨ ਨੂੰ ਹਿਰਾਸਤ ਵਿੱਚ ਲੈ ਲਿਆ। ਜਰਮਨ ਕੌਂਸਲ ਨੇ ਮੈਵਰਿਕ ਨੂੰ "ਜਾਵਾ'' ਪਹੁੰਚਣ ਦਾ ਆਦੇਸ਼ ਦਿੱਤਾ। ਬ੍ਰਿਟਿਸ਼ ਸਰਕਾਰ ਨੂੰ ਰਾਮ ਚੰਦਰਾ (ਗਦਰ ਪਾਰਟੀ ਦਾ ਗਦਾਰ ਮੈਂਬਰ) ਵੱਲੋਂ ਮਿਲੀ ਜਸੂਸੀ ਦੇ ਸਿੱਟੇ ਵੱਜੋ ਗੋਰੀ ਸਰਕਾਰ ਨੇ ਮੈਵਰਿਕ ਦੇ ਪਿਛੇ ਜੰਗੀ ਜਹਾਜ਼ ਲਾ ਦਿੱਤੇ। ਨਾਲ ਹੀ ਹੌਂਗਕੌਂਗ, ਸਿੰਘਾਪੁਰ ਤੇ ਰੰਗੂਨ ਦੇ ਬ੍ਰਿਟਿਸ਼ ਕੌਂਸਲਰਾਂ ਨੂੰ ਮੈਵਰਿਕ ਜਹਾਜ਼ ਨੂੰ ਹਿਰਾਸਤ ਵਿੱਚ ਲੈਣ ਲਈ ਕਹਿ ਦਿੱਤਾ। ਕਈ ਦਿਨਾਂ ਦੀ ਖੱਜਲ ਖੁਆਰੀ ਤੋਂ ਬਾਅਦ "ਮੈਵਰਿਕ'' ਸਤੰਬਰ, 1915 ਨੂੰ "ਜਾਵਾ'' ਪੁੱਜ ਗਿਆ ਜੋ ਡੱਚ ਦੇਸ਼ (ਬਸਤੀ) ਅਧੀਨ ਸੀ। ਉਥੋਂ ਦੇ ਜਰਮਨ ਕੌਂਸਲ, ਥਿਉਡਰ ਹੈਲਫ੍ਰਿਕਸ ਨੇ ਜਹਾਜ ਨੂੰ ਤਬਾਹ ਕਰਨ ਦੀ ਸਲਾਹ ਦਿੱਤੀ। ਪਰ

(ਬਾਕੀ ਅਗਲੇ ਸਫੇ 'ਤੇ)



# ਕੋਰੋਨਾ ਮਹਾਂਮਾਰੀ ਦੇ ਤਾਲਾਬੰਦੀ/ਕਰਫਿਊ ਦੌਰਾਨ ਜਲ ਸਪਲਾਈ ਵਿਭਾਗ ਦੀ ਨਿਭਾਈ ਮੋਹਰੀ ਅਤੇ ਮਹੱਤਵਪੂਰਨ ਭੂਮਿਕਾ ਨੂੰ ਸਲਾਮ

ਕੋਰੋਨਾ ਕੋਵਿਡ-19 ਮਹਾਂਮਾਰੀ ਨੇ ਪੂਰੀ ਦੁਨੀਆਂ ਚ ਤਹਿਲਕਾ ਮਚਾ ਦਿੱਤਾ ਹੈ। ਕੁਦਰਤ ਦੀ ਮਨੁੱਖ ਪ੍ਰਤੀ ਨਰਾਜ਼ਗੀ ਜਾਂ ਕਹਿਰ ਇਸ ਵਾਇਰਸ ਦੇ ਭੈਅ ਨੇ ਪੂਰੀ ਦੁਨੀਆਂ ਨੂੰ ਮੌਤ ਦੇ ਸਾਏ ਹੇਠ ਘਰਾਂ ਅੰਦਰ ਰਹਿ ਕੇ ਜ਼ਿੰਦਗੀ ਜਿਉਣ ਲਈ ਮਜ਼ਬੂਰ ਕੀਤਾ ਹੈ। ਮਨੁੱਖ ਦੀਆਂ ਤਕਨੀਕਾਂ ਅਤੇ ਸੁੱਖ-ਸਹੂਲਤਾਂ ਦੇ ਸਾਧਨ ਕੁਦਰਤ ਨੇ ਜਾਮ ਕਰਕੇ ਕੁਦਰਤੀ ਵਸੀਲਿਆਂ ਅਤੇ ਜੀਵਾਂ ਨੂੰ ਖੁਸ਼ਗਵਾਰ ਜ਼ਿੰਦਗੀ ਜਿਊਣ ਲਈ ਆਜ਼ਾਦ ਕਰ ਦਿੱਤਾ। ਇਸ ਵਾਇਰਸ ਦੇ ਫੈਲਾਅ ਤੋਂ ਬਚਾਅ ਲਈ ਸਿਹਤ ਵਿਭਾਗ ਦੀ ਹਦਾਇਤਾਂ ਅਤੇ ਸਾਵਧਾਨੀਆਂ ਦੇ ਮੱਦੇਨਜ਼ਰ ਦੁਨੀਆਂ ਦੇ ਸਾਰੇ ਦੇਸ਼ ਤਾਲਾਬੰਦੀ ਲਈ ਮਜਬੂਰ ਹੋ ਗਏ ਅਤੇ ਕਈ ਦੇਸ਼ਾਂ ਨੂੰ ਕਰਫਿਊ ਵੀ ਲਾਗੂ ਕਰਨਾ ਪਿਆ। ਇਸ ਨਾਲ ਹਵਾਈ ਸੇਵਾਵਾਂ,ਰੇਲ ਗੱਡੀਆਂ, ਬੱਸਾਂ, ਕਾਰਾਂ, ਟੈਕਸੀਆਂ ਆਦਿ ਸਭ ਬੰਦ ਹੋ ਗਏ।

ਇਸ ਸੰਕਟਮਈ ਸਥਿਤੀ ਚ ਡਾਕਟਰਾਂ, ਸਿਹਤ ਵਿਭਾਗ ਦੇ ਕਰਮਚਾਰੀਆਂ, ਸਫ਼ਾਈ ਕਰਮਚਾਰੀਆਂ, ਪੁਲਿਸ, ਪ੍ਰਸ਼ਾਸਨ, ਬਿਜਲੀ ਮਹਿਕਮੇ, ਪੱਤਰਕਾਰਾਂ ਵੱਲੋਂ ਮੋਹਰੀ ਭੂਮਿਕਾ ਨਿਭਾਈ ਜਾ ਰਹੀ ਹੈ। ਇਸੇ ਕੜੀ ਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦਾ ਰੋਲ ਵੀ ਮੋਹਰੀ ਅਤੇ ਅਤਿ ਮਹੱਤਵਪੂਰਨ ਹੈ।

ਇਸ ਨਾਜ਼ੁਕ ਸਮੇਂ ਜਦੋਂ ਹਰੇਕ ਵਿਅਕਤੀ ਦੇ ਮਨ ਚ ਕੋਰੋਨਾ ਵਾਇਰਸ ਦਾ ਭੈਅ ਚਰਮ ਸੀਮਾ ਤੇ ਹੈ ਅਤੇ ਕਰਫਿਊ/ਤਾਲਾਬੰਦੀ ਕਾਰਣ ਲੋਕ ਘਰਾਂ ਅੰਦਰ ਰਹਿਣ ਲਈ ਮਜਬੂਰ ਹਨ ਤਾਂ ਮੁਢਲੀਆਂ ਸਹੂਲਤਾਂ ਚੋਂ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਦੀ ਅਤਿਅੰਤ ਲੋੜ੍ਹ ਦੀ ਪੂਰਤੀ ਜ਼ਰੂਰੀ ਹੈ। ਮਹਿਕਮੇ ਦੇ ਪਿੰਡਾਂ ਚ ਜਲ ਸਪਲਾਈ ਸਕੀਮਾਂ ਤੇ ਕੰਮ ਕਰਦੇ ਸਰਕਾਰੀ ਕਰਮਚਾਰੀਆਂ ਅਤੇ ਠੇਕੇਦਾਰਾਂ ਨੇ ਤਨਦੇਹੀ, ਇਮਾਨਦਾਰੀ ਅਤੇ ਮੁਸਤੈਦੀ ਨਾਲ ਕਲੋਰੀਨ ਯੁਕਤ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਦੇਕੇ ਦੇਸ਼ ਸੇਵਾ ਵਿੱਚ ਮੂਹਰਲੀ ਕਤਾਰ ਵਿੱਚ ਨਿਡਰਤਾ,ਬੇਬਾਕੀ ਅਤੇ ਸੇਵਾ ਭਾਵਨਾ ਨਾਲ ਕੰਮ ਕੀਤਾ ਹੈ।

ਮਹਿਕਮੇ ਦੇ ਫੀਲਡ ਚ ਕੰਮ ਕਰਦੇ ਕਰਮਚਾਰੀਆਂ ਨੇ ਜਿੱਥੇ ਪੂਰੀ ਤਨਦੇਹੀ ਅਤੇ ਮੁਸਤੈਦੀ ਨਾਲ ਡਿਊਟੀ ਨਿਭਾਈ, ਉੱਥੇ ਉਹਨਾਂ ਪੂਰੇ ਪ੍ਰਹੇਜ਼ ਰੱਖਦਿਆਂ ਦੇਸ਼ ਭਗਤੀ ਦੀ ਭਾਵਨਾ ਅਤੇ ਜਜ਼ਬੇ ਨੂੰ ਵੀ ਬਰਕਰਾਰ ਰੱਖਕੇ ਇੱਕ ਚੰਗੇ ਸੂਝਵਾਨ ਅਤੇ ਮਨੁੱਖਤਾ ਵਾਦੀ ਹੋਣ ਦਾ ਫਰਜ਼ ਅਦਾ ਕੀਤਾ ਹੈ। ਇਸ ਖੇਤਰ ਨਾਲ ਜੁੜੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੇ ਕਰਫਿਊ ਦੌਰਾਨ ਬੇਰੋਕ ਪਾਣੀ ਦੀ ਸਪਲਾਈ ਦਾ ਰਿਕਾਰਡ ਕਾਇਮ ਕੀਤਾ ਹੈ। ਮਹਿਕਮੇ ਨੇ ਬੇਸ਼ੱਕ ਮੁਲਾਜ਼ਮਾਂ ਨੂੰ ਸਾਵਧਾਨੀਆਂ ਦੇ ਮੱਦੇਨਜ਼ਰ ਮਾਸਕ ਅਤੇ ਹੱਥ ਧੋਣ ਲਈ ਸਾਬਣਾਂ ਅਤੇ ਸੈਨੀਟਾਈਜ਼ਰ ਸਪਲਾਈ ਕੀਤੇ ਹਨ,ਪਰ ਫੀਲਡ ਮੁਲਾਜ਼ਮਾਂ ਅਤੇ ਅਧਿਕਾਰੀਆਂ ਨੇ ਆਪਣੇ ਪੱਧਰ ਤੇ ਵੀ ਇਹ ਸਮਾਨ ਖ੍ਰੀਦ ਕੇ ਇਨਸਾਨੀਅਤ ਦੀ ਭਲਾਈ ਲਈ ਡਿਊਟੀ ਕਰਕੇ ਅਹਿਮ ਭੂਮਿਕਾ ਨਿਭਾਈ ਹੈ।

ਉਹਨਾਂ ਪਿੰਡ ਵਿੱਚ ਜਲ ਸਪਲਾਈ ਸਕੀਮ ਤੇ ਕਲੋਰੀਨ ਯੁਕਤ ਪੀਣ ਦੇ ਪਾਣੀ ਦੀ ਸਪਲਾਈ ਲਈ ਡਿਊਟੀ ਨਿਭਾਉਣ ਤੋਂ ਇਲਾਵਾ ਪਿੰਡ ਦੇ ਅੰਦਰ ਜਾਕੇ ਪਾਣੀ ਦੀ ਸਮੱਸਿਆ ਚੈਕ ਕਰਨਾ,ਲੀਕੇਜ ਠੀਕ ਕਰਵਾਉਣ ਅਤੇ ਬਿਜਲੀ ਦੀ ਸਮੱਸਿਆ ਨੂੰ ਵੀ ਆਪਣੇ ਪੱਧਰ ਤੇ ਹੱਲ ਕਰਨ ਲਈ ਵੀ ਪਹਿਲਕਦਮੀ ਕੀਤੀ ਅਤੇ ਇੱਕ ਚੰਗੇ ਨਾਗਰਿਕ ਹੋਣ ਦਾ ਫਰਜ਼ ਨਿਭਾਇਆ ਹੈ। ਮਹਿਕਮੇ ਦੇ ਜੂਨੀਅਰ ਇੰਜੀਨੀਅਰਾਂ, ਸਹਾਇਕ ਇੰਜੀਨੀਅਰਾਂ, ਟਿਊਬਵੈੱਲ ਉਪਰੇਟਰਾਂ,ਮਾਲੀ ਕਮ ਚੌਕੀਦਾਰਾਂ, ਪੈਟਰੋਲਮੈਨਾਂ ਆਦਿ ਨੇ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਕਰਫਿਊ ਦੌਰਾਨ ਨਾਕਿਆਂ ਤੇ ਰੋਕ, ਪਿੰਡਾਂ ਵਿੱਚ ਦੂਸਰੇ ਪਿੰਡਾਂ ਤੋਂ ਆਉਣ ਦਾ ਵਿਰੋਧ, ਡਿਊਟੀ ਤੋਂ ਵਾਪਸ ਆਪਣੇ ਘਰ ਆਉਣ ਤੇ ਸੰਬਧਿਤ ਪੰਚਾਇਤ ਵੱਲੋਂ ਵਿਰੋਧ, ਘਰੋਂ ਆਉਣ ਜਾਣ ਤੇ ਪਰਿਵਾਰਕ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ ਇਹਨਾਂ ਮੁਲਾਜ਼ਮਾਂ ਨੇ ਇਨਸਾਨੀਅਤ ਦੀ ਭਲਾਈ ਲਈ ਆਪਣਾ ਡਿਊਟੀ ਪ੍ਰਤੀ ਫ਼ਰਜ਼ ਨਿਭਾਇਆ ਹੈ ਜੋ ਆਪਣੇ ਆਪ ਚ ਦੇਸ਼ ਭਗਤੀ ਦੀ ਲਾ-ਮਿਸਾਲ ਹੈ।



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਇਸ ਤੋਂ ਇਲਾਵਾ ਕੁਝ ਮੁਲਾਜ਼ਮਾਂ ਨੇ ਗਰੀਬ, ਲੋੜਵੰਦਾਂ ਅਤੇ ਭੁੱਖਮਰੀ ਨਾਲ ਲੜ੍ਹ ਰਹੇ ਲੋਕਾਂ ਨੂੰ ਲੰਗਰ ਛਕਾਉਣ ਅਤੇ ਰਾਸ਼ਨ ਵੰਡਣ ਵੀ ਉਪਰਾਲਿਆਂ ਚ ਵੀ ਮਹੱਤਵਪੂਰਨ ਕੰਮ ਕੀਤਾ ਹੈ। ਸੋ ਸਰਕਾਰਾਂ ਨੂੰ ਇਸ ਮਹਿਕਮੇ ਦੇ ਕਰਮਚਾਰੀਆਂ ਦੇ ਸੰਕਟਮਈ ਦੌਰ ਚ ਨਿਭਾਈ ਅਹਿਮ ਭੂਮਿਕਾ ਨੂੰ ਅੱਖੋਂ ਪਰੋਖੇ ਨਾਂ ਕਰਦਿਆਂ ਇਹਨਾਂ ਦੇ ਸਵੈਮਾਣ ਅਤੇ ਸਮੱਸਿਆਵਾਂ ਵੱਲ੍ਹ ਵਿਸ਼ੇਸ਼ ਤਵੱਜੋਂ ਦੇਣ ਦੀ ਲੋੜ੍ਹ ਭਾਸਦੀ ਹੈ। ਇਹਨਾਂ ਮੁਲਾਜ਼ਮਾਂ ਦੇ ਨਾਜ਼ੁਕ ਸਮੇਂ ਨਿਭਾਏ ਅਹਿਮ ਅਤੇ ਮਹੱਤਵਪੂਰਨ ਰੋਲ ਨੂੰ ਸਲਾਮ ਹੈ।

## ਰਾਖਵਾਂਕਰਨ ਦਾ ਦੁਖਾਂਤ



ਹਰਜਿੰਦਰ ਸਿੰਘ
91-78892-90550

ਸਮਾਜਿਕ ਤੌਰ ਤੇ ਤੁੱਛ ਮੰ-ਨੀਆਂ ਜਾਦੀਆਂ ਜਾਤੀਆਂ ਨੂੰ ਕੁਝ ਕੁ ਸ਼ਰਾਰਤੀ ਅਨਸਰ ਸਮੇ ਸਮੇ ਤੇ ਆਪਣੇ ਗਲਤ ਵਿਚਾਰਾਂ , ਰੁਤਬੇ ਜਾਂ ਜਾਤੀ ਦੇ ਹੈਂਕੜ ਕਰਕੇ ਆਪਣੇ ਹਿਸਾਬ ਨਾਲ ਵਿਚਾਰ ਪੇਸ਼ ਕਰਕੇ, ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਹਨ, ਕੁਝ ਦਾ ਤਾਂ ਉਹਨਾ ਵਿਚਾਰਾਂ ਨਾਲ ਕੋਈ ਖਾਸ਼ ਸਬੰਧ ਵੀ ਨਹੀਂ ਹੁੰਦਾ, ਬਸ ਇੱਕ ਦੂਜੇ ਤੋਂ ਸੁਣ ਕੇ ਜਾਂ ਵੇਖ ਕੇ ਹੀ ਵਿਰੋਧ ਕਰਦੇ ਹਨ, ਅੱਜ ਫਿਰ ਕਿਸੇ ਨੇ ਰਾਖਵਾਂਕਰਨ ਦੇ ਵਿਰੋਧ ਦੀ ਸ਼ਰਾਰਤ ਕੀਤੀ ਆ, ਹਾਲਾਕਿ ਵਿਰੋਧ ਕਰਨ ਵਾਲਿਆਂ ਚ ਬਹੁਤੇ ਇਹ ਵੀ ਨਹੀਂ ਜਾਣਦੇ ਕਿ ਰਾਖਵਾਂਕਰਨ ਕਿਸਨੂੰ ਦੇਣਾ ਚਾਹੀਦਾ ਹੈ ਜਾਂ ਸੰਵਿਧਾਨ ਤਹਿਤ ਕਿਉਂ ਦਿੱਤਾ ਗਿਆ ਹੈ। ਰਾਖਵਾਂਕਰਨ ਖਤਮ ਕਰਨ ਦੀ ਅਗਵਾਈ ਕਰਨ ਵਾਲਿਆਂ ਲਈ ਸਿਰਫ ਨੌਕਰੀ, ਪੜ੍ਹਾਈ, ਤਰੱਕੀ ਵਿੱਚ ਰਾਖਵਾਂਕਰਨ ਹੀ ਤਖਲੀਫਦੇਹ ਨਹੀ,ਸਗੋਂ ਐਸ ਸੀ ਐਕਟ ਵੀ ਪ੍ਰੇਸ਼ਾਨੀ ਦਾ ਕਾਰਨ ਹੈ,ਕਿਉਂਕਿ ਇਸ ਐਕਟ ਕਰਕੇ ਹੀ ਬਹੁਤ ਸਾਰੇ ਜਾਤ ਦੇ ਹੰਕਾਰੇ ਲੋਕਾਂ ਨੂੰ ਨੱਥ ਪਾਈ ਗਈ ਹੈ,ਇਸ ਐਕਟ ਕਰਕੇ ਗਰੀਬ ਲੋਕ ਧਨਾਢਾਂ ਦੇ ਜੁਲਮ ਤੋਂ ਸੁਰਖਰੂ ਹੋਏ ਨੇ। ਸਮਾਜ ਕਿਸੇ ਸਿਰਫ ਇੱਕ ਵਿਆਕਤੀ ਜਾਂ ਕਿਸੇ ਇੱਕ ਵਿਆਕਤੀ ਵਿਸ਼ੇਸ਼ ਕਰਕੇ ਹੋਂਦ 'ਚ ਨਹੀਂ ਆਉਂਦਾ, ਬਲਕਿ ਹਰ ਵਿਆਕਤੀ ਦੀ ਸਮਾਜ ਨੂੰ ਜਰੂਰਤ ਹੈ, ਅਮੀਰ, ਗਰੀਬ, ਕਚਰੇ ਵਾਲਾ, ਸਫਾਈ ਕਰਮਚਾਰੀ, ਸਬਜੀ ਵਾਲਾ, ਪੁਲਸ, ਡਾਕਟਰ, ਜੱਜ, ਵਕੀਲ, ਧੋਬੀ, ਮੋਚੀ, ਨਾਈ ਮਤਲਬ ਹਰ ਤਰ੍ਹਾਂ ਦੇ ਲੋਕਾਂ ਦੀ ਲੋੜ ਹੁੰਦੀ ਹੈ, ਤੇ ਉਹ ਜਿਸ ਤਰਾਂ ਦਾ ਕੰਮ ਕਰਦਾ ਉਸੇ ਤਰਾਂ ਦੀ ਜਾਤੀ ਨਾਲ ਜੋੜ ਦਿੱਤਾ ਜਾਂਦਾ ਹੈ, ਚਮੜੇ ਦਾ ਕੰਮ ਤਾਂ ਚਮਾਰ, ਸੋਨੇ ਦਾ ਕੰਮ ਤਾਂ ਸਨਾਰ, ਜਮੀਨ ਦਾ ਕੰਮ ਤਾਂ ਜਿਮੀਦਾਰ,ਪਰ ਸਮੇ ਦੇ ਨਾਲ ਨਾਲ ਬਹੁਤੇ ਲੋਕਾਂ ਨੇ ਪਿਤਾ ਪੁਰਖੀ ਆਪਣੇ ਕੰਮ ਵੀ ਬਦਲ ਲਏ ਨੇ, ਕਿਸੇ ਸਮੇ ਗਾਉਣਾ ਸਿਰਫ ਮਰਾਸੀਆਂ ਦਾ ਕਿੱਤਾ ਸੀ, ਸਮਾਜ ਉਹਨਾ ਦੇ ਇਸ ਕਿੱਤੇ ਨੂੰ ਘਟੀਆ ਸਮਝਦਾ ਸੀ, ਪਰ ਜੇਕਰ ਉਸ ਹਿਸਾਬ ਨਾਲ ਦੇਖੀਏ ਤਾਂ ਹੁਣ ਗਾਉਣ ਵਾਲੇ ਜੱਟਾਂ ਦੇ ਮੁੰਡੇ ਵੀ ਮਰਾਸੀ ਹੋਏ,ਕੰਮ ਕੋਈ ਬੁਰਾ ਨਹੀਂ ,ਸਾਡੀ ਹੀ ਨੀਅਤ ਚ ਖੋਟ ਹੈ, ਸਮਾਜ ਦੇ ਆਰਥਿਕ, ਸਮਾਜਿਕ, ਰਾਜਨੀਤਿਕ, ਅਤੇ ਬੋਧਿਕ ਪੱਖ ਤੋਂ ਕਮਜੋਰ ਲੋਕਾਂ ਲਈ ਸੰਵਿਧਾਨ ਅਤੇ ਸਰਕਾਰਾਂ ਨੇ ਰਾਖਵਾਂਕਰਨ ਦੀ ਜਰੂਰਤ ਮਹਿਸੂਸ ਕੀਤੀ ਤਾਂ ਨੋਕਰੀਆਂ ਚ ਔਰਤਾਂ, ਅੰਗ ਹੀਣਾ, ਖਿਡਾਰੀਆਂ, ਗੂੰਗੇ, ਬੋਲੇ, ਆਰਥਿਕ ਪੱਖੋਂ ਵਰਗਾਂ ਐਸ. ਸੀ., ਬੀ. ਸੀ. ਨੂੰ,ਦਿੱਤਾ ਗਿਆ, ਹੁਣ ਕਈ ਲੋਕ ਸੰਵਿਧਾਨ ਦੇ ਉਲਟ ਰਾਖਵਾਂਕਰਨ ਖਤਮ ਕਰਵਾਉਣ ਦੇ ਉਪਰਾਲੇ ਕਰ ਰਹੇ ਨੇ, ਤਰਕ ਦਿੱਤਾ ਕਿ 25% ਰਾਖਵਾਂਕਰਨ ਬਾਕੀ 75% ਉਪਰ ਭਾਰੂ ਹੈ,ਤਰਕ ਦਾ ਆਧਾਰ ਕਾਫੀ ਹੱਦ ਤੱਕ ਬੇਤੁਕਾ ਹੈ, ਜੇਕਰ ਕੋਈ ਵਿਆਕਤੀ ਆਪਣੀ ਕਾਬਲੀਅਤ ਦੇ ਆਧਾਰਿਤ 75 ਸ਼ੀਟਾਂ ਚੋਂ, ਆਪਣੀ ਇੱਕ ਸ਼ੀਟ ਨਹੀ ਲੈ ਸਕਦਾ, ਤਾਂ ਦੋਸ਼ੀ ਰਾਖਵਾਂਕਰਨ ਨੂੰ ਠਹਿਰਾਉਣਾ ਸਰਾਸਰ ਗਲਤ ਅਤੇ ਗੈਰਸੰਵਿਧਾਨਿਕ ਹੈ,ਹੱਦ ਤਾਂ ਉਦੋਂ ਹੋ ਗਈ, ਜਦੋਂ 35 ਕੁ ਸਾਲ ਦਾ 8 ਪਾਸ ਵਿਆਕਤੀ ਵੀ ਨੋਕਰੀ ਨਾ ਮਿਲਣ ਦਾ ਦੋਸ਼ ਰਾਖਵਾਂਕਰਨ ਤੇ ਲਾ ਗਿਆ।

ਰਾਖਵਾਂਕਰਨ ਬੰਦ ਕਰਨ ਦਾ ਹੋਕਾ ਦੇਣ ਵਾਲੇ ਸੱਜਣਾ ਨੂੰ ਇੱਕ ਬੇਨਤੀ ਅਤੇ ਸਲਾਹ ਹੈ, ਜੇਕਰ ਤੁਸੀਂ ਸੱਚ-ਮੁੱਚ ਹੀ ਰਾਖਵਾਂਕਰਨ ਨੂੰ ਜਲਦੀ (ਸਰਕਾਰਾਂ ਤੋਂ ਵੀ ਪਹਿਲਾਂ) ਖਤਮ ਕਰਨਾ ਚਾਹੁੰਦੇ ਹੋ, ਤਾਂ ਸਮਾਜਿਕ ਬਰਾਬਰੀ ਲਈ ਇੱਕ ਇੱਕ, ਦੋ ਦੋ ਕਿੱਲੇ ਜਮੀਨ ਦੇ ਐਸਸੀ, ਬੀਸੀ ਭਾਈਚਾਰੇ ਦੇ ਲੋਕਾਂ ਨੂੰ ਦਾਨ ਕਰਨ ਦਾ ਪ੍ਰਨ ਕਰੀਏ, ਤਾਂ ਜੋ ਇਹ ਲੋਕ ਆਰਥਿਕ ਪੱਖੋਂ ਉਠਣ, ਤੇ ਰਾਖਵਾਂਕਰਨ ਦੀ ਮੰਗ ਅਤੇ ਜਰੂਰਤ ਹੀ ਖਤਮ ਹੋ ਜਾਵੇ।

# ਹਿੰਦੂ-ਜਰਮਨ ਸਾਜ਼ਿਸ਼ ਕੇਸ ਕੈਲੇਫੋਰਨੀਆ (ਗਦਰ-ਪਾਰਟੀ ਦਾ ਆਜ਼ਾਦੀ ਅੰਦਰ ਰੋਲ)

**(ਸਫਾ 18 ਦੀ ਬਾਕੀ)**

ਡੱਚ ਸਰਕਾਰ ਨੇ ਜਹਾਜ ਕਾਬੂ ਕਰ ਲਿਆ। ਬ੍ਰਿਟਿਸ਼ ਕੌਂਸਲ ਨੇ ਡੱਚ ਸਰਕਾਰ ਤੇ ਦਬਾਅ ਪਾ ਕੇ ਜਹਾਜ਼ ਆਪਣੇ ਕਬਜੇ 'ਚ ਲੈ ਲਿਆ। ਜਹਾਜ ਵਿੱਚ ਜਰਮਨ ਅਮਲੇ ਸਮੇਤ ਪੰਜ ਗਦਰੀ ਜੋ ਈਰਾਨੀਆ ਦੇ ਭੇਸ 'ਚ ਕੁੱਕ ਦੀ ਡਿਊਟੀ ਦਿੰਦੇ ਦਿਖਾਈ ਗਏ ਸਨ। ਗੋਰੇ ਸਿਪਾਹੀਆ ਨੇ ਜਹਾਜ਼ 'ਚ ਵੜ੍ਹਦਿਆ ਸਾਰ ਹੀ ਹਰੀ ਸਿੰਘ ਉਸਮਾਨ ਬਾਰੇ ਪੁਛਿਆ। ਇਹ ਪੱਕਾ ਯਕੀਨ ਹੋ ਗਿਆ ਕਿ ਗੋਰੀ ਸਰਕਾਰ ਨੂੰ ਇਸ ਸਾਰੀ ਸਕੀਮ ਬਾਰੇ ਇਤਲਾਹ ਰਾਮਚੰਦਰਾ ਨੇ ਹੀ ਦਿੱਤੀ ਸੀ, ਕਿ ਮੈਵਰਿਕ ਜਹਾਜ਼ ਵਿੱਚ ਹਰੀ ਸਿੰਘ ਉਸਮਾਨ ਸਵਾਰ ਹੈ।

ਰਾਮ ਚੰਦਰਾ ਗਦਰ ਪਾਰਟੀ ਅਤੇ ਗਦਰ ਅਖਬਾਰ ਅੰਦਰ ਅਹਿਮ ਸਥਾਨ ਰੱਖਦਾ ਸੀ। ਪਰ ਮਨੁੱਖ ਕਦੋਂ ਮਾਨਸਿਕ ਤੌਰ ਤੇ ਵਿਚਾਰਾਂ ਨੂੰ ਬਦਲ ਦੇਵੇ ਤਾਂ ਕੁਝ ਕਿਹਾ ਨਹੀਂ ਜਾ ਸਕਦਾ ਹੈ। ਰਾਮ ਚੰਦਰਾ ਨੇ ਬ੍ਰਿਟਿਸ਼ ਕੌਂਸਲ ਕੋਲ ਗਦਰ ਪਾਰਟੀ ਦੀਆਂ ਅੰਦਰੂਨੀ ਗੱਲਾਂ ਤੇ ਫੈਸਲਿਆਂ ਨੂੰ ਦੱਸਣ ਲਈ ਮਿਸਟਰ ਬਗਾਈ ਨਾਂ ਦੇ ਵਿਅਕਤੀ ਨਾਲ ਸੰਪਰਕ ਕਾਇਮ ਕੀਤਾ। ਇਸ ਵਿਅੱਕਤੀ ਰਾਹੀਂ ਬ੍ਰਿਟਿਸ਼ ਕੌਂਸਲ ਨੂੰ ਗਦਰ ਪਾਰਟੀ ਸਬੰਧੀ ਰਿਪੋਰਟਾਂ ਦੇਣ ਬਦਲੇ 375 ਡਾਲਰ ਵੀ ਪ੍ਰਾਪਤ ਕੀਤੇ।ਭਾਵ ਮੈਵਰਿਕ ਜਹਾਜ਼ ਸਬੰਧੀ ਵੀ ਇਸ ਨੇ ਹੀ ਗੋਰਿਆ ਨੂੰ ਸਾਰੀ ਸੂਚਨਾ ਪੁਚਾਈ। ''ਜਾਵਾ'' ਵਿੱਚ ''ਮੈਵਰਿਕ'' ਜਹਾਜ਼ 'ਚ ਫੜੇ ਗਏ ਜਰਮਨਾਂ ਅਤੇ ਗਦਰੀਆਂ ਤੇ ਮੁਕੱਦਮਾ ਚਲਾਇਆ ਗਿਆ। ਹਰੀ ਸਿੰਘ (ਉਸਮਾਨ) ਨੂੰ ਬ੍ਰਿਟਿਸ਼ ਸਰਕਾਰ ਮੌਤ ਦੀ ਸਜ਼ਾ ਦੇਣਾ ਚਾਹੁੰਦੀ ਸੀ। ਪਰ ''ਜਾਵਾ'' ਦੇ ਜਰਮਨ ਕੌਂਸਲ ਨੇ ਜ਼ਮਾਨਤ 'ਤੇ ਛੁਡਾ ਲਿਆ ਤੇ ਉਹ ਰਿਹਾਈ ਬਾਦ ਜੰਗਲਾਂ 'ਚ ਲੁਕ ਗਿਆ। ਕੁਝ ਅਰਸੇ ਬਾਦ ਹਰੀ ਸਿੰਘ ਜਕਾਰਤਾ ਸ਼ਹਿਰ ਪਹੁੰਚ ਗਿਆ। ਉਥੇ ਇਕ ਡੇਅਰੀ-ਮੈਨ ਮੁਹੰਮਦ ਅਲੀ ਨਾਲ ਸੰਪਰਕ ਹੋਇਆ ਜਿਸ ਪਾਸ 150 ਗਾਂਈਆਂ ਦਾ ਬਾੜਾ ਸੀ। ਇਨ੍ਹਾਂ ਗਾਂਈਆਂ ਦੀ ਦੇਖ-ਭਾਲ ਉਸਮਾਨ ਖਾਂ ਨਾਂ ਦਾ ਇਕ ਨੌਕਰ ਕਰਦਾ ਸੀ ਜੋ ਅਚਾਨਕ ਮਰ ਗਿਆ। ਮੁਹੰਮਦ ਅਲੀ ਨੇ ਉਸਮਾਨ ਖਾਂ ਦੀ ਥਾਂ ਹਰੀ ਸਿੰਘ ਨੂੰ ਰੱਖ ਲਿਆ।

ਉਸਮਾਨ ਖਾਂ ਦਾ ਪਾਸ-ਪੋਰਟ ਵੀ ਹਰੀ ਸਿੰਘ ਦੇ ਹਵਾਲੇ ਕਰ ਦਿੱਤਾ ਕਿ ਕੋਈ ਸਰਕਾਰੀ ਪੁੱਛ-ਗਿੱਛ ਨਾ ਹੋਵੇ। ਪਾਸ-ਪੋਰਟ ਤੇ ਫੋਟੋ ਨਹੀਂ ਹੁੰਦੀ ਸਿਰਫ ਦਸਤਖਤ ਜਾਂ ਅੰਗੂਠਾ ਲਾਇਆ ਹੁੰਦਾ ਸੀ। ਇਸ ਤਰ੍ਹਾਂ ਹਰੀ ਸਿੰਘ ਦੇ ਨਾਂ ਨਾਲ ਉਸਮਾਨ ਜੁੜ ਗਿਆ। ਪੁਲਿਸ ਭਾਲਦੀ ਰਹੀ ਪਰ ਉਹ ਉਸਮਾਨ ਖਾਂ ਬਣ ਗਿਆ ਹੋਇਆ ਸੀ। ਹਾਲਾਤ ਠੀਕ ਹੋਣ ਤੇ ਉਸ ਨੇ ਉਥੇ ਇਕ ਮੁਸਲਮਾਨ ਸੁਡਾਨੀ ਔਰਤ ''ਰੰਗ ਹਾਲੂ'' ਨਾਲ ਸ਼ਾਦੀ ਕਰ ਲਈ। ਦੂਸਰੀ ਜੰਗ ਤਕ ਦਿਨ ਕੱਟੀ ਕਰਦਾ ਰਿਹਾ ਤੇ 24-ਸਾਲਾਂ ਬਾਦ ਜਾਵਾ ਛੱਡ ਕੇ ਭਾਰਤ ਮੁੜਿਆ।

ਪਹਿਲੀ ਸੰਸਾਰ ਜੰਗ ਦੇ ਆਸਾਰ ਦੇਖ ਕੇ ਬਹੁਤ ਸਾਰੇ ਗਦਰੀ ਹਿੰਦੁਸਤਾਨ ਚਲੇ ਗਏ। ਗਦਰ ਪਾਰਟੀ ਦਾ ਦਫਤਰ ਤੇ 'ਗਦਰ' ਅਖਬਾਰ ਦਾ ਸਾਰਾ ਇੰਤਜ਼ਾਮ ਰਾਮ ਚੰਦਰਾ ਦੇ ਹੱਥ ਆ ਗਿਆ। ਗਦਰ ਪਾਰਟੀ ਨੇ ਰਾਮਚੰਦਰਾ ਨੂੰ ਹਿਦਾਇਤ ਕੀਤੀ ਕਿ ਜਰਮਨ ਕੌਂਸਲ ਦੀ ਮਦਦ ਨਾਲ ਏਸ਼ੀਆ ਦੇ ਪਾਰਟੀ ਦੇ ਮੋਰਚਿਆ ਲਈ ਹਥਿਆਰ, ਪੈਸੇ ਤੇ ਬੰਦਿਆ ਦੀ ਮਦਦ ਭੇਜੇ। ਪਰ ਰਾਮਚੰਦਰਾ ਨੇ ਅੰਦਰ ਖਾਤੇ ਸੂਹਾ ਦੇਣ ਲਈ ਬ੍ਰਿਟਿਸ਼ ਕੌਂਸਲ ਨਾਲ ਨਾਤਾ ਜੋੜ ਲਿਆ। ਸਗੋਂ ਉਸ ਨੇ ਬ੍ਰਿਟਿਸ਼ ਕੌਂਸਲ ਪਾਸੋਂ ਮੁਖਬਰੀ ਤੇ ਜਰਮਨੀ ਤੋਂ ਜੋ ਸਹਾਇਤਾ ਵੀ ਮਿਲਦੀ ਸੀ ਖੁਦ ਡਿਕਾਰਨ ਲੱਗ ਪਿਆ। ਗਦਰ ਪਾਰਟੀ ਵੱਲੋਂ ਸੌਂਪੇ ਸਾਰੇ ਕਾਰਜ ਭੁੱਲ ਗਿਆ। ਪਾਰਟੀ ਨੂੰ ਨਾ ਹਥਿਆਰ ਭੇਜੇ ਨਾ ਕੋਈ ਪੈਸਾ। ਦਫਤਰ ਦੇ ਕੁਝ ਕਾਮੇ ਭੇਜੇ, ਪਰ ਬਿਨ੍ਹਾਂ ਖਰਚੇ। ਭਾਈ ਭਗਵਾਨ ਸਿੰਘ ਇਸ ਸਮੇਂ ਪਾਰਟੀ ਦੀਆਂ ਸਰਗਰਮੀਆਂ ਜਾਰੀ ਰੱਖਣ ਲਈ ਜਾਪਾਨ ਚਲੇ ਗਏ ਸਨ। ਭਗਵਾਨ ਸਿੰਘ ਨੂੰ ਵੀ ਵਾਪਸਸੀ ਲਈ ਕੇਵਲ 200 ਡਾਲਰ ਕਿਰਾਏ ਲਈ ਭੇਜੇ, ਹੋਰ ਕੋਈ ਖਰਚਾ ਨਾ ਭੇਜਿਆ। ਰਾਮਚੰਦਰਾ ਦੇ ਘੱਪਲਿਆ ਅਤੇ ਬਈਮਾਨੀ ਲਾਹੌਰ ਸਾਜ਼ਿਸ਼ ਕੇਸਾਂ ਦੀ ਸੁਣਵਾਈ ਤੋਂ ਵੀ ਮਿਲਦੀ ਹੈ। ਅਮਰੀਕਾ ਤੋਂ ਪਾਰਟੀ ਨੂੰ ਨਾ ਕੋਈ ਅਸਲਾ ਤੇ ਨਾ ਪੈਸਾ ਪ੍ਰਾਪਤ ਹੋਣ ਦਾ ਜ਼ਿਕਰ ਆਉਂਦਾ ਹੈ, ਸਿਵਾਏ ਗਦਰ ਅਖਬਾਰ ਦੇ। ਪਾਰਟੀ ਨੂੰ ਖੋਰਾ ਲੱਗਦਿਆ ਸੁਣ ਕੇ ਭਾਈ ਭਗਵਾਨ ਸਿੰਘ ਜਾਪਾਨ ਤੋਂ ਸਾਨ-ਫ੍ਰਾਂਸਿਸਕੋ ਨੂੰ ਵਾਪਸ ਆ ਗਏ ਤੇ ਮਿਸਟਰ ਬਗਾਈ ਨਾਲ ਰਾਬਤਾ ਪੈਦਾ ਕੀਤਾ। ਉਸ ਨੇ ਰਾਮਚੰਦਰਾ ਦੇ ਘੱਪਲਿਆ ਸਬੰਧੀ ਪੂਰੀ ਤਫ਼ਸੀਲ ਨੋਟ ਕਰਾਈ। ਰਾਮਚੰਦਰਾ ਦੇ ਘੱਪਲਿਆ ਸੰਬੰਧੀ ਪਤਾ ਲੱਗਾ ਕਿ ਉਸ ਨੇ ਬਰਕਲੇ ਵਿੱਚ 1375 ਡਾਲਰ 'ਚ ਇਕ ਮਕਾਨ ਖਰੀਦ ਕੇ ਆਪਣੇ ਨਾਂ ਲਾਇਆ ਹੋਇਆ ਹੈ। ਮਿਸ਼ਨ ਬਰਾਂਚ ਬੈਂਕ ਵਲੈਂਸੀਆ ਸੜਕ ਵਿੱਚ ਆਪਣੀ ਪਤਨੀ ਪਦਮਾਵਤੀ ਦੇ ਨਾਂ 16,500 ਡਾਲਰ ਜਮ੍ਹਾਂ ਕਰਾਏ ਹੋਏ ਹਨ। ਇਕ ਮਕਾਨ ਤੇ ਦੋ ਲਾਟਾਂ, 5-ਵੁੱਡ ਸਟਰੀਕ 'ਤੇ ਇਕ ਅਮਰੀਕਨ ਦੋਸਤ ਲੇਡੀ, ਕੈਰਿੰਗਟਨ ਹਾਊਸ ਦੇ ਨਾਂ ਲਏ ਹੋਏ ਸਨ। ਭਾਈ ਭਗਵਾਨ ਸਿੰਘ ਨੇ ਕਿਉਂਕਿ ਜਾਣ ਤੋਂ ਪਹਿਲਾ ਅਸਤੀਫਾ ਨਹੀਂ ਦਿੱਤਾ ਸੀ ਉਹ ਗਦਰ ਪਾਰਟੀ ਦਾ ਪ੍ਰਧਾਨ ਸੀ। ਉਸ ਨੇ ਪ੍ਰਧਾਨ ਦੀ ਹੈਸੀਅਤ 'ਚ ਰਾਮਚੰਦਰਾ ਤੋਂ ਪਾਰਟੀ ਦੇ ਹਿਸਾਬ-ਕਿਤਾਬ ਬਾਰੇ ਪੁਛਿਆ ਕਿ ਇਸ ਸੰਬੰਧੀ ਬਾਕੀ ਪਾਰਟੀ ਮੈਂਬਰ ਦੀ ਤਸੱਲੀ ਕਰਾਈ ਜਾ ਸਕੇ। ਪਰ ਰਾਮਚੰਦਰਾ ਨੇ ਮੋੜਵਾ ਜਵਾਬ ਦਿੱਤਾ ਕਿ ਤੁਸੀ ਫਿਕਰ ਨਾ ਕਰੋ ਬਾਕੀ ਸਾਥੀਆਂ ਨੂੰ ਕਹਿ ਦਿਓ ਕਿ ਸਭ ਠੀਕ ਠਾਕ ਹੈ। ਪਰ ਜਦੋਂ ਪ੍ਰਧਾਨ ਨੇ ਜਰਾਂ ਕਰਾਰੇ ਹੋ ਕੇ ਪੁਛਿਆ ਕਿ ਜਿਨਾ ਚਿਰ ਉਸ ਤੀ ਤਸੱਲੀ ਨਹੀਂ ਹੁੰਦੀ, ਬਾਕੀ ਸਾਥੀਆਂ ਨੂੰ ਨਹੀਂ ਦੱਸੇਗਾ। ਕਿਉਂਕਿ ਮੈਨੂੰ ਅੰਦਰਲੀ ਗੱਲ ਦਾ ਪਤਾ ਲੱਗ ਚੁੱਕਿਆ ਹੈ। ਰਾਮਚੰਦਰਾ ਨੇ ਹਿਸਾਬ-ਕਿਤਾਬ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ, ਕਿਹਾ ਕਿ ਕਮੇਟੀ ਨੂੰ ਪੁਛੋ। ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ ਨੇ ਹਿੰਦੂਸਤਾਨ ਨੂੰ ਜਾਣ ਤੋਂ ਪਹਿਲਾ ਭਗਵਾਨ ਸਿੰਘ ਨੂੰ ਪਾਰਟੀ ਪ੍ਰਧਾਨ, ਮੌਲਵੀ ਬਰਕਤਉੱਲਾ ਨੂੰ ਮੀਤ-ਪ੍ਰਧਾਨ ਤੇ ''ਗਦਰ'' ਦੀ ਛਪਾਈ ਤੇ ਐਡੀਟਰੀ ਦੀ ਡਿਊਟੀ ਰਾਮਚੰਦਰਾਂ ਨੂੰ ਸੌਂਪ ਦਿੱਤੀ ਸੀ। ਰਾਮਚੰਦਰਾ ਨੇ ਪਹਿਲੀ ਕਮੇਟੀ 'ਚ ਭੰਨ-ਤੋੜ ਕਰਕੇ ਕੁਝ ਆਪਣੇ ਪੱਖੀ ਮੈਂਬਰ ਬਣਾ ਲਏ ਸਨ ਜੋ ਉਸ ਦਾ ਪੱਖ ਪੂਰਦੇ ਸਨ। ਭਗਵਾਨ ਸਿੰਘ ਨੇ ਕਮੇਟੀ ਮੈਂਬਰਾਂ ਨੂੰ ਰਾਮਚੰਦਰਾ ਵੱਲੋਂ ਪਾਰਟੀ ਦੇ ਫੰਡਾਂ 'ਚ ਕੀਤੀ ਘੱਪਲੇਬਾਜੀ, ਬੈਂਕਾ 'ਚ ਜਮਾਂ ਕੀਤੇ ਪੈਸੇ, ਆਪਣੀ ਪਤਨੀ ਪਦਮਾਵਤੀ ਦੇ ਨਾਂ ਤੇ ਖਰੀਦੇ ਮਕਾਨ ਬਾਰੇ ਦੱਸ ਦਿੱਤਾ। ਮੀਟਿੰਗ ਵਿੱਚੋਂ ਰਾਮਚੰਦਰਾ ਉਠ ਕੇ ਭੱਜ ਗਿਆ ਕਿ ਮੇਰੀ ਪਤਨੀ ਦਾ ਨਾਂ ਲੈ ਕੇ ਮੇਰੀ ਬੇਇਜਤੀ ਕੀਤੀ ਹੈ।

ਹਿੰਦੂ-ਜਰਮਨ ਸਾਜ਼ਿਸ਼ ਕੇਸ: ਗਦਰ ਪਾਰਟੀ ਅਤੇ ਜਰਮਨ ਸਰਕਾਰ ਵਿਚਕਾਰ ਹਿੰਦੂਸਤਾਨ ਨੂੰ ਆਜ਼ਾਦ ਕਰਾਉਣ ਸੰਬੰਧੀ ਮਨਸੂਬੇ ਦਾ ਬ੍ਰਿਟਿਸ਼ ਸਰਕਾਰ ਨੂੰ ਪਤਾ ਲੱਗ ਪਿਆ। ਹਿੰਦੂਸਤਾਨ ਦੇ ਬ੍ਰਿਟਿਸ਼-ਸਕੱਤਰ ਨੇ ਲੰਡਨ ਦੇ ਵਾਇਸਰਾਏ ਨੂੰ ਖਤ ਲਿੱਖ ਕੇ ਇਸ ਸਾਜ਼ਿਸ਼ ਸਬੰਧੀ ਅਮਰੀਕਨ ਸਰਕਾਰ ਨਾਲ ਰਾਬਤਾ ਕਰਕੇ ਇਸ ਸਾਜ਼ਿਸ਼ ਬਾਰੇ ਆਗਾਹ ਕਰਨ ਲਈ ਕਿਹਾ। ਇਸ ਸਬੰਧੀ ਲਾਹੌਰ ਸਾਜ਼ਿਸ਼ ਕੇਸ ਦਾ ਹਵਾਲਾ ਵੀ ਦਿੱਤਾ। ਪਹਿਲਾ ਤਾਂ ਅਮਰੀਕਾ ਨਿਰਪੱਖ ਦੇਸ਼ ਰਿਹਾ ਪਰ ਜਦੋਂ ਪਹਿਲੀ ਆਲਮੀ ਜੰਗ ਸ਼ੁਰੂ ਹੋ ਗਈ ਤੇ ਅਮਰੀਕਾ ਇੰਗਲੈਂਡ ਦੀ ਮਦਦ ਤੇ ਆਉਣ ਕਰਕੇ, 'ਬ੍ਰਿਟਿਸ਼ ਸਰਕਾਰ ਦੀ ਸ਼ਿਕਾਇਤ 'ਤੇ ਤੁਰੰਤ ਅਮਲ ਸ਼ੁਰੂ ਕਰ ਦਿੱਤਾ। ਸਾਨ ਫ੍ਰਾਂਸਿਸਕੋ ਦੀ ਗਦਰ ਪਾਰਟੀ ਦੇ ਆਹੁੱਦੇਦਾਰ ਅਤੇ ਜਰਮਨ ਕੌਂਸਲ ਦੇ ਅਮਲੇ ਨੂੰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰ ਹੋਣ ਵਾਲੇ ਗਦਰ ਪਾਰਟੀ ਦੇ ਆਗੂ ਭਗਵਾਨ ਸਿੰਘ, ਸੰਤੋਖ ਸਿੰਘ, ਤਾਰਕਨਾਥ ਦਾਸ, ਹਰੰਭਾ ਲਾਲ ਗੁਪਤਾ, ਰਾਮ ਸਿੰਘ ਧਲੇਤਾ, ਨਿਧਾਨ ਸਿੰਘ, ਸੀ.ਕੇ. ਚੱਕਰਵਰਤੀ, ਗੁਪਾਲ ਸਿੰਘ, ਬਿਸ਼ਨ ਸਿੰਘ ਹਿੰਦੀ, ਗੋਧਾ ਰਾਮ, ਸੁੰਦਰ ਸਿੰਘ ਘਾਲੀ ਤੇ ਦਫਤਰ ਦੇ ਸਟਾਫ ਸਣੇ ਕੁਲ 19-ਵਿਅਕਤੀ ਸ਼ਾਮਲ ਸਨ। ਨਵੰਬਰ 12, 1917 ਨੂੰ ਅਮਰੀਕਾ ਦੇ ਦੱਖਣੀ ਡਵੀਜ਼ਨ ਦੀ ਜ਼ਿਲ੍ਹਾ ਕੋਰਟ ਕੈਲੇਫੋਰਨੀਆ ਵਿੱਚ ਗਦਰੀਆਂ ਅਤੇ ਜਰਮਨਾਂ ਦੀ ਸਾਂਝੀ ਸਾਜ਼ਿਸ਼ ਵਿਰੁੱਧ ਮੁਕੱਦਮਾ ਦਾਇਰ ਹੋਇਆ ਕਿ ਅਮਰੀਕਾ ਦੀ ਨਿਰਪੱਖਤਾ ਦੀ ਨੀਤੀ ਦਾ ਲਾਭ ਲੈ ਕੇ ਇਨ੍ਹਾਂ ਲੋਕਾਂ ਨੇ ਅਮਰੀਕਾ ਦੀ ਧਰਤੀ ਤੇ ਬ੍ਰਿਟਿਸ਼ ਸਰਕਾਰ ਨੂੰ ਡੇਗਣ ਦੇ ਮਨਸੂਬੇ ਬਣਾਏ ਤਾਂ ਕਿ ਅਮਰੀਕਾ ਤੋਂ ਹਥਿਆਰ ਤੇ ਅਸਲਾ ਖਰੀਦ ਕੇ ''ਮੈਵਰਿਕ'' ਰਾਹੀਂ ਇੰਡੀਆ, ਬਰਮਾ, ਸਿਆਮ ਆਦਿ ਮੁਲਕਾਂ ਅੰਦਰ ਇੰਡੀਅਨ ਫੌਜਾਂ ਵਿੱਚ ਖ਼ਲਬਲੀ ਮਚਾਈ ਜਾ ਸਕੇ। ਹਿੰਦੂ-ਜਰਮਨ ਸਾਜ਼ਿਸ਼ ਕੇਸ ਲਈ ਬ੍ਰਿਟਿਸ਼ ਸਰਕਾਰ ਨੇ ਗਵਾਈ ਦੇਣ ਲਈ ਪੰਜਾਬ ਤੋਂ ਗਵਾਹ ਭੇਜੇ। ਇਹ ਮੁਕੱਦਮਾ 20-ਨਵੰਬਰ, 1917ਤੋਂ 24- ਅਪ੍ਰੈਲ, 1918 ਤੱਕ ਚਲਿਆ। ਕੇਸ ਦੀ ਸੁਣਵਾਈ ਤੋਂ ਬਾਅਦ ਅਦਾਲਤ ਨੇ ਗਦਰੀ ਬਾਬਿਆਂ ਨੂੰ ਵੱਖ-ਵੱਖ ਮਿਆਦਾਂ ਦੀਆਂ ਸਜ਼ਾਵਾਂ ਸੁਣਾਈਆਂ।

ਸਾਨ ਫ੍ਰਾਂਸਿਸਕੋ ਕਰੌਨੀਕਲ ਨੇ ਸੁਰਖੀ ਲਾਈ, 29 ਹਿੰਦੂ ਬਗਾਵਤ ਕੇਸ ਦੇ ਦੋਸ਼ੀ, ਅਦੁਤੀ ਇਤਿਹਾਸਕ ਕੇਸ, ਰਾਮ ਸਿੰਘ ਨੇ ਰਾਮਚੰਦਰਾ ਤੇ ਗੋਲੀ ਮਾਰੀ ਅਤੇ ਅਮਰੀਕੀ ਮਾਰਸ਼ਲ ਹੋਲੋਹਨ ਨੇ ਰਾਮ ਸਿੰਘ ਨੂੰ ਢੇਰੀ ਕਰ ਦਿੱਤਾ। ਗਦਰੀਆਂ ਨੂੰ ਮਿਲੀ ਕੈਦ ਦੀ ਮਿਆਦ: ਤਾਰਕਨਾਥ ਦਾਸ ਨੂੰ 22-ਮਹੀਨੇ, ਭਗਵਾਨ ਸਿੰਘ ਨੂੰ 18-ਮਹੀਨੇ, ਗੋਪਾਲ ਸਿੰਘ ਸੋਹੀ ਨੂੰ 18-ਮਹੀਨੇ, ਗੋਧਾ ਰਾਮ ਨੂੰ 11-ਮਹੀਨੇ, ਗੋਬਿੰਦ ਬਿਹਾਰੀ ਲਾਲ ਨੂੰ 10-ਮਹੀਨੇ, ਸੰਤੋਖ ਸਿੰਘ (ਭਾਈ) ਨੂੰ 21-ਮਹੀਨੇ, ਨਿਰੰਜਨ ਦਾਸ ਨੂੰ 6-ਮਹੀਨੇ, ਸੁੰਦਰ ਸਿੰਘ ਨੂੰ 3-ਮਹੀਨੇ, ਬਿਸ਼ਨ ਬਿਹਾਰੀ ਹਿੰਦੀ ਨੂੰ 9-ਮਹੀਨੇ, ਮਹਾਂਦਿਓ ਅਬਾਜੀ ਨੂੰ 3-ਮਹੀਨੇ, ਮੁਨਸ਼ੀ ਰਾਮ ਨੂੰ 2-ਮਹੀਨੇ, ਨਿਧਾਨ ਸਿੰਘ ਨੂੰ 4-ਮਹੀਨੇ, ਇਮਾਮਦੀਨ ਨੂੰ 4-ਮਹੀਨੇ, ਧਰਿੰਦਰ ਸਰਕਾਰ ਨੂੰ 4-ਮਹੀਨੇ ਤੇ ਚੰਦਰ ਕਾਂਤਾ ਚਕਰ ਨੂੰ 1-ਮਹੀਨੇ ਦੀ ਸਜ਼ਾਅ ਦਿੱਤੀ ਗਈ।

ਗਦਰ ਪਾਰਟੀ ਦੇ ਬਾਹਰਲੇ ਆਗੂਆ ਨੇ ਪੈਸੇ ਇਕੱਠੇ ਕਰਕੇ ਸਾਰਿਆਂ ਨੂੰ ਜਮਾਨਤ ਤੇ ਰਿਹਾਅ ਕਰਾ ਲਿਆ। ਜ਼ਮਾਨਤ ਦੀ ਰਾਸ਼ੀ 3000 ਤੋਂ ਲੈ ਕੇ 25-ਹਜ਼ਾਰ ਡਾਲਰ ਅਦਾ ਕੀਤੀ ਗਈ। ਭਾਈ ਭਗਵਾਨ ਸਿੰਘ ਪਾਰਟੀ ਦੇ ਪ੍ਰਧਾਨ ਦੀ ਪਹਿਲਾ ਜ਼ਮਾਨਤ ਰਾਸ਼ੀ 8-ਹਜ਼ਾਰ, ਫਿਰ ਵਧਾ ਕੇ 15-ਹਜ਼ਾਰ, ਫਿਰ 20-ਹਜ਼ਾਰ, ਫਿਰ 30-ਹਜ਼ਾਰ ਤੇ ਅਖੀਰ 35-ਹਜ਼ਾਰ ਡਾਲਰ ਕਰ ਦਿੱਤੀ, ਜੋ ਅਦਾ ਕਰਕੇ ਗਦਰ ਪਾਰਟੀ ਨੇ ਉਨ੍ਹਾਂ ਨੂੰ ਰਿਹਾਅ ਕਰਾਇਆ। ਰਾਮਚੰਦਰਾ ਦਾ ਕੇਸ: ਰਾਮ ਚੰਦਰਾ ਨੇ ਆਪਣਾ ਕੇਸ ਅਲੱਗ ਲੜਿਆ।

ਗਦਰ ਪਾਰਟੀ ਨੇ ਉਸ ਨੂੰ ਵਰਜਿਆ ਕਿ ਵੱਖਰਾ ਕੇਸ ਲੜਨ ਨਾਲਾ ਸਾਰਾ ਕੇਸ ਕਮਜ਼ੋਰ ਹੋ ਜਾਵੇਗਾ ? ਪਰ ਉਸ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਮੈਨੂੰ ਵਾਅਦਾ-ਮੁਆਫ਼ ਗਵਾਹ 'ਤੇ ਤੌਰ ਤੇ ਸਰਕਾਰੀ ਗਵਾਹੀ ਦੇਣ ਤੇ ਮੈਂ ਬਰੀ ਹੋ ਜਾਵਾਂਗਾ ? ਕਿਉਂਕਿ ਉਹ ਪਾਰਟੀ ਦੀਆਂ ਖਬਰਾਂ ਗੋਰੀ ਸਰਕਾਰ ਨੂੰ ਦਿੰਦਾ ਰਿਹਾ ਸੀ। ਇਹ ਵੀ ਡਰ ਅਮਰੀਕੀ ਸਰਕਾਰ ਨੂੰ ਤੇ ਖੁਦ ਰਾਮਚੰਦਰਾ ਨੂੰ ਵੀ ਸੀ, 'ਕਿ ਗਵਾਹੀ ਦੇਣ ਤੋਂ ਪਹਿਲਾ ਉਸ ਦਾ ਮੂੰਹ ਬੰਦ ਹੋ ਜਾਵੇਗਾ ? ਪਰ ਗਦਰ ਪਾਰਟੀ ਨੇ ਅੱਜੇ ਅਜਿਹਾ ਕੋਈ ਫੈਸਲਾ ਨਹੀਂ ਲਿਆ ਸੀ।

ਪਰ ਭਾਈ ਰਾਮ ਸਿੰਘ ਧਲੇਤਾ ਕੇਸ ਦੀ ਸੁਣਵਾਈ ਸਮੇਂ 21-ਅਪ੍ਰੈਲ, 1918 ਨੂੰ ਪਾਰਟੀ ਦੀ ਸਲਾਹ ਤੋਂ ਬਿਨਾਂ ਪੱਗ ਵਿੱਚ ਰਿਵਾਲਰ ਛੁਪਾਅ ਦੇ ਅਦਾਲਤ ਦੇ ਕਮਰੇ ਵਿੱਚ ਜਾ ਕੇ ਦਰਸ਼ਕਾਂ ਵਿੱਚ ਜਾ ਬੈਠਾ। ਹਰ ਬੰਦੇ ਦੀ ਤਲਾਸ਼ੀ ਬਾਦ ਹੀ ਅਦਾਲਤ ਵਿੱਚ ਦਾਖਲ ਹੋਣ ਦਿੱਤਾ ਜਾਂਦਾ ਸੀ। ਸਰਕਾਰੀ ਗਵਾਹ ਭੁਗਤ ਰਹੇ ਸਨ। ਰਾਮਚੰਦਰਾ ਦੀ ਵਾਰੀ ਆਈ ਤਾਂ ਸਰਕਾਰੀ ਗਵਾਹ ਵਜੋ ਉਸ ਨੇ ਹਾਮੀ ਭਰੀ। ਅੱਜੇ ਉਸ ਨੇ ਮੂੰਹ ਖੋਲ੍ਹਿਆ ਹੀ ਸੀ ਕਿ ਰਾਮ ਸਿੰਘ ਧੁਲੇਤਾ ਨੇ ਫੌਰੀ ਪੱਗ 'ਚ ਰਿਵਾਲਵਰ ਕੱਢ ਕੇ ਉਸ ਦੇ ਸੀਨੇ 'ਚ ਗੋਲੀਆਂ ਦਾਗ ਦਿੱਤੀਆਂ ! ਪਾਰਟੀ ਦਾ ਗਦਾਰ ਢੈਅ-ਢੇਰੀ ਹੋ ਗਿਆ।

ਅਦਾਲਤ ਦੇ ਮਾਰਸ਼ਲ ਨੇ ਰਾਮ ਸਿੰਘ ਧੁਲੇਤਾ ਨੂੰ ਗ੍ਰਿਫਤਾਰ ਕਰਨ ਦੀ ਥਾਂ ਉਸ ਨੂੰ ਗੋਲੀ ਮਾਰ ਕੇ ਸ਼ਹੀਦ ਦਾ ਰੁਤਬਾ ਦੇ ਦਿੱਤਾ । ਇਸ ਤਰ੍ਹਾਂ ਗਦਰੀ ਦੇਸ਼ ਭਗਤਾਂ ਨੇ ਹਿੰਦੂਸਤਾਨ ਦੀ ਆਜ਼ਾਦੀ ਲਈ ਮਹਾਨ ਕੁਰਬਾਨੀ ਕਰਕੇ ਇਕ ਸੁਨਹਿਰੀ ਇਤਿਹਾਸ ਸਿਰਜਿਆ।

### ਅਵਤਾਰ ਪੁਰਬ 'ਤੇ ਵਿਸ਼ੇਸ਼

# ਸ੍ਰੀ ਗੁਰੂ ਅਮਰਦਾਸ ਜੀ



ਸਿੱਖ ਧਰਮ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿੱਚ ਵਸਾਖ ਸੁਦੀ 11, 1536 ਬਿਕਰਮੀ (5 ਮਈ 1479 ਈ.) ਨੂੰ ਭੱਲਾ ਖੱਤਰੀ ਪ੍ਰਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਤੇਜ ਭਾਨ ਅਤੇ ਮਾਤਾ ਦਾ ਨਾਂ ਬਖ਼ਤ ਕੌਰ ਸੀ, ਜਿਸਨੂੰ ਕਈ ਇਤਿਹਾਸਕਾਰ ਵੱਖ ਵੱਖ ਨਾਂ ਦੇਂਦੇ ਹਨ ਜਿਵੇਂ ਲੱਛਮੀ, ਭੂਪ ਕੌਰ ਅਤੇ ਰੂਪ ਕੌਰ। ਆਪ ਜੀ ਦੀ ਸ਼ਾਦੀ 11 ਮਾਘ 1559 ਬਿਕਰਮੀ ਨੂੰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸੰਖਤਰਾ ਦੇ ਇੱਕ ਬਹਿਲ ਖੱਤਰੀ ਦੇਵੀ ਚੰਦ ਦੀ ਧੀ ਮਨਸਾ ਦੇਵੀ ਨਾਲ ਕਰ ਦਿੱਤੀ ਗਈ। ਆਪ ਜੀ ਦੇ ਚਾਰ ਬੱਚੇ-ਦੋ ਪੁੱਤਰ ਮੋਹਰੀ ਜੀ ਅਤੇ ਮੋਹਨ ਜੀ ਅਤੇ ਦੋ ਧੀਆਂ ਦਾਨੀ ਜੀ ਅਤੇ ਭਾਨੀ ਜੀ ਸਨ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਨੇ ਹੀ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਲਿਆਂਦਾ।ਸੰਪਰਕ ਵਿੱਚ ਆਉਣ ਪਿੱਛੋਂ ਆਪ ਜੀ ਉੱਥੇ ਹੀ ਖਡੂਰ ਸਾਹਿਬ ਰਹਿਣ ਲੱਗ ਪਏ।ਇਹ ਵਾਕਿਆ 1597 ਬਿਕਰਮੀ/1540 ਈ. ਦਾ ਹੈ। ਰੋਜ਼ਾਨਾ ਬਿਆਸ ਦਰਿਆ ਤੋਂ ਗੁਰੂ ਜੀ ਦੇ ਇਸ਼ਨਾਨ ਲਈ ਤੜਕੇ ਪਾਣੀ ਦੀ ਗਾਗਰ ਭਰ ਕੇ ਲਿਆਉਣਾ, ਸਾਰਾ ਦਿਨ ਭਾਂਡੇ ਮਾਂਜਣੇ, ਪਾਣੀ ਢੋਣਾ ਅਤੇ ਸੰਗਤ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਗਿਆ।



ਡਾ.ਚਰਨਜੀਤ ਸਿੰਘ ਗੁਮਟਾਲਾ
91-94175-33060

ਆਪਣੇ ਗੁਰੂ ਉਪਰ ਪੂਰਨ ਸ਼ਰਧਾ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਇੱਕ ਬਹੁਤ ਮਹੱਤਵਪੂਰਨ ਹੈ ਕਿ ਕਿਵੇਂ ਇੱਕ ਝੱਖੜ ਵਾਲੀ ਰਾਤ ਨੂੰ ਤੇਜ਼ ਹਵਾਵਾਂ, ਮੀਂਹ ਅਤੇ ਕੜਕਦੀ ਬਿਜਲੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਨੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਲਿਆਂਦਾ। ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿੱਚ ਆਪ ਠੇਡਾ ਖਾ ਕੇ ਡਿੱਗ ਪਏ, ਪਰ ਆਪਣੇ ਸਿਰ 'ਤੇ ਚੁੱਕੀ ਗਾਗਰ ਦਾ ਪਾਣੀ ਇਨ੍ਹਾਂ ਨੇ ਡੁੱਲਣ ਨਾ ਦਿੱਤਾ। ਖੜਾਕ ਸੁਣ ਲੇ ਜੁਲਾਹੇ ਨੇ ਆਪਣੀ ਵਹੁੱਟੀ ਨੂੰ ਪੁੱਛਿਆ ਕਿ ਖੜਾਕ ਹੋਇਆ ਹੈ, ਅੱਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ 'ਅਮਰੂ ਨਿਥਾਵਾ' ਹੋਵੇਗਾ, ਜੋ ਰਾਤ ਵੀ ਚੈਨ ਨਹੀਂ ਲੈਂਦਾ।ਇਹ ਗੱਲ ਸੰਨ 1552 ਦੀ ਹੈ ਜਦ ਆਪ ਜੀ ਦੀ ਉਮਰ 73 ਸਾਲ ਦੀ ਸੀ। ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪ ਦੀ ਸਰਾਹਨਾ ਕੀਤੀ ਅਤੇ ਆਪ ਨੂੰ 'ਨਿਥਾਵਿਆਂ ਦਾ ਥਾਂ', 'ਨਿਮਾਣਿਆਂ ਦਾ ਮਾਣ', 'ਨਿਤਾਣਿਆ ਦਾ ਤਾਣ', 'ਨਿਆਸਰਿਆਂ ਦਾ ਆਸਰਾ', 'ਨਿਓਟਿਆਂ ਦੀ ਓਟ', ' ਨਿਧਰਿਆ ਦੀ ਧਿਰ', 'ਨਿਗਤਿਆਂ ਦੀ ਗਤ' ਕਿਹਾ।

ਇਸ ਘਟਨਾ ਨੇ ਗੁਰੂ ਅੰਗਦ ਦੇਵ ਜੀ ਦੇ ਜਾਨਸ਼ੀਨ ਦੀ ਚੋਣ ਕਰਨ ਦੇ ਮਸਲੇ ਨੂੰ ਹੱਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪ੍ਰਚਲਿਤ ਮਰਯਾਦਾ ਅਨੁਸਾਰ ਨਾਰੀਅਲ ਅਤੇ ਪੰਜ ਪੈਸੇ ਅਮਰਦਾਸ ਜੀ ਅੱਗੇ ਰੱਖਕੇ ਮੱਥਾ ਟੇਕਿਆ। ਗੁਰੂ ਗੱਦੀ ਉੱਤੇ ਬਿਰਾਜਮਾਨ ਕਰਨ ਲਈ ਗੁਰਗੱਦੀ ਦਾ ਟਿੱਕਾ ਸਤਿਕਾਰਯੋਗ ਭਾਈ ਬੁੱਢਾ ਜੀ ਨੇ ਲਗਾਇਆ। ਛੇਤੀ ਹੀ ਪਿੱਛੋਂ 1609 ਬਿਕਰਮੀ ਸਾਲ ਦੇ ਚੇਤ ਦੇ ਪਹਿਲੇ ਚਾਨਣੇ ਪੱਖ ਦੇ ਚੌਥੇ ਦਿਨ (29 ਮਾਰਚ 1552 ਈ.) ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਤੇ ਇੱਥੇ ਹੀ ਰਹਿ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਧਰਮ ਪ੍ਰਚਾਰ ਲਈ ਇੱਕ ਦ੍ਰਿੜ ਮੰਜੀ ਪ੍ਰਣਾਲੀ ਸ਼ੁਰੂ ਕੀਤੀ ਅਤੇ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਪ੍ਰਚਾਰ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ ਭਾਵ ਕਿ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਮੰਜੀ ਇੱਕ ਗੁਰਮੁਖ ਸਿੱਖ ਦੇ ਅਧੀਨ ਸੀ ਜੋ ਕਿ ਪ੍ਰਚਾਰ ਕਰਨ ਤੋਂ ਇਲਾਵਾ ਆਪਣੇ ਅਧਿਕਾਰ ਖੇਤਰ ਵਿੱਚ ਸੰਗਤ ਦੀ ਸੇਵਾ ਸੰਭਾਲ ਕਰਦਾ ਸੀ ਅਤੇ ਸਿੱਖਾਂ ਦੀਆਂ ਭੇਟਾਵਾਂ ਗੋਇੰਦਵਾਲ ਭੇਜਦਾ ਸੀ।ਹੇਠ ਲਿਖੇ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ-ਗੱਦੀਆਂ) ਬਖ਼ਸ਼ੀਆਂ ਗਈਆਂ ਸਨ :-1 ਅੱਲਾਯਾਰ ਪਠਾਣ ਸੌਦਾਗਰ 2. ਸੱਚਨ ਸੱਚ ਪਿੰਡ ਮੰਦਰ ਤਸੀਲ ਸ਼ਕਰਪੁਰ 3. ਸਾਧਾਰਨ ਗੋਇੰਦਵਾਲ 4. ਸਾਵਣ ਮਲ ਗੋਇੰਦਵਾਲ 5. ਸੁੱਖਣ ਧਮਿਆਲ 6. ਹੰਦਾਲ ਜੰਡਿਆਲਾ 7. ਕੇਦਾਰੀ ਬਟਾਲਾ 8. ਖੇਡਾ ਖੇਮਕਰਨ 9. ਗੰਗੂਸ਼ਾਹ ਗੜ੍ਹ ਸ਼ੰਕਰ 10.ਦਰਬਾਰੀ ਮਜੀਠਾ 11. ਪਾਰੋ ਡੱਲਾ 12. ਫੇਰਾ ਮੀਰਪੁਰ 13.ਬੂਆ ਹਰਿ ਗੋਬਿੰਦਪੁਰ ਇਸਦੀ ਸੰਤਾਨ 14. ਬੇਣੀ ਚੂਹਨੀਆਂ 15. ਮਹੇਸ਼ਾ ਸੁਲਤਾਨਪੁਰ 16. ਮਾਈਦਾਸ ਨਰੋਲੀ (ਮਾਝਾ) 17. ਮਾਣਕ ਚੰਦ ਵੈਰੋਵਾਲ 18. ਮੁਰਾਰੀ ਖਾਈ (ਲਾਹੌਰ) 19. ਰਾਜਾ ਰਾਮ ਸੰਧਮਾ (ਜਲੰਧਰ) ਇਸ ਦੀ ਸੰਤਾਨ 20. ਰੰਗ ਸ਼ਾਹ ਮੱਲੂ ਪੋਤਾ (ਜਲੰਧਰ) 21.ਰੰਗ ਦਾਸ ਘੜੂਆਂ (ਅੰਬਾਲਾ) 22. ਲਾਲੋ ਡੱਲਾ ਆਪ ਜੀ ਨੇ ਵਸਾਖ ਅਤੇ ਮਾਘ ਦੇ ਪਹਿਲੇ ਦਿਨ ਅਤੇ ਦਿਵਾਲੀ ,ਗੋਇੰਦਵਾਲ ਵਿਖੇ ਸਿੱਖਾਂ ਦੇ ਇਕੱਠੇ ਹੋਣ ਲਈ ਨੀਯਤ ਕਰ ਦਿੱਤੇ।ਪਾਣੀ ਦੀ ਤੰਗੀ ਨੂੰ ਦੂਰ ਕਰਨ ਲਈ ਇੱਕ ਬਉਲੀ ਬਣਾਈ। ਲੰਗਰ ਦੀ ਪ੍ਰਥਾ ਪਹਿਲਾਂ ਹੀ ਸੀ। ਇਸ ਨੂੰ ਹੋਰ ਵੱਡੇ ਪੈਮਾਨੇ 'ਤੇ ਸ਼ੁਰੂ ਕੀਤਾ ਗਿਆ। ਇਸ ਤੋਂ ਇਨ੍ਹਾਂ ਦਾ ਭਾਵ ਜਾਤ ਪਾਤ ਅਤੇ ਆਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ। ਇੱਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਆਇਆ ਤਾਂ ਉਸ ਨੇ ਵੀ ਲੰਗਰ ਵਿੱਚ ਬੈਠ ਕੇ ਪ੍ਰਸ਼ਾਦਾ ਛੱਕਿਆ। ਆਪ ਰੁੱਖੀ ਮਿੱਸੀ ਰੋਟੀ ਖਾਂਦੇ ਸਨ। ਜੋ ਕੁਝ ਦਿਨ ਵੇਲੇ ਲੰਗਰ ਵਿੱਚ ਆਉਂਦਾ ਸੀ ਰਾਤ ਤੱਕ ਵਰਤ ਜਾਂਦਾ ਸੀ।

ਗੁਰੂ ਜੀ ਨੇ ਉਸ ਸਮੇਂ ਹਿੰਦੂ ਧਰਮ ਵਿੱਚ ਫੈਲੀਆਂ ਕੁਰੀਤੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਸਤੀ ਦੀ ਰਸਮ ਸੀ, ਜਿਸ ਵਿੱਚ ਪਤੀ ਦੇ ਮਰਨ 'ਤੇ ਵਿਧਵਾ ਨੂੰ ਪਤੀ ਦੀ ਚਿੱਖਾ 'ਤੇ ਸੜਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬਾਦਸ਼ਾਹ ਅਕਬਰ ਪਾਸ ਭੇਜਿਆ ਕਿ ਉਹ ਇਸ ਰਸਮ ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤਣ।ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿੱਚ ਪਰਦੇ ਦੀ ਰਸਮ ਤੋਂ ਵੀ ਵਰਜਿਆ।

ਗੁਰੂ ਅਮਰਦਾਸ ਜੀ ਨੇ ਹਿੰਦੂਆਂ ਪਾਸੋਂ ਤੀਰਥ ਯਾਤਰਾ 'ਤੇ ਲਿਆ ਜਾਂਦਾ ਕਰ ਵੀ ਬੰਦ ਕਰਵਾਇਆ। ਗੁਰੂ ਜੀ ਕੁਰੀਤੀਆਂ ਨੂੰ ਦੂਰ ਕਰਾਉਣ ਲਈ ਵੱਖ ਵੱਖ ਤੀਰਥ ਅਸਥਾਨਾਂ 'ਤੇ ਗਏ । ਕਰ ਤੋਂ ਛੋਟ ਮਿਲਣ ਕਰਕੇ ਅਨੇਕਾਂ ਹਿੰਦੂ ਵੀ ਉਨ੍ਹਾਂ ਦੇ ਨਾਲ ਤੀਰਥ ਯਾਤਰਾ ਨੂੰ ਗਏ। ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਤੇ ਹੋਰ ਮੁੱਖੀ ਸਿੱਖ ਵੀ ਗਏ। ਉਹ ਪਹਿਲਾਂ ਕੁਰਕਸ਼ੇਤਰ, ਫਿਰ ਜਮਨਾ ਅਤੇ ਫਿਰ ਹਰਿਦੁਆਰ ਗਏ। ਗੁਰੂ ਨਾਨਕ ਜੀ ਵਾਂਗ ਆਪ ਦਾ ਮਕਸਦ ਵੀ ਕੁਰਾਹੇ ਪਈ ਜਨਤਾ ਨੂੰ ਸਿੱਧੇ ਰਾਹ ਲਿਆਉਣਾ ਸੀ।

ਗੁਰੂ ਜੀ ਨੇ ਜਾਤ ਪਾਤ ਦਾ ਭਰਮ ਮਿਟਾਕੇ ਭਰੇ ਦਰਬਾਰ ਵਿੱਚ ਕਈ ਅੰਤਰ-ਜਾਤੀ ਵਿਆਹ ਕੀਤੇ। ਭਾਈ ਸ਼ੀਂਹੇ ਦੀ ਲੜਕੀ ਇੱਕ ਗਰੀਬ ਸਿੱਖ 'ਪ੍ਰੇਮੇ' ਨਾਲ ਵਿਆਹੀ। ਇੱਕ ਰਾਜਪੂਤ ਲੜਕੇ ਦੀ ਸ਼ਾਦੀ 'ਸੱਚਨ ਸੱਚ' ਨਾਮੀ ਲਕੜਹਾਰੇ ਨਾਲ ਕੀਤੀ। ਗੁਰੂ ਸਾਹਿਬ ਨੇ ਵੀ ਆਪਣੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਲਈ ਇੱਕ ਘੁੰਗਣੀਆਂ ਵੇਚਣ ਵਾਲੇ ਕਿਰਤੀ ਗੱਭਰੂ ਭਾਈ ਜੇਠੇ ਨਾਲ ਕੀਤੀ। ਮਾਝੇ ਵਿੱਚ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਕੇਂਦਰ ਲਈ ਅੰਮ੍ਰਿਤਸਰ ਵਾਲੀ ਜਗ੍ਹਾ ਚੁਣੀ। ਚਹੁੰ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ ਅਤੇ ਉਨ੍ਹਾਂ ਸਾਹਮਣੇ ਮੋੜੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਸਮ੍ਹਾਂ ਹਾੜ ਸੰਮਤ 1627 (ਜੂਨ ਸੰਨ 1570) ਦਾ ਹੈ। ਇਸ ਨੂੰ ਵਸਾਉਣ ਦਾ ਕੰਮ ਆਪ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿੱਚ ਕਰਵਾਇਆ।

ਆਪ ਜੀ ਨੇ ਪਹਿਲੇ ਗੁਰੂਆਂ ਦੀ ਤਰ੍ਹਾਂ ਪੰਜਾਬੀ ਵਿੱਚ ਬਾਣੀ ਰਚੀ।ਗਿਣਤੀ ਪੱਖੋਂ ਗੁਰਬਾਣੀ ਰਚਨਾ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਸਥਾਨ ਗੁਰੂ ਅਰਜਨ ਦੇਵ ਜੀ ਦਾ ਹੈ। ਆਪ ਜੀ ਦਾ ਸਥਾਨ ਤੀਸਰਾ ਹੈ। ਆਪ ਜੀ ਨੇ ਸਤਾਰਾਂ ਰਾਗਾਂ ਵਿੱਚ ਬਾਣੀ ਰਚੀ ਜਿਨ੍ਹਾਂ ਦੇ ਨਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਸਭ ਤੋਂ ਪ੍ਰਸਿੱਧ ਇਨ੍ਹਾਂ ਦੀ ਬਾਣੀ ਅਨੰਦ ਸਾਹਿਬ ਹੈ । ਕਾਵਿ ਰੂਪਾਂ ਵਿੱਚੋਂ ਆਪ ਜੀ ਨੇ ਪਦੇ, ਛੰਤ, ਅਸ਼ਟਪਦੀਆਂ, ਸਲੋਕ ਅਤੇ ਵਾਰਾਂ ਦੇ ਰੂਪ ਵਰਤੇ ਹਨ।

ਗੁਰੂ ਜੀ ਨੇ ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਆਪਣੇ ਸਾਰੇ ਪਰਿਵਾਰ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਨਾ ਹੀ ਅਫ਼ਓਮਪ;ਸੋਸ ਕਰੇ ਅਤੇ ਨਾ ਹੀ ਰੋਏ ਕੁਰਲਾਏ। ਸਗੋਂ ਗੁਰੂ ਦੀ ਬਾਣੀ ਦਾ ਪਾਠ ਕਰਕੇ ਵਾਹਿਗੁਰੂ ਦਾ ਨਾਮ ਜਪੇ। ਗੁਰੂ ਜੀ ਦੀ ਇਹ ਅੰਤਮ ਸਿੱਖਿਆ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਨੇ 6 ਪੌੜੀਆਂ ਦੀ ਇੱਕ ਨਿੱਕੀ ਜਿਹੀ ਬਾਣੀ ਦੇ ਰੂਪ ਵਿੱਚ ਲਿਖੀ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿੱਚ 'ਸੱਦ' ਸਿਰਲੇਖ ਹੇਠ ਦਰਜ ਕੀਤਾ ਹੈ।

ਆਪ ਜੀ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ ਤੇ ਇਨ੍ਹਾਂ ਨੂੰ ਪੋਥੀਆਂ ਦੇ ਰੂਪ ਵਿੱਚ ਇਕੱਠਾ ਕੀਤਾ। ਇਨ੍ਹਾਂ ਪੋਥੀਆਂ ਵਿੱਚੋਂ ਦੋ ਅੱਜ ਵੀ ਉਨ੍ਹਾਂ ਦੇ ਵਾਰਸਾਂ ਕੋਲ ਹਨ। ਇਹ ਕਾਰਜ (ਗੁਰੂ) ਗ੍ਰੰਥ ਸਾਹਿਬ ਦੇ ਵਿਧੀ ਪੂਰਬਕ ਸੰਕਲਨ ਵੱਲ ਚੁਕਿਆ ਇੱਕ ਮਹੱਤਵਪੂਰਨ ਕਦਮ ਸੀ। ਆਪ 95 ਸਾਲ ਦੀ ਉਮਰ ਪੂਰੀ ਕਰਨ ਪਿੱਛੋਂ ਆਪਣੇ ਜੁਆਈ ਜੇਠਾ ਜੀ ਨੂੰ ਗੁਰਗੱਦੀ ਸੌਂਪ ਕੇ ਭਾਦੋਂ ਸੁਦੀ 15, 1631 ਬਿਕਰਮੀ(1 ਸਤੰਬਰ 1574 ਈ.) ਜੋਤੀ ਜੋਤ ਸਮਾ ਗਏ। ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਬਣੇ।

### ਸਹਾਇਕ ਪੁਸਤਕਾਂ

*1. ਸਾਹਿਬ ਸਿੰਘ, ਪ੍ਰੋਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9 ,ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018*
*2. ਸੁਖਦਿਆਲ ਸਿੰਘ (ਡਾ.) ,ਪੰਜਾਬ ਦਾ ਇਤਿਹਾਸ(ਗੁਰੂ ਕਾਲ : 1469-1708), (ਜਿਲਦ ਪੰਜਵੀਂ), ਪੰਜਾਬੀ ਯੂਨੀਵਰਸਿਟੀ ਪਟਿਆਲਾ 2012*
*3. ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ ਪਟਿਆਲਾ 2008*
*4. ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬਦਰਜ਼, ਅੰਮ੍ਰਿਤਸਰ 2014,*
*5. ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ ਐਸ ਔਲਖ, ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁਕ ਸ਼ਾਪ, ਲੁਧਿਆਣਾ, 2014*

# ਕੈਂਸਰ ਨਾਲ ਜੂਝਣ ਲਈ ਮੇਰੀ ਕਲਮ ਨੇ ਮੈਨੂੰ ਸਹਾਰਾ ਦਿੱਤਾ

ਪਿਛਲੇ ਸਾਲ ਕੋਵਿਡ-19 ਦੇ ਪਹਿਲੇ ਦੌਰ ਤੱਕ ਮੈਂ ਸਿਹਤ ਪੱਖੋਂ ਵਧੀਆ ਵਿਚਰ ਰਿਹਾ ਸੀ ।ਜੁਲਾਈ ਦੇ ਸ਼ੁਰੂ 'ਚ ਪੇਟ ਦਰਦ ਦੀ ਸਮੱਸਿਆ ਹੋ ਗਈ । ਸਥਾਨਕ ਕਈ ਡਾਕਟਰਾਂ ਤੋਂ ਦਵਾਈ ਲੈਣ ਤੇ ਕੋਈ ਫਰਕ ਨਾ ਪੈਣ ਤੇ ਪਟਿਆਲੇ ਨਿੱਜੀ ਹਸਪਤਾਲ 'ਚ ਚੈੱਕ ਕਰਵਾਉਣ ਤੇ ਪੇਟ 'ਚ ਗੱਠ / ਟਿਊਮਰ ਆਉਣ ਤੇ ਅਪ੍ਰੇਸ਼ਨ ਕਰਵਾਉਣਾ ਪਿਆ। ਗੱਠ ਦਾ ਪੀਸ ਟੈਸਟ ਕਰਾਉਣ ਤੇ ਕੈਂਸ਼ਰ ਦੇ ਲੱਛਣ ਆ ਗਏ, ਰਿਪੋਰਟ ਦੇਖ ਕੇ ਸਰਜਨ ਡਾ: ਨੇ ਡਾ: ਕੱਕੜ ਨੂੰ ਮਿਲਣ ਲਈ ਅਡਵਾਈਜ਼ ਕਰ ਦਿੱਤਾ। ਮੇਰੀ ਪਤਨੀ ਰਾਜਵੰਤ ਕੌਰ ਅਤੇ ਬੇਟਾ ਮਲਕੀਤ ਸਿੰਘ ਪ੍ਰਿੰਸ (ਜਵਾਈ) ਡਾ: ਨੂੰ ਰਿਪਰਟ ਲੈ ਕੇ ਅੰਦਰ ਮਿਲਣ ਚਲੇ ਗਏ। ਮੈਂ ਤਾਂ ਪਹਿਲਾਂ ਹੀ ਕਮਰੇ ਦੇ ਬਾਹਰ ਲੱਗੀ ਨੇਮ ਪਲੇਟ ਤੋਂ ਸਮਝ ਗਿਆ ਸੀ ਕਿ ਕੈਂਸ਼ਰ ਦੇ ਲੱਛਣ ਲੱਗਦੇ ਨੇ।ਬਾਹਰ ਦੋਵੇਂ ਜਣੇ ਆ ਕੇ ਮੈਨੂੰ ਨਾ ਦੱਸਣ ਦੀ ਹੋਲੀ ਹੋਲੀ ਗੱਲ ਕਰਦੇ ਆ ਰਹੇ ਸੀ। ਮੈਂ ਪੁੱਛ ਹੀ ਲਿਆ, 'ਕੈਂਸ਼ਰ ਆ, ਮੈਂ ਫੇਸ ਕਰਾਂਗਾ ਕੋਈ ਗੱਲ ਨੀ'।ਚਲੋ ਗੱਲ ਕਲੀਅਰ ਹੋ ਗਈ ਅਤੇ ਇਲਾਜ਼ ਲਈ ਵੱਡੇ ਵੱਡੇ ਟੈਸਟ ਸ਼ੁਰੂ ਹੋ ਗਏ।

ਉਂਝ ਮੈਂ ਅਕਤੂਬਰ ਤੱਕ ਵਧੀਆ ਰਿਹਾ ਪਰ ਪੇਟ 'ਚ ਗੈਸ਼ ਬਣਨ ਦੀ ਸਮੱਸਿਆ ਕਾਰਨ ਦਰਦ ਵੱਧਦਾ ਗਿਆ ਅਤੇ ਭੁੱਖ ਘੱਟਦੀ ਗਈ। ਆਖਿਰ ਜ਼ਿਆਦਾ ਸਿਹਤ ਵਿਗੜਨ ਕਾਰਨ ਡੀ.ਐਮ.ਸੀ.ਲੁਧਿਆਣੇ ਪੇਟ ਦੇ ਉੱਤਰੀ ਭਾਰਤ ਦੇ ਪ੍ਰਸਿੱਧ ਡਾਕਟਰ ਤੋਂ ਸਮਾਂ ਲੈ ਕੇ ਚਲੇ ਗਏ,ਏਨੇ ਜ਼ਿਆਦਾ ਮਰੀਜ਼ ਹੋਣ ਕਾਰਨ ਰਾਤ ਨੂੰ 9 ਵਜੇ ਵਾਰੀ ਆਈ। ਡਾ: ਸਾਬ੍ਹ ਨੇ ਚੈੱਕ ਕਰਕੇ ਐਡਮਿਟ ਹੋਣ ਲਈ ਕਹਿ ਦਿੱਤਾ। ਅਗਲੇ ਦਿਨ ਇਲਾਜ਼ ਸ਼ੁਰੂ ਹੋ ਗਿਆ, ਖਾਣਾ ਪੀਣਾ ਹੋਲੀ ਹੋਲੀ ਸ਼ੁਰੂ ਹੋ ਗਿਆ ਅਤੇ ਉਨ੍ਹਾਂ ਵੀ ਕੈਂਸ਼ਰ ਵਾਲੇ ਡਾਕਟਰ ਨਾਲ ਤਾਲਮੇਲ ਕਰਕੇ ਇਲਾਜ਼ ਲਈ ਕਹਿ ਦਿੱਤਾ, ਕੁਝ ਟੈਸਟ ਕਰਵਾ ਲਏ ਜਿਨ੍ਹਾਂ ਦੀ ਰਿਪੋਰਟ ਅਜੇ ਹਫਤੇ ਬਾਅਦ ਆਉਣੀ ਸੀ, ਅੱਠ ਦਿਨਾਂ ਬਾਅਦ ਮੈਨੂੰ ਛੁੱਟੀ ਦੇ ਦਿੱਤੀ ਤੇ ਰਿਪੋਰਟਾਂ ਆਉਣ ਤੇ ਦੁਬਾਰਾ ਆਉਣ ਲਈ ਕਹਿ ਦਿੱਤਾ। ਘਰ ਆ ਕੇ ਅਸੀਂ ਨੇੜਲੇ ਕੈਂਸ਼ਰ ਹਸਪਤਾਲ ਸੰਗਰੂਰ ਤੋਂ ਇਲਾਜ਼ ਕਰਵਾਉਣ ਦਾ ਫੈਸ਼ਲਾ ਕਰਕੇ ਉਥੇ ਜਾ ਕੇ ਫਾਈਲ ਬਣਵਾ ਕੇ ਇਲਾਜ਼ ਸ਼ੁਰੂ ਕਰ ਲਿਆ। ਇਥੇ ਵੀ ਪਹਿਲੇ ਟੈਸਟ ਦੁਬਾਰਾ ਕਰਵਾਏ ਗਏ।ਮਹੀਨੇ 'ਚ ਇੱਕ ਮਹਿੰਗਾ ਇੰਨਜੈਕਸ਼ਨ ਲਾਉਣਾ ਸ਼ੁਰੂ ਹੋ ਗਿਆ ਤੇ ਨਾਲ ਪੀ.ਜੀ.ਆਈ. ਚੰਡੀਗੜ੍ਹ ਨੂੰ ਵੀ ਉਥੋਂ ਦੇ ਡਾਕਟਰ ਦੀ ਰਾਇ ਲੈਣ ਲਈ ਇਥੋਂ ਦੇ ਡਾਕਟਰ ਨੇ ਰੈਫਰ ਕਰ ਦਿੱਤਾ । ਕੋ-ਰੋਨਾ ਕਰਕੇ ਪੀ.ਜੀ.ਆਈ.ਦੀ ਆਊਟ ਡੋਰ ਬੰਦ ਸੀ ,ਸਿਰਫ ਕੁਝ ਖਾਸ ਬਿਮਾਰੀਆਂ ਲਈ ਆਨ-ਲਾਈਨ ਰਜ਼ਿਸਟ੍ਰੇਸ਼ਨ ਹੋ ਰਹੀ ਸੀ । ਵਾਰ-ਵਾਰ ਪੁੱਛ-ਗਿੱਛ ਲਈ ਦਿੱਤੇ ਨੰਬਰਾਂ ਤੇ ਅਪਾਇੰਟਮੈਂਟ ਲੈਣ ਲਈ ਕੰਟੈਕਟ ਕਰਨ ਦੀ ਕੋਸ਼ਿਸ਼ ਕਰਦਾ ਕਈ ਦਿਨ ਕੋਸ਼ਿਸ਼ ਕਰਦਾ ਰਿਹਾ।ਆਖਿਰ ਇੱਕ ਨੰਬਰ ਤੋਂ ਸਹੀ ਜਾਣਕਾਰੀ ਮਿਲਣ ਤੇ ਵਟਸਅੱਪ ਤੇ ਮੇਸੈਜ਼ ਭੇਜਣ ਤੇ ਵਾਪਸੀ ਜਵਾਬ 'ਚ ਕਿਸੇ ਵੀ ਦਿਨ ਕੈਂਸ਼ਰ ਡਿਪਾਰਟਮੈਂਟ 'ਚ 3 ਨੰ: ਕਮਰੇ 'ਚ ਆ ਕੇ ਮਿਲਣ ਲਈ ਕਹਿ ਦਿੱਤਾ। ਇਥੇ ਪੀ.ਜੀ.ਆਈ. ਜਾ ਕੇ ਵੀ ਕਾਰਡ ਬਣ ਗਿਆ ਤੇ ਦੁਬਾਰਾ ਟੈਸਟ ਸ਼ੁਰੂ ਹੋ ਗਏ।



ਮੇਜਰ ਸਿੰਘ ਨਾਭਾ
91-94635-53962

ਹੁਣ ਦੋਵੇਂ ਥਾਂਈ ਇਲਾਜ਼ ਚਲ ਰਿਹਾ , ਅਜੇ ਕੋਵਿਡ-19 ਦੇ ਪ੍ਰਛਾਵੇਂ ਨੇ ਥੁੜ੍ਹ ਵਾਲੀਆਂ ਦੁਰਲੱਭ ਦਵਾਈਆਂ ਦੀ ਸਪਲਾਈ ਨੂੰ ਪ੍ਰਭਾਵਿਤ ਕੀਤਾ ਹੈ। ਪੀ.ਜੀ.ਆਈ. ਲਈ ਮੰਗਵਾਈ ਜਾਂਦੀ ਕੈਂਸਰ ਦੀ ਮੈਡੀਸੀਨ ਜੋ ਮੈਨੂੰ ਦੇਣੀ ਹੈ,ਕਈ ਮਹੀਨਿਆਂ ਤੋਂ ਘੱਟ ਆ ਰਹੀ ਹੈ ਜੋ ਮਰੀਜ਼ਾਂ ਲਈ ਨਸੀਬ ਨਹੀਂ ਹੋ ਰਹੀ ,ਮਰੀਜ਼ਾਂ ਦੇ ਗਰੁੱਪ ਬਣਾ ਕੇ ਉਨ੍ਹਾਂ ਨੂੰ ਵਾਰੀ ਮੁਤਾਬਕ ਉਡੀਕ ਕਰਨ ਲਈ ਕਿਹਾ ਜਾਂਦਾ ਹੈ। ਪਰ ਸਰਕਾਰ ਦੇ ਬੁੱਤਾਂ ਆਦਿ ਤੇ ਖਰਚੇ ਪੈਸੇ ਫਜ਼ੂਲ ਹੀ ਲੱਗਦੇ ਹਨ ਜਦੋਂ ਦੇਸ਼ ਅੰਦਰ ਮੰਗ ਅਨੁਸਾਰ ਦਵਾਈਆਂ ਬਨਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ, ਸਗੋਂ ਸਰਕਾਰ ਦੀ ਨਾਕਾਮੀ ਵੀ ਹੈ। ਕਲਮ ਦੀ ਗੱਲ ਕਰੀਏ ਮੇਰੀ ਪਹਿਲੀ ਰਚਨਾ 11 ਜੂਨ 1993 ਨੂੰ 'ਅਜੀਤ' ਵਿੱਚ ਛਪੀ ਸੀ।'ਪੰਜਾਬੀ ਟ੍ਰਿਬਿਊਨ' ਵਿੱਚ 22 ਅਕਤੂਬਰ 93 ਨੂੰ ਮੇਰੀ ਪਹਿਲੀ ਰਚਨਾ 'ਡਰਾਇੰਗ ਅਧਿਆਪਕਾਂ ਦਾ ਭਵਿੱਖ' ਛਪੀ ਜੋ ਮੇਰੇ ਬੇਰੁਜ਼ਗਾਰ ਅਧਿਆਪਕਾਂ ਦੇ ਸ਼ੰਘਰਸ਼ ਨਾਲ ਜੁੜੇ ਹੋਣ 'ਚੋਂ ਉੱਪਜੀ। ਉਸ ਤੋਂ ਬਾਅਦ ਤਕਰੀਬਨ ਬਹੁਤੇ ਅਖਬਾਰਾਂ 'ਚ ਮੇਰੀਆਂ ਰਚਨਾਵਾਂ ਛਪਦੀਆਂ ਆ ਰਹੀਆਂ ਹਨ ਜੋ ਕਿ ਮੈਨੰ ਔਖੀ ਘੜੀਆਂ 'ਚ ਬਲ ਅਤੇ ਹੌਸ਼ਲਾ ਦਿੰਦੀਆਂ ਰਹਿੰਦੀਆਂ ਹਨ।ਹੁਣ ਕਲਮ ਦੇ ਕੁਝ ਸਮਾਂ ਸੌਣ ਤੋਂ ਬਾਅਦ ਉਸ ਨੂੰ ਜਗਾ ਲਿਆ ਹੈ।ਪਿਛਲੇ ਮਹੀਨਿਆਂ ਤੋਂ ਕਲਮ ਹਰਕਤ ਆਉਣ ਨਾਲ ਮੈਨੂੰ ਆ-ਪਣੀਆਂ ਰਚਨਾਵਾਂ ਛਪਣ ਨਾਲ ਹੋਰ ਉਤਸ਼ਾਹ ਅਤੇ ਬਲ ਕੈਂਸ਼ਰ ਨਾਲ ਜੂਝਣ ਲਈ ਮਿਲ ਰਿਹਾ ਹੈ।ਮੇਰਾ ਸਾਰਾ ਧਿਆਨ ਵੀ ਹੁਣ ਕੁਝ ਨਾ ਕੁਝ ਨਵਾਂ ਵਿਸ਼ਾ ਲੱਭ ਕੇ ਨਵੀਂ ਰਚਨਾ ਤਿਆਰ ਕਰਨਾ ਹੀ ਹੁੰਦਾ ਹੈ।ਮੌਤ ਨੇ ਇੱਕ ਦਿਨ ਆਉਣਾ ਹੈ, ਆ ਵੀ ਕਦੇ ਵੀ ਸਕਦੀ ਹੈ,ਇਹ ਮੈ ਬਿਮਾਰੀ ਤੋਂ ਪਹਿਲਾਂ ਹੀ ਸਵੀਕਾਰ ਚੁੱਕਾ ਹਾਂ।ਮੈਂ ਕਿਸੇ ਸਮੇਂ ਵੀ ਚਲਾ ਜਾਵਾਂ ਹੁਣ ਮੇਰੇ ਲਈ ਕੋਈ ਮਾਇਨੇ ਨਹੀਂ ਰੱਖਦਾ, ਮੈਂ ਆਖਰੀ ਸਮੇਂ ਤੱਕ ਸਮਾਜ ਲਈ ਕੂਝ ਨਾ ਕੁਝ ਕਿਸੇ ਵੀ ਰੂਪ 'ਚ ਕਰਨਾ ਜਾਰੀ ਰੱਖਾਂਗਾ।ਬਹੁਤ ਸਾਰੇ ਦੋਸਤ ਕਈ ਕੰਮਾਂ / ਸਮੱਸਿਆਵਾਂ ਲਈ ਫੋਨ ਕਰਦੇ ਨੇ,ਉਨ੍ਹਾਂ ਦੇ ਕੰਮ ਕਿਸੇ ਤਰ੍ਹਾਂ ਵੀ ਕੋਈ ਹੱਲ ਕਰਕੇ ਮਨ ਨੂੰ ਵਧੀਆ ਲੱਗਦਾ ਹੈ। ਕਿਉਂ ਨਾ ਫਿਰ ਕੁਝ ਯਾਦਾਂ ਲ਼ਿਖਤਾਂ ਰਾਹੀਂ ਛੱਡ ਕੇ ਜਾਈਏ,ਜਿਹੜਾ ਪਹਿਲਾਂ ਘੱਟ ਸੋਚਿਆ ਸੀ। ਪਾਠਕਾਂ ਦੇ ਫੋਨ ਆਉਣੇ,ਫੇਸ਼ਬੁੱਕ, ਵਟਸਅੱਪ ਆਦਿ ਤੇ ਪਾਠਕਾਂ ਨਾਲ ਸਾਂਝ ਮਨ ਖਿੜਿਆ ਰਹਿੰਦਾ ਹੈ।ਹੁਣ ਅਖਬਾਰਾਂ ਨਾਲ ਏਨਾ ਸਨੇਹ ਪੈ ਗਿਆ ਕਿ ਰਾਤ ਨੂੰ ਬਾਰ੍ਹਾਂ ਵਜੇ ਤੋਂ ਬਾਅਦ ਬਹੁਤੇ ਈ ਪੇਪਰ ਖੁੱਲ੍ਹ ਜਾਂਦੇ ਹਨ ਜਦੋਂ ਪਿਸ਼ਾਬ ਕਰਨ ਉਠੀਂਦਾ ਤਾਂ ਤਕਰੀਬਨ ਅੱਧੀ ਰਾਤ ਲੰਘ ਚੁੱਕੀ ਹੁੰਦੀ ਹੈ ਤਾਂ ਸਾਰੇ ਈ ਪੇਪਰ ਖੋਲ੍ਹ ਕੇ ਦੇਖ ਲਈਂਦੇ ਨੇ, ਅਕਸਰ ਕਿਸੇ ਨਾ ਕਿਸੇ ਅਖਬਾਰ 'ਚ ਥੋੜ੍ਹੇ ਦਿਨਾਂ ਬਾਅਦ ਮੇਰੀ ਰਚਨਾ ਛਪ ਹੀ ਜਾਂਦੀ ਹੈ ਜਿਸ ਨਾਲ ਮੇਰਾ ਮਨੋਬਲ ਅਤੇ ਉਤਸ਼ਾਹ ਵੱਧ ਜਾਂਦਾ ਹੈ, ਇੱਕ ਤਰ੍ਹਾਂ ਦੀ ਰੂਹ ਦੀ ਖੁਰਾਕ ਦਾ ਮੇਰੇ ਲਈ ਕੰਮ ਕਰਦੀ ਹੈ।ਕਈ ਦੋਸਤ ਜਿਵੇਂ ਲੈਕ: ਸੋਮ ਨਾਥ, ਮਾਸਟਰ ਭਜਨ ਸਿੰਘ, ਮਾ: ਸੁਖਵਿੰਦਰ ਸਿੰਘ, ਮਾ: ਅਮਰੀਕ ਸਿੰਘ ਕੋਈ ਨਾ ਕੋਈ ਵਿਸ਼ੇ ਤੇ ਲਿਖਣ ਲਈ ਕਹਿੰਦੇ ਰਹਿੰਦੇ ਹਨ ਤਾਂ ਇਹੋ ਜਿਹੀਆਂ ਰਚਨਾਵਾਂ ਛਪਣ ਤੇ ਹੋਰ ਵੀ ਖੁਸ਼ੀ ਹੁੰਦੀ ਹੈ। ਸਾਰਾ ਦਿਨ ਰਚਨਾਤਮਿਕ ਸੋਚ ਨਾਲ ਲੰਘਾਉਣਾ ਮੇਰੇ ਲਈ ਸਿਹਤ ਪੱਖੋਂ ਵੀ ਵਧੀਆ ਮਹਿਸੂਸ ਹੁੰਦਾ ਹੈ। ਅਪ੍ਰੇਸ਼ਨ ਅਤੇ ਇੰਨਜੈਕਸ਼ਨਾਂ ਕਰਕੇ ਮੇਰਾ ਵਜ਼ਨ 21-22 ਕਿ:ਗ੍ਰਾਮ ਘਟਣ ਤੋਂ ਬਾਅਦ ਹੁਣ ਸ਼ੁਕਰ ਹੈ ਪ੍ਰਮਾਤਮਾ ਦਾ ਥੋੜ੍ਹਾ ਵਧਣਾ ਸ਼ੁਰੂ ਹੋਇਆ ਹੈ। ਮੈਨੂੰ ਪੂਰਨ ਆਸ ਹੈ ਕਿ ਮੈਂ ਅਡੋਲਤਾ ਨਾਲ ਬਿਮਾਰੀ ਦਾ ਸਾਹਮਣਾ ਆਪਣੀ ਕਲਮ ਦੇ ਜ਼ਰੀਏ ਕਰਦਾਂ ਰਹਾਂਗਾ।ਸੱਚ-ਮੁੱਚ ਇਨਸਾਨ ਨੂੰ ਕਿਸੇ ਨਾ ਕਿਸੇ ਰੁਝੇਵੇਂ ਨੂੰ ਵਾਧੂ ਸਮਾਂ ਬਤੀਤ ਕਰਨ ਲਈ ਜ਼ਿੰਦਗੀ ਦੇ ਪਹਿਲੇ ਪੜ੍ਹਾਅ ਤੋਂ ਹੀ ਅਪਨਾਉਣ ਨਾਲ ਜ਼ਿੰਦਗੀ ਦੇ ਆਖਰੀ ਜਾਂ ਔਖੀ ਘੜੀ ਸਮੇਂ ਜਰੂਰ ਵਰਦਾਨ ਹੋਵੇਗਾ।

# ਬਿਖਰ ਗਿਆ ਨੈਤਿਕ ਤਾਣਾ-ਬਾਣਾ, ਕਾਲਾਬਜ਼ਾਰੀ ਅਤੇ ਜਮਾਂ-ਖੋਰੀ ਨੇ ਚੁੱਕੀ ਅੱਤ

ਨੈਤਿਕਤਾ ਤਾਂ ਇਹ ਮੰਗ ਕਰਦੀ ਹੈ ਕਿ ਕਰੋਨਾ ਮਹਾਂਮਾਰੀ ਨੂੰ ਹਵਾ ਦੇਣ ਵਾਲਾ ਦੇਸ਼ ਦਾ ਪ੍ਰਧਾਨ ਮੰਤਰੀ ਅਸਤੀਫਾ ਦੇ ਦਿੰਦਾ, ਘੱਟੋ ਘੱਟ ਉਸ ਵੇਲੇ ਹੀ, ਜਦੋਂ ਉਹ ਪੱਛਮੀ ਬੰਗਾਲ ਵਿੱਚ ਬੁਰੀ ਤਰ੍ਹਾਂ ਚੋਣ ਦੰਗਲ ਹਾਰ ਗਿਆ, ਜਦੋਂ ਕਰੋਨਾ ਦੀ ਦੂਜੀ ਲਹਿਰ 'ਚ ਉਹ ਮਰੀਜਾਂ ਨੂੰ ਆਕਸੀਜਨ ਉਪਲੱਬਧ ਨਹੀਂ ਕਰਵਾ ਸਕਿਆ, ਦਵਾਈਆਂ ਦੇ ਪ੍ਰਬੰਧ ਨਹੀਂ ਕਰਵਾ ਸਕਿਆ, "ਵਿਸ਼ਵ ਗੁਰੂ" ਵਲੋਂ ਤਿਆਰ ਕੀਤੀ ਵੈਕਸੀਨ ਉਹ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਦੇਣ 'ਚ ਸਮਰੱਥ ਨਹੀਂ ਹੋ ਸਕਿਆ। ਲੋਕ ਮਰ ਰਹੇ ਹਨ। ਲੋਕ ਸੜਕਾਂ ਉਤੇ ਰੁਲ ਰਹੇ ਹਨ। ਇਕੱਲੇ ਅਪ੍ਰੈਲ 2021 'ਚ ਦੇਸ਼ ਭਰ 'ਚ ਕਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ 50000 ਹੈ।

ਮਹਾਂਮਾਰੀ ਸਮੇਂ ਆਰਥਿਕ, ਸਮਾਜਿਕ, ਪ੍ਰਬੰਧਕੀ ਦੇਸ਼ ਵਿੱਚ ਤਾਣਾ ਬਾਣਾ ਇੰਨਾ ਬਿਖਰ ਚੁੱਕਾ ਹੈ ਕਿ ਸਰਕਾਰੀ ਤੰਤਰ ਇਸ ਨੂੰ ਸੰਭਾਲਣ 'ਚ ਅਸਮਰਥ ਹੋ ਰਹੇ ਹਨ। ਤੇਲ, ਡੀਜ਼ਲ ਦੀ ਕੀਮਤਾਂ ਨਿੱਤ ਵੱਧ ਰਹੀਆਂ ਹਨ। ਖਾਣ ਪੀਣ ਦੀਆਂ ਚੀਜ਼ਾਂ ਖਾਸ ਕਰਕੇ ਖਾਣ ਵਾਲੇ ਤੇਲ ਦੇ ਭਾਅ ਅਸਮਾਨੀ ਚੜ੍ਹ ਗਏ ਹਨ। ਕਾਰੋਬਾਰ ਬੰਦ ਹੋ ਰਹੇ ਹਨ। ਨੌਕਰੀਆਂ ਖੁਸ ਰਹੀਆਂ ਹਨ। ਸਿਹਤ ਸੇਵਾਵਾਂ ਇੰਨੀਆਂ ਚਰਮਰਾ ਗਈਆਂ ਹਨ ਕਿ ਦਵਾਈਆਂ, ਆਕਸੀਜਨ, ਮੈਡੀਕਲ ਉਪਕਰਣ, ਵੈਕਸੀਨੇਸ਼ਨ ਦੀ ਕਮੀ ਹੋ ਗਈ ਹੈ ਅਤੇ ਕਾਲਾ ਬਾਜ਼ਾਰੀ ਅਤੇ ਜਮ੍ਹਾਂ-ਖੋਰੀ ਦਾ ਦੂਜਾ ਮਹਾਂਮਾਰੀ ਦੌਰ ਚਾਲੂ ਹੋ ਚੁੱਕਾ ਹੈ।

ਮੈਡੀਕਲ ਮੰਡੀ 'ਚ ਟੀਕੇ ਦੀ ਜਿਹੜੀ ਕੀਮਤ 500 ਰੁਪਏ ਹੈ, ਉਹ 10 ਗੁਣਾ ਵੱਧ ਕੇ ਵਿਕ ਗਈ ਹੈ। ਜਿਸ ਆਕਸੀਜਨ ਸਿਲੰਡਰ ਦੀ ਕੀਮਤ 2500 ਰੁਪਏ ਹੈ, ਉਹ ਰਾਜਧਾਨੀ ਦਿੱਲੀ 'ਚ ਲੋਕਾਂ 35000 ਰੁਪਏ ਨੂੰ ਖਰੀਦਿਆ। ਨੈਤਿਕਤਾ ਇਥੋਂ ਤੱਕ ਡਿੱਗ ਗਈ ਕਿ ਅੰਤਮ ਸੰਸਕਾਰਾਂ ਸਮੇਂ ਆਖਰੀ ਰਸਮਾਂ ਨਿਭਾਉਣ ਵਾਲੇ ਲੋਕਾਂ ਨੇ ਆਪਣੀਆਂ ਸੇਵਾਵਾਂ ਦੇ ਭਾਅ ਪੰਜ ਤੋਂ ਦਸ ਗੁਣਾ ਕਰ ਦਿੱਤੇ। ਨਕਲੀ ਟੀਕਿਆਂ ਦੀ ਭਰਮਾਰ ਹੋ ਗਈ। ਭਾਖੜਾ ਨਹਿਰ 'ਚੋਂ ਹਜ਼ਾਰਾਂ ਦੀ ਤਦਾਦ 'ਚ ਨਕਲੀ ਰੇਮਡੇਸਿਵਿਰ ਟੀਕੇ ਮਿਲੇ। ਕੀ ਇਹ ਦੇਸ਼ ਉਤੇ ਰਾਜ ਕਰਨ ਵਾਲੇ "ਮੁੱਠੀ ਭਰ ਲੋਕਾਂ" ਦੇ ਮੱਥੇ ਉਤੇ ਕਲੰਕ ਨਹੀਂ ਹੈ? ਦਿੱਲੀ ਹਾਈਕੋਰਟ ਦੇ ਸ਼ਬਦ ਪੜ੍ਹੋ, "ਲੋਕਾਂ ਦਾ ਨੈਤਿਕ ਤਾਣਾ ਬਾਣਾ ਬਹੁਤ ਹੱਦ ਤੱਕ ਬਿਖਰ ਗਿਆ ਹੈ, ਕਿਉਂਕਿ ਕੋਵਿਡ-19 ਮਹਾਂਮਾਰੀ ਨਾਲ ਇਕ ਜੁੱਟ ਹੋਕੇ ਲੜਨ ਦੀ ਥਾਂ ਉਹ ਆਕਸੀਜਨ ਸਿਲੰਡਰਾਂ, ਦਵਾਈਆਂ ਅਤੇ ਮੈਡੀਕਲ ਯੰਤਰਾਂ ਦੀ ਜਮ੍ਹਾਂ ਖੋਰੀ ਅਤੇ ਕਾਲਾਬਜ਼ਾਰੀ 'ਚ ਲਿਪਤ ਹੋ ਗਏ ਹਨ"।

ਇਸ ਸਾਰੀ ਸਥਿਤੀ ਦਾ ਕਾਰਨ ਮੁੱਖ ਤੌਰ ਤੇ ਇਹ ਹੈ ਕਿ ਦੇਸ਼ ਨੂੰ ਮੁੱਠੀ ਭਰ ਲੋਕ ਚਲਾ ਰਹੇ ਹਨ, ਜਿਹੜੇ ਆਪਣੇ ਤੋਂ ਬਿਨਾਂ ਹੋਰ ਕਿਸੇ ਸੂਝਵਾਨ ਵਿਅਕਤੀ ਦੀ ਸਲਾਹ ਹੀ ਨਹੀਂ ਲੈਣਾ ਚਾਹੁੰਦੇ। ਜਦੋਂ ਕਰੋਨਾ ਦੀ ਪਹਿਲੀ ਲਹਿਰ ਉਤੇ ਕਾਬੂ ਕਰਨ ਦੇ ਦਮਗਜੇ ਮਾਰੇ ਗਏ ਸਨ। ਦੇਸ਼ ਦਾ ਹਾਕਮ ਵਾਛਾਂ ਫੈਲਾ ਕੇ ਹੱਸ ਰਿਹਾ ਸੀ, ਉਸੇ ਵੇਲੇ ਦੁਨੀਆਂ ਭਰ ਦੇ ਐਕਸਪਰਟ ਦੂਜੀ ਲਹਿਰ ਦੇ ਆਉਣ ਦੀ ਚਿਤਾਵਨੀ ਦੇ ਰਹੇ ਸਨ। ਲੋੜ ਤਾਂ ਉਦੋਂ ਇਹ ਸੀ ਕਿ ਦੇਸ਼ ਆਪਣੇ ਸਿਹਤ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਦਾ। ਹਸਪਤਾਲਾਂ ਦਾ ਪ੍ਰਬੰਧ ਕਰਦਾ। ਵੈਕਸੀਨੇਸ਼ਨ ਬਨਾਉਣ ਉਤੇ ਵੱਧ ਜ਼ੋਰ ਦਿੰਦਾ। ਦਵਾਈਆਂ ਅਤੇ ਮੈਡੀਕਲ ਉਪਕਰਨਾਂ ਦੀ ਪੈਦਾਵਾਰ ਵਧਾਉਂਦਾ ਅਤੇ ਚਿਕਿਤਸਾ ਐਕਸਪਰਟਾਂ ਦੀ ਇਕ ਕਮੇਟੀ ਦਾ ਗਠਨ ਕਰਦਾ, ਜੋ ਸਰਕਾਰ ਨੂੰ ਸਮੇਂ ਸਮੇਂ ਸਲਾਹ ਦਿੰਦੇ। ਪਰ ਇਥੇ ਤਾਂ "ਕੁੰਭ ਮੇਲੇ" ਲੱਗ ਰਹੇ ਸਨ, ਇਥੇ ਤਾਂ ਵੱਡੀਆਂ ਸਿਆਸੀ ਰੈਲੀਆਂ ਹੋ ਰਹੀਆਂ ਸਨ, ਇਥੇ ਤਾਂ ਵੱਡੇ ਇਕੱਠ ਕਰਕੇ ਮੌਤ ਨੂੰ ਸੱਦਾ ਦਿੱਤਾ ਜਾ ਰਿਹਾ ਸੀ। "ਨੀਰੂ ਬੰਸਰੀ ਵਜਾ ਰਿਹਾ ਸੀ, ਰੋਮ ਸੜ ਰਿਹਾ ਹੈ।" ਇਸੇ ਕਰਕੇ ਦੇਸ਼ ਦੇ ਲੋਕ ਪੁੱਛ ਰਹੇ ਹਨ ਕਿ ਦੇਸ਼ ਦਾ ਹਾਕਮ ਇੰਨਾ ਅਸੰਵੇਦਨਸ਼ੀਲ ਕਿਵੇਂ ਹੋ ਸਕਦਾ ਹੈ?



ਸੰਕਟ ਅਕਸਰ ਅਣਦੇਖੇ-ਅਣਜਾਣੇ ਹੁੰਦੇ ਹਨ। ਮੁਸੀਬਤਾਂ ਦੱਸਕੇ ਨਹੀਂ ਆਉਂਦੀਆਂ। ਸਦੀਆਂ ਤੋਂ ਇਹੋ ਹੁੰਦਾ ਆਇਆ ਹੈ। ਪਰ ਇਨਸਾਨੀ ਸਭਿਅਤਾ ਨੇ ਵਿਕਾਸ ਦੇ ਨਾਲ ਨਾਲ ਸੰਕਟਾਂ ਦੇ ਮੁਕਾਬਲੇ ਲਈ ਉਪਾਅ ਕੀਤੇ ਹਨ। ਬਿਪਤਾ ਕੁਦਰਤੀ ਹੋਵੇ, ਤਾਂ ਕਈ ਯਤਨ ਕਰਕੇ ਲੋਕਾਂ ਨੂੰ ਬਾਹਰ ਕੱਢਿਆ ਜਾਂਦਾ ਹੈ। ਇਹ ਲੋਕ ਹਿਤੂ, ਲੋਕ ਭਲੇ ਵਾਲੀਆਂ ਸਰਕਾਰਾਂ ਦੀ ਪਹਿਲ ਹੁੰਦੀ ਹੈ। ਪਰ ਜਿਥੇ ਹਾਕਮ ਲੋਟੂਆਂ, ਧੰਨਕੁਬੇਰਾਂ ਦੀ ਝੋਲੀ ਭਰਕੇ ਆਪਣੀ ਕੁਰਸੀ ਬਚਾਉਣ ਲਈ ਕੰਮ ਕਰ ਰਹੇ ਹੋਣ ਉਥੇ ਲੋਕਾਂ ਦਾ ਜੀਵਨ ਦੁੱਭਰ ਹੋ ਜਾਂਦਾ ਹੈ। ਭਾਰਤ ਵਾਸੀ ਇਸ ਵੇਲੇ ਹੈਂਕੜੀ ਹਕੂਮਤ ਦੀ ਪਕੜ ਵਿੱਚ ਬੇਬਸ, ਬਿਪਤਾ ਦਾ ਸਾਹਮਣੇ ਆਪਣੇ ਬਲਬੂਤੇ ਕਰਨ ਲਈ ਮਜ਼ਬੂਰ ਕਰ ਦਿੱਤੇ ਗਏ ਹਨ ਅਤੇ ਸੂਬਾ ਸਰਕਾਰਾਂ ਬੇਬਸੀ 'ਚ ਹੱਥ ਤੇ ਹੱਥ ਧਰ ਤੇ ਬੈਠੀਆਂ ਹਨ। ਬੱਸ ਬਿਆਨ ਜਾਰੀ ਹੁੰਦੇ ਹਨ। "ਅੱਛੇ ਦਿਨਾਂ ਦੀ ਬਾਤ' ਪਾਈ ਜਾਂਦੀ ਹੈ, ਮਨ ਕੀ ਬਾਤ ਕੀਤੀ ਜਾਂਦੀ ਹੈ। ਹਾਥੀ ਕੇ ਦਾਤ ਖਾਨੇ ਕੋ ਔਰ ਦਿਖਾਨੇ ਕੋ ਔਰ।

ਉਦਾਹਰਨ ਦੇ ਤੌਰ ਤੇ ਦੇਸ਼ ਵਿੱਚ ਹੈਲਪਲਾਈਨ ਹੈ, ਜੋ ਸਰਕਾਰੀ ਪ੍ਰਬੰਧਨ ਹੇਠ ਹੈ। ਫੋਨ ਉੱਤੇ ਮਦਦ ਲਈ ਪੁਕਾਰ ਕੀਤੀ ਜਾਂਦੀ ਹੈ। ਇਸਨੂੰ ਕਦੇ ਪੁਲਿਸ ਸੁਣਦੀ ਹੈ ਅਤੇ ਕਦੇ ਹੋਰ ਪ੍ਰਬੰਧਨ, ਕਦੀ ਹਸਪਤਾਲ ਜਾਂ ਕਦੇ ਬਿਪਤਾ ਪ੍ਰਬੰਧਨ ਵਿਭਾਗ। ਪਰ ਬਿਪਤਾ 'ਚ ਫਸੇ ਲੋਕਾਂ ਦੀ ਪੁਕਾਰ ਨੂੰ ਸੁਣਨ ਵਾਲਾ ਤੰਤਰ ਕੰਮ ਨਹੀਂ ਕਰ ਰਿਹਾ। ਹੈਲਪਲਾਈਨਾਂ ਬੰਦ ਹਨ। ਅਪਰਾਧ, ਬੱਚਿਆਂ ਦੇ ਅਧਿਕਾਰ, ਅੱਗ, ਬੀਮਾਰੀ ਸਮੇਂ ਬਿਪਤਾ, ਹੜ੍ਹ, ਸੁਨਾਮੀ, ਰੇਲ ਦੁਰਘਟਨਾ ਆਦਿ ਲਈ ਸਰਕਾਰ ਵਲੋਂ ਹੈਲਪਲਾਈਨਾਂ ਬਣਾਈਆਂ ਜਾਂਦੀਆਂ ਹਨ ਅਤੇ ਆਸ ਕੀਤੀ ਜਾਂਦੀ ਹੈ ਕਿ ਇਹ ਹੈਲਪਲਾਈਨਾਂ ਔਖੇ ਵੇਲੇ ਲੋਕਾਂ ਦੇ ਕੰਮ ਆ ਸਕਣ। ਪਰ ਲੋਕਾਂ ਨੂੰ ਜਿਸ ਕਿਸਮ ਦੀ ਮਦਦ ਹੈਲਪਲਾਈਨਾਂ ਤੋਂ ਲੋੜੀਂਦੀ ਸੀ, ਉਹ ਨਾਕਾਮੀਆਂ ਦੀ ਦਾਸਤਾਨ ਬਣਕੇ ਰਹਿ ਗਈ ਹੈ। ਲੋਕ ਕਹਿ ਰਹੇ ਹਨ ਕਿ ਇਹ ਹੈਲਪਲਾਈਨਾਂ ਉਹਨਾਂ ਲਈ ਸਗੋਂ ਦੁਬਿਧਾ ਪੈਦਾ ਕਰ ਰਹੀਆਂ ਹਨ।

ਦੁੱਖ ਅਤੇ ਸੰਕਟ 'ਚ ਘਿਰੇ ਇਨਸਾਨ ਦੀ ਮਦਦ ਤੋਂ ਵੱਧ ਹੋਰ ਕੁਝ ਵੀ ਵੱਡਾ ਨਹੀਂ ਹੋ ਸਕਦਾ। ਬਿਨਾਂ ਸ਼ੱਕ ਦੇਸ਼ 'ਚ ਗੁਰਦੁਆਰਾ ਸਾਹਿਬਾਨ ਅਤੇ ਕੁਝ ਹੋਰ ਗੈਰ ਸਰਕਾਰੀ ਸੰਸਥਾਵਾਂ ਲੋਕ ਭਲੇ ਲਈ ਸਮਰਪਿਤ ਹੋ ਕੇ ਆਕਸੀਜਨ ਦੀ ਸਪਲਾਈ ਅਤੇ ਹਸਪਤਾਲ ਖੋਲ੍ਹਣ ਤੱਕ ਦਾ ਪ੍ਰਬੰਧ ਕਰ ਰਹੀਆਂ ਹਨ ਪਰ ਦੂਜੇ ਪਾਸੇ ਕੁਝ ਲੋਕ ਨੈਤਿਕਤਾ ਤੋਂ ਡਿੱਗੀਆਂ ਕਰਤੂਤਾਂ ਕਰ ਰਹੇ ਹਨ। ਪ੍ਰਾਈਵੇਟ ਐਂਬੂਲੈਂਸਾਂ ਦੇ ਮਾਲਕ; ਕਰੋਨਾ ਮਹਾਂਮਾਰੀ ਦੇ ਪੀੜਤ ਲੋਕਾਂ ਨੂੰ ਹਸਪਤਾਲ ਪਹੁੰਚਾਉਣ ਲਈ; ਉਹਨਾਂ ਦੀ ਮਜ਼ਬੂਰੀ ਦਾ ਫਾਇਦਾ ਉਠਾਉਂਦਿਆਂ ਵੱਧ ਕਿਰਾਇਆ ਵਸੂਲ ਕਰ ਰਹੇ ਹਨ। ਹਸਪਤਾਲਾਂ ਵਿੱਚ ਲੁੱਟ ਪਈ ਹੋਈ ਹੈ। ਪੀੜਤ ਵਿਅਕਤੀ ਤੋਂ 17000 ਰੁਪਏ ਤੋਂ 20000 ਰੁਪਏ ਪ੍ਰਤੀ ਬੈੱਡ ਪ੍ਰਤੀ ਦਿਨ ਚਾਰਜਿਜ਼ ਵਸੂਲ ਕੀਤੇ ਜਾਂਦੇ ਹਨ। ਸਮਾਜ ਵਿੱਚ ਕਿਸੇ ਦੀ ਮੌਤ ਦੇ ਬਾਅਦ ਲੋਕ ਸੁਭਾਵਕ ਇਕੱਠੇ ਹੋ ਕੇ ਦਾਹ-ਸੰਸਕਾਰ ਕਰ ਦਿੰਦੇ ਹਨ। ਪਰ ਅੱਜ ਹਾਲਤ ਇਹ ਹੈ ਕਿ ਕਰੋਨਾ ਪੀੜਤ ਦੀ ਮੌਤ ਉਪਰੰਤ ਉਸਦਾ ਮ੍ਰਿਤਕ ਸਰੀਰ ਵੀ ਕੋਈ ਸਮਸ਼ਾਨਘਾਟ ਪਹੁੰਚਾਉਣ ਨੂੰ ਤਿਆਰ ਨਹੀਂ ਹੋ ਰਿਹਾ।ਸਵਾਲ ਹੈ ਕਿ ਇਨਸਾਨੀਅਤ ਅਤੇ ਮਨੁੱਖ ਦੀ ਸੰਵੇਦਨਸ਼ੀਲਤਾ ਵਿੱਚ ਇਹ ਗਿਰਾਵਟ ਕਿਉਂ ਆਈ ਹੈ?

ਦੇਸ਼ ਵਿੱਚ ਨਾਗਰਿਕਾਂ ਦੀ ਸਿਹਤ ਦੀ ਦੇਖਭਾਲ ਦਾ ਪ੍ਰਬੰਧਨ 1940 ਦੇ ਮਾਡਲ ਉਤੇ ਚੱਲ ਰਿਹਾ ਹੈ। ਰਾਜਾਂ ਦੀਆਂ ਕਈ ਏਜੰਸੀਆਂ ਪੁਰਾਣੇ ਢੰਗ-ਤਰੀਕਿਆਂ ਨਾਲ ਕੰਮ ਕਰ ਰਹੀਆਂ ਹਨ। ਦੇਸ਼ ਹਾਲੀ ਤੱਕ ਵੀ ਅੰਗਰੇਜ਼ ਹਕੂਮਤ ਦੇ ਢੰਗ-ਤਰੀਕਿਆਂ ਤੇ ਕੰਮ ਕਰ ਰਿਹਾ ਹੈ। ਪੇਂਡੂ ਸਿਹਤ ਡਿਸਪੈਂਸਰੀਆਂ 'ਚ ਸਟਾਫ਼ ਨਹੀਂ। ਅਪਰੇਟਿੰਗ ਰੂਮ ਵਿੱਚ ਸਰਜਨ ਨਹੀਂ, ਐਕਸਰੇ ਮਸ਼ੀਨ ਲਈ ਰੇਡੀਔਲੋਜਿਸਟ ਨਹੀਂ। ਸਥਿਤੀ ਇਹ ਹੈ ਕਿ ਕਰੋਨਾ ਸਮੇਂ ਤਾਂ ਸਭ ਕੁਝ ਤਬਾਹਕੁੰਨ ਹਾਲਤਾਂ 'ਚ ਵਿਖਾਈ ਦੇ ਰਿਹਾ ਹੈ। ਨਰੇਂਦਰ ਮੋਦੀ ਪੀ.ਐਮ. ਨੇ "ਵੱਧ ਤੋਂ ਵੱਧ ਪ੍ਰਬੰਧਨ" ਦਾ ਵਾਅਦਾ ਕੀਤਾ ਸੀ, ਪਰ ਦੇਸ਼ ਦੇ ਪੁਰਾਣੇ ਢੰਗ-ਤਰੀਕਿਆਂ ਤੇ ਚੱਲ ਰਹੇ ਰਾਜਾਂ ਦੇ ਸੁਧਾਰ ਕਰਨ ਦੀ ਵਿਜਾਏ ਉਹਨਾ ਨੇ ਦੇਸ਼ ਵਿੱਚ ਲੋਕਤੰਤਰਿਕ ਇਤਿਹਾਸ ਵਿੱਚ ਤਾਕਤਾਂ ਦਾ ਕੇਂਦਰੀਕਰਨ ਕਰ ਦਿੱਤਾ। ਆਪਣੇ-ਆਪ ਨੂੰ ਦੇਸ਼ ਦੇ ਰਾਖੇ ਦੇ ਤੌਰ ਤੇ ਪੇਸ਼ ਕੀਤਾ। ਬਿਨ੍ਹਾਂ ਸ਼ੱਕ ਭਾਰਤ ਦੁਨੀਆ ਦੇ ਉਭਰਦੇ 25 ਬਜ਼ਾਰਾਂ ਵਿੱਚ ਸ਼ਾਮਲ ਹੈ, ਪਰ 1000 ਮਰੀਜ਼ਾਂ ਲਈ ਮੌਜੂਦਾ ਹਸਪਤਾਲ ਦੇ ਬਿਸਤਰਿਆਂ ਦੀ ਉਪਲੱਬਧਤਾ ਦੇ ਮਾਮਲੇ 'ਚ ਆਖ਼ਰੀ ਪਾਏਦਾਨ ਉਤੇ ਹੈ। ਅੱਜ ਵੀ ਭਾਰਤ ਬੁਨਿਆਦੀ ਸਿਹਤ ਸੁਵਿਧਾਵਾਂ ਪ੍ਰਦਾਨ ਕਰਨ ਦੇ ਮਾਮਲੇ 'ਤੇ ਔਸਤ ਦਰਜ਼ੇ ਤੇ ਹੈ।



ਗੁਰਮੀਤ ਪਲਾਹੀ
91-98158-02070

ਅਸਲ ਵਿੱਚ ਹਾਕਮਾਂ ਦੀ ਲਾਪਰਵਾਹੀ ਅਤੇ ਉਦਾਸੀਨਤਾ ਨੇ ਸਮਾਜ ਵਿੱਚ ਇਹੋ ਜਿਹੀ ਸਥਿਤੀ ਪੈਦਾ ਕੀਤੀ ਹੈ। ਹਾਕਮਾਂ ਵਲੋਂ ਸਮਾਜ ਵਿੱਚ ਲੁੱਟ-ਖਸੁੱਟ ਨੂੰ ਖੁੱਲ੍ਹ ਦੇਣ, ਧੰਨ ਕੁਝ ਧੰਨ ਕੁਬੇਰਾਂ ਹੱਥ ਫੜਾਉਣ, ਸਮਾਜ ਸੇਵਾ ਛੱਡਕੇ ਕੁਰਸੀ ਦੀ ਲਲਕ ਨੇ ਸਮਾਜ ਵਿੱਚ ਸੰਵੇਦਨਾ ਹੀ ਖਤਮ ਕਰ ਦਿੱਤੀ ਹੈ। ਜੇਕਰ ਹਾਕਮਾਂ ਵਲੋਂ ਲਾਪਰਵਾਹੀ ਨਾ ਕੀਤੀ ਹੁੰਦੀ, ਪਹਿਲੀ ਲਹਿਰ ਤੋਂ ਬਾਅਦ ਹਸਪਤਾਲਾਂ ਵਿੱਚ ਸਿਹਤ ਸਹੂਲਤਾਂ ਦਾ ਪ੍ਰਬੰਧ ਕੀਤਾ ਹੁੰਦਾ, ਨਵਾਂ ਪਾਰਲੀਮੈਂਟ ਹਾਊਸ ਬਨਾਉਣ ਦੀਆਂ ਟਾਹਰਾਂ ਮਾਰਨ ਦੀ ਥਾਂ ਦੇਸ਼ 'ਚ ਥਾਂ-ਥਾਂ ਹਸਪਤਾਲ ਬਣਾਏ ਹੁੰਦੇ, ਪੀ ਐਮ ਕੇਅਰ ਫੰਡ ਵਿੱਚੋਂ ਆਕਸੀਜਨ ਪਲਾਂਟ ਪਹਿਲ ਦੇ ਆਧਾਰ ਉਤੇ ਲਗਾਏ ਹੁੰਦੇ।

ਵੈਕਸੀਨੇਸ਼ਨ ਦਾ ਪ੍ਰਬੰਧਨ ਠੀਕ ਢੰਗ ਨਾਲ ਕੀਤਾ ਹੁੰਦਾ ਅਤੇ ਸੱਭੋ ਕੁਝ ਆਪੇ ਕਰਨ ਦੀ ਥਾਂ ਸੂਝਵਾਨ ਸਿਹਤ ਸਲਾਹਕਾਰਾਂ ਦੇ ਪੱਲੇ ਬੰਨਿਆ ਹੁੰਦਾ ਤਾਂ ਸ਼ਾਇਦ ਇਹ ਦਿਨ ਦੇਸ਼ ਨੂੰ ਨਾ ਵੇਖਣੇ ਪੈਂਦੇ। ਤਾਂ ਫਿਰ ਦੇਸ਼ ਵਿੱਚ ਇਹ ਹਫਰਾਤਫਰੀ ਵੀ ਨਾ ਮਚਦੀ ਅਤੇ ਲੁੱਟ-ਖਸੁੱਟ, ਜਮ੍ਹਾਂ ਖੋਰੀ, ਕਾਲਾਬਜ਼ਾਰੀ ਕਰਨ ਵਾਲੇ ਲੋਕਾਂ ਨੂੰ ਵੀ ਖੁਲ੍ਹ ਖੇਲਣ ਦਾ ਮੌਕਾ ਨਾ ਮਿਲਦਾ।

# ਵਿਦਿਆਰਥੀਆਂ ਦੇ ਜੀਵਨ ਵਿਚ ਕਿਤਾਬਾਂ ਦੀ ਅਹਿਮ ਭੂਮਿਕਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਕਿਤਾਬਾਂ ਦਾ ਮੁੱਲ ਰਤਨਾਂ ਤੋਂ ਵੀ ਜ਼ਿਆਦਾ ਹੈ ਕਿਉਂਕਿ ਰਤਨ ਤਾਂ ਬਾਹਰੀ ਸੁੰਦਰਤਾ ਦਿਖਾਉਂਦੇ ਹਨ ਪਰ ਕਿਤਾਬਾਂ ਮਨੁੱਖ ਦੇ ਅੰਦਰੂਨੀ ਜਗਤ ਨੂੰ ਰੋਸ਼ਨ ਕਰਦੀਆਂ ਹਨ। ਅਜੋਕੇ ਸਮੇਂ 'ਚ ਜਿੱਥੇ ਕੰਪਿਊਟਰ, ਲੈਪਟਾਪ, ਇੰਟਰਨੈੱਟ ਨੇ ਬੱਚਿਆਂ ਨੂੰ ਅਣਗਿਣਤ ਸਹੂਲਤਾਂ ਪ੍ਰਦਾਨ ਕੀਤੀਆਂ ਹਨ, ਉੱਥੇ ਕਿਤਾਬਾਂ ਉਹ ਗਹਿਣਾ ਹਨ, ਜੋ ਹਨੇਰੇ 'ਚ ਵੀ ਗਿਆਨ ਦਾ ਪ੍ਰਕਾਸ਼ ਫੈਲਾਉਂਦੀਆਂ ਹਨ। ਕਿਤਾਬਾਂ ਤੋਂ ਇਮਾਨਦਾਰ ਕੋਈ ਦੋਸਤ ਨਹੀਂ ਹੋ ਸਕਦਾ। ਅੱਜ ਤਕ ਜਿੰਨੇ ਵੀ ਵਿਦਵਾਨ ਹੋਏ ਹਨ, ਸਾਰੇ ਕਿਤਾਬਾਂ ਨੂੰ ਪਿਆਰ ਕਰਦੇ ਸਨ।

ਵਿਦਿਆਰਥੀ ਜੀਵਨ 'ਚ ਕਿਤਾਬਾਂ ਦੀ ਭੂਮਿਕਾ ਤੋਂ ਕੋਈ ਵੀ ਅਣਜਾਣ ਨਹੀਂ ਹੈ। ਜਦੋਂ ਬੱਚਾ ਛੋਟਾ ਹੁੰਦਾ ਹੈ, ਉਸ ਨੂੰ ਰੰਗ-ਬਰੰਗੀਆਂ ਕਿਤਾਬਾਂ ਹੀ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ। ਜਦੋਂ ਉਹ ਕਿਤਾਬ ਖੋਲਦਾ ਹੈ ਤਾਂ ਇਕ ਨਵੀਂ ਦੁਨੀਆ 'ਚ ਕਦਮ ਰੱਖਦਾ ਹੈ। ਇਕ ਅਜਿਹੀ ਦੁਨੀਆ, ਜਿਸ 'ਚ ਗਿਆਨ ਦਾ ਭੰਡਾਰ ਤਾਂ ਹੈ ਹੀ, ਨਾਲ ਹੀ ਮਨੋਰੰਜਨ, ਜ਼ਿੰਦਗੀ ਦੇ ਸਬਕ ਭਾਵ ਮਨੁੱਖੀ ਜੀਵਨ ਜਾਚ ਅਤੇ ਸਦੀਆਂ ਦਾ ਗਿਆਨ ਲੁਕਿਆ ਹੁੰਦਾ ਹੈ। ਇਕ ਬੱਚੇ ਲਈ ਕਿਤਾਬਾਂ ਦੀ ਮਹੱਤਤਾ ਸਭ ਤੋਂ ਵਧੇਰੇ ਹੁੰਦੀ ਹੈ। ਵਿੱਦਿਆ ਪ੍ਰਾਪਤੀ ਦੇ ਹਰ ਪੜਾਅ 'ਤੇ ਵੱਖ-ਵੱਖ ਤਰਾਂ ਦੀਆਂ ਕਿਤਾਬਾਂ ਪੜਨਾ ਜ਼ਰੂਰੀ ਹੁੰਦਾ ਹੈ। ਛੋਟੇ ਬੱਚਿਆਂ ਨੂੰ ਸੌਣ ਵੇਲੇ ਮਾਂ-ਬਾਪ ਵੱਲੋਂ ਕਿਤਾਬ 'ਚੋਂ ਕਹਾਣੀਆਂ ਪੜ ਕੇ ਸੁਣਾਉਣਾ ਹੋਵੇ ਜਾਂ ਫਿਰ ਅਧਿਆਪਕ ਵੱਲੋਂ ਵਿਦਿਆਰਥੀਆਂ ਨੂੰ ਮਹਾਨ ਸ਼ਖ਼ਸੀਅਤਾਂ ਦੀ ਜੀਵਨੀ ਪੜ੍ਹਨ ਦੀ ਪਰੇਰਨਾ ਦੇਣਾ ਹੋਵੇ। ਕਿਤਾਬਾਂ ਬੱਚੇ ਦੇ ਕੋਰੇ ਮਨ 'ਤੇ ਹਮੇਸ਼ਾ ਲਈ ਉਹ ਇਬਾਰਤ ਲਿਖ ਜਾਂਦੀਆਂ ਹਨ, ਜੋ ਉਸ ਦੇ ਵਿਅਕਤੀਤਵ ਨੂੰ ਨਵੀਂ ਪਰਿਭਾਸ਼ਾ ਦਿੰਦੀਆਂ ਹਨ।

**ਬੌਧਿਕ ਵਿਕਾਸ 'ਚ ਸਹਾਈ**

ਕਿਤਾਬਾਂ ਪੜ੍ਹਨ ਨਾਲ ਬੱਚਿਆਂ ਦਾ ਬੌਧਿਕ ਵਿਕਾਸ ਹੁੰਦਾ ਹੈ। ਕਿਤਾਬਾਂ ਹੀ ਉਹ ਦੋਸਤ ਹਨ, ਜੋ ਬਚਪਨ ਤੋਂ ਬੱਚਿਆਂ ਦੇ ਮਨ ਅੰਦਰਲੇ ਹਨੇਰੇ ਨੂੰ ਗਿਆਨ ਨਾਲ ਰੁਸ਼ਨਾਉਂਦੀਆਂ ਹਨ। ਇਹ ਵੱਖ-ਵੱਖ ਤੱਥਾਂ, ਖੋਜਾਂ, ਸੱਭਿਅਤਾਵਾਂ, ਸੱਭਿਆਚਾਰਾਂ ਦੀ ਜਾਣਕਾਰੀ ਨਾਲ ਬੱਚੇ ਦਾ ਬੌਧਿਕ ਵਿਕਾਸ ਕਰਦੀਆਂ ਹਨ। ਬੱਚਿਆਂ 'ਚ ਨਵੀਆਂ ਖੋਜਾਂ ਕਰਨ ਤੇ ਤੁਲਨਾਤਮਕ ਅਧਿਐਨ ਕਰਨ ਦੀ ਸਮਰੱਥਾ ਕਿਤਾਬਾਂ ਹੀ ਵਿਕਸਿਤ ਕਰਦੀਆਂ ਹਨ।

**ਯਾਦ ਸ਼ਕਤੀ ਦਾ ਵਿਕਾਸ**

ਕਿਤਾਬਾਂ ਪੜ੍ਹਨ ਨਾਲ ਬੱਚਿਆਂ ਦੀ ਯਾਦ ਕਰਨ ਦੀ ਸਮਰੱਥਾ ਵੀ ਵੱਧਦੀ ਹੈ। ਜਦੋਂ ਬੱਚੇ ਕਿਤਾਬਾਂ ਪੜ੍ਹਦੇ ਹਨ ਤਾਂ ਉਹ ਕਿਤਾਬ 'ਚ ਦਿੱਤੀ ਕਹਾਣੀ ਦੀ ਤਸਵੀਰ ਮਨ 'ਚ ਬਣਾ ਲੈਂਦੇ ਹਨ ਅਤੇ ਇਸ ਤਰਾਂ ਲੰਬੇ ਸਮੇਂ ਤਕ ਪੜਿਆ ਯਾਦ ਰਹਿੰਦਾ ਹੈ। ਹਰ ਰੋਜ਼ ਪੜ੍ਹਨ ਨਾਲ ਇਕਾਗਰਤਾ ਵੀ ਵੱਧਦੀ ਹੈ। ਸਰੀਰਕ ਕਸਰਤ ਵਾਂਗ ਪੜ੍ਹਨਾ ਇਕ ਦਿਮਾਗ਼ੀ ਕਸਰਤ ਹੈ, ਜੋ ਬੱਚੇ ਦੀ ਯਾਦ ਸ਼ਕਤੀ ਵਧਾਉਂਦੀ ਹੈ।

**ਸ਼ਬਦਾਵਲੀ ਦਾ ਵਿਸਥਾਰ**

ਸ਼ਬਦਾਵਲੀ ਦਾ ਵਿਸਥਾਰ ਕਿਤਾਬਾਂ ਪੜ੍ਹਨ ਤੋਂ ਹੀ ਹੁੰਦਾ ਹੈ। ਜਦੋਂ ਬੱਚਾ ਵੱਖ-ਵੱਖ ਵਿਸ਼ਿਆਂ 'ਤੇ ਕਿਤਾਬਾਂ ਪੜਦਾ ਹੈ ਤਾਂ ਬਹੁਤ ਸਾਰੇ ਅਜਿਹੇ ਸ਼ਬਦਾਂ ਨੂੰ ਵੇਖਦਾ ਹੈ, ਜੋ ਉਸ ਲਈ ਨਵੇਂ ਹੁੰਦੇ ਹਨ ਅਤੇ ਉਹ ਉਹਨਾਂ ਦੇ ਅਰਥਾਂ ਤੋਂ ਅਣਜਾਣ ਹੁੰਦਾ ਹੈ। ਉਸ ਵੇਲੇ ਇਹਨਾਂ ਸ਼ਬਦਾਂ ਨੂੰ ਸ਼ਬਦਕੋਸ਼ 'ਚੋਂ ਲੱਭਣਾ ਬਹੁਤ ਦਿਲਚਸਪ ਕਿਰਿਆ ਹੁੰਦੀ ਹੈ, ਜਿਸ ਨਾਲ ਦਿਮਾਗ਼ ਉਸ ਨਵੇਂ ਸ਼ਬਦ 'ਤੇ ਕੇਂਦਰਿਤ ਹੁੰਦਾ ਹੈ। ਇਸ ਤਰਾਂ ਰੋਜ਼ ਕਿਤਾਬਾਂ ਪੜ੍ਹਨ ਨਾਲ ਬੱਚੇ ਦੀ ਸ਼ਬਦਾਵਲੀ ਦਾ ਵਿਸਥਾਰ ਹੁੰਦਾ ਰਹਿੰਦਾ ਹੈ।

**ਤਣਾਅ ਹੁੰਦਾ ਹੈ ਘੱਟ**

ਕਿਤਾਬਾਂ ਸਿਰਫ਼ ਗਿਆਨ ਹਾਸਿਲ ਕਰਨ ਦਾ ਜ਼ਰੀਆ ਹੀ ਨਹੀਂ ਸਗੋਂ ਮਨੋਰੰਜਨ ਦਾ ਸਾਧਨ ਵੀ ਹਨ। ਕਿਤਾਬਾਂ ਬੱਚਿਆਂ ਦੇ ਤਣਾਅ ਨੂੰ ਘਟਾਉਂਦੀਆਂ ਹਨ। ਰੋਚਕ ਕਹਾਣੀਆਂ ਦੀ ਕਿਤਾਬਾਂ ਬੱਚਿਆਂ ਨੂੰ ਨਵੀਂ ਦੁਨੀਆ ਦੀ ਸੈਰ ਕਰਵਾਉਂਦੀਆਂ ਹਨ, ਜਿਸ ਨਾਲ ਉਹ ਕਾਲਪਨਿਕ ਸੰਸਾਰ ਦਾ ਹਿੱਸਾ ਬਣ ਜਾਂਦੇ ਹਨ ਅਤੇ ਰੋਜ਼ਾਨਾ ਜ਼ਿੰਦਗੀ ਦੇ ਤਣਾਅ ਨੂੰ ਭੁੱਲ ਜਾਂਦੇ ਹਨ।

**ਲਿਖਣ ਦੀ ਯੋਗਤਾ 'ਚ ਵਾਧਾ**

ਜਦੋਂ ਬੱਚਾ ਕਿਤਾਬਾਂ ਪੜ੍ਹਨ 'ਚ ਖ਼ੁਸ਼ੀ ਮਹਿਸੂਸ ਕਰਨ ਲੱਗ ਪੈਂਦਾ ਹੈ ਤਾਂ ਉਸ ਦਾ ਨਾ ਸਿਰਫ਼ ਪੜ੍ਹਨ ਸਗੋਂ ਲਿਖਣ ਦੇ ਹੁਨਰ 'ਚ ਵੀ ਵਾਧਾ ਹੁੰਦਾ ਹੈ। ਕਿਤਾਬਾਂ ਬੱਚੇ ਨੂੰ ਵੱਖ-ਵੱਖ ਵਿਸ਼ਿਆਂ 'ਤੇ ਲਿਖਣ ਲਈ ਪ੍ਰੇਰਿਤ ਕਰਦੀਆਂ ਹਨ। ਜੇ ਤੁਸੀਂ ਪ੍ਰਸਿੱਧ ਲੇਖਕਾਂ ਦੀ ਜੀਵਨੀ ਪੜ੍ਹੋ ਤਾਂ ਤੁਹਾਨੂੰ ਪਤਾ ਲੱਗਦਾ ਹੈ ਕਿ ਹਰ ਲੇਖਕ ਬਚਪਨ ਤੋਂ ਹੀ ਕਿਤਾਬਾਂ ਪੜ੍ਹਨ ਦਾ ਸ਼ੌਕੀਨ ਰਿਹਾ ਹੈ।

**ਸ਼ਖ਼ਸੀਅਤ ਵਿਕਾਸ 'ਚ ਸਹਾਈ**

ਕਿਤਾਬਾਂ ਸਮਾਜ ਦਾ ਦਰਪਣ ਹੁੰਦੀਆਂ ਹਨ। ਕਿਤਾਬਾਂ ਤੋਂ ਸਮਾਜ ਦੀ ਸੰਸਕ੍ਰਿਤੀ, ਸੱਭਿਅਤਾ ਅਤੇ ਰੀਤੀ-ਰਿਵਾਜਾਂ ਆਦਿ ਬਾਰੇ ਪਤਾ ਲੱਗਦਾ ਹੈ। ਜਦੋਂ ਬੱਚੇ ਵੱਖ-ਵੱਖ ਦੇਸ਼ਾਂ, ਭਾਸ਼ਾਵਾਂ, ਧਰਮਾਂ, ਲੇਖਕਾਂ ਆਦਿ ਦੀਆਂ ਰਚਨਾਵਾਂ ਪੜਦਾ ਹੈ ਤਾਂ ਉਸ 'ਚ ਕਈ ਵਿਸ਼ਿਆਂ ਨੂੰ ਲੈ ਕੇ ਆਲੋਚਨਾਤਮਕ ਤੇ ਵਿਸ਼ਲੇਸ਼ਣਾਤਮਕ ਵਿਚਾਰ ਪੈਦਾ ਹੁੰਦੇ ਹਨ। ਇਹ ਵਿਚਾਰ ਉਸ ਦੀ ਆਪਣੀ ਸ਼ਖ਼ਸੀਅਤ ਦੇ ਵਿਕਾਸ ਲਈ ਸਹਾਈ ਹੁੰਦੇ ਹਨ ਅਤੇ ਬੱਚੇ ਮਾਨਸਿਕ ਪੱਖੋਂ ਹੋਰ ਮਜ਼ਬੂਤ ਬਣਦੇ ਹਨ।

**ਕਲਪਨਾ ਸ਼ਕਤੀ ਦਾ ਵਿਕਾਸ**

ਕਿਤਾਬਾਂ ਬੱਚਿਆਂ ਨੂੰ ਸਿਰਫ਼ ਕਹਾਣੀਆਂ ਜਾਂ ਹੋਰ ਤੱਥਾਂ ਬਾਰੇ ਹੀ ਨਹੀਂ ਜਾਣੂ ਕਰਵਾਉਂਦੀਆਂ ਸਗੋਂ ਇਹਨਾਂ ਨਾਲ ਉਹਨਾਂ ਦੀ ਕਲਪਨਾ ਸ਼ਕਤੀ ਵੀ ਵੱਧਦੀ ਹੈ। ਉਹਨਾਂ ਦੀ ਕਾਲਪਨਿਕ ਉਡਾਣ ਹੀ ਉਹਨਾਂ ਨੂੰ ਭਵਿੱਖ ਦੇ ਲਿਖਾਰੀ, ਵਿਗਿਆਨਕ ਆਦਿ ਬਣਾਉਂਦੀ ਹੈ। ਬੱਚਿਆਂ ਦੀ ਕਲਪਨਾ ਉਹਨਾਂ ਨੂੰ ਪ੍ਰਸਿੱਧ ਹਸਤੀਆਂ ਵਾਂਗ ਖ਼ੁਦ ਨੂੰ ਕਿਸੇ ਉਦੇਸ਼ ਪ੍ਰਤੀ ਸਮਰਪਿਤ ਹੋਣ ਲਈ ਪ੍ਰੇਰਿਤ ਕਰਦੀ ਹੈ।

ਕਿਤਾਬਾਂ ਸਾਡੇ ਜੀਵਨ ਦਾ ਅਭਿੰਨ ਅੰਗ ਹਨ। ਇਹ ਸਾਡਾ ਸਹੀ ਮਾਰਗ ਦਰਸ਼ਨ ਕਰਦੀਆਂ ਹਨ। ਭਾਵੇਂ ਕੋਈ ਚੰਗੇ-ਮਾੜੇ ਸਮੇਂ ਸਾਥ ਨਾ ਨਿਭਾਵੇ ਪਰ ਕਿਤਾਬਾਂ ਸੱਚੇ ਦੋਸਤ ਵਾਂਗ ਹਮੇਸ਼ਾ ਸਾਥ ਨਿਭਾਉਂਦੀਆਂ ਹਨ। ਇਹ ਬੱਚਿਆਂ ਦੇ ਬੌਧਿਕ, ਮਾਨਸਿਕ ਅਤੇ ਅਧਿਆਤਮਿਕ ਵਿਕਾਸ ਦੇ ਨਾਲ-ਨਾਲ ਚਰਿੱਤਰ ਨਿਰਮਾਣ 'ਚ ਵੀ ਸਹਾਈ ਹੁੰਦੀਆਂ ਹਨ।

ਚੰਗੇ ਵਿਚਾਰ, ਪ੍ਰੇਰਣਾਦਾਇਕ ਕਹਾਣੀਆਂ, ਦੇਸ਼-ਵਿਦੇਸ਼ ਦੀ ਜਾਣਕਾਰੀ ਨਾਲ ਭਰਪੂਰ ਕਿਤਾਬਾਂ ਕਿਸੇ ਵੀ ਦੇਸ਼ ਦੇ ਬੱਚਿਆਂ ਦੇ ਉੱਜਲ ਭਵਿੱਖ 'ਚ ਸਹਾਈ ਹੁੰਦੀਆਂ ਹਨ। ਆਓ ਬੱਚਿਆਂ ਨੂੰ ਇਸ ਸੋਸ਼ਲ ਮੀਡੀਆ ਵਾਲੇ ਯੁੱਗ 'ਚ ਵਟਸਐਪ, ਫੇਸਬੁੱਕ, ਇੰਸਟਾਗ੍ਰਾਮ, ਟਵਿੱਟਰ ਆਦਿ ਤੋਂ ਦੂਰ ਕਰ ਕਿਤਾਬਾਂ ਦੀ ਮਨਮੋਹਕ ਦੁਨੀਆ ਦਾ ਹਿੱਸਾ ਬਣਾਈਏ।

## ਮਿੰਨੀ ਕਹਾਣੀ

## ਵਰਤ

'ਜਾਗਰਾ, ਕੀ ਗੱਲ ਅੱਜ ਜੱਸੀ ਤੇ ਰਾਣੀ ਨ੍ਹੀ ਦਿੱਸਦੀਆਂ ਕਿਤੇ, ਸੁੱਖ ਤਾਂ ਹੈ' ਸਰਪੰਚ ਗੁਰਮੀਤ ਸਿੰਘ, ਮਨਰੇਗਾ ਮਜ਼ਦੂਰ ਜਾਗਰ ਨੂੰ ਬੋਲਿਆ।

'ਸਰਪੰਚ ਸਾਹਬ, ਅੱਜ ਉਨ੍ਹਾਂ ਦੋਵਾਂ ਨੇ ਵਰਤ ਰੱਖਿਆ ਹੋਇਆ ਏ, ਤਾਂ ਕਰਕੇ ਉਨ੍ਹਾਂ ਨੇ ਅੱਜ ਕੰਮ 'ਤੇ ਆਉਣਾ ਨ੍ਹੀ' ਜਾਗਰ ਬੋਲਿਆ। 'ਜਾਗਰਾ, ਮੈਨੂੰ ਇਕ ਗੱਲ ਦੀ ਸਮਝ ਨ੍ਹੀ ਆਉਂਦੀ, ਇਹ ਲੋਕ ਅਨਾਜ ਦਾ ਹੀ ਵਰਤ ਕਿਉਂ ਰੱਖਦੇ ਨੇ, ਕਦੇ-ਕਦੇ ਲੋਭ,-ਲਾਲਚ, ਨਿੰਦਿਆਂ-ਚੁਗਲੀ, ਝੂਠ-ਫਰੇਬ, ਕਾਮ-ਕਰੋਧ ਅਤੇ ਭੈੜੇ ਵਿਚਾਰਾਂ ਦਾ ਵੀ ਤਾਂ ਵਰਤ ਰੱਖਣਾ ਚਾਹੀਦਾ ਹੈ' ਏਨਾ ਕਹਿ ਕੇ ਸਰਪੰਚ ਗੁਰਮੀਤ ਸਿੰਘ ਆਏ ਹੋਏ ਮਜ਼ਦੂਰਾਂ ਦੀ ਰਜਿਸਟਰ ਵਿੱਚ ਹਾਜ਼ਰੀ ਲਗਾਉਣ ਲੱਗ ਪਿਆ।

---



ਤਸਵਿੰਦਰ ਸਿੰਘ ਬੜੈਚ
91-98763-22677

## 24 ਮਈ ਜਨਮ ਦਿਨ 'ਤੇ ਵਿਸ਼ੇਸ਼

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ 'ਤੇ ਇਕ ਝਾਤ

ਸ਼ਹੀਦ ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਲਹਿਰ ਦਾ ਸ਼੍ਰੋ-ਮਣੀ ਨਾਇਕ ਸੀ। ਉਹ ਕਹਿਰ ਦੀ ਸੋਭਾ ਸੀ, ਪੰਜਾਬ ਦਾ ਇੱਕ ਅਜ਼ਾਦੀ ਘੁਲਾਟੀਆ ਅਤੇ ਇਨਕਲਾਬੀ ਸੀ। ਸ਼ਹੀਦੇ-ਆਜ਼ਮ ਭਗਤ ਸਿੰਘ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਆਦਰਸ਼ ਮੰਨਦੇ ਸਨ।

ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜਿਲੇ ਦੇ ਪਿੰਡ ਸਰਾਭਾ ਵਿਖੇ ਸਰਦਾਰ ਮੰਗਲ ਸਿੰਘ ਅਤੇ ਬੀਬੀ ਸਾਹਿਬ ਕੌਰ ਦੇ ਘਰ ਹੋਇਆ। ਕਰਤਾਰ ਸਿੰਘ ਸਰਾਭਾ ਦੀ ਇੱਕ ਵੱਡੀ ਭੈਣ ਸੀ, ਜਿਸ ਦਾ ਨਾਂ ਧੰਨ ਕੌਰ ਸੀ। ਕਰਤਾਰ ਸਿੰਘ ਸਰਾਭਾ ਮਸਾਂ ਪੰਜਾਂ ਕੁ ਸਾਲਾਂ ਦਾ ਸੀ ਜਦੋਂ ਉਸ ਦੇ ਪਿਤਾ ਜੀ 1901 ਈ. ਵਿੱਚ ਦਿਹਾਂਤ ਹੋ ਗਿਆ, ਪਿਤਾ ਦੀ ਮੌਤ ਤੋਂ ਤੋ ਉਸ ਦੇ ਪਾਲਣ ਪੋਸ਼ਣ ਦੀ ਜਿੰਮੇਵਾਰੀ ਦਾਦਾ ਸਰਦਾਰ ਬਚਨ ਸਿੰਘ ਦੇ ਮੋਢਿਆਂ 'ਤੇ ਆ ਗਈ। ਪਿਤਾ ਦੀ ਮੌਤ ਦੇ ਸੱਤ ਸਾਲ ਬਾਅਦ ਕਰਤਾਰ ਸਿੰਘ ਸਰਾਭਾ ਦੀ ਮਾਤਾ ਜੀ ਵੀ ਬਿਮਾਰੀ ਦੀ ਵਜ੍ਹਾ ਕਰਕੇ ਸਦੀਵੀ ਵਿਛੋੜਾ ਦੇ ਗਏ। ਮਾਤਾ -ਪਿਤਾ ਦੀ ਮੌਤ ਤੋਂ ਉਹਨਾਂ ਦੇ ਦਾਦਾ ਜੀ ਨੇ ਆਪਣੇ ਪੋਤਰੇ ਨੂੰ ਪੂਰੇ ਲਾਡ ਪਿਆਰ ਨਾਲ ਪਾਲਿਆ ਅਤੇ ਉਸ ਅੰਦਰ ਉੱਤਮ ਇਨਸਾਨੀ ਗੁਣ ਭਰਨ ਵੱਲ ਉਚੇਚਾ ਧਿਆਨ ਦਿੱਤਾ। ਕਰਤਾਰ ਸਿੰਘ ਸਰਾਭਾ ਦੇ ਦਾਦਾ ਜੀ ਨੇ ਮੁੱਢ ਤੋਂ ਹੀ ਉਸ ਦੇ ਮਨ ਅੰਦਰ ਖੇਤੀਬਾੜੀ ਕਰਨ ਨਾਲੋਂ ਪੜਨ ਦੀ ਰੁਚੀ ਤੇ ਲਗਨ ਪੈਦਾ ਕੀਤੀ। ਕਰਤਾਰ ਸਿੰਘ ਨੇ ਪੈਾਇਮਰੀ ਤੱਕ ਦੀ ਪੜਾਈ ਪਿੰਡ ਦੇ ਸਕੂਲ ਤੋਂ ਕੀਤੀ। ਇਸ ਤੋਂ ਬਾਅਦ ਉਹ ਕਿਹੜੇ -ਕਿਹੜੇ ਸਕੂਲ ਵਿੱਚੋਂ ਪੜ੍ਹਿਆ, ਇਸ ਬਾਰੇ ਸਹੀ ਜਾਣਕਾਰੀ ਨਹੀਂ ਮਿਲਦੀ। ਕਈ ਵਿਦਵਾਨਾਂ ਦੇ ਮੁਤਾਬਿਕ ਕਰਤਾਰ ਸਿੰਘ ਸਰਾਭਾ ਨੇ ਗੁੱਜਰਵਾਲ ਦੇ ਸਕੂਲ ਤੋਂ ਅੱਠਵੀਂ ਜਮਾਤ ਪਾਸ ਕੀਤੀ। ਗੁੱਜਰਵਾਲ ਪਿੰਡ ਜੋ ਕੀ ਸਰਾਭਾ ਪਿੰਡ ਤੋਂ ਤਿੰਨ ਕੁ ਮੀਲ ਦੂਰ ਹੈ। ਪਰਤੂੰ ਗਿਆਨੀ ਨਾਹਰ ਸਿੰਘ ਦੇ ਮੁਤਾਬਿਕ ਅੱਠਵੀਂ ਦੀ ਸਿੱਖਿਆ ਮਾਲਵਾ ਖਾਲਸਾ ਸਕੂਲ, ਲੁਧਿਆਣਾ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਮਿਸ਼ਨ ਸਕੂਲ ਵਿੱਚ ਦਾਖਲ ਹੋਏ।



ਰਵਨਜੋਤ ਕੌਰ ਸਿੱਧੂ ਰਾਵੀ
91-82830-66125

ਕਰਤਾਰ ਸਿੰਘ ਸਰਾਭਾ ਦੇ ਦੋ ਚਾਚੇ ਸਰਦਾਰ ਬਖ਼ਸ਼ੀਸ਼ ਸਿੰਘ ਜੋ ਜੰਗਲਾਤ ਦੇ ਮਹਿਕਮੇ ਵਿੱਚ ਅਫ਼ਸਰ ਸੀ, ਅਤੇ ਸਰਦਾਰ ਵੀਰ ਸਿੰਘ ਜੋ ਡਾਕਟਰ ਸੀ ਉਹ ਉੜੀਸਾ ਵਿੱਚ ਰਹਿੰਦੇ ਸੀ। ਦੋਵੇ ਚਾਚੇ ਉੜੀਸਾ ਦੇ ਸ਼ਹਿਰ ਕਟਕ ਵਿੱਚ ਰਹਿੰਦੇ ਸੀ ਤੇ ਦੋਨੋਂ ਚਾਚੀਆਂ ਵੀ ਸਕੀਆਂ ਭੈਣਾਂ ਸਨ, ਉਹ ਸਭ ਇਕੱਠੇ ਇੱਕ ਹੀ ਘਰ ਵਿੱਚ ਰਹਿੰਦੇ ਸਨ, ਕਰਤਾਰ ਸਿੰਘ ਸਰਾਭਾ ਉਹਨਾਂ ਕੋਲ ਚਲਾ ਗਿਆ।

ਉਸ ਸਮੇਂ ਉੱਥੇ ਅੰਗਰੇਜ਼ੀ ਦਾ ਪੱਧਰ ਕਾਫ਼ੀ ਉੱਚਾ ਸੀ। ਰੇਵਨੇਸ਼ਾ ਦੇ ਕਾਲਜੀਏਟ ਸਕੂਲ ਵਿੱਚ ਦਾਖਲਾ ਲਿਆ ਅਤੇ, 1912ਵਿੱਚ ਦਸਵੀਂ ਜਮਾਤ ਪਾਸ ਕਰ ਲਈ। ਉੜੀਸਾ ਵਿੱਚ ਅੰਗਰੇਜ਼ੀ ਪੜਾਈ ਹੋਣ ਕਰਕੇ ਕਰਤਾਰ ਸਿੰਘ ਸਰਾਭਾ ਨੂੰ ਅੰਗਰੇਜ਼ੀ ਪੜਨ, ਲਿਖਣ ਤੇ ਬੋਲਣ ਦਾ ਚੰਗੇ ਸਨ। ਦਸਵੀਂ ਪਾਸ ਕਰਨ ਉਪਰੰਤ ਉਹਨਾਂ ਨੇ ਅਮਰੀਕਾ ਜਾਣ ਦਾ ਮਨ ਬਣਾ ਲਿਆ ਸੀ। 16 ਸਾਲ ਦੀ ਉਮਰ 1912ਈ. ਅਮਰੀਕਾ ਜਾਣ ਸਮੁੰਦਰੀ ਜਹਾਜ਼ ਵਿੱਚ ਬੰਗਾਲ ਦੀ ਖਾੜੀ ਤੋਂ ਬੈਠ ਗਏ।

ਉਸ ਸਮੇਂ ਅਮਰੀਕਾ, ਜਾਪਾਨ, ਕੈਨੇਡਾ, ਪਨਾਮਾ, ਮੈਕਸੀਕੋ ਅਤੇ ਹੋਰ ਦੇਸ਼ਾਂ ਨੂੰ ਜਾਣ ਵਾਲੇ ਹਿੰਦੁਸਤਾਨੀਆਂ ਨੂੰ ਹਾਂਗਕਾਂਗ ਠਹਿਰਨਾ ਜ਼ਰੂਰੀ ਸੀ। ਹਾਂਗਕਾਂਗ ਦਾ ਗੁਰਦੁਆਰਾ ਸਾਹਿਬ ਜਾਣ ਵਾਲੇ ਮੁਸਾਫ਼ਿਰਾਂ ਦੀ ਮੁੱਖ ਠਾਹਰ ਸੀ। ਭਾਈ ਭਗਵਾਨ ਸਿੰਘ ਜੀ ਗੁਰਦੁਆਰਾ ਸਾਹਿਬ ਵਿੱਚ ਗੰਰਥੀ ਦੀ ਸੇਵਾ ਨਿਭਾ ਰਹੇ, ਇੱਥੇ ਹੀ ਉਹਨਾਂ ਦੀ ਮੁਲਾਕਾਤ ਕਰਤਾਰ ਸਿੰਘ ਸਰਾਭਾ ਨਾਲ ਹੋਈ। ਹਾਂਗਕਾਂਗ ਵਿੱਚ ਕੁਝ ਹਫ਼ਤਿਆਂ ਰਹਿਣ ਨਾਲ ਭਾਈ ਭਗਵਾਨ ਸਿੰਘ ਨਾਲ ਰਹਿਣ ਨਾਲ ਕਰਤਾਰ ਸਿੰਘ ਸਰਾਭਾ ਨੂੰ ਪਰਦੇਸਾਂ ਵਿੱਚ ਰਹਿਣ ਵਾਲੇ ਭਾਰਤੀਆਂ ਅਤੇ ਸਿੱਖਾਂ ਅੰਦਰ ਰਾਜਸੀ ਹਿਲਜੁਲ ਦੀ ਸੂਹ ਲੱਗ ਗਈ। 2 ਜੁਲਾਈ ਨੂੰ ਸਾਈਬੇਰੀਆ ਜਹਾਜ਼ ਤੇ ਸਵਾਰ ਹੋ ਕੇ ਅਮਰੀਕਾ ਨੂੰ ਚੱਲ ਪਿਆ। 28ਜੁਲਾਈ ਨੂੰ ਪੱਛਮੀ ਤਟ ਦੇ ਪੈਸਿੱਧ ਸ਼ਹਿਰ ਸ਼ਾਨ ਫ਼ਰਾਂਸਿਸਕੋ ਦੇ ਨੇੜਲੇ ਟਾਪੂ ਏਂਜਲ ਆਈਲੈਂਡ ਦੇ ਜਹਾਜ਼ ਘਾਟ ਉੱਤੇ ਉਤਾਰਿਆ ਗਿਆ। ਅਮਰੀਕਾ ਵਿੱਚ ਭਾਰਤੀਆਂ ਨੂੰ ਦਾਖ਼ਲ ਲਈ ਅਮਰੀਕਾ ਦੇ ਇੰਮੀਗਰੇਸ਼ਨ ਦੇ ਅਫ਼ਸਰਾਂ ਵੱਲੋ ਬਹੁਤ ਜ਼ੈਆਦਾ ਪੁੱਠੇ ਸਿੱਧੇ ਸਵਾਲ ਪੁੱਛਦੇ ਸਨ, ਜੇ ਤੱਸਲੀ ਹੁੰਦੀ ਤਾਂ ਹੀ ਅਮਰੀਕਾ ਵਿੱਚ ਦਾਖ਼ਲ ਕੀਤਾ ਜਾਂਦਾ ਸੀ। ਕਰਤਾਰ ਸਿੰਘ ਸਰਾਭਾ 31ਜੁਲਾਈ ਨੂੰ ਇੰਮੀਗਰੇਸ਼ਨ ਬਰੋਡ ਦੇ ਅੱਗੇ ਪੇਸ਼ ਹੋਏ। ਬਰੋਡ ਦੇ ਚੇਅਰਮੈਨ ਨਾਲ ਉਹਨਾ ਦੀ ਗੱਲ ਬਾਤ ਹੋਈ, ਕਰਤਾਰ ਸਿੰਘ ਸਰਾਭਾ ਦੇ ਉਪਰੋਕਤ ਜਵਾਬਾਂ ਨਾਲ ਬਰੋਡ ਦੀ ਤਸੱਲੀ ਹੋ ਗਈ ਅਤੇ ਉਹਨਾਂ ਨੂੰ ਅਮਰੀਕਾ ਵਿੱਚ ਦਾਖਲ ਹੋਣ ਦੀ ਮਨਜ਼ੂਰੀ ਮਿਲ ਗਈ।ਅਮਰੀਕਾ ਦੀ ਧਰਤੀ ਤੇ 31 ਜੁਲਾਈ 1912 ਨੂੰ ਕਰਤਾਰ ਸਿੰਘ ਸਰਾਭਾ ਨੇ ਕਦਮ ਧਰਿਆ। ਇਸ ਤੋਂ ਬਾਅਦ ਵਿਦਵਾਨਾਂ ਦੇ ਵਿੱਚ ਪੱਤ-ਭੇਦ ਪਿਆ ਗਿਆ ਹੈ। ਕੀ ਵਿਦਵਾਨਾਂ ਦੇ ਅਨੁਸਾਰ ਕਰਤਾਰ ਸਿੰਘ ਸਰਾਭਾ ਬੰਦਰਗਾਹ ਤੋਂ ਸਿੱਧਾ ਬਰਕਲੀ ਯੂਨੀਵਰਸਿਟੀ ਚਲਾ ਗਿਆਨ ਉਸ ਨੇ ਆਪਣੀ ਪੜਾਈ ਸ਼ੁਰੂ ਕਰ ਦਿੱਤੀ। ਪਰ ਕਰਤਾਰ ਸਿੰਘ ਸਰਾਭਾ ਦੇ ਯੂਨੀਵਰਸਿਟੀ ਵਿੱਚ ਪੜਾਈ ਸੰਬੰਧੀ ਕੋਈ ਵੀ ਸਬੂਤ ਨਹੀਂ ਹਾਸਿਲ ਹੋਏ। ਸਾਰੇ ਰਿਕਾਰਡ ਦੀ ਬਰੀਕੀ ਨਾਲ ਪੁੱਛ -ਪੜਤਾਲ ਕਰਨ ਤੋਂ ਬਾਅਦ ਯੂਨੀਵਰਸਿਟੀ ਅਧਿਕਾਰੀਆਂ ਦਾ ਸਾਫ਼ ਕਹਿਣਾ ਸੀ ਕਿ 1912 ਤੋਂ 1915 ਤੱਕ ਕਰਤਾਰ ਸਿੰਘ ਨਾਮ ਦਾ ਕੋਈ ਵੀ ਵਿਦਿਆਰਥੀ ਯੂਨੀਵਰਸਿਟੀ ਵਿੱਚ ਦਾਖਲ ਨਹੀਂ ਹੋਇਆ ਸੀ। ਕਰਤਾਰ ਸਿੰਘ ਸਰਾਭਾ ਨਾਲ ਕੰਮ ਕਰਦੇ ਹੋਰ ਵੀ ਗ਼ਦਰੀ ਬਾਬਿਆਂ ਨੇ ਆਪਣੀਆਂ ਲਿਖਤਾਂ ਵਿੱਚ ਯੂਨੀਵਰਸਿਟੀ ਵਿੱਚ ਪੜਨ ਦਾ ਜ਼ਿਕਰ ਨਹੀਂ ਕੀਤਾ।

ਬਾਬਾ ਸੋਹਣ ਨੇ ਆਪਣੀ ਲਿਖਤ ਵਿੱਚ ਬਿਆਨ ਕੀਤਾ ਹੈ ਕੀ ਕਰਤਾਰ ਸਿੰਘ ਸਰਾਭਾ ਬੰਦਰਗਾਹ ਤੋਂ ਸਿਧਾ ਆਪਣੇ ਸਿੱਖ ਭਾਈਨਕੋਲ ਯੂਲੋ ਕਾਊਂਟੀ ਚਲਾ ਗਿਆ।

ਮਾਰਚ 1913 ਵਿੱਚ ਜਲਸਿਆਂ ਦੀ ਸ਼ੁਰੂਆਤ ਕੀਤੀ ਗਈ। ਗ਼ਦਰ ਪਾਰਟੀ ਦੇ ਦੇ ਪੈਰਧਾਨ ਪੈਰਸਿੱਧ ਦੇਸ਼ ਭਗਤ ਸੋਹਣ ਸਿੰਘ ਭਕਨਾ ਅਤੇ ਸਕੱਤਰ ਲਾਲਾ ਹਰਦਿਆਲ ਸਨ।ਕਰਤਾਰ ਸਿੰਘ ਸਰਾਭਾ ਨੇ ਪਾਰਟੀ ਲਈ ਤਨਦੇਹੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ, ਅਤੇ ਪਾਰਟੀ ਵਿੱਚ ਬਹੁਤ ਜਲਦੀ ਹਰਮਨ-ਪਿਆਰਾ ਹੋ ਗਿਆ। 1914 ਵਿੱਚ ਜਦੋਂ ਹਰਦਿਆਲ ਸਿੰਘ ਦਾ ਪਾਰਟੀ ਪ੍ਰਤੀ ਕੰਮ ਢਿੱਲਾ ਪੈ ਗਿਆ ਤਾਂ ਕਰਤਾਰ ਸਿੰਘ ਨੇ ਹੀ ਪਾਰਟੀ ਦੀ ਸੰਭਾਲਿਆ ਅਤੇ ਹਰਦਿਆਲ ਸਿੰਘ ਨੂੰ ਪਾਰਟੀ ਪੈਤੀ ਸਰਗਰਮ ਹੋਣ ਲਈ ਪੈਰੇਰਿਆ ਸੀ। ਇਸ ਦੌਰਾਨ ਕਰਤਾਰ ਸਿੰਘ ਦਾ ਬਰਕਲੀ ਯੂਨੀਵਰਸਿਟੀ ਵਿੱਚ ਆਉਣ ਜਾਣ ਲੱਗਿਆ ਰਹਿੰਦਾ ਸੀ ਅਤੇ ਉਹ ਭਾਰਤੀ ਵਿਦਿਆਰਥੀਆ ਨੂੰ ਮਿਲਦਾ ਰਹਿੰਦਾ ਸੀ।ਉਂਜ ਤਾਂ 'ਗ਼ਦਰ ਪਾਰਟੀ' ਦੀ ਯੋਜਨਾ 1913 ਵਿੱਚ ਹੀ ਬਣ ਗਈ ਸੀ ਪਰ ਇਸਨੂੰ 21 ਫਰਵਰੀ 1915 ਈ: ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਸੀ। ਪਾਰਟੀ ਦੀ ਇਕ ਸਭਾ ਕੀਤੀ ਗਈ, ਜਿਸ ਵਿੱਚ ਅਖ਼ਬਾਰ ਚਾਲੀ ਕਰਨ ਦਾ ਫ਼ੈਸਲਾ ਕੀਤਾ ਗਿਆ, ਅਤੇ ਲਾਲਾ ਹਰਦਿਆਲ ਨੂੰ ਅਖ਼ਬਾਰ ਦੇ ਸੰਪਾਦਕ ਦੀ ਜਿੰਮੇਵਾਰੀ ਸੌਂਪੀ ਗਈ। ਫ਼ਰਾਂਸਿਸਕੋ ਸ਼ਹਿਰ ਨੂੰ ਇਸ ਦਾ ਕੇਂਦਰ ਚੁਣਿਆ ਗਿਆ। ਇਸ ਦਾ ਮੁੱਖ ਕਰਨ ਇਹ ਸੀ ਕਿ ਫ਼ਰਾਂਸਿਸਕੋ ਸ਼ਹਿਰ ਬਹੁਤ ਸਾਰੀਆਂ ਇਨਕਲਾਬੀ ਲਹਿਰਾਂ ਅਤੇ ਆਇਰਲੈਂਡ, ਤੁਰਕੀ, ਚੀਨ, ਮਿਸਰ ਤੇ ਹੋਰ ਕੇਂਦਰ ਬਣਿਆ ਹੋਇਆ ਸੀ। ਅਕਤੂਬਰ 1913 ਈ. ਵਿੱਚ ਸਾਨ ਫ਼ਰਾਂਸਿਸਕੋ ਦੀ ਸਟਰੀਟ ਹਿੱਲ ਨਾਮੀ ਗਲੀ ਦੇ ਮਕਾਨ ਨੰਬਰ 436 ਨੂੰ ਕਿਰਾਏ ਤੇ ਲੈ ਕੇ ਪਾਰਟੀ ਦਾ ਮੁੱਖ ਦਫ਼ਤਰ ਬਣਾਇਆ, ਅਤੇ ਨਾਲ ਹੀ ਅਖ਼ਬਾਰ ਛਾਪਣ ਸ਼ੁਰੂ ਕਰ ਦਿੱਤਾ।ਜਦੋਂ ਗ਼ਦਰ ਅਖ਼ਬਾਰ ਚਾਲੂ ਕੀਤਾ ਤਾਂ ਕਰਤਾਰ ਸਿੰਘ ਸਰਾਭਾ ਨੇ ਆਪਣੀ ਪੜਾਈ ਲਈ ਬਚਾ ਕੇ ਰੱਖੇ ਸਾਰੇ ਪੈਸੇ ਪਾਰਟੀ ਨੂੰ ਦੇ ਦਿੱਤੇ ਸਨ। 1 ਨੰਵਬਰ ਨੂੰ ਗ਼ਦਰ ਅਖ਼ਬਾਰ ਦਾ ਪਹਿਲਾ ਅੰਕ ਉਰਦੂ ਵਿੱਚ ਪੈਰਕਾਸ਼ਿਤ ਹੋਇਆ, ਅਤੇ 9 ਨਵੰਬਰ ਨੂੰ ਉਰਦੂ ਦੇ ਨਾਲ -ਨਾਲ ਗੁਰਮੁਖੀ ਵਿੱਚ ਵੀ ਗ਼ਦਰ ਅਖ਼ਬਾਰ ਦਾ ਪੈਰਕਾਸ਼ਿਤ ਕਰਨਾ ਆਰੰਭ ਕਰ ਦਿੱਤੀ। ਅਖ਼ਬਾਰ ਦੇ ਕੰਮ ਲਾਲਾ ਹਰਦਿਆਲ ਅਤੇ ਕਰਤਾਰ ਸਿੰਘ ਸਰਾਭਾ ਹੀ ਕਰਦੇ ਸੀ। ਅਖ਼ਬਾਰ ਦਾ ਕੰਮ ਕਰਤਾਰ ਸਿੰਘ ਸਰਾਭਾ ਦੇ ਮੋਢਿਆਂ ਤੇ ਜ਼ੈਆਦਾ ਸੀ। ਲਾਲਾ ਹਰਦਿਆਲ ਲਿਖਣ ਦਾ ਜ਼ੈਆਦਾ ਕੰਮ ਕਰਦੇ ਸੀ। ਪਰ ਉਰਦੂ ਦੀ ਛਪਾਈ ਸਿੱਧੀ ਹੱਥ -ਲਿਖਤ ਤੋਂ ਕੀਤੀ ਜਾਂਦੀ ਸੀ, ਕਰਤਾਰ ਸਿੰਘ ਸਰਾਭਾ ਦੀ ਲਿਖਾਈ ਬਹੁਤ ਸੁੰਦਰ ਹੋਣ ਕਰਕੇ ਉਰਦੂ ਵਿੱਚ ਸਾਰੀ ਲਿਖਾਈ ਉਹ ਹੀ ਕਰਦੇ ਸੀ। ਗੁਰਮੁੱਖੀ ਅਖ਼ਬਾਰ ਲਈ ਵੀ ਉਰਦੂ ਦਾ ਅਨੁਵਾਦ ਵੀ ਉਹੀ ਕਰਦੇ ਸੀ, ਲੋੜ ਅਨੁਸਾਰ ਲਿਖਤ ਵਿੱਚ ਅਦਲਾ-ਬਦਲੀ ਵੀ ਕਰਦੇ ਸੀ।ਛਾਪੇ ਵਾਲੀ ਮਸ਼ੀਨ ਹੱਥ ਨਾਲ ਗੇੜਨੀ ਪੈਂਦੀ ਸੀ। ਇਸ ਕੰਮ ਵਿੱਚ ਕਰਤਾਰ ਸਿੰਘ ਸਰਾਭਾ ਦਾ ਸਾਥ ਉਹਨਾ ਦੀ ਪਾਰਟੀ ਦੇ ਇੱਕ ਹੋਰ ਮੈਂਬਰ ਰਘਬੀਰ ਦਿਆਲ ਗੁਪਤਾ ਨੇ ਦਿੱਤਾ। ਅਖ਼ਬਾਰ ਛਪਣ ਤੋਂ ਬਾਅਦ ਅਖਬਾਰ ਦੇ ਫੋਲਡਰ ਤਿਆਰ ਕਰਕੇ ਵੱਖ -ਵੱਖ ਸ਼ਹਿਰਾਂ ਵਿੱਚ ਡਾਕ ਰਾਹੀਂ ਭੇਜਿਆਂ ਜਾਂਦਾ ਸੀ।

24 ਦਸਬੰਰ ਦੀ ਪ੍ਰਕਾਸ਼ਿਤ ਅਖ਼ਬਾਰ ਵਿੱਚ ਇੱਕ ਅਪੀਲ ਦਿੱਤੀ ਗਈ ਜਿਸ ਵਿੱਚ ਇਹ ਲਿਖਿਆ ਗਿਆ ਗਿਆ ਸੀ ਕਿ ਦਫ਼ਤਰ ਤੇ ਅਖ਼ਬਾਰ ਦਾ ਕੰਮ ਚਲਾਉਣ ਲਈ ਹੋਰ ਵਰਕਰਾਂ ਦੀ ਲੋੜ ਹੈ। ਉਸ ਅਪੀਲ ਤੇ ਭਾਈ ਅਮਰ ਸਿੰਘੋਂ ਨਵਾਂ ਸ਼ਹਿਰੋਂ ਅੱਗੇ ਆਏ। ਅਖ਼ਬਾਰ ਦੀ ਮੰਗ ਵਿੱਚ ਤੇਜ਼ੀ ਨਾਲ ਵੱਧਣ ਲੱਗ ਗਈ, ਇਸ ਕਰਕੇ ਛਾਪੇ ਦੀ ਬਿਜਲੀ ਨਾਲ ਚੱਲਣ ਵਾਲੀ ਮਸ਼ੀਨ ਖ਼ਰੀਦੀ ਗਈ ਉਸ ਨੂੰ ਵੱਖਰਾ ਮਕਾਨ ਕਿਰਾਏ ਤੇ ਲਿਆ ਗਿਆ।

ਕਰਤਾਰ ਸਿੰਘ ਸਰਾਭਾ ਦੇ ਕੰਮ ਦੇ ਬੋਝ ਨੂੰ ਘੱਟ ਕਰਨ ਲੱਗ ਉਰਦੂ ਦੀ ਲਿਖਾਈ ਦਾ ਕੰਮ ਅਮਰ ਸਿੰਘ ਨੂੰ ਦਿੱਤਾ ਗਿਆ, ਪਰ ਉਹਨਾਂ ਦੀ ਲਿਖਾਈ ਸੁੰਦਰ ਨਹੀਂ ਸੀ। ਅਮਰ ਸਿੰਘ ਨੂੰ ਵਾਰ -ਵਾਰ ਲਿਖਾਈ ਸੁਧਾਰ ਲਈ ਕਿਹਾ ਗਿਆ ਪਰ ਲਿਖਾਈ ਵਿੱਚ ਸੁਧਾਰ ਨਾ ਹੋਣ ਕਰਕੇ 24 ਫ਼ਰਵਰੀ 1914 ਇਹ ਕੰਮ ਫਿਰ ਤੋਂ ਕਰਤਾਰ ਸਿੰਘ ਸਰਾਭਾ ਨੂੰ ਸੌਂਪ ਦਿੱਤਾ ਗਿਆ। ਗੁਰਮੁਖੀ ਅਖ਼ਬਾਰ ਦੇ ਪਹਿਲੇ ਸਫ਼ੇ ਉੱਪਰ ਗੁਰੂ ਨਾਨਕ ਦੇਵ ਜੀ ਦਾ ਵਾਕ ਛਪਿਆ ਹੁੰਦਾ ਸੀ ।

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰੁ ਧਰ ਤਲੀ ਗਲੀ ਮੇਰੀ ਆਉ

ਜਿੰਨਾ ਸਮਾਂ ਕਰਤਾਰ ਸਿੰਘ ਸਰਾਭਾ ਅਖ਼ਬਾਰ ਵਿੱਚ ਕੰਮ ਕਰਦਾ ਰਿਹਾ, ਉਹਨਾਂ ਸਮਾਂ ਅਖ਼ਬਾਰ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਸੀ। ਪਰ ਬਾਅਦ ਵਿੱਚ ਕਰਤਾਰ ਸਿੰਘ ਸਰਾਭਾ ਨੇ ਅਖ਼ਬਾਰ ਦਾ ਕੰਮ ਛੱਡ ਕੇ ਹੋਰ ਜਿੰਮੇਵਾਰੀਆਂ ਲੈ ਲਈਆ, ਅਤੇ ਲਾਲਾ ਹਰਦਿਆਲ ਸਿੰਘ ਅਮਰੀਕਾ ਛੱਡ ਗਏ। ਉਸ ਤੋਂ ਬਾਅਦ ਅਖ਼ਬਾਰ ਦੀ ਸੰਭਾਲ ਹਰਨਾਮ ਸਿੰਘ, ਰਾਮ ਚੰਦਰ ਅਤੇ ਭਗਵਾਨ ਸਿੰਘ ਪੈਰੀਤਮ ਨੇ ਕੀਤੀ, ਅਖ਼ਬਾਰ ਦਾ ਨਾਮ ਬਦਲ ਕੇੌ ਹਿੰਦੁਸਤਾਨ ਗ਼ਦਰੌ ਕਰ ਦਿੱਤਾ ਅਤੇ ਗੁਰਬਾਣੀ ਦੀਆਂ ਸਤਰਾਂ ਦੀ ਥਾਂ ਤੋਂ ਬੰਦੇ ਮਾਤਰਮ ਲਿਖਿਆ ਜਾਣ ਲੱਗਿਆ। ਗ਼ਦਰ ਪਾਰਟੀ ਸਮੇਂ ਸਮੇਂ ਕਾਨਫ਼ਰੰਸ ਕਰਦੀ ਰਹਿੰਦੀ ਸੀ । ਪਾਰਟੀ ਦੁਆਰਾ ਕਾਨਫ਼ਰੰਸ ਕੀਤੀ ਗਈ ਜਿਸ ਵਿੱਚ ਇਹ ਫ਼ੈਸਲਾ ਲਿਆ ਗਿਆ ਸੀ ਕਿ ਭਾਰਤ ਅੰਦਰ ਹਥਿਆਰਬੰਦ ਤਾਕਤ ਹੋਣ ਕਰਨ ਹੀ ਭਾਰਤ ਵਿੱਚੋ ਅੰਗਰੇਜ਼ੀ ਰਾਜ ਦਾ ਖ਼ਾਤਮਾ ਹੋਵੇਗਾ। ਫੌਜ ਤਿਆਰ ਕਰਨ ਅਤੇ ਹਥਿਆਰ ਇਕੱਠੇ ਕਰਨ ਲਈ ਮਤਾ ਪਾ ਤੇ ਗੁਪਤ ਕਮਿਸ਼ਨ ਬਣਾਉਣ ਦਾ ਫੈਸਲਾ ਕੀਤਾ ਗਿਆ। ਕਰਤਾਰ ਸਿੰਘ ਸਰਾਭਾ ਇਸ ਕੰਮ ਵਿੱਚ ਅੱਗੇ ਹੋਏ। ਭਾਰਤ ਵਿੱਚ ਅੰਗਰੇਜ਼ ਸਰਕਾਰ ਦੀ ਨੌਕਰੀ ਕਰਦੇ ਭਾਰਤੀਆ ਫ਼ੌਜੀਆਂ ਦੇ ਅੰਦਰ ਵੀ ਬਗਾਵਤ ਪੈਦਾ ਕਰਨ ਲੱਗ ਪਏ। ਗ਼ਦਰ ਪਾਰਟੀ ਨੇ ਜਰਮਨ ਨਾਲ ਤਾਲਮੇਲ ਕਰਨਾ ਸ਼ੁਰੂ ਕਰ ਦਿੱਤਾ। ਭਾਈ ਸੰਤੋਖ ਸਿੰਘ ਨੇ ਸਾਨ ਫ਼ਰਾਂਸਿਸਕੋ ਵਿਚਲੇ ਜਰਮਨ ਕੌਂਸਲਰ ਨਾਲ ਰਾਬਤਾ ਕਾਇਮ ਕੀਤਾ। ਜਿਹਨਾਂ ਕਰਤਾਰ ਸਿੰਘ ਸਰਾਭਾ ਨੂੰ ਜਰਮਨ ਦੀ ਇੱਕ ਕੰਪਨੀ ਵਿੱਚ ਹਵਾਈ ਜ਼ਹਾਜ਼ ਚਲਾਉਣ ਦੀ ਸਿਖਲਾਈ ਦੇਣ ਦਾ ਪੈਬੰਧ ਕੀਤਾ। ਇਸ ਗੁਪਤ ਮਿਸ਼ਨ ਦੀ ਕੇਵਲ ਤਿੰਨ ਮੈਬਰਾਂ ਦੀ ਹੋਰ ਕਿਸੇ ਨੂੰ ਜਾਣਕਾਰੀ ਨਹੀਂ ਸੀ। ਜੂਨ ਦੇ ਆਰੰਭ ਵਿੱਚ ਕਰਤਾਰ ਸਿੰਘ ਸਰਾਭਾ ਫ਼ਰਾਂਸਿਸਕੋ ਵਾਪਿਸ ਆ ਗਏ ਅਤੇ ਆ ਕੇ ਦੱਸਿਆ ਕੀ ਉਸ ਨੂੰ ਹਵਾਈ ਜ਼ਹਾਜ਼ ਉਡਾਉਣਾ ਆ ਗਿਆ ਹੈ। ਇਹ ਸੁਣ ਪਾਰਟੀ ਨੇ ਹਵਾਈ ਜ਼ਹਾਜ਼ ਖ਼ਰੀਦਣ ਦਾ ਫੈਸਲਾ ਕੀਤਾ ਪਰ ਹਵਾਈ ਜਹਾਜ਼ ਖਰੀਦਣ ਤੌਂ, ਪਹਿਲਾ ਹੀ ਕਾਮਾਗਾਟਾ ਮਾਰੂ ਦੇ ਹਿੰਦੁਸਤਾਨ ਨੂੰ ਮੁੜਨ ਦੀ ਖ਼ਬਰ ਪੁੱਜ ਗਈ। ਜਿਸ ਨਾਲ ਗ਼ਦਰ ਪਾਰਟੀ ਨੂੰ, ਕਾਫ਼ੀ ਧੱਕਾ ਲੱਗਿਆ ਅਤੇ ਉਹਨਾ ਨੂੰ ਆਪਣੇ ਕੰਮ ਵਿੱਚ ਤੇ ਨਵੇਂ ਸਿਰੇ ਤੋਂ ਸੁਰੂ ਕਰਨੇ ਪੈ ਗਏ। ਪਰ ਕਰਤਾਰ ਸਿੰਘ ਸਰਾਭਾ ਭਾਰਤੀ ਪਹਿਲਾ ਛੋਟੀ ਉਮਰ ਦਾ ਪਾਇਲਟ ਬਣਿਆ।

ਭਾਰਤ ਵਿੱਚ ਹਥਿਆਰ ਪਹੁੰਚਣ ਲਈ ਬਹੁਤ ਡਿਊਟੀ ਕਰਤਾਰ ਸਿੰਘ ਸਰਾਭਾ ਦੀ ਲਾਈ ਗਈ। ਇਹ ਡਿਊਟੀ ਉਸ ਸਮੇਂ ਦਿੱਤੀ ਗਈ ਜਦੋਂ ਕੈਨੇਡਾ ਸਰਕਾਰ ਨੇ 9 ਮਈ 1910 ਨੂੰ ਇੱਕ ਕਾਨੂੰਨ ਪਾਸ ਕੀਤਾ, ਜਿਸ ਵਿੱਚ ਕੈਨੇਡਾ ਉਸ ਹਿੰਦੁਸਤਾਨੀ ਨੂੰ ਦਾਖ਼ਲ ਹੋਣ ਦੀ ਮਨਜ਼ੂਰੀ ਸੀ ਜਿਹੜਾ ਆਪਣੇ ਦੇਸ਼ ਤੋਂ ਸਿੱਧਾ ਜਹਾਜ਼ ਚੜ ਕੇ ਕੈਨੇਡਾ ਪੁੱਜੇ। ਕੈਨੇਡਾ ਸਰਕਾਰ ਨੇ ਇਹ ਫੈਸਲਾ ਸਿਰਫ਼ ਹਿੰਦੁਸਤਾਨੀਆਂ ਨੂੰ ਕੈਨੇਡਾ ਵਿੱਚ ਆਉਣ ਲਈ ਰੋਕਣ ਲਈ, ਕਿਉਕਿ ਹਿੰਦੁਸਤਾਨ ਤੋ ਕੈਨੇਡਾ ਨੂੰ ਕੋਈ ਵੀ ਜਹਾਜ਼ ਸਿੱਧਾ ਨਹੀਂ ਜਾਂਦਾ ਸੀ। ਭਾਈ ਗੁਰਦਿੱਤ ਸਿੰਘ ਨੇ ਕੈਨੇਡਾ ਦੀ ਇਹ ਨੀਤੀ ਫੈਲ ਕਰਨ ਲਈ ਜਪਾਨ ਤੋਂ ਕਾਮਾਗਾਟਾ ਜਹਾਜ ਕਿਰਾਏ ਤੇ ਲਿਆ ਅਤੇ ਉਸ ਦਾ ਨਾਮ 'ਗੁਰੂ ਨਾਨਕ ਜਹਾਜ਼' ਰੱਖ ਦਿੱਤਾ। ਉਸ ਨੇ ਇਹ ਜਹਾਜ਼ ਕਲਕੱਤਾ ਤੋਂ ਤੋਰਨ ਦਾ ਫੈਸਲਾ ਕੀਤਾ ਪਰ ਤੂੰ ਭਾਰਤ ਇਸ ਦੀ ਇਜ਼ਾਜਤ ਨਹੀਂ ਦਿੱਤੀ। ਫਿਰ 4 ਐਪਲ ਨੂੰ ਅਖੰਡ ਪਾਠ ਦੀ ਸਮਾਪਤੀ ਤੇ ਅਰਦਾਸ ਤੋਂ ਬਾਅਦ ਗੁਰੂ ਨਾਨਕ ਜਹਾਜ਼ ਹਾਂਗਕਾਂਗ ਤੋ 60 ਮੁਸਾਫ਼ਰ ਨੂੰ ਲੈ ਕੈ ਕੈਨੇਡਾ ਨੂੰ ਚੱਲ ਪਿਆ, ਰਸਤੇ ਵਿੱਚ 2 ਮਈ ਨੂੰ ਜਪਾਨ ਤੋਂ ਹੋਰ ਮੁਸਾਫ਼ਰ ਲਏ ਜਹਾਜ਼ ਵਿੱਚ 376 ਮੁਸਾਫ਼ੈਰ ਸਨ ਜੋ ਕੈਨੇਡਾ ਜਾਣ ਲਈ ਚੱਲ ਪਏ।

23 ਨੂੰ ਗੁਰੂ ਨਾਨਕ ਜਹਾਜ਼ ਵੈਨਕੁਵਰ ਪੁੱਜ ਗਿਆ, ਪਰ ਤੂੰ ਕੈਨੇਡਾ ਸਰਕਾਰ ਨੇ ਜਹਾਜ਼ ਨੂੰ ਉਤਰਨ ਨਹੀਂ ਦਿੱਤਾ ਜਹਾਜ਼ ਨੂੰ ਚਾਰੇ ਪਾਸਿਓ ਘੇਰ ਲਿਆ ਮੁਸਾਫ਼ਰਾਂ ਨੂੰ ਜਹਾਜ਼ ਵਿੱਚ ਹੀ ਕੈਦ ਕਰ ਦਿੱਤਾ ਗਿਆ ਖਾਣ ਪੀਣ ਤੇ ਹੋਰ ਲੋੜਵੰਦ ਚੀਜ਼ਾ ਵੀ ਜਹਾਜ਼ ਵਿੱਚ ਜਾਣ ਨਹੀਂ ਦਿੱਤਾ। ਮੁਸਾਫ਼ਰਾਂ ਦੀ ਹਾਲਤ ਬਹੁਤ ਖਰਾਬ ਹੋ ਗਈ, ਮੁਸਾਫ਼ੈਰਾਂ ਤੇ ਕੈਨੇਡਾ ਅਤੇ ਅਮਰੀਕਾ ਵਿੱਚ ਰਹਿੰਦੇ ਹਿੰਦੁਸਤਾਨੀਆਂ ਵਿੱਚ ਅੰਗਰੇਜ਼ਾ, ਲਈ ਭਾਰੀ ਰੋਸ ਸੀ। ਗ਼ਦਰ ਪਾਰਟੀ ਦੇ ਮੈਂਬਰਾਂ ਵਿੱਚ ਭਾਰੀ ਰੋਸ ਸੀ ਇਸ ਵਾਰੇ ਗ਼ਦਰ ਅਖ਼ਬਾਰ ਵਿੱਚ ਵਿਸ਼ੇਸ ਅੰਕ ਪੈਕਾਸ਼ਕ ਕੀਤਾ ਗਿਆ। ਮੁਸਾਫ਼ੈਰਾਂ ਨੇ ਆਪਣੇ ਲਈ ਵਕੀਲ ਵੀ ਕੀਤਾ ਪਰ ਉਹ ਅਸਫ਼ਲ ਰਿਹਾ, ਆਖਰਕਾਰ 23 ਜੁਲਾਈ ਨੂੰ ਜਹਾਜ਼ ਵੈਨਕੂਵਰ ਤੋ ਵਾਪਿਸ ਹਿੰਦੁਸਤਾਨ ਨੂੰ ਮੁੜਨ ਪੈ ਗਿਆ। ਇਸ ਕਰਕੇ ਕੈਨੇਡਾ, ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਤੇ ਨਾਲ ਨਾਲ ਪੰਜਾਬ, ਭਾਰਤ ਵਿੱਚ ਰਹਿੰਦੇ ਲੋਕਾਂ ਅੰਦਰ ਵੀ ਅੰਗਰੇਜ਼ ਸਰਕਾਰ ਵਿਰੁੱਧ ਗੁੱਸੇ ਦੀ ਲਹਿਰ ਚੱਲ ਪਈ।

ਇਸ ਘਟਨਾ ਤੋਂ ਬਾਅਦ ਤੋਂ ਗ਼ਦਰ ਪਾਰਟੀ ਦੇ ਆਗੂਆ ਨੇ ਮੀਟਿੰਗ ਬੁਲਾਈ ਜਿਸ ਵਿੱਚ ਫੈਸਲਾ ਲਿਆ ਗਿਆ ਪਾਰਟੀ ਪਾਰਟੀ ਦੇ ਸਿਆਣੇ ਮੈਬਰ ਨੂੰ ਹਿੰਦੁਸਤਾਨ ਜਾ ਕੇ ਪਾਰਟੀ ਦੀ ਸੰਭਾਲ ਲੈਣਾ ਚਾਹੀਦਾ ਹੈ, ਉਹਨਾਂ ਨੂੰ ਇਹ ਲਗਦਾ ਸੀ ਕੀ ਹੁਣ ਸੰਸਾਰ ਜੰਗ ਛਿੜ ਸਕਦੀ ਹੈ ਇਸ ਤੋਂ ਪਹਿਲਾ ਹਿੰਦੁਸਤਾਨ ਵਿੱਚ ਪਾਰਟੀ ਨੂੰ ਸੰਭਾਲ ਲਿਆ ਜਾਵੇ। ਹਿੰਦੁਸਤਾਨ ਜਾਣ ਲਈ ਬਾਬਾ ਸੋਹਣ ਸਿੰਘ ਭਕਨਾ ਨੂੰ ਚੁਣਿਆ ਗਿਆ ਬਾਬਾ



ਸੋਹਣ ਸਿੰਘ ਕਾਮਾਗਾਟਾ ਮਾਰੂ ਜਹਾਜ਼ ਨਾਲ ਸਪੰਰਕ ਕੀਤਾ ਜਿਸ ਬਾਬਾ ਸੋਹਣ ਸਿੰਘ ਭਕਨਾ ਹਿੰਦੁਸਤਾਨ ਆਉਣਗੇ।

ਬਾਬਾ ਸੋਹਨ ਸਿੰਘ ਭਕਨਾ ਦੇ ਨਾਲ ਨਾਲ ਹਥਿਆਰ ਭੇਜਣ ਦਾ ਫੈਸਲਾ ਕੀਤਾ ਗਿਆ ਇਸ ਦੀ ਡਿਊਟੀ ਕਰਤਾਰ ਸਿੰਘ ਸਰਾਭਾ ਦੀ ਉਸਨੇ ਹੀ ਪੂਰਾ ਪੈਬੰਧ ਕਰਨਾ ਸੀ ਹਥਿਆਰ ਹਿੰਦੁਸਤਾਨ ਕਿਵੇ ਆਉਣਗੇ। ਅਮਰੀਕਾ ਦੇ ਬਜ਼ਾਰ ਤੋਂ, ਹਥਿਆਰ ਆਸਾਨੀ ਨਾਲ ਖਰੀਦ ਸਕਦੇ ਸੀ ਪਰ ਦੇਸ਼ ਬਹਾਰ ਲੈ ਕੇ ਜਾਣਾ ਬਹੁਤ ਔਖੇ ਸੀ। ਇਸ ਕਰਕੇ ਕਰਤਾਰ ਸਿੰਘ ਸਰਾਭਾ ਨੇ ਬਾਬਾ ਸੋਹਨ ਸਿੰਘ ਭਕਨਾ ਲਈ ਜਹਾਜ਼ ਵਿੱਚ ਵਿਸ਼ੇਸ਼ ਦਰਜੇ ਦਾ ਸਫ਼ਰ ਲਈ ਕਮਰਾ ਰਿਜ਼ਰਵ ਕਰਵਾਇਆ ਇਸ ਤੋਂ ਬਾਅਦ ਭਗਵਾਨ ਸਿੰਘ ਨੇ ਮਿਲ ਕੇ ਸਾਨ ਫ਼ਰਾਂਸਿਸਕੋ ਦੇ ਬਜ਼ਾਰ ਤੋ 200 ਪਿਸਤੌਲ ਹੋਰ ਵੀ ਕਈ ਤਰਾਂ ਦੇ ਹਥਿਆਰ ਖਰੀਦ ਕੇ ਦੋ ਪੇਟੀਆਂ ਵਿੱਚ ਬੰਦ ਕਰਕੇ ਜਹਾਜ਼ ਚੱਲਣ ਤੋਂ ਕੁਝ ਸਮਾਂ ਪਹਿਲਾਂ ਹੀ ਸਾਰਾ ਸਮਾਨ ਕਮਰੇ ਵਿੱਚ ਰੱਖ ਕੇ ਜਿੰਦਾ ਲਾ ਕੇ ਚਾਬੀ ਬਾਬਾ ਸੋਹਨ ਸਿੰਘ ਭਕਨਾ ਨੂੰ ਦੇ ਦਿੱਤੀ। ਬਾਬਾ ਸੋਹਨ ਸਿੰਘ ਭਕਨਾ ਨੇ ਜਹਾਜ਼ ਚੱਲ ਤੋਂ 10 -15 ਮਿੰਟ ਪਹਿਲਾਂ ਹੀ ਜਹਾਜ ਵਿੱਚ ਦਾਖਿਲ ਹੋਏ। ਇਹ ਜਹਾਜ਼ 21 ਜੁਲਾਈ 1914 ਨੂੰ ਅਮਰੀਕਾ ਤੋਂ ਹਿੰਦੁਸਤਾਨ ਨੂੰ ਚੱਲਿਆ।

ਗੁਰੂ ਨਾਨਕ ਜਹਾਜ਼ ਦੇ ਹਿੰਦੁਸਤਾਨ ਵਾਪਿਸ ਮੁੜਨ ਤੋਂ ਸਭ ਹਿੰਦੁਸਤਾਨੀਆਂ ਦੇ ਦਿਲਾਂ ਵਿੱਚ ਭਾਰੀ ਰੋਸ ਪੈਦਾ ਹੋ ਗਿਆ ਸੀ ।

ਇਸ ਤੋਂ ਬਾਅਦ 25 ਜੁਲਾਈ ਨੂੰ ਜਰਮਨੀ ਨੇ ਸਰਬੀਆ ਤੋਂ ਹਮਲਾ ਕਰ ਦਿੱਤਾ, ਹੁਣ ਸੰਸਾਰ ਵਿੱਚ ਜੰਗ ਸ਼ੁਰੂ ਹੋ ਗਈ। ਸੰਸਾਰ ਜੰਗ ਦਾ ਫਾਇਦਾ ਗ਼ਦਰ ਪਾਰਟੀ ਦੇ ਮੈਬਰਾਂ ਨੇ ਚੁੱਕਣਾ ਚਾਹਿਆ। ਇਸ ਲਈ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਯੁਗਾਂਤਰ ਆਸ਼ਰਮ ਵਿੱਚ ਮੀਟਿੰਗ ਬੁਲਾਈ, ਇਸ ਮੀਟਿੰਗ ਵਿੱਚ ਬਹੁਤ ਸਾਰੇ ਮੈਂਬਰਾਂ ਨੇ ਹਿੱਸਾ ਲਿਆ ਅਤੇ ਗ਼ਦਰ ਪਾਰਟੀ ਦੇ ਮੈਂਬਰਾਂ ਨੂੰ ਆਪਣਾ ਕਮਰਕੱਸੇ ਲਈ ਕਿਹਾ।

ਕਰਤਾਰ ਸਿੰਘ ਸਰਾਭਾ ਨੇ ਇਸ ਮੀਟਿੰਗ ਦਾ ਇੰਤਜ਼ਾਰ ਕੀਤੇ ਬਿਨਾਂ ਹੀ ਹਿੰਦੁਸਤਾਨ ਨੂੰ ਚੱਲ ਪਏ। ਕਰਤਾਰ ਸਿੰਘ ਸਰਾਭਾ ਆਪਣੇ ਨਾਲ ਰਘਬੀਰ ਦਿਆਲ ਗੁਪਤਾ, ਮਿਸਟਰ ਜੈਕ ਜੋ ਕੀ ਅਮਰੀਕਾ ਦਾ ਵਸਨੀਕ ਹੋ ਦੇ ਬਾਅਦ ਵੀ ਇਨਕਲਾਬੀ ਸੀ, ਉਹਨਾਂ ਦੇ ਨਾਲ ਕਰਤਾਰ ਸਿੰਘ ਸਰਾਭਾ ਦੇ ਦੋ ਹੋ ਦੋਸਤ ਵੀ ਉਸ ਦੇ ਨਾਲ ਹਿੰਦੁਸਤਾਨ ਨੂੰ ਚੱਲ ਪਏ। ਕਰਤਾਰ ਸਿੰਘ ਸਰਾਭਾ ਆਪਣੀ ਟੀਮ ਨਾਲ ਪੂਰੀ ਤਿਆਰ ਤੇ ਪਲੈਨ ਨਾਲ ਹਿੰਦੁਸਤਾਨ ਨੂੰ ਚੱਲੇ। ਕਰਤਾਰ ਸਿੰਘ ਸਰਾਭਾ ਨੇ ਖ਼ੁਫ਼ੀਆ ਏਜੰਸੀਆਂ ਤੋਂ ਬਚੈ ਲਈ ਹਾਂਗਕਾਂਗ ਤੋਂ ਸਿੱਧਾ ਭਾਰਤ ਆਉਣ ਦੀ ਜਗਾਂ ਕੋਲੰਬੋ ਦਾ ਰਸਤਾ ਚੁਣਿਆ , ਇਹ ਰਾਹ ਬਿਲਕੁਲ ਸੁਰੱਖਿਤ ਸੀ।

ਗ਼ਦਰ ਪਾਰਟੀ ਦੇ ਬਹੁਤ ਸਾਰੇ ਵਰਕਰ ਗਿਫ਼ਤਾਰ ਕਰ ਲਏ ਸੀ, ਉਹਨਾਂ ਵਿੱਚ ਅਮਰ ਸਿੰਘ ਨਵਾਂ ਸ਼ਹਿਰ ਦੀ ਵੀ ਗਿਫ਼ੈਤਾਰੀ ਹੋਈ, ਪਰ ਉਹ ਗਿਫ਼ੈਤਾਰ ਹੋਣ ਬਾਅਦ ਅਗਰੇਜ਼ਾਂ ਦਾ ਮੁਆਫ਼ ਗਵਾਹ ਬਣ ਗਿਆ ਸੀ।

ਕਰਤਾਰ ਸਿੰਘ ਸਰਾਭਾ ਨੇ ਹਿੰਦੁਸਤਾਨ ਆ ਕੇ ਮਦਰਾਸ ਤੋ ਸਿੱਧੇ ਸਰਾਭਾ (ਲੁਧਿਆਣੇ) ਆਪਣੇ ਘਰ ਆਏ। ਦਾਦਾ ਬਦਨ ਸਿੰਘ ਨੇ ਆਪਣੇ ਸਾਹਮਣੇ ਕਰਤਾਰ ਸਿੰਘ ਸਰਾਭਾ ਨੂੰ ਦੇਖ ਕੇ ਬਹੁਤ ਹੀ ਖੁਸ਼ ਹੋਏ,, ਦਾਦਾ ਬਦਨ ਸਿੰਘ ਨੇ ਤਿੰਨ ਸਾਲਾ ਬਾਅਦ ਆਪਣੇ ਪੋਤਰੇ ਨੂੰ ਦੇਖਿਆ, ਹੁਣ ਕਰਤਾਰ ਸਿੰਘ ਸਰਾਭਾ ਮੁੱਛ - ਫੁੱਟ ਗੱਭਰੂ ਬਣ ਗਿਆ ਸੀ। ਕਰਤਾਰ ਸਿੰਘ ਸਰਾਭਾ ਨੇ ਆਪਣੇ ਇਨਕਲਾਬੀ ਵਿਚਾਰਾ ਤੇ ਭਾਰਤ ਆਉਣ ਦੇ ਵਿਚਾਰ ਵਾਰੇ ਦੱਸਿਆ ਪਹਿਲਾਂ ਦਾ ਦਾਦਾ ਬਦਨ ਸਿੰਘ ਘਬਰਾ ਗਏ, ਪਰ ਬਾਅਦ ਵਿੱਚ ਆਪਣੇ ਪੋਤਰੇ ਨੂੰ, ਹੱਲਾਸ਼ੇਰੀ ਦਿੱਤੀ। ਇਸ ਤੋਂ ਬਾਅਦ ਕਰਤਾਰ ਸਿੰਘ ਸਰਾਭਾ ਨੇ ਸਕੂਲ ਤੇ ਕਾਲਜ ਦੇ ਵਿਦਿਆਰਥੀਆਂ ਨੂੰ ਮਿਲਨਾ ਸ਼ੁਰੂ ਕੀਤਾ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਆਪਣੇ ਨਾਲ ਜੋੜ ਲਿਆ।

**(ਬਾਕੀ ਅਗਲੇ ਸਫੇ 'ਤੇ)**

## ਦਬੈਲਣਾਂ

ਚੋਗ ਚੁਗ ਕੇ
ਪਰਤ ਰਹੀਆਂ ਘੁੱਗੀਆਂ ਦੇ
ਰਾਹਾਂ ਦੇ ਮੋੜਾਂ ਉਤੇ ਝਾੜਾਂ 'ਚ
ਸਹਿ ਲਾ ਕੇ ਬੈਠੇ ਸ਼ਿਕਰੇ
ਪਿੰਡੇ ਦਾ ਮਾਸ ਨੋਚਣ ਲਈ
ਪੰਜਿਆਂ ਵਿਚ ਦਬੋਚਣ ਲਈ
ਖੰਭ-ਖੰਭ ਖਿਲਾਰਣ ਲਈ
ਉਦੋਂ ਨਿਰਦੈਤਾ ਬਹਿਰੀ ਹੋ ਜਾਂਦੀ ਹੈ
ਅਸਮਾਨ ਤੇ ਘਟਾ ਹੋਰ ਗਹਿਰੀ ਹੋ ਜਾਂਦੀ ਹੈ

ਸ਼ੋਰ ਦੀ ਜੀਭ ਟੁੱਕੀ ਜਾਂਦੀ ਹੈ
ਸਮਾਂ ਮੂਕ ਬਣ
ਚੂਹੇ ਦੀ ਖੁੱਡ ਅੰਦਰ ਸਹਿਕਦਾ ਹੈ
ਦੂਰੋਂ ਘੋਲ ਨੂੰ ਤੱਕ ਖਚਰਾ
ਅੱਕ ਦਾ ਫੁੱਲ ਟਹਿਕਦਾ ਹੈ
ਨੇੜੇ ਹੀ ਤਿੱਤਰ ਦੀ, ਉੱਚੀ ਥਾਂ ਤੋਂ ਆਉਂਦੀ
ਉੱਚੀ-ਉੱਚੀ ਆਵਾਜ਼ਾਂ ਨੂੰ
ਭਗਵਾਨ ਤੇਰੀ ਕੁਦਰਤ, ਭਗਵਾਨ ਤੇਰੀ ਕੁਦਰਤ
ਮੰਨ ਲਿਆ ਜਾਂਦਾ ਹੈ
ਰੁੱਖ ਆਪਣੀ ਅਚੱਲਤਾ ਦੇ ਪਛਤਾਵੇ ਵਿੱਚ
ਜੜ੍ਹਾਂ ਨੂੰ ਦੋਸ਼ ਦਿੰਦੇ ਹਨ।
ਹਵਸ਼ ਦੀ ਅਤ੍ਰਿਪਤੀ ਨੂੰ ਪੂਰਨ ਤ੍ਰਿਪਤ ਕਰਨ ਲਈ
ਸ਼ਿਕਰੇ ਝਪਟਦੇ ਨੇ ਇਹਨਾਂ ਦੀ ਸੰਤਾਨ
ਨਵ-ਉਡਾਰ ਘੁੱਗੀਆਂ ਦੇ ਵੱਲ

ਕਰਨ ਲਈ ਪੈਦਾ ਹੋਏ ਮਾਰੂ ਮਸਲੇ ਦਾ ਹੱਲ
ਨੰਗੇ ਧੜ ਲੜਦੀਆਂ ਹਨ
ਹੱਥਾਂ ਵਿਚਲੀਆਂ ਦਾਤੀਆਂ ਨਾਲ ਕਲਮਾਂ ਘੜਦੀਆਂ ਹਨ
ਘਸਮੈਲੀਆਂ ਪਗਡੰਡੀਆਂ ਦੇ ਚੀਰ 'ਚ ਸੂਹਾ ਰੰਗ ਹੁੰਦਾ ਹੈ
ਜਤ-ਪਤ ਜਦੋਂ ਭੰਗ ਹੁੰਦਾ ਹੈ
ਜ਼ਮੀਨ ਤੇ ਪਿਆ ਅੰਗ-ਅੰਗ ਹੁੰਦਾ ਹੈ
ਤੇ ਤਿੱਤਰ ਦੀ ਅਵਾਜ਼ 'ਤੂੰ ਲੜ, ਤੂੰ ਲੜ'
ਤੇਰੀ ਲੜਾਈ ਵਿਚ ਬਦਲ ਜਾਂਦੀ ਹੈ।
ਨਵ-ਉਡਾਰ ਘੁੱਗੀਆਂ ਸਿੱਖ ਜਾਂਦੀਆਂ ਹਨ
ਆਪਣੀ ਲੜਾਈ ਲੜਨੀ
ਉਥੋਂ ਹੀ ਕਹਾਣੀ ਫੜਨੀ।



**- ਮਲਕੀਤ ਜੌੜਾ**

## ਸੁਣੋ ਪੁੱਤਰੋ ਪੰਜਾਬ ਦਿਓ

ਸੁਣੋ ਪੁੱਤਰੋ ਪੰਜਾਬ ਦਿਉ ਵੇ ਆਪਸ ਵਿੱਚ ਨਾ ਲੜਿਓ
ਮਾੜਾ ਵਕਤ ਪੈ ਗਿਆ ਏ ਤੁਸੀਂ ਢਾਲ ਇੱਕ ਦੂਜੇ ਦੀ ਬਣਿਓ
ਕੱਲਿਆ ਰਹਿ ਕੇ ਇਕੱਲੀ ਇਕੱਲੀ ਉਂਗਲ ਕਮਜ਼ੋਰ ਹੋਵੇ
ਬੰਦ ਮੁੱਠੀ ਦੀ ਕੀਮਤ ਪਵੇ ਹਮੇਸ਼ਾ।
ਇਹ ਸਭ ਦੁਸ਼ਮਣ ਦੀਆਂ ਚਾਲਾਂ ਨੇ
ਉਸ ਨੇ ਮਨਾ ਵਿੱਚ ਨਫਰਤ ਭਰ ਕੇ ਸਾਡਾ ਤੋੜਨਾ ਏਕਾ ,,,,

ਲੱਖ ਮਨਾਂ ਵਿੱਚ ਭਾਵੇਂ ਹੋਣ ਵਖਰੇਵੇਂ ਪਰ ਇੱਕ ਨਿਸ਼ਾਨਾ ਰੱਖਿਓ
ਦੁਸ਼ਮਣ ਖੇਡਦਾ ਲੂੰਬੜ ਚਾਲਾਂ ਨਜ਼ਰ ਤੁਸੀਂ ਬਾਜ ਵਾਲੀ ਰੱਖਿਓ
ਸੁਖੀ ਵਸਦਿਆ ਨਾਲ ਤਾਂ ਲੋਕ ਬਥੇਰੇ ਆਣ ਖੜਦੇ&;
ਹੈ ਬਹੁਤੇ ਸਾਥ ਛੱਡ ਜਾਂਦੇ ਜਦ ਭੀੜਾਂ ਪੈਣ ਅਨੇਕਾਂ।।
ਇਹ ਸਭ ਦੁਸ਼ਮਣ ਦੀਆਂ ਚਾਲਾਂ ਨੇ,,,,

ਯੋਧਿਓ ਪੰਜਾਬ ਦਿਓ ਆਪਾ ਰਲ ਮਿਲ ਦਿੱਲੀ ਜਿੱਤਣੀ
ਏਕੇ ਅਤੇ ਸਬਰ ਵਿੱਚ ਬਲ ਹੁੰਦਾ ਆਪਾ ਏਹੋ ਗੱਲ ਹੈ ਸਿੱਖਣੀ
ਦੋਗਲੇ ਵਾਰਿਸ ਗੰਗੂ ਦੇ ਸਾਡਾ ਸਬਰ ਪਰਖਦੇ ਨੇ
ਪਰ ਅਸੀਂ ਸਾਂਤ ਰਹਿ ਕੇ ਕਢਾਉਣੀਆਂ ਚੀਕਾਂ।
ਇਹ ਸਭ ਦੁਸ਼ਮਣ ਦੀਆਂ ਚਾਲਾਂ ਨੇ, ,,,,,,

ਬੁਰਜ ਲੱਧੇ ਦੇ ਬਲਤੇਜ ਸਿਆਂ ਜਿੰਦਾਬਾਦ ਕਿਸਾਨ ਮਜ਼ਦੂਰ ਏਕਤਾ ਰਹਿਣਾ
ਧਰਮਾਂ ਜਾਤਾ ਦਾ ਛੱਡ ਖਹਿੜਾ ਸਭ ਇੱਕੋ ਨੇ ਅਸੀ ਭਰਮ ਭੁਲੇਖੇ ਵਿੱਚ ਨਹੀਂ ਪੈਣਾ



ਜਿਹੜੇ ਨਸਲਵਾਦ ਖਾਲਿਸਤਾਨ ਕਹਿ ਵੰਡੀਆਂ ਪਾਉਂਦੇ
ਅਸੀਂ ਬਘੇਲ ਸਿੰਘ ਅਤੇ ਨਲੂਏ ਦੇ ਵਾਰਿਸ ਹਾ
ਉਨਾਂ ਨੂੰ ਏਹੇ ਕਰਾਉਣਾ ਚੇਤਾ।
ਇਹ ਸਭ ਦੁਸ਼ਮਣ ਦੀਆਂ ਚਾਲਾਂ ਨੇ
ਉਸ ਨੇ ਮਨਾ ਵਿੱਚ ਨਫਰਤ ਭਰ ਕੇ ਸਾਡਾ ਤੋੜਨਾ ਏਕਾ, ,,,,,,

**– ਬਲਤੇਜ ਸੰਧੂ ਬੁਰਜ ਲੱਧਾ**
91-94658-18158

## ਕਿਉਂ ਡਰਾ ਹੁਆ

ਕਿਉਂ ਡਰਾ ਹੁਆ ਸਹਿਮਾ ਸਾ ਲਾਚਾਰ ਹੈ ਤੂ
ਧਰਤੀ ਪਰ ਭੇਜਾ ਈਸ਼੍ਵਰ ਕਾ ਅਵਤਾਰ ਹੈ ਤੂ

ਗੀਤਾ ਉਪਦੇਸ਼ ਔਰ ਗੁਰਬਾਣੀ ਕੇ ਰਹਿਤੇ
ਕਿਉਂ ਮੁਸੀਬਤੋਂ ਸੇ ਲੜਨੇ ਕੋ ਨਹੀਂ ਤਿਆਰ ਹੈ ਤੂ

ਦੇਸ਼ ਕੀ ਪਰੇਸ਼ਾਨੀਆਂ ਕਿਆ ਭਾਗਨੇ ਸੇ ਘਟੇਂਗੀ
ਕਿਆ ਫਿਰ ਕਾਇਰ ਕਹਿਲਾਨੇ ਕਾ ਹਕਦਾਰ ਹੈ ਤੂ

ਅੰਧੇਰਾ ਕਬ ਸੂਰਜ ਕੀ ਰਾਹੇਂ ਰੋਕ ਸਕਾ ਹੈ
ਬਸ ਦੂਰ ਇਸ ਉਜਾਲੇ ਸੇ ਕਦਮ ਚਾਰ ਹੈ ਤੂ

ਵੋ ਭਿਆਨਕ ਦੌਰ ਨਾ ਰਹਾ ਤੋ ਯੇ ਭੀ ਗੁਜ਼ਰ ਜਾਇਗਾ
ਵਿਗਿਆਨ ਸ਼ਕਤੀ ਭਗਤੀ ਸੇ ਬਨਾ ਉਪਹਾਰ ਹੈ ਤੂ

**– ਦੇਵ ਸ਼ਰਨ ਸ਼ਾਸਤਰੀ**
**ਸਰਕਾਰੀ ਮਿਡਲ ਸਕੂਲ, ਸਹੌਲੀ**



**ਕਾਵਿ - ਵਿਅੰਗ**

## ਸਰਕਾਰੀ ਨੁਸਖੇ?



**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

ਮਾਰੋ ਮਾਰ 'ਕਰੋਨਾ' ਹੈ ਕਰੀ ਜਾਂਦਾ
ਜ਼ਹਿਰੀ ਕੋਬਰੇ ਜਿਸ ਤਰਾਂ ਡੱਸਦੇ ਨੇ।
'ਨੁਸਖੇ' ਦੱਸਦੇ ਆਗੂ ਕਈ ਭਾਜਪਾ ਦੇ
ਲੋਕੀ ਸੁਣਦਿਆਂ ਦੁਨੀਆਂ ਦੇ ਹੱਸਦੇ ਨੇ।
'ਵੈਕਸੀਨ' ਤੇ ਥੁੜ ਗਈ 'ਆਕਸੀਜਨ'
ਅਪਣੇ ਫਰਜ਼ ਨਿਭਾਉਣ ਤੋਂ ਨੱਸਦੇ ਨੇ।
ਅਸਲੀ ਅੰਕੜੇ ਜਦੋਂ 'ਰਵੀਸ਼' ਬੋਲੇ
ਝੂਠ ਮਾਰਦੇ ਹਾਕਮ ਫਿਰ ਫੱਸਦੇ ਨੇ।
ਬਲਦੇ ਦੇਖ ਕੇ ਸਿਵੇ ਨਾ ਕਰਨ ਚਿੰਤਾ
ਫਿਰਕਾਪ੍ਰਸਤੀ ਵਿੱਚ ਜਾ ਰਹੇ ਧੱਸਦੇ ਨੇ।
ਹੋਣਾ ਗੋਬਰ ਹੀ ਖੋਪੜੀ ਵਿੱਚ ਭਰਿਆ
ਗੋਹਾ-ਮੂਤਰ 'ਇਲਾਜ' ਜੋ ਦੱਸਦੇ ਨੇ !

## ਘਾਟ

ਮੌਤ ਆਪਣੀ ਮਰਨ ਤੋਂ ਲੋਕ ਡਰਦੇ, ਖ਼ਾਤਰ ਕਿਸੇ ਦੀ ਮਰਦਾ ਹੈ ਕੌਣ ਇਥੇ।

ਹੁੰਦੇ ਜਿਸ ਦੀ ਜੇਬ ਵਿਚ ਚਾਰ ਪੈਸੇ, ਲੰਘਦਾ ਹੈ ਅਕੜਾ ਕੇ ਉਹ ਧੌਣ ਇਥੇ।

ਆਕਸੀਜਨ ਦੀ ਘਾਟ ਕਿੰਜ ਹੋਏ ਪੂਰੀ, ਦੂਸ਼ਿਤ ਹੋ ਗਏ ਪਾਣੀ ਤੇ ਪੌਣ ਇਥੇ।

ਸੂਝ ਬੂਝ ਤੋਂ ਸੱਖਣੇ ਆਪ ਜਿਹੜੇ, ਆਉਂਦੇ 'ਚੋਹਲੇ' ਨੂੰ ਉਹ ਸਮਝਾਉਣ ਇਥੇ।

## ਸਤਿਕਾਰ

ਜਿਥੇ ਝੂਠ ਦਾ ਹੁੰਦਾ ਹੈ ਬੋਲਬਾਲਾ, ਉੱਥੇ ਸੱਚ ਉਚਾਰਦਾ ਹੈ ਕੋਈ ਕੋਈ।

ਬਣੀ ਆਪਣੀ ਕੱਟੇ ਹਰੇਕ ਬੰਦਾ, ਕਿਸੇ ਦੇ ਕਸ਼ਟ ਨਿਵਾਰਦਾ ਕੋਈ ਕੋਈ।

ਸਹਿਣਸ਼ੀਲਤਾ ਜਦੋਂ ਜਵਾਬ ਦੇ ਜੇ, ਕਿਸੇ ਦੀ ਗੱਲ ਸਹਾਰਦਾ ਕੋਈ ਕੋਈ।

ਧਨਵਾਨ ਨੂੰ ਮਿਲੇ ਸਤਿਕਾਰ 'ਚੋਹਲਾ', ਨਿਰਧਨ ਸਤਿਕਾਰਦਾ ਕੋਈ ਕੋਈ।

**– ਰਮੇਸ਼ ਬੱਗਾ ਚੋਹਲਾ**
91-94631-32719

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ 'ਤੇ ਇਕ ਝਾਤ

**(ਸਫਾ 22 ਦੀ ਬਾਕੀ)**

ਅੰਗਰੇਜ ਸਰਕਾਰ ਦਾ ਵਿਰੋਧ ਕਰਨ ਲਈ ਹਥਿਆਰਾਂ ਦੀ ਬਹੁਤ ਲੋੜ ਸੀ, ਪਰਤੂੰ ਹਿੰਦੁਸਤਾਨ ਵਿੱਚ ਹਥਿਆਰਾਂ ਦੀ ਬਹੁਤ ਕਮੀ ਸੀ, ਪਿਸਤੌਲ ਤੇ ਬੰਬ ਦੀ ਜ਼ਰੂਰ ਪੂਰੀ ਕਰਨ ਲਈ ਕਰਤਾਰ ਸਿੰਘ ਸਰਾਭਾ ਆਪਣੇ ਨਾਲ ਮਿਸਟਰ ਜੈਕ ਨੂੰ ਆਪਣੇ ਸਾਥ ਭਾਰਤ ਇਸ ਲਈ ਲੈ ਕੇ ਆਇਆ ਸੀ ਕੀ ਭਾਰਤ ਵਿੱਚ ਬੰਬ ਤਿਆਰ ਕੀਤੇ ਜਾਣ ਸਕਣ, ਪਰ ਹਿੰਦੁਸਤਾਨ ਤਾਕਤਵਰ ਬੰਬ ਬਣਾਉਣ ਲਈ ਨਾ ਤਾਂ ਖੋਲ ਮਿਲਦੇ ਸੀ ਨਾ ਹੀ ਮਸਾਲਾ ਮਿਲਦਾ, ਬੰਬ ਬਣਾਉਣ ਲਈ ਸਿਆਹੀ ਵਾਲੀ ਡੱਬੀ ਦੀ ਵਰਤੋਂ, ਕਰਦੇ ਸੀ ਜੋ ਕਦੇ ਕਦੇ ਤਾਂ, ਫੱਟਦਾ ਨਹੀਂ ਜੇ ਫੱਟਦਾ ਸੀ ਤਾਂ, ਕੋਈ ਜਾਨੀ ਨੁਕਸਾਨ ਨਹੀਂ ਸੀ ਹੁੰਦਾ , ਇਹ ਬੰਬ ਕਵੇਲ ਡਰਾਉਣ ਵਾਸਤੇ ਹੀ ਵਰਤੇ ਜਾਂਦੇ ਸੀ।

ਹਥਿਆਰਾਂ ਦੀ ਘਾਟ ਨੂੰ, ਪੂਰਾ ਕਰਨ ਲਈ ਕਰਤਾਰ ਸਿੰਘ ਸਰਾਭਾ ਨੇ ਬੰਗਾਲੀਆਂ ਨਾਲ ਜਾਣ- ਪਛਾਣ ਕਰਨੀ ਸ਼ੁਰੂ ਕਰ ਦਿੱਤੀ। ਸਚਿੰਦਰ ਨਾਥ ਸਾਨਿਆਲ ਨੇ ਕਰਤਾਰ ਸਿੰਘ ਸਰਾਭਾ ਇਹ ਦੱਸਿਆ ਕੀ ਬੰਗਾਲ ਦੇ ਬੰਬ ਬਹੁਤ ਖਤਰਨਾਕ ਹੈ, ਉਹ ਗ਼ਦਰ ਪਾਰਟੀ ਨੂੰ, ਬੰਬ ਦੇਣਗੇ, ਪਰ ਉਹ ਪੰਜਾਬ ਵਿੱਚ ਬੰਬ ਰੱਖਣ ਦਾ ਸਥਾਨ ਬਣਾ ਲੈਣ, ਕਰਤਾਰ ਸਿੰਘ ਸਰਾਭਾ ਨੇ ਜਲੰਧਰ, ਕਪੂਰਥਲਾ ਦੇ ਨੇੜਦੇ ਪਿੰਡਾਂ ਵਿੱਚ ਆਪਣੇ ਭਰੋਸੇ ਮੰਦ ਬੰਦਿਆਂ ਕੋਲ ਰੱਖ ਦਿੱਤੇ।

ਕਿਰਪਾਲ ਸਿੰਘ ਅੰਗਰੇਜ਼ ਹਕੂਮਤ ਦਾ ਮੁਖ਼ਬਰ ਸੀ, ਉਹ ਕਿਸੇ ਵੀ ਹਾਲਤ ਵਿੱਚ ਪਾਰਟੀ ਵਿੱਚ ਸ਼ਾਮਿਲ ਹੋਣਾ ਚਾਹੀਦਾ ਸੀ, ਇਸ ਲਈ ਉਸ ਨੇ ਪਾਰਟੀ ਦੇ ਮੈਬਰ ਬਲਵੰਤ ਸਿੰਘ ਦਾ ਸਾਥ ਲਿਆ, ਅਤੇ ਅਮਿੰਤਸਰ ਨੂੰ ਚੱਲ ਪਏ ਕੀ ਉਹ ਮੂਲ ਸਿੰਘ ਨੂੰ ਮਿਲਨਗੇ, ਮੂਲ ਸਿੰਘ ਜੇ ਸਹਿਯੋਗ ਨਾਲ ਕਿਰਪਾਲ ਸਿੰਘ ਪਾਰਟੀ ਵਿੱਚ ਸ਼ਾਮਿਲ ਹੋ ਸਕੇ। ਪਰ ਮੂਲ ਸਿੰਘ ਨੂੰ ਪੁਲਿਸਨੇ ਗਿਰਫ਼ਤਾਰ ਕਰ ਲਿਆ ਸੀ, ਕਿਰਪਾਲ ਸਿੰਘ ਫਿਰ ਅਮਰ ਸਿੰਘ ਨੂੰ ਮਿਲੇ ਜੋ ਉਸ ਨੂੰ ਆਪਣੇ ਨਾਲ ਰਸੂਲਪੁਰੀਆਂ ਦੀ ਹਵੇਲੀ ਵਿੱਚ ਲੈ ਗਿਆ, ਜਿਥੇ ਨਿਧਾਨ ਸਿੰਘ ਤੇ ਹਰਨਾਮ ਸਿੰਘ ਕੋਟਲਾ ਨੂੰ ਮਿਲੇ, ਨਿਧਾਨ ਸਿੰਘ ਨੂੰ ਕਿਰਪਾਲ ਸਿੰਘ ਜਾਣਦਾ ਸੀ ਇਸ ਕਰਕੇ ਕਿਰਪਾਲ ਸਿੰਘ ਗ਼ਦਰ ਪਾਰਟੀ ਵਿੱਚ ਸ਼ਾਮਿਲ ਹੋ ਗਿਆ। ਕਿਰਪਾਲ ਸਿੰਘ ਆਪਣੀ ਚਾਲ ਵਿੱਚ ਸਫ਼ਲ ਹੋ ਗਿਆ। ਉਸ ਨੇ ਸਾਰੀ ਰਿਪੋਰਟ ਸਰਕਾਰ ਨੂੰ ਭੇਜਣੀ ਸ਼ੁਰੂ ਕਰ ਦਿੱਤੀ। ਇਸ ਵਾਰੇ ਗ਼ਦਰ ਪਾਰਟੀ ਦੇ ਮੈਬਰਾਂ ਨੂੰ ਬਿਲਕੁਲ ਸ਼ੱਕ ਨਾ ਹੋਇਆ।

ਕਰਤਾਰ ਸਿੰਘ ਸਰਾਭਾ, ਸੁੱਚਾ ਸਿੰਘ ਹਰੀ ਅਤੇ ਪਿੰਗਲੇ 11 ਫਰਵਰੀ ਨੂੰ ਲਾਹੌਰ ਆ ਗਏ, ਉਹ ਮੋਚੀ ਗੇਟ ਵਾਲੇ ਘਰ ਗਏ । ਉਥੇ ਇੱਕ ਮਿਟਿੰਗ ਦੌਰਾਨ ਬਗਾਵਤ ਦੀ ਤਾਰੀਖ 21 ਫਰਵਰੀ ਰੱਖੀ। ਸਾਰੇ ਮੈਬਰਾਂ ਦਾ ਧਿਆਨ ਹੁਣ 21ਫਰਵਰੀ ਦੀਆਂ ਤਿਆਰੀਆਂ ਉੱਤੇ ਸੀ, ਪਰ ਕਿਰਪਾਲ ਸਿੰਘ ਨੇ ਇਸ ਦੀ ਸੂਹ ਵੀ ਪੁਲਿਸ ਨੂੰ ਦੇ ਦਿੱਤੀ , ਜਿਸ ਨਾਲ 21 ਫਰਵਰੀ ਦੀ ਬਗਾਵਤ ਫੈਲ ਹੋ ਗਈ। ਪੁਲਿਸ ਨੇ ਮੋਚੀ ਗੇਟ ਵਾਲੇ ਘਰ ਤੇ ਨਿਗਾਹਾ ਰੱਖਣੀ ਸ਼ੁਰੂ ਕਰ ਦਿੱਤੀ। ਪੁਲਿਸ ਵਾਲਿਆਂ ਨੇ ਸਾਦੇ ਕੱਪੜੇ ਪਾ ਕੇ ਘਰ ਦੇ ਚਾਰੇ ਚੁਫੇਰੇ ਤੈਨਾਤ ਹੋ ਗਏ ਸੀ। ਪੁਲਿਸ ਨੇ ਕਿਰਪਾਲ ਸਿੰਘ ਦੀਆਂ ਸੂਹਾਂ ਤੇ ਬਹੁਤ ਸਾਰੇ ਗ਼ਦਰ ਪਾਰਟੀ ਦੇ ਮੈਬਰ ਗਿਰਫ਼ਤਾਰ ਕਰ ਲਏ ਸੀ। 19 ਫਰਵਰੀ ਨੂੰ ਸਰਕਾਰ ਨੇ ਬਹੁਤ ਸਾਰੇ ਕੈਰਾਂਤੀਕਾਰੀ ਗੈਰਿਫ਼ਤਾਰ ਕਰ ਲਏ।

ਪਰ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਅਤੇ ਹਰਨਾਮ ਸਿੰਘ ਕੋਟਲਾ ਬਚ ਕੇ ਪੰਜਾਬ ਆਉਦੇ ਆਉਦੇ ਉਹ ਪਠਾਣੀ ਭੇਸ ਬਣਾ ਕੇ ਅਫ਼ਗਾਨਿਸਤਾਨ ਆ ਗਏ। ਜਿਥੇ 2ਮਾਰਚ ਨੂੰ ਜਗਤ ਸਿੰਘ ਦੇ ਜਾਣ -ਪਛਾਣ ਵਾਲੇ ਰਾਜਿੰਦਰ ਸਿੰਘ ਦੇ ਘਰ ਪਹੁੰਚੇ, ਜਿਸ ਸਮੇਂ ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਨੇ ਵਿਹੜੇ ੍ਹਚ ਮੰਜੇ ਤੇ ਬੈਠ ਕੇ ਆਪਣੀ ਮੌਜ ਨਾਲ ਕਰਾਂਤੀਕਾਰੀਆਂ ਗੱਲਾਂ ਤੇ ਕਵਿਤਾ ਵਿੱਚ ਮੰਗਨ ਸੀ ਤਾਂ ਪੁਲਿਸ ਨੂੰ ਕਿਸੇ ਨੇ ਸੂਹ ਦੇ ਦਿੱਤੀ ਅਤੇ ਪੁਲਿਸ ਨੇ ਰਾਜਿੰਦਰ ਸਿੰਘ ਦੇ ਘਰ ਤੇ ਛਾਪਾ ਮਾਰ ਦਿੱਤਾ , ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਹਰਨਾਮ ਸਿੰਘ ਕੋਟਲਾ ਨੂੰ ਗਿਰਫ਼ਤਾਰ ਕਰ ਲਿਆ।

ਜਦੋਂ ਬਗ਼ਾਵਤ ਦੇ ਦੋਸ਼ ਅਧੀਨ ਕਰਤਾਰ ਸਿੰਘ ਸਰਾਭਾ 'ਤੇ ਮੁਕੱਦਮਾ ਚੱਲ ਰਿਹਾ ਸੀ ਤਾਂ ਉਸ ਨੇ ਤਮਾਮ ਦੋਸ਼ਾਂ ਦੀ ਸਮੁੱਚੀ ਜਿੰਮੇਵਾਰੀ ਆਪਣੇ ਖੁਦ ਉੱਪਰ ਲੈ ਲਈ ਸੀ ਤੇ ਇਹ ਸਭ ਸੁਣ ਕੇ ਜੱਜ ਹੱਕਾ-ਬੱਕਾ ਰਹਿ ਗਿਆ । ਜੱਜ ਨੇ ਕਰਤਾਰ ਸਿੰਘ ਸਰਾਭਾ ਉੱਤੇ ਦੋਸ਼ ਲਿਆ ਕਿ ਇਹ ਜੋ ਆਪਣੀ ਉਮਰ ਉੱਨੀ ਸਾਲ ਦੱਸ ਦਾ ਦਰਅਸਲ ਇਸ ਦੀ ਉਮਰ ਵੱਧ ਹੈ। ਅਮਰੀਕਾ ਅੰਦਰ ਜੁਲਾਈ 1912 ਤੋਂ ਲੈਕੇ ਭਾਰਤ ਅੰਦਰ 19 ਫਰਵਰੀ 1915 ਤੱਕ ਹਰ ਸਰਗਰਮੀ ਵਿੱਚ ਕਰਤਾਰ ਸਿੰਘ ਸਰਾਭਾ ਦਾ ਹੱਥ ਰਿਹਾ । ਇਸ ਗੱਲ ਦੀ ਪੁਸ਼ਟੀ ਵਾਅਦਾ-ਮੁਆਫ਼ ਗਵਾਹਾਂ ਅਮਰ ਸਿੰਘ, ਮੂਲਾ ਸਿੰਘ, ਨਵਾਬ ਖਾਂ, ਸੁੱਚਾ ਸਿੰਘ, ਉਮਰਾਓ ਸਿੰਘ ਨੇ ਗਵਾਹੀ ਦਿੱਤੀ। ਜੱਜ ਨੇ ਕਰਤਾਰ ਸਿੰਘ ਸਰਾਭਾ ਨੂੰ ਬਦਮਾਸ਼, ਮਿਸਾਲੀ ਮੁਜਰਮ ਤੱਕ ਵੀ ਕਿਹਾ ਸੀ।

ਕਰਤਾਰ ਸਿੰਘ ਸਰਾਭਾ ਹੋਣਾ ਦੀ ਮੁਕੱਦਮੇ ਦੀ ਕਾਰਵਾਈ 26 ਅਪਰੈਲ 1915 ਨੂੰ ਸ਼ੁਰੂ ਹੋਈ ਤੇ 13 ਸਤੰਬਰ ਨੂੰ ਖਤਮ ਹੋਈ।ਮੁਕੱਦਮੇ ਦੀ ਕਾਰਵਾਈ ਚਾਰ ਮਹੀਨਿਆਂ ਤੱਕ ਚੱਲੀ ਜਿਸ ਵਿੱਚ ਜੇਲੈਹ ਅੰਦਰ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀਆ ਦੇ ਕਈ ਵਾਰ ਬਿਆਨ ਲਏ ਗਏ। ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀਆਂ ਦੇ ਬਿਆਨ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ, ਉਹਨਾਂ ਨੇ ਬਿਆਨ ਦੇਣ ਵਾਰੇ ਆਪਸ ਵਿੱਚ ਸਲਾਹ ਨਹੀਂ ਸੀ ਕੀਤੀ।

ਆਖਰਕਾਰ ਚਾਰ ਮਹੀਨਿਆਂ ਦੀ ਮੁਕੱਦਮੇ ਦੀ ਕਾਰਵਾਈ ਤੋਂ ਬਾਅਦ 13ਸਤੰਬਰ 1915 ਨੂੰ ਫੈਸਲਾ ਸੁਣਾਇਆ ਗਿਆ। ਜਦੋਂ ਜੱਜ ਵੱਲੋ ਫਾਂਸੀ ਦੀ ਸਜ਼ਾ ਸੁਣਨੀ, ਅਤੇ ਜਾਇਦਾਦ ਜ਼ਬਤ ਕਰਨ ਨੂੰ ਕਿਹਾ ਤਾਂ ਕਰਤਾਰ ਸਿੰਘ ਸਰਾਭਾ ਨੇ ਜੱਜ ਦਾ ਧੰਨਵਾਦ ਕੀਤਾ ਅਤੇ ਕਿਹਾ ਜੇ ਸਾਡੇ ਕੱਪੜੇ ਵੀ ਨੀਲਾਮ ਕੀਤੇ ਜਾਣ ਤਦ ਵੀ ਅੰਗਰੇਜ ਸਰਕਾਰ ਦਾ ਘਾਟਾ ਪੂਰਾ ਨਹੀਂ ਹੋਵੇਗਾ। ਮੈਂ ਤਾਂ ਮ ਹਿੰਦੁਸਤਾਨ ਦੀ ਆਜ਼ਾਦੀ ਲਈ ਫਿਰ ਜਨਮ ਲਵਾਂਗਾ।

ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੇਣ ਦਾ ਹੁਕਮ ਸੁਣਾ ਦਿੱਤਾ ਗਿਆ ਤਾਂ ਦਾਦਾ ਬਦਨ ਸਿੰਘ ਕਰਤਾਰ ਸਿੰਘ ਸਰਾਭਾ ਨੂੰ ਜੇਲ ਅੰਦਰ ਮੁਲਾਕਾਤ ਕਰਨ ਗਏ ਸਨ। ਉਸ ਮੁਲਾਕਾਤ ਵਿੱਚ ਦਾਦੇ ਪੋਤਰੇ ਵਿੱਚ ਕੀ ਗੱਲ ਹੋਈ ਇਸ ਦੀ ਪੂਰੀ ਜਾਣਕਾਰੀ ਤਾਂ ਪੈਾਪਤ ਨਹੀਂ ਹੋਈ, ਪਰ ਕਹਿੰਦੇ ਹੈ ਕਿ ਦਾਦਾ ਬਦਨ ਸਿੰਘ ਦਾ ਪੋਤਰੇ ਦੋ ਮੋਹ ਵਿੱਚ ਦਿਲ ਪੀਸਜ ਗਿਆ ਤੇ ਉਹਨਾਂ ਦਾ ਮਨ ਭਰ ਗਿਆ, ਪਰ ਕਰਤਾਰ ਸਿੰਘ ਸਰਾਭਾ ਨਿਡਰ ਹੋ ਕੇ ਆਪਣੇ ਦਾਦੇ ਨੂੰ ਧੀਰਜ ਦਿੱਤਾ ਅਤੇ ਕਿਹਾ ਅਸੀ ਗੁਰਸਿੱਖ ਹਾਂ ਸਾਨੂੰ ਇਹੋ ਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਕਰਤਾਰ ਸਿੰਘ ਸਰਾਭਾ ਨੇ ਆਪਣੇ ਦਾਦੇ ਬਦਨ ਸਿੰਘ ਨੂੰ ਧੀਰਜ ਹੌਸਲਾਂ ਦਿੱਤਾ।

ਕਰਤਾਰ ਸਿੰਘ ਸਰਾਭਾ ਜੇਲ ਅੰਦਰ ਹਮੇਸ਼ਾ ਹੀ ਚੜਦੀ ਕਲਾਂ ਵਿੱਚ ਰਹੇ। ਕਰਤਾਰ ਸਿੰਘ ਸਰਾਭਾ ਨੂੰ ਮੌਤ ਦਾ ਬਿਲਕੁਲ ਵੀ ਡਰ ਨਹੀਂ ਸੀ, ਉਹ ਮੌਤ ਦੀ ਉਡੀਕ ਬੜੀ ਬੇਸਬਰੀ ਨਾਲ ਕਰਦੇ ਸੀ। ਕਰਤਾਰ ਸਿੰਘ ਸਰਾਭਾ ਨੂੰ ਜੇਲੈਹ ਅੰਦਰ ਵੀ ਖ਼ਤਰੇ ਲੈ ਵਿੱਚ ਬਹੁਤ ਆਨੰਦ ਆਉਦਾ ਸੀ। ਉਹ ਕੋਈ ਨਾ ਕੋਈ ਅਜਿਹਾ ਕੰਮ ਕਰਕੇ ਰਹਿੰਦੇ ਜਿਸ ਨਾਲ ਜੇਲ ਵਿੱਚ ਉਹਨਾਂ ਨਾਲ ਸਖ਼ਤੀ ਹੋਵੇ।

ਜਿਸ ਦਿਨ ਦਾ ਉਡੀਕ ਕਰਤਾਰ ਸਿੰਘ ਸਰਾਭਾ ਤੇ ਉਹਨਾਂ ਦੇ ਸਾਥੀਆਂ ਨੂੰ ਸੀ ਉਹ ਦਿਨ ਆ ਗਿਆ ਸੀ। 16 ਨੰਵਬਰ 1915 ਨੂੰ ਸਵੇਰੇ ਕਰਤਾਰ ਸਿੰਘ ਸਰਾਭਾ ਅਤੇ ਉਹਨਾ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ, ਹਰਨਾਮ ਸਿੰਘ, ਜਗਤ ਸਿੰਘ, ਸੁਰੈਣ ਸਿੰਘ , ਸੁਰੈਣ ਅਤੇ ਵਿਸ਼ਨੂੰ ਗਣੇਸ਼ ਪਿੰਗਲੇ, ਲਾਹੌਰ ਦੀ ਸੈਂਟਰਲ ਜੇਲ ਵਿੱਚ ਫ਼ਾਂਸੀ ਚੜੈਹਾ ਕੇ ਸ਼ਹੀਦ ਕਰ ਦਿੱਤਾ ਗਿਆ। ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੇਣ ਲੱਗੇ ਤਾਂ ਕਰਤਾਰ ਸਿੰਘ ਸਰਾਭਾ ਦੇ ਚਿਹਰੇ ਦੇ ਇੱਕ ਵੱਖਰੀ ਹੀ ਚਮਕ ਸੀ, ਅਤੇ ਕਰਤਾਰ ਸਿੰਘ ਸਰਾਭਾ ਨੇ ਫਾਂਸੀ ਦੇ ਤਖ਼ਤੇ ਤੇ ਖੜੇ ਹੋ ਕੇ ਰਿਹਾ ਕਿ ਇਹ ਨਾ ਸਮਝੋ ਕਿ ਕਰਤਾਰ ਸਿੰਘ ਸਰਾਭਾ ਮਰ ਗਿਆ ਹੈ, ਮੇਰੇ ਖੂਨ ਦੇ ਕਤਰੇ ਤੋਂ ਹੋਰ ਬਹੁਤ ਸਾਰੇ ਕਰਤਾਰ ਸਿੰਘ ਪੈਦਾ ਹੋਣਗੇ ।

ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ ਸਾਥੀ ਦੇਸ਼ ਦੀ ਆਜ਼ਾਦੀ ਖਾਤਰ ਹੱਸਦੇ ਹੱਸਦੇ ਸ਼ਹੀਦ ਹੋ ਗਏ।

# ਜਦੋਂ ਡਾ.ਅੰਬੇਡਕਰ ਅਤੇ ਸਾਥੀਆਂ ਨੇ ਕਿਲ੍ਹੇ ਦਾ ਪਾਣੀ ਭਿੱਟ ਦਿਤਾ



ਹਰਦੀਪ ਸਿੰਘ ਚੁੰਬਰ
+91-94636-01616

ਬਾਬਾ ਸਾਹਿਬ ਨੇ ਇਕ ਯਾਤਰਾ ਦੀ ਜਿਕਰ ਕੀਤਾ ਹੈ। ਉਹਨਾ ਦੇ ਲਿਖਣ ਦਾ ਮਤਲਵ ਸੀ ਕਿ ਸਭ ਨੂੰ ਇਹ ਸਮਝਾਇਆ ਜਾ ਸਕੇ ਕਿ ਜਿਹੜਾ ਵਿਅਕਤੀ ਹਿੰਦੂਆਂ ਵਿੱਚ ਅਛੂਤ ਹੈ ਉਹ ਪਾਰਸੀ ਲਈ ਵੀ ਅਛੂਤ ਹੈਉਹ ਮੁਸਲਮਾਨ ਦੇ ਲਈ ਵੀ ਅਛੂਤ ਹੈ। ਇਹ ਉਹਨਾ ਦੀ ਲਿਖਤ ਦਾ ਹੀ ਅਨੁਵਾਦ ਹੈ ਉਹ ਲਿਖਦੇ ਹਨ, ਸਾਲ 1934 ਵਿਚ, ਮੇਰੇ ਕੁਝ ਦਲਿਤ ਵਰਗ ਦੇ ਸਹਿਕਰਮੀਆਂ ਨੇ ਯਾਦਗਾਰੀ ਸਥਾਨਾਂ ਨੂੰ ਦੇਖਣ ਲਈ ਯਾਤਰਾ 'ਤੇ ਜਾਣ ਦੀ ਇੱਛਾ ਜ਼ਾਹਰ ਕੀਤੀ, ਜੇ ਮੈਂ ਉਨ੍ਹਾਂ ਵਿਚ ਸ਼ਾਮਲ ਹੋਣ ਲਈ ਸਹਿਮਤ ਹੁੰਦਾ ਤਾਂ। ਮੈਂ ਸਹਿਮਤ ਹਾਂ, ਇਹ ਫੈਸਲਾ ਲਿਆ। ਸਾਡੀ ਯੋਜਨਾ ਬਣੀ ਕਿ ਵੇਰੂਲ ਦੀਆਂ ਬੋਧੀ ਗੁਫਾਵਾਂ ਦਾ ਦੌਰਾ ਕਰਨਾ ਚਾਹੀਦਾ ਹੈ। ਇਹ ਪ੍ਰਬੰਧ ਕੀਤਾ ਗਿਆ ਕਿ ਮੈ ਨਾਸਿਕ ਜਾਵਾਂ ਅਤੇ ਪਾਰਟੀ ਮੇਰੇ ਨਾਲ ਨਾਸਿਕ ਵਿਚ ਸ਼ਾਮਲ ਹੋਵੇਗੀ। ਵੇਰੂਲ ਜਾਣ ਲਈ ਸਾਨੂੰ ਔਰੰਗਾਬਾਦ ਜਾਣਾ ਪਿਆ। ਔਰੰਗਾਬਾਦ ਹੈਦਰਾਬਾਦ ਦੇ ਮੁਹੰਮਡਨ ਰਾਜ ਦਾ ਇੱਕ ਕਸਬਾ ਹੈ, ਅਤੇ ਨਿਜ਼ਾਮ ਦੇ ਸਰਵਉੱਚ ਸਥਾਨਾਂ ਵਿੱਚ ਸ਼ਾਮਲ ਹੈ।

ਔਰੰਗਾਬਾਦ ਦੇ ਰਸਤੇ 'ਤੇ ਪਹਿਲਾਂ ਸਾਨੂੰ ਦੌਲਤਾਬਾਦ ਨਾਂ ਦਾ ਇਕ ਹੋਰ ਕਸਬਾ ਲੰਘਣਾ ਸੀ, ਜਿਹੜਾ ਹੈਦਰਾਬਾਦ ਰਾਜ ਦਾ ਹਿੱਸਾ ਸੀ। ਦੌਲਤਾਬਾਦ ਇਕ ਇਤਿਹਾਸਕ ਸਥਾਨ ਹੈ ਅਤੇ ਇਕ ਸਮੇਂ, ਇਕ ਪ੍ਰਸਿੱਧ ਹਿੰਦੂ ਰਾਜੇ ਰਾਮਦੇਉ ਰਾਏ ਦੀ ਰਾਜਧਾਨੀ ਸੀ। ਦੌਲਤਾਬਾਦ ਦਾ ਕਿਲ੍ਹਾ ਇਕ ਪ੍ਰਾਚੀਨ ਇਤਿਹਾਸਕ ਯਾਦਗਾਰ ਹੈ, ਅਤੇ ਕੋਈ ਵੀ ਯਾਤਰੀ ਜਦੋਂ ਉਸ ਆਸ ਪਾਸ ਆਉਂਦਾ ਤਾਂ ਇਸ ਨੂੰ ਦੇਖਣਾ ਭੁਲਣਾ ਨਹੀਂ ਚਾਹੀਦੇ। ਇਸ ਲਈ ਸਾਡੀ ਪਾਰਟੀ ਨੇ ਆਪਣੇ ਪ੍ਰੋਗਰਾਮ ਵਿਚ ਦੌਲਤਾਬਾਦ ਦੇ ਕਿਲ੍ਹੇ ਦੇਖਣ ਨੂੰ ਵੀ ਯਾਤਰਾ ਵੀ ਸ਼ਾਮਲ ਕਰ ਲਿਆ ਸੀ।

ਅਸੀਂ ਕੁਝ ਬੱਸਾਂ ਅਤੇ ਟੂਰਿੰਗ ਕਾਰ ਕਿਰਾਏ ਤੇ ਲਈਆਂ। ਸਾਡੀ ਗਿਣਤੀ ਲਗਭਗ ਤੀਹ ਸੀ। ਅਸੀਂ ਨਾਸਿਕ ਤੋਂ ਯੇਔਲਾ ਲਈ ਯਾਤਰਾ ਸ਼ੁਰੂਆਤ ਕੀਤੀ, ਕਿਉਂਕਿ ਯੇਔਲਾ ਔਰੰਗਾਬਾਦ ਦੇ ਰਸਤੇ ਤੇ ਹੈ। ਜਾਣਬੁੱਝ ਕੇ ਸਾਡੇ ਟੂਰ ਦੇ ਪ੍ਰੋਗਰਾਮ ਦੀ ਘੋਸ਼ਣਾ ਨਹੀਂ ਕੀਤੀ ਗਈ ਸੀ, ਅਤੇ ਅਸੀਂ ਗੁਮਨਾਮ ਯਾਤਰਾ ਕਰਨਾ ਚਾਹੁੰਦੇ ਸੀ, ਤਾਂ ਜੋ ਦੇਸ਼ ਦੇ ਬਾਹਰਲੇ ਹਿੱਸਿਆਂ ਵਿੱਚ ਅਛੂਤ ਸੈਲਾਨੀਆਂ ਨੂੰ ਆਉਣ ਵਾਲੀਆਂ ਮੁਸ਼ਕਲ ਤੋਂ ਬਚਿਆ ਜਾ ਸਕੇ। ਅਸੀਂ ਉਨ੍ਹਾਂ ਕੇਂਦਰਾਂ 'ਤੇ ਸਿਰਫ ਆਪਣੇ ਲੋਕਾਂ ਨੂੰ ਸੂਚਿਤ ਕੀਤਾ ਸੀ ਜਿਥੇ ਅਸੀਂ ਰੁਕਣ ਦਾ ਫੈਸਲਾ ਕੀਤਾ ਸੀ। ਇਸ ਦੇ ਅਨੁਸਾਰ, ਹਾਲਾਂਕਿ ਅਸੀਂ ਨਿਜ਼ਾਮ ਰਾਜ ਦੇ ਬਹੁਤ ਸਾਰੇ ਪਿੰਡ ਲੰਘੇ, ਸਾਡੇ ਲੋਕਾਂ ਵਿਚੋਂ ਕੋਈ ਵੀ ਸਾਨੂੰ ਮਿਲਣ ਨਹੀਂ ਆਇਆ।

ਇਹ ਦੌਲਤਾਬਾਦ ਵਿਖੇ ਕੁਦਰਤੀ ਤੌਰ 'ਤੇ ਵੱਖਰਾ ਸੀ। ਉਥੇ ਸਾਡੇ ਲੋਕਾਂ ਨੂੰ ਦੱਸਿਆ ਗਿਆ ਸੀ ਕਿ ਅਸੀਂ ਆ ਰਹੇ ਹਾਂ। ਸ਼ਹਿਰ ਦੇ ਪ੍ਰਵੇਸ਼ ਦੁਆਰ ਤੇ ਇਕੱਠੇ ਹੋਏ ਸਨ, ਉਹ ਸਾਡੀ ਉਡੀਕ ਕਰ ਰਹੇ ਸਨ ਅਤੇ ਉਨ੍ਹਾਂ ਨੇ ਸਾਨੂੰ ਹੇਠਾਂ ਉਤਰਣ ਲਈ ਕਿਹਾ ਅਤੇ ਪਹਿਲਾਂ ਚਾਹ ਅਤੇ ਜਲ ਪਾਨ ਲਈ ਕਿਹਾ, ਅਤੇ ਫਿਰ ਕਿਲ੍ਹਾ ਦੇਖਣ ਲਈ ਜਾਣ ਲਈ ਕਿਹਾ। ਅਸੀਂ ਉਨ੍ਹਾਂ ਦੇ ਪ੍ਰਸਤਾਵ ਨਾਲ ਸਹਿਮਤ ਨਹੀਂ ਹੋਏ। ਅਸੀਂ ਚਾਹ ਬਹੁਤ ਬੁਰੀ ਤਰ੍ਹਾਂ ਚਾਹੁੰਦੇ ਸੀ, ਪਰ ਅਸੀਂ ਸ਼ਾਮ ਹੋਣ ਤੋਂ ਪਹਿਲਾਂ ਕਿਲ੍ਹੇ ਨੂੰ ਵੇਖਣਾ ਚਾਹੁੰਦੇ ਸੀ ਇਸ ਲਈ ਕਾਫ਼ੀ ਸਮਾਂ ਚਾਹੁੰਦੇ ਸੀ। ਇਸ ਲਈ ਅਸੀਂ ਕਿਲ੍ਹੇ ਲਈ ਰਵਾਨਾ ਹੋਏ, ਅਤੇ ਆਪਣੇ ਲੋਕਾਂ ਨੂੰ ਕਿਹਾ ਕਿ ਅਸੀਂ ਵਾਪਸ ਪਰਤਦਿਆਂ ਚਾਹ ਲੈ ਲਵਾਂਗੇ। ਇਸ ਅਨੁਸਾਰ ਅਸੀਂ ਆਪਣੇ ਡਰਾਈਵਰਾਂ ਨੂੰ ਅੱਗੇ ਵਧਣ ਲਈ ਕਿਹਾ ਅਤੇ ਕੁਝ ਹੀ ਮਿੰਟਾਂ ਵਿਚ ਅਸੀਂ ਕਿਲ੍ਹੇ ਦੇ ਗੇਟ ਤੇ ਆ ਗਏ।



ਰਮਜਾਨ ਦਾ ਮਹੀਨਾ ਸੀ, ਮੁਸਲਮਾਨਾ ਲਈ ਰੋਜੇ ਰਖਣ ਦਾ ਮਹੀਨਾ ਸੀ। ਕਿਲ੍ਹੇ ਦੇ ਫਾਟਕ ਦੇ ਬਿਲਕੁਲ ਬਾਹਰ, ਪਾਣੀ ਦੀ ਇੱਕ ਛੋਟੀ ਜਿਹੀ ਟੈਂਕੀ ਸੀ ਜੋ ਕਿ ਪੂਰੀ ਤਰਾਂ ਭਰੀ ਹੋਈ ਸੀ। ਚਾਰੇ ਪਾਸੇ ਪੱਥਰ ਦਾ ਫਰਸ਼ ਬਮਾਇਆ ਹੋਇਆ ਸੀ। ਯਾਤਰਾ ਦੌਰਾਨ ਸਾਡੇ ਚਿਹਰੇ, ਸਰੀਰ ਅਤੇ ਕੱਪੜੇ ਮਿੱਟੀ ਨਾਲ ਭਰੇ ਹੋਏ ਸਨ, ਅਤੇ ਅਸੀਂ ਸਾਰੇ ਧੋਣ ਦੀ ਇੱਛਾ ਰੱਖਦੇ ਸੀ। ਬਿਨਾਂ ਕਿਸੇ ਸੋਚੇ ਸਮਝੇ, ਪਾਰਟੀ ਦੇ ਕੁਝ ਮੈਂਬਰਾਂ ਨੇ ਟੈਂਕੀ ਦੇ ਪਾਣੀ ਨਾਲ ਫੁੱਟਪਾਥ 'ਤੇ ਆਪਣੇ ਮੂੰਹ ਅਤੇ ਪੈਰ ਧੋਤੇ। ਇਸ ਅਸਥਾਨ ਤੋਂ ਬਾਅਦ, ਅਸੀਂ ਕਿਲ੍ਹੇ ਦੇ ਗੇਟ ਤੇ ਚਲੇ ਗਏ। ਅੰਦਰ ਹਥਿਆਰਬੰਦ ਸਿਪਾਹੀ ਸਨ। ਉਨ੍ਹਾਂ ਨੇ ਵੱਡੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਸਾਨੂੰ ਗੋਲਾਈਦਾਰ ਗੇਟ ਵਿਚ ਦਾਖਲ ਕਰ ਲਿਆ।

ਅਸੀਂ ਹੁਣੇ ਹੀ ਗਾਰਡ ਨੂੰ ਕਿਲ੍ਹੇ ਵਿਚ ਜਾਣ ਦੀ ਇਜਾਜ਼ਤ ਲੈਣ ਦੀ ਪ੍ਰਕਿਰਿਆ ਬਾਰੇ ਪੁੱਛਣਾ ਸ਼ੁਰੂ ਕੀਤਾ। ਇਸੇ ਦੌਰਾਨ ਇੱਕ ਚਿੱਟੀ ਦਾੜ੍ਹੀ ਵਾਲਾ ਬੁੱਢਾ ਮੁਸਲਮਾਨ ਉੱਚੀ ਆਵਾਜ਼ ਵਿੱਚ ਆਖ ਰਿਹਾ ਸੀ "ਢੇਡਾਂ (ਭਾਵ ਅਛੂਤਾਂ) ਨੇ ਟੈਂਕ ਨੂੰ ਭਿਟ ਦਿਤਾ ਹੈ!" ਜਲਦੀ ਹੀ ਕਈ ਸਾਰੇ ਨੌਜਵਾਨ ਬੁੱਢੇ ਮੁਸਨਮਾਨ ਦੇ ਜੋ ਨਜ਼ਦੀਕੀ ਸਨ, ਉਸ ਨਾਲਜੁੜ ਗਏ ਅਤੇ ਸਾਰੇ ਸਾਡੇ ਨਾਲ ਬਦਸਲੂਕੀ ਕਰਨ ਲੱਗੇ। ਢੇਡ ਹੰਕਾਰੀ ਹੋ ਗਏ ਹਨ। ਢੇਡ ਆਪਣੇ ਧਰਮ ਨੂੰ ਭੁੱਲ ਗਏ ਹਨ (ਅਰਥਾਤ ਨੀਵੇਂ ਅਤੇ ਨੀਚੇ ਰਹਿਣ ਲਈ)। ਢੇਡਾਂ ਨੂੰ ਜ਼ਰੂਰ ਸਬਕ ਸਿਖਾਇਆ ਜਾਣਾ ਚਾਹੀਦਾ ਹੈ।" ਉਹ ਇੱਕ ਬਹੁਤ ਹੀ ਖ਼ਤਰਨਾਕ ਮਹੌਲ ਬਣਾ ਲਿਆ ਸੀ।

ਅਸੀਂ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਬਾਹਰਲੇ ਲੋਕ ਸੀ ਅਤੇ ਸਥਾਨਕ ਰਿਵਾਜ ਨੂੰ ਨਹੀਂ ਜਾਣਦੇ। ਉਨ੍ਹਾਂ ਨੇ ਆਪਣੇ ਗੁੱਸੇ ਦੀ ਅੱਗ ਨੂੰ ਸਥਾਨਕ ਅਛੂਤ ਲੋਕਾਂ ਦੇ ਵਿਰੁੱਧ ਕਢੀ, ਜਿਹੜੇ ਉਸ ਸਮੇਂ ਗੇਟ ਤੇ ਪਹੁੰਚ ਗਏ ਸਨ। "ਤੁਸੀਂ ਇਨ੍ਹਾਂ ਬਾਹਰੀ ਲੋਕਾਂ ਨੂੰ ਇਹ ਕਿਉਂ ਨਹੀਂ ਦੱਸਿਆ ਕਿ ਇਸ ਸਰੋਵਰ ਨੂੰ ਅਛੂਤ ਲੋਕ ਨਹੀਂ ਵਰਤ ਸਕਦੇ?" ਉਹ ਪ੍ਰਸ਼ਨ ਸੀ ਜੋ ਉਹ ਉਨ੍ਹਾਂ ਗਰੀਬ ਲੋਕਾਂ ਨੂੰ ਪੁੱਛਦੇ ਰਹੇ! ਅਸੀ ਕਿਹਾ ਜਦੋਂ ਅਸੀਂ ਟੈਂਕੀ ਨੇੜੇ ਆਏ ਤਾਂ ਉਹ ਉਥੇ ਨਹੀਂ ਸਨ। ਇਹ ਸੱਚਮੁੱਚ ਸਾਡੀ ਗਲਤੀ ਸੀ, ਕਿਉਂਕਿ ਅਸੀਂ ਬਿਨਾਂ ਜਾਂਚ ਕੀਤੇ ਕੰਮ ਕੀਤਾ। ਸਥਾਨਕ ਅਛੂਤ ਲੋਕਾਂ ਨੇ ਵਿਰੋਧ ਕੀਤਾ ਕਿ ਇਹ ਉਨ੍ਹਾਂ ਦਾ ਕਸੂਰ ਨਹੀਂ ਸੀ।

ਪਰ ਮੁਸਲਮਾਨ ਲੋਕ ਮੇਰੀ ਗਲ ਸੁਣਨ ਲਈ ਤਿਆਰ ਨਹੀਂ ਸਨ। ਉਹ ਉਨ੍ਹਾਂ ਨਾਲ ਅਤੇ ਸਾਡੇ ਨਾਲ ਬਦਸਲੂਕੀ ਕਰਦੇ ਗਾਲਾਂ ਦਿੰਦੇ ਰਹੇ। ਗਾਲਾਂ ਐਨੀਆਂ ਅਸ਼ਲੀਲ ਸਨ ਕਿ ਇਸ ਨੇ ਸਾਨੂੰ ਬਹੁਤ ਪਰੇਸ਼ਾਨ ਕੀਤਾ। ਇੱਥੇ ਆਸਾਨੀ ਨਾਲ ਦੰਗੇ ਹੋ ਸਕਦੇ ਸਨ, ਅਤੇ ਸੰਭਾਵਤ ਤੌਰ 'ਤੇ ਕਤਲ ਹੋ ਸਕਦੇ ਸਨ। ਸਾਨੂੰ ਆਪਣੇ ਆਪ ਨੂੰ ਕਾਬੂ ਵਿਚ ਰੱਖਣਾ ਪਿਆ। ਅਸੀਂ ਕਿਸੇ ਅਪਰਾਧਿਕ ਕੇਸ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਸੀ ਜੋ ਸਾਡੇ ਦੌਰੇ ਨੂੰ ਅਚਾਨਕ ਖਤਮ ਕਰ ਦੇਵੇ।

ਭੀੜ ਵਿਚ ਇਕ ਨੌਜਵਾਨ ਮੁਸਲਮਾਨ ਇਹ ਕਹਿੰਦਾ ਰਿਹਾ ਕਿ ਹਰੇਕ ਨੂੰ ਆਪਣੇ ਧਰਮ ਪਾਲਣ ਕਰਨਾ ਚਾਹੀਦਾ ਹੈ, ਜਿਸਦਾ ਅਰਥ ਹੈ ਕਿ ਅਛੂਤਾਂ ਨੂੰ ਜਨਤਕ ਤਲਾਬ ਅਤੇ ਟੈਕੀਆਂ ਤੋਂ ਪਾਣੀ ਨਹੀਂ ਲੈਣਾ ਚਾਹੀਦਾ। ਮੈਂ ਕਾਫ਼ੀ ਬੇਚੈਨ ਹੋ ਗਿਆ ਸੀ, ਅਤੇ ਉਸ ਨੂੰ ਕੁਝ ਗੁੱਸੇ ਵਿਚ ਭਰੇ ਲਹਿਜੇ ਵਿਚ ਪੁੱਛਿਆ, "ਕੀ ਇਹ ਹੀ ਉਹ ਹੈ ਜੋ ਤੁਹਾਡਾ ਧਰਮ ਸਿਖਾਉਂਦਾ ਹੈ? ਕੀ ਤੁਸੀਂ ਕਿਸੇ ਅਛੂਤ ਨੂੰ ਇਸ ਸਰੋਵਰ ਵਿਚੋਂ ਪਾਣੀ ਲੈਣ ਤੋਂ ਰੋਕਦੇ ਹੋ ਜੇ ਉਹ ਮੁਸਲਮਾਨ ਬਣ ਜਾਂਦਾ ਹੈ?" ਇਨ੍ਹਾਂ ਸਿੱਧੇ ਪ੍ਰਸ਼ਨਾਂ ਦਾ ਮੁਸਲਮਾਨ ਲੋਕਾਂ ਉੱਤੇ ਅਸਰ ਹੋਇਆ ਜਾਪਦਾ ਸੀ। ਉਨ੍ਹਾਂ ਨੇ ਕੋਈ ਜਵਾਬ ਨਾ ਦਿੱਤਾ ਅਤੇ ਚੁੱਪ ਹੋ ਗਏ।

ਗਾਰਡ ਵੱਲ ਮੁੜਦਿਆਂ ਮੈਂ ਫਿਰ ਗੁੱਸੇ ਵਿਚ ਆਵਾਜ਼ ਵਿਚ ਕਿਹਾ, "ਕੀ ਅਸੀਂ ਕਿਲ੍ਹੇ ਵਿਚ ਜਾ ਸਕਦੇ ਹਾਂ ਜਾਂ ਨਹੀਂ? ਸਾਨੂੰ ਦੱਸੋ; ਜੇ ਅਸੀਂ ਨਹੀਂ ਕਰ ਸਕਦੇ ਤਾਂ ਅਸੀਂ ਇੱਥੇ ਰੁਕਣਾ ਨਹੀਂ ਚਾਹੁੰਦੇ।" ਗਾਰਡ ਨੇ ਮੇਰਾ ਨਾਮ ਪੁੱਛਿਆ। ਮੈਂ ਇਸਨੂੰ ਕਾਗਜ਼ ਦੇ ਟੁਕੜੇ ਤੇ ਲਿਖ ਦਿੱਤਾ। ਉਹ ਇਸ ਨੂੰ ਅੰਦਰ ਸੁਪਰਡੈਂਟ ਕੋਲ ਲੈ ਗਿਆ, ਅਤੇ ਬਾਹਰ ਆ ਗਿਆ। ਸਾਨੂੰ ਦੱਸਿਆ ਗਿਆ ਸੀ ਕਿ ਅਸੀਂ ਕਿਲ੍ਹੇ ਵਿਚ ਜਾ ਸਕਦੇ ਹਾਂ, ਪਰ ਅਸੀਂ ਕਿਲ੍ਹੇ ਵਿਚ ਕਿਤੇ ਵੀ ਪਾਣੀ ਨੂੰ ਛੂਹ ਨਹੀਂ ਸਕਦੇ; ਅਤੇ ਇਕ ਹਥਿਆਰਬੰਦ ਸਿਪਾਹੀ ਨੂੰ ਆਦੇਸ਼ ਦਿੱਤਾ ਗਿਆ ਕਿ ਉਹ ਸਾਡੇ ਨਾਲ ਚੱਲੇ ਇਹ ਵੇਖਣ ਲਈ ਕਿ ਅਸੀਂ ਆਰਡਰ ਦਾ ਉਲੰਘਣ ਨਾਂ ਕਰੀਏ।

ਮੈਂ ਇਹ ਦਰਸਾਉਣ ਲਈ ਇਕ ਉਦਾਹਰਣ ਦਿੱਤਾ ਕਿ ਜਿਹੜਾ ਵਿਅਕਤੀ ਹਿੰਦੂਆਂ ਵਿੱਚ ਅਛੂਤ ਹੈ ਉਹ ਪਾਰਸੀ ਲਈ ਵੀ ਅਛੂਤ ਹੈ। ਇਹ ਪਤਾ ਲਗਦਾ ਹੈ ਕਿ ਜਿਹੜਾ ਵਿਅਕਤੀ ਹਿੰਦੂਆਂ ਵਿੱਚ ਅਛੂਤ ਹੈ, ਉਹ ਮੁਸਲਮਾਨਾਂ ਦੇ ਲਈ ਵੀ ਅਛੂਤ ਹੀ ਹੈ।


*(ਅਨੁਵਾਦ ਕਰਤਾ)*
*ਇੰਜ. ਹਰਦੀਪ ਸਿੰਘ ਚੁੰਬਰ 91-94636-01616*

# "ਮੈਂ ਇੱਕ ਮੌਕਾਪ੍ਰਸਤ ਹਾਂ" ਕਾਂਸ਼ੀ ਰਾਮ

1991 ਦੀਆਂ ਲੋਕ ਸਭਾ ਜ਼ਮਿਨੀ ਚੋਣਾਂ ਵਿਚ ਬਸਪਾ ਦੇ ਉ-ਮੀਦਵਾਰ ਕਾਂਸ਼ੀ ਰਾਮ ਨੂੰ 1 ਲੱਖ 44 ਹਜ਼ਾਰ 290 ਵੋਟਾਂ ਪਈਆਂ ਅਤੇ ਉਨ੍ਹਾਂ ਦੇ ਨਿਕਟ ਵਿਰੋਧੀ ਭਾਜਪਾ ਉਮੀਦਵਾਰ ਲਾਲ ਸਿੰਘ ਵਰਮਾ ਨੂੰ 1 ਲੱਖ 21 ਹਜ਼ਾਰ 824 ਵੋਟਾਂ ਮਿਲੀਆਂ ਸਨ। ਇਸ ਦੇ ਨਾਲ ਹੀ ਮੁਲਾਇਮ ਸਿੰਘ ਦੀ ਆਪਣੀ ਜਨਤਾ ਪਾਰਟੀ ਦਾ ਮੁਕਾਬਲਾ ਕਰਨ ਵਾਲੇ ਰਾਮ ਸਿੰਘ ਸ਼ਾਕਿਆ ਨੂੰ ਸਿਰਫ 82,624 ਵੋਟਾਂ ਹੀ ਮਿਲੀਆਂ।

1991 ਵਿੱਚ ਇਟਾਵਾ ਦੇ ਉੱਪ ਚੋਣ ਜਿੱਤਣ ਤੋਂ ਬਾਅਦ ਕਾਂਸ਼ੀਰਾਮ ਕਾਫੀ ਉਤਸਾਹ ਵਿੱਚ ਸਨ। ਉਹਨਾ ਦੀ ਇੱਕ ਇੰਟਰਵਿਊ ਪੜਕੇ ਮੁਲਾਇਮ ਸਿੰਘ ਯਾਦਵ ਨੇ ਦਿੱਲੀ ਵਿੱਖੇ ਉਙਨਾ ਦੀ ਰਹਾਇਸ਼ ਉਤੇ ਪਹੁੰਚ ਮੁਲਾਕਾਤ ਕੀਤੀ ਅਤੇ ਰਾਜਨੀਤਿਕ ਸਮੀਕਰਣ ਵਾਰੇ ਗਲਬਾਤ ਕੀਤੀ ਸੀ। ਉਸ ਸਮੇ ਕਾਂਸ਼ੀਰਾਮ ਨੇ ਮੁਲਾਇਮ ਸਿੰਘ ਨੂੰ ਨਵੀਂ ਪਾਰਟੀ ਬਨਾਉਣ ਦੀ ਸਲਾਹ ਦਿਤੀ ਸੀ। ਇਸ ਦੇ ਬਾਅਦ ਮੁਲਾਇਮ ਸਿੰਘ ਯਾਦਵ ਨੇ ਸਮਾਜਵਾਦੀ ਪਾਰਟੀ ਦਾ 1992 ਵਿੱਚ ਗਠਨ ਕੀਤਾ। ਇਸ ਨਾਲ ਦੋਨਾ ਨੂੰ ਲਾਭ ਹੋਇਆ। ਬਸਪਾ ਜਿਹੜੀ 12-13 ਸ਼ੀਟਾ ਹੀ ਜਿਤਦੀ ਆ ਰਹੀ ਸੀ 1993 ਵਿੱ-ਚਬਸਪਾ 164 ਸ਼ੀਟਾਂ ਉਤੇ ਚੋਣ ਲੜੀ 67 ਜਿੱਤੇ ਅਤੇ ਸਪਾ 256 ਉਤੇ ਚੋਣ ਲੜੀ 109 ਉੱਤੇ ਜਿੱਤ ਪ੍ਰਾਪਤ ਕੀਤੀ।

ਮੁਲਾਇਮ ਸਿੰਘ ਯਾਦਵ ਦੇ ਨੇਤ੍ਰਿਤਵ ਵਿੱਚ ਸਰਕਾਰ ਬਣੀ। ਹਾਲਾਂਕਿ ਕੁਝ ਮਹੀਨਿਆਂ ਤੋਂ ਸਬੰਧਾਂ ਵਿਚ ਫਸਿਆ ਤਣਾਅ ਨਜ਼ਰ ਆ ਰਿਹਾ ਸੀ, ਮੁਲਾਇਮ ਸਿੰਘ ਹੈਰਾਨ ਹੋ ਗਿਆ। ਕੁਝ ਦਿਨ ਪਹਿਲਾਂ ਉਨ੍ਹਾਂ ਦੀ ਮੀਟਿੰਗ ਵਿਚ ਬਸਪਾ ਮੁਖੀ ਕਾਂਸ਼ੀਰਾਮ ਨਾਲ ਹੋਈ ਸੀ ਉਹਨਾ ਨੇ ਆਪਣੀ ਯੋਜਨਾ ਦਾ ਕੋਈ ਸੰਕੇਤ ਨਹੀਂ ਦਿੱਤਾ ਸੀ। ਉਨ੍ਹਾਂ ਦੀ ਗੱਠਜੋੜ ਦੀ ਸਰਕਾਰ ਉਦੋਂ ਹਾਲੇ ਕਾਈ ਡੇਢ ਕੂ ਸਾਲ ਚਲੀ ਸੀ।



1 ਜੂਨ, 1995 ਨੂੰ, ਜਦੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਨੇ ਰਾਜ ਭਰ ਤੋਂ ਸਮਾਜਵਾਦੀ ਪਾਰਟੀ (ਸਪਾ) ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ, ਤਾਂ ਪੀ ਐਲ ਪੂਨੀਆ, ਜੋ ਉਸ ਵੇਲੇ ਮੁੱਖ ਮੰਤਰੀ ਦਫ਼ਤਰ ਵਿੱਚ ਪ੍ਰਭਾਵਸ਼ਾਲੀ ਆਈਏਐਸ ਅਧਿਕਾਰੀ ਸਨ, ਬਿਨਾਂ ਰੁਕੇ ਚੱਲੇ ਗਏ। ਮੁਲਾਇਮ ਦਾ ਰੰਗ ਬਦਲਿਆ ਜਦੋਂ ਉਸਨੇ ਪੂਨੀਆ ਦਾ ਦਿੱਤਾ ਨੋਟ ਪੜ੍ਹਿਆ। ਮੁੱਖ ਮੰਤਰੀ ਮੁਲਾਇਮ ਸਿੰਘ ਨੇ ਐਲਾਨ ਕੀਤਾ ਕਿ ਪਾਰਟੀ ਵਰਕਰਾਂ ਨੂੰ ਚੋਣਾਂ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਅਚਾਨਕ ਬੈਠਕ ਖ਼ਤਮ ਕੀਤੀ ਗਈ। ਇਕੱਠੇ ਹੋਏ ਸਪਾ ਜ਼ਲ੍ਹਿਾ ਇਕਾਈ ਦੇ ਮੁਖੀਆਂ ਨੂੰ ਬਾਅਦ ਵਿਚ ਪਤਾ ਲੱਗਿਆ ਕਿ ਪੂਨੀਆ ਮੁਲਾਇਮ ਨੂੰ ਇਹ ਦੱਸਣ ਆਏ ਹਨ ਕਿ ਬਹੁਜਨ ਸਮਾਜ ਪਾਰਟੀ (ਬਸਪਾ) ਆਪਣੀ ਗੱਠਜੋੜ ਸਰਕਾਰ 'ਤੇ ਤਖਤਾ ਪਲਟਣ ਵਾਲੀ ਹੈ।

ਕਈ ਸਪਾ ਨੇਤਾਵਾਂ ਦਾ ਵਿਚਾਰ ਸੀ ਕਿ ਸਰਕਾਰ ਨੂੰ ਬਚਾਉਣ ਲਈ ਬਸਪਾ ਨੂੰ ਤੋੜਨ ਦੀ ਕੋਸ਼ਿਸ਼ਿ ਕੀਤੀ ਜਾਣੀ ਚਾਹੀਦੀ ਹੈ। 2 ਜੂਨ ਦੀ ਸ਼ਾਮ ਨੂੰ ਪਾਰਟੀ ਦੀ ਲੀਡਰਸਿਪ ਵੱਲੋਂ ਕਿਸੇ ਸਪੱਸ਼ਟ ਇਤਰਾਜ਼ ਤੋਂ ਬਿਨਾਂ ਸਪਾ ਦੇ ਕੁਝ ਵਿਧਾਇਕ ਅਤੇ ਜਿਲ੍ਹਾ ਪੱਧਰੀ ਨੇਤਾ ਲਖਨਊ ਦੇ ਸਟੇਟ ਗੈਸਟ ਹਾਊਸ ਪਹੁੰਚੇ, ਜਿਥੇ ਕਾਂਸ਼ੀ ਰਾਮ ਦੀ ਸਭ ਤੋਂ ਨਜ਼ਦੀਕੀ ਸਹਿਯੋਗੀ ਅਤੇ ਬਸਪਾ ਦੀ ਤਤਕਾਲੀ ਜਨਰਲ ਸੱਕਤਰ ਮਾਇਆਵਤੀ ਆਪਣੇ ਵਿਧਾਇਕਾਂ ਨੂੰ ਮਿਲ ਰਹੀ ਸੀ।

ਮੁਲਾਇਮ ਸਿੰਘ ਯਾਦਵ ਦੇ ਆਦਮੀਆਂ ਦੁਆਰਾ ਇਸ ਦੀ ਬਿਜਲੀ ਅਤੇ ਪਾਣੀ ਦੀ ਸਪਲਾਈ ਕੱਟ ਦਿੱਤੀ ਗਈ ਸੀ। ਬਹੁਜਨ ਸਮਾਜ ਪਾਰਟੀ (ਬਸਪਾ) ਦੇ ਨੇਤਾ ਨੇ ਆਪਣੇ 40 ਵਿਧਾਇਕਾਂ ਨਾਲ ਗੈਸਟ ਹਾਊਸ ਵਿਚ ਸ਼ਰਨ ਲਈ ਹੋਈ ਸੀ ਅਤੇ ਸਮਾਜਵਾਦੀ ਪਾਰਟੀ (ਸਪਾ) ਦੇ ਵਰਕਰਾਂ ਨੇ ਗੈਸਟ ਹਾਊਸ ਤੋਂ ਬਸਪਾ ਦੇ ਪੰਜ ਵਿਧਾਇਕਾਂ ਨੂੰ ਘਸੀਟ ਕੇ ਲੈ ਜਾਣ ਤੋਂ ਬਾਅਦ ਇਸ ਨੂੰ ਅੰਦਰ ਹੀ ਕੁੱਟਿਆ। ਮਾਇਆਵਤੀ ਲਖਨਊ ਦੇ ਰਾਜ ਦੇ ਗੈਸਟ ਹਾਊਸ ਦੇ ਗਰਮੀ ਨਾਲ ਭਰੇ ਹੋਏ ਬੰਦ ਸੂਟ ਨੰਬਰ 1 ਵਿਚ ਵਰਚੁਅਲ ਕੈਦ ਵਿਚ ਸੀ।

ਅੱਧੀ ਰਾਤ ਦੇ ਸਮੇਂ, ਜਦੋਂ ਸਪਾ ਦੇ ਵਰਕਰ ਬਾਹਰ ਗਾਲਾਂ ਕੱਢਣ ਅਤੇ ਮਾਰਨ ਦੀਆਂ ਧਮਕੀਆਂ ਦੇ ਰਹੇ ਸਨ ਤਾਂ, ਮਾਇਆਵਤੀ ਨੇ ਕੇਂਦਰੀ ਗ੍ਰਹਿ ਮੰਤਰੀ ਐਸ.ਬੀ. ਚਵਾਨ ਅਤੇ ਨਵੀਂ ਦਿੱਲੀ ਵਿੱਚ ਭਾਜਪਾ ਅਤੇ ਜਨਤਾ ਦਲ ਦੇ ਨੇਤਾ ਨਾਲ ਮਿਲਕੇ ਗੱਠਜੋੜ ਤਹਿ ਕਰ ਲਿਆ ਸੀ। ਚੌਵੀ ਘੰਟਿਆਂ ਬਾਅਦ, ਉਸੇ ਸਮੇਂ ਮਾਇਆਵਤੀ ਨੇ ਉੱਤਰ ਪ੍ਰਦੇਸ਼ ਦੀ ਪਹਿਲੀ ਦਲਿਤ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਜਦੋਂ ਕਿ ਉਸਨੂੰ ਧਮਕੀਆਂ ਗਾਲ਼ਾਂ ਦੇਣ ਵਾਲੇ ਮੁਲਾਇਮ ਸਿੰਘ ਯਾਦਵ ਸਮਾਰੋਹ ਵਿਚ ਸਿਰਫ ਦਰਸ਼ਕ ਬਣ ਕੇ ਰਹਿ ਗਏ ਸਨ। ਇਹ ਨਾਟਕੀ ਬਦਲਾਅ ਰਾਜ ਲਈ ਰਾਜਨੀਤਿਕ ਤੌਰ 'ਤੇ ਉਨਾ ਮਹੱਤਵਪੂਰਨ ਹੈ ਕਿਉਂਕਿ 39 ਸਾਲਾ ਦਲਿਤ ਨੇਤਾ, ਜੋ ਦਿੱਲੀ ਵਿਚ ਸਕੂਲ ਅਧਿਆਪਕ ਹੋਣ ਤੋਂ ਬਾਅਦ ਭਾਰਤ ਦੇ ਸਭ ਤੋਂ ਵੱਧ ਆਬਾਦੀ ਵਾਲੇ ਰਾਜ ਦਾ ਮੁੱਖ ਮੰਤਰੀ ਬਣ ਗਈ ਸੀ।

ਕਾਂਸ਼ੀ ਰਾਮ, ਸਿਰਫ ਮਜ਼ਾਕ ਦੀ ਭਾਵਨਾ ਨਾਲ ਹੀ ਨਹੀਂ ਕਹਿੰਦੇ ਸਨ ਜਦੋਂ ਉਹ ਕਹਿੰਦੇ ਸਨ, "ਮੈਂ ਇੱਕ ਮੌਕਾਪ੍ਰਸਤ ਹਾਂ।" ਜਦੋਂ ਉਹ ਸਿੱਧੇ ਤੌਰ ਉਤੇ ਘੋਸ਼ਣਾ ਕਰਦਾ ਸਨ, "ਮੈਂ ਵੇਚਣ ਲਈ ਆਇਆ ਹਾਂ। ਬਹੁਤ ਸਾਰੇ ਖਰੀਦਦਾਰ ਮੇਰੇ ਦਰਵਾਜ਼ੇ ਤੇ ਆਏ ਹਨ।" ਕਾਂਸ਼ੀ ਦੀ ਮੌਤ ਗੰਭੀਰ ਹੈ। ਜਦੋਂ ਤੋਂ ਚੋਣਾਂ 1998 ਇੱਕ ਹਕੀਕਤ ਬਣ ਗਈਆਂ, ਵੱਖ-ਵੱਖ ਪਾਰ-ਟੀਆਂ- ਰਾਸ਼ਟਰੀ ਅਤੇ ਖੇਤਰੀ - ਗੱਠਜੋੜ ਦੀ ਉਮੀਦ ਵਿੱਚ, ਦਿੱਲੀ ਵਿੱਚ ਉਸਦੀ ਰਿਹਾਇਸ਼ ਦੇ ਬਾਹਰ ਕਤਾਰਾਂ ਵਿੱਚ ਖੜੀਆਂ ਹੋਈਆਂ ਹਨ। ਫੋਨ ਵੱਜਣਾ ਬੰਦ ਨਹੀਂ ਹੋਇਆ ਹੈ। ਇਹਨਾ ਵਿੱਚ ਕਾਂਗਰਸ ਪ੍ਰਧਾਨ ਸੀਤਾਰਾਮ ਕੇਸਰੀ,ਭਾਜਪਾ ਦੇ ਅਟਲ ਬਿਹਾਰੀ ਵਾਜਪਾਈ, ਲੰਬੇ ਸਮੇਂ ਤੋਂ ਦੁਸ਼ਮਣ ਮੁਲਾਇਮ ਸਿੰਘ ਯਾਦਵ, ਲਾਲੂ ਪ੍ਰਸਾਦ ਯਾਦਵ, ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਸ਼ੰਕਰ ਸਿੰਘ ਵਾਘੇਲਾ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਸਨ।

**ਇੰਜ. ਹਰਦੀਪ ਸਿੰਘ ਚੁੰਬਰ 9463601616**

## 22 ਮਈ, 2021 ਲਈ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਸਬੰਧੀ ਵਿਸ਼ੇਸ਼

# ਸਾਲ 2021 ਦਾ ਮੁੱਖ ਵਿਸ਼ਾ ਹੈ -ਅਸੀਂ ਹੱਲ ਦਾ ਹਿੱਸਾ ਹਾਂ ਕੁਦਰਤ ਲਈ



ਕੁਲਦੀਪ ਚੰਦ
91-9417563054

ਅੱਜ ਦਾ ਦਿਨ 22 ਮਈ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਦੇ ਤੋਰ ਤੇ ਮਨਾਇਆ ਜਾਂਦਾ ਹੈ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ। ਇਸਦੀ ਸ਼ੁਰੂਆਤ ਰਿਓ ਡੀ ਜਨੇਰੋ ਬ੍ਰਾਜ਼ੀਲ ਵਿਖੇ ਸਾਲ 1992 ਨੂੰ ਕਰਵਾਏ ਗਏ ਸੰਮੇਲਨ ਤੋਂ ਹੋਈ ਸੀ। ਅੰਤਰ ਰਾਸਟਰੀ ਜੈਵਿਕ ਵਿਭਿੰਨਤਾ ਦਿਵਸ ਦਾ ਇਸ ਵਾਰ ਦਾ ਵਿਸ਼ਾ ਹੈ -ਅਸੀਂ ਹੱਲ ਦਾ ਹਿੱਸਾ ਹਾਂ//ਕੁਦਰਤ ਲਈ। ਜੈਵਿਕ ਵਿਭਿੰਨਤਾ ਦੇ ਪਿਤਾਮਾ ਕਹੇ ਜਾਂਦੇ ਪ੍ਰਸਿੱਧ ਅਮਰੀਕੀ ਵਿਗਿਆਨੀ ਈ.ਓ. ਵਿਲਸਨ ਨੇ ਜੀਵ ਵਿਭਿੰਨਤਾ ਨੂੰ ਜੀਵਨ ਦਾ ਕੱਚਾ ਮਾਲ ਮੰਨਿਆ ਹੈ। ਇੱਕ ਅੰਦਾਜ਼ੇ ਮੁਤਾਬਕ ਜੀਵ ਵਿਭਿੰਨਤਾ ਦੀ ਗਿਣਤੀ ਲੱਗਭੱਗ ਇੱਕ ਕਰੋੜ ਛੱਤੀ ਲੱਖ ਵੀਹ ਹਜ਼ਾਰ ਹੈ ਜਦੋਂ ਕਿ ਵਿਗਿਆਨੀ ਹੁਣ ਤੱਕ ਸਿਰਫ 17 ਲੱਖ ਕਿਸਮਾਂ ਹੀ ਲੱਭ ਸਕੇ ਹਨ। ਧਰਤੀ ਇੱਕ ਅਜਿਹਾ ਗ੍ਰਹਿ ਹੈ ਜਿੱਥੇ ਹਰ ਤਰਾਂ ਦਾ ਜੀਵਨ ਹੈ। ਇੱਥੇ ਸੂਖਮ ਪੌਦਿਆਂ ਤੋਂ ਲੈ ਕੇ ਵਿਸ਼ਾਲ ਪੌਦੇ ਮੌਜੂਦ ਹਨ, ਸੂਖਮ ਅਮੀਬਾ ਤੋਂ ਲੈ ਕੇ ਵਿਸ਼ਾਲ ਵੇਲ੍ਹ ਮੱਛੀ ਵਰਗੇ ਵਿਸ਼ਾਲ ਪ੍ਰਾਣੀ ਵੀ ਹਨ। ਪ੍ਰਕਿਰਤੀ ਦਾ ਵਿਕਾਸ ਕਰੋੜਾਂ ਸਾਲਾਂ ਦੀ ਲੰਬੀ ਪ੍ਰਕਿਰਿਆਂ ਤੋਂ ਬਾਅਦ ਹੋਇਆ ਹੈ। ਸਮੇਂ ਸਮੇਂ ਤੇ ਕਈ ਜੀਵਾਂ ਦੀ ਉਤਪਤੀ ਹੋਈ ਅਤੇ ਇਹਨਾਂ ਵਿੱਚੋਂ ਕਈ ਜੀਵ ਸਮੇਂ-ਸਮੇਂ ਤੇ ਅਲੋਪ ਵੀ ਹੋ ਗਏ, ਜਿਵੇਂ ਡਾਇਨਾਸੋਰ ਅਤੇ ਉਸਦੀਆਂ ਹੋਰ ਪ੍ਰਜਾਤੀਆਂ ਅੱਜ ਤੋਂ ਲਗਭੱਗ 7.5 ਕਰੋੜ ਸਾਲਾਂ ਪਹਿਲਾਂ ਹੀ ਧਰਤੀ ਤੋਂ ਖਤਮ ਹੋ ਗਈਆਂ। ਜੈਵ-ਵਿਭਿੰਨਤਾ ਪ੍ਰਕਿਰਤਿਕ ਸੰਤੁਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਭਾਰਤ ਦੇ ਰਵਾਇਤੀ ਵੈਦ ਪੌਦਿਆਂ ਦੀਆਂ ਲੱਗਭੱਗ 2500 ਕਿਸਮਾਂ ਦੀ ਵਰਤੋਂ ਦਵਾਈਆਂ ਦੇ ਤੌਰ ਤੇ ਵੱਖ-ਵੱਖ ਬੀਮਾਰੀਆਂ ਦੇ ਇਲਾਜ ਲਈ ਕਰਦੇ ਹਨ। ਜੀਵ-ਵਿਭਿੰਨਤਾ ਹਵਾ ਅਤੇ ਜਲ ਸ਼ੁੱਧੀਕਰਨ, ਸੋਕਾ ਅਤੇ ਹੜ੍ਹਾਂ ਨੂੰ ਰੋਕਣਾ, ਪੌਸ਼ਟਿਕ ਤੱਤਾਂ ਦਾ ਚੱਕਰ ਆਦਿ ਲਈ ਵੀ ਮਹੱਤਵਪੂਰਨ ਹੈ। ਮਨੁੱਖੀ ਜਨਸੰਖਿਆ ਵਿੱਚ ਪਿਛਲੇ ਕੁੱਝ ਦਹਾਕਿਆਂ ਦੌਰਾਨ ਅਥਾਹ ਵਾਧਾ ਹੋਇਆ ਹੈ ਜਿਸਦਾ ਭਾਰੀ ਦਬਾਅ ਅਤੇ ਪ੍ਰਭਾਵ ਜੈਵ-ਵਿਭਿੰਨਤਾ ਤੇ ਵੀ ਪਿਆ ਹੈ। ਮਨੁੱਖ ਨੇ ਆਪਣੇ ਵਿਕਾਸ ਲਈ ਧਰਤੀ ਦੇ ਹੋਰ ਜੀਵਾਂ ਦੀ ਅਣਦੇਖੀ ਕੀਤੀ ਹੈ। ਭੋਤਿਕਵਾਦ, ਸ਼ਹਿਰੀਕਰਣ ਅਤੇ ਉਦਯੋਗੀਕਰਣ ਦੀ ਦੋੜ ਵਿੱਚ ਕੁਦਰਤ ਦੇ ਸਾਰੇ ਨਿਯਮਾਂ ਦੀ ਅਣਦੇਖੀ ਕਰ ਦਿੱਤੀ ਹੈ। ਧਰਤੀ ਤੇ ਬਦਲਾਓ ਆਣ ਨਾਲ ਵਿਭਿੰਨ ਪ੍ਰਕਾਰ ਦੀਆਂ ਪ੍ਰਜਾਤੀਆਂ ਵੀ ਵਿਨਾਸ਼ ਦੇ ਮੂੰਹ ਵਿੱਚ ਜਾ ਰਹੀਆਂ ਹਨ। ਵੱਖ ਵੱਖ ਵਿਗਿਆਨੀਆਂ ਅਨੁਸਾਰ 3 ਤੋਂ 5 ਕਰੋੜ ਦੀਆਂ ਪ੍ਰਜਾਤੀਆਂ ਵਿੱਚੋਂ ਲਗਭੱਗ 100 ਪ੍ਰਜਾਤੀਆਂ ਧਰਤੀ ਤੋਂ ਪ੍ਰਤੀਦਿਨ ਖਤਮ ਹੁੰਦੀਆਂ ਜਾ ਰਹੀਆਂ ਹਨ ਅਤੇ ਇਸਦਾ ਮੁੱਖ ਕਾਰਨ ਖੇਤੀ ਨਾਲ ਸਬੰਧਿਤ ਗੱਲਤ ਪਰਿਯੋਜਨਾਵਾਂ, ਉਦਯੋਗਿਕ ਵਿਕਾਸ, ਬੰਨ੍ਹਾਂ ਦਾ ਨਿਰਮਾਣ, ਵਾਤਾਵਰਨ ਵਿੱਚ ਵੱਧ ਰਿਹਾ ਪ੍ਰਦੂਸ਼ਣ, ਭੂਮੀ ਖੋਰਨ ਆਦਿ ਹਨ। ਇੱਕ ਖੋਜ ਅਨੁਸਾਰ ਲਗਭੱਗ 170 ਕਰੋੜ ਹੈਕਟੇਅਰ ਇਲਾਕੇ ਵਿੱਚ ਜੈਵ-ਵਿਭਿੰਨਤਾ ਵਾਲੇ ਜੰਗਲ ਜ਼ਿਆਦਾਤਰ ਅਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਹੀ ਹਨ ਪਰ ਜੰਗਲਾਂ ਦੀ ਕਟਾਈ ਤੋਂ ਹਰ ਸਾਲ ਲੱਗਭੱਗ 50000 ਭਾਵ ਹਰ ਰੋਜ 140 ਜੀਵਾਂ ਦਾ ਵਿਨਾਸ਼ ਹੋ ਰਿਹਾ ਹੈ। ਜੇਕਰ ਜੰਗਲਾਂ ਦੇ ਵਿਨਾਸ਼ ਨੂੰ ਨਾਂ ਰੋਕਿਆ ਗਿਆ ਤਾਂ ਲਗਭੱਗ 2250 ਲੱਖ ਹੈਕਟੇਅਰ ਖੇਤਰ ਵਿੱਚ ਫੈਲੇ ਜੰਗਲਾਂ ਦੇ ਨਸ਼ਟ ਹੋ ਜਾਣ ਦੀ ਸੰਭਾਵਨਾ ਹੈ, ਜਿਸ ਨਾਲ ਲਗਭੱਗ 20 ਫਿਸਦੀ ਬਨਸਪਤੀ ਅਤੇ ਜੀਵ-ਜੰਤੂ ਖਤਮ ਹੋ ਜਾਣਗੇ। ਜੀਵ-ਵਿਭਿੰਨਤਾ ਦੇ ਮਾਮਲੇ ਵਿੱਚ ਭਾਰਤ ਇੱਕ ਅਮੀਰ ਦੇਸ਼ ਹੈ। ਦੁਨੀਆਂ ਵਿੱਚ ਪਾਈਆਂ ਜਾਣ ਵਾਲੀਆਂ ਵਿਭਿੰਨ ਪ੍ਰਜਾਤੀਆਂ ਦਾ ਲਗਭੱਗ 40 ਫਿਸਦੀ ਭਾਰਤ ਵਿੱਚ ਨਿਵਾਸ ਕਰਦਾ ਹੈ ਅਤੇ ਜੀਵ-ਜੰਤੂਆਂ ਦੀ ਸਭ ਤੋਂ ਵੱਧ ਵਿਭਿੰਨਤਾ ਵਾਲੇ ਖੇਤਰ ਵਿੱਚ ਅਫਰੀਕਾ ਤੋਂ ਬਾਅਦ ਭਾਰਤ ਦਾ ਹੀ ਸਥਾਨ ਹੈ। ਭਾਰਤ ਸੰਸਾਰ ਵਿੱਚ ਜੈਵਿਕ ਵਿਭਿੰਨਤਾ ਦੇ 12 ਭੰਡਾਰਾਂ ਵਿੱਚੋਂ ਇੱਕ ਹੈ। ਭਾਰਤ ਵਿਸ਼ਵ ਦੇ 17 ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਸਭਤੋਂ ਵੱਧ ਜੈਵਿਕ ਵਿਭਿੰਨਤਾ ਪਾਈ ਜਾਂਦੀ ਹੈ। ਦੁਨੀਆਂ ਦੀ ਧਰਾਤਲ ਦੇ 2.5 ਫੀਸਦੀ ਭਾਗ




ਰੱਖਣ ਵਾਲੇ ਭਾਰਤ ਵਿੱਚ ਵਿਸ਼ਵ ਦੀ 7.5 ਫਿਸਦੀ ਜੈਵਿਕ ਵਿਭਿੰਨਤਾ ਪਾਈ ਜਾਂਦੀ ਹੈ। ਭਾਰਤ ਵਿੱਚ ਜੀਵ ਵਿਭਿੰਨਤਾ ਦੇ ਕੁਦਰਤੀ ਭੰਡਾਰ ਜੰਗਲਾਂ, ਸਿੱਲੀਆਂ ਧਰਤੀਆਂ, ਚਰਾਂਦਾਂ ਆਦਿ ਸ਼ਾਮਿਲ ਹਨ। ਤਾਜ਼ਾ ਪਾਣੀ, ਲੂਣ-ਜਲੀ, ਸਮੁੰਦਰੀ ਤੱਟ, ਮਨੁੱਖੀ ਨਿਰਮਾਣਤ ਖੇਤ, ਬਾਗ, ਦਰਿਆ, ਜੰਗਲ, ਚਾਰਗਾਹਾਂ, ਮਾਰੂਥਲ ਜੀਵ ਵਿਭਿੰਨਤਾਂ ਦੇ ਵੱਡਮੁੱਲੇ ਨਿਵਾਸ ਸਥਾਨ ਹਨ। ਇੱਥੇ ਲਗਭੱਗ 75000 ਤਰ੍ਹਾਂ ਦੀਆਂ ਜੀਵ-ਪ੍ਰਜਾਤੀਆਂ ਹਨ, ਜਿਹਨਾਂ ਵਿੱਚੋਂ 500 ਥਣਧਾਰੀ, 2000 ਮੱਛਲੀਆਂ, 50000 ਤਰ੍ਹਾਂ ਦੀਆਂ ਕੀਟ ਪ੍ਰਜਾਤੀਆਂ, 4000 ਤਰ੍ਹਾਂ ਦੇ ਛੋਟੇ ਸਮੁੰਦਰੀ ਅਤੇ ਪਾਣੀ ਵਾਲੇ ਜੀਵ ਅਤੇ ਰੀੜ ਵਿਹੀਨ ਜੀਵ ਆਦਿ ਹਨ। ਇੱਥੇ ਬੂਟਿਆਂ ਦੀਆਂ 15000 ਪ੍ਰਜਾਤੀਆਂ ਪਾਈਆਂ ਜਾਂਦੀਆ ਹਨ, ਜਿਹਨਾਂ ਵਿੱਚੋਂ 35 ਪ੍ਰਜਾਤੀਆਂ ਸਿਰਫ ਦੇਸੀ ਹੀ ਹਨ ਅਤੇ ਇਹ ਦੁਨੀਆਂ ਵਿੱਚ ਹੋਰ ਕਿਤੇ ਵੀ ਨਹੀਂ ਮਿਲਦੀਆਂ ਹਨ। ਦੇਸ਼ ਦੀ ਬਨਸਪਤੀ ਵਿੱਚ ਨਾ ਸਿਰਫ ਫੁੱਲ ਅਤੇ ਫਲਾਂ ਵਾਲੇ ਬੂਟੇ ਹਨ, ਬਲਕਿ ਫੁੱਲ-ਫਲ ਰਹਿਤ ਬੂਟੇ ਵੀ ਸ਼ਾਮਿਲ ਹਨ। ਅਜੋਕੇ ਖੇਤੀਬਾੜੀ ਪ੍ਰਬੰਧਾਂ ਨੇ ਵੀ ਜੀਵ-ਵਿਭਿੰਨਤਾ ਨੂੰ ਵੱਡੀ ਪੱਧਰ ਤੇ ਖੋਰਾ ਲਾਇਆ ਹੈ। ਰਸਾਇਣਿਕ ਖਾਦਾਂ ਦੀ ਵੱਧ ਰਹੀ ਵਰਤੋਂ, ਕੀਟਨਾਸ਼ਕਾਂ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਨੇ ਮਿੱਤਰ ਕੀੜਿਆਂ ਅਤੇ ਪੌਦਿਆਂ ਨੂੰ ਨਸ਼ਟ ਕਰ ਦਿੱਤਾ ਹੈ। ਪਾਣੀ ਵਿੱਚ ਵੱਧ ਰਹੇ ਪ੍ਰਦੂਸ਼ਣ ਕਾਰਨ ਪਾਣੀ ਵਿਚਲੀਆਂ ਜੀਵ ਪ੍ਰਜਾਤੀਆਂ ਤੇ ਵੀ ਮਾੜਾ ਅਸਰ ਪੈ ਰਿਹਾ ਹੈ।

ਉਦਯੋਗੀਕਰਣ ਅਤੇ ਸ਼ਹਿਰੀਕਰਣ ਦੇ ਦਬਾਅ ਵਿੱਚ ਹੋ ਰਹੀ ਜੰਗਲਾਂ ਦੀ ਅੰਨੇਵਾਹ ਕਟਾਈ, ਗੈਰਕਾਨੂੰਨੀ ਸ਼ਿਕਾਰ ਅਤੇ ਜੰਤੂਆਂ ਦੀ ਖੱਲ, ਸਿੰਗ, ਹੱਡੀਆਂ ਆਦਿ ਦੇ ਅੰਤਰਰਾਸ਼ਟਰੀ ਵਪਾਰ ਵਿੱਚ ਵਾਧੇ ਦੇ ਕਾਰਨ ਭਾਰਤ ਦੀ ਜੈਵਿਕ ਵਿਭਿੰਨਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਸਾਰੀ ਦੁਨੀਆਂ ਦੇ ਦੇਸ਼ ਵਿਅਕਤੀਗਤ ਅਤੇ ਸਮੂਹਿਕ ਪੱਧਰ ਤੇ ਇਸ ਦਿਸ਼ਾ ਵਿੱਚ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹਨ ਕਿ ਜਲਦੀ ਤੋਂ ਜਲਦੀ ਇਸ ਅਸੰਤੁਲਨ ਨੂੰ ਦੂਰ ਕਰ ਲਿਆ ਜਾਵੇ। ਪਿਛਲੇ ਕੁਝ ਸਾਲਾਂ ਵਿੱਚ ਇਸ ਦਿਸ਼ਾ ਵਿੱਚ ਕੁਝ ਠੋਸ ਕਦਮ ਵੀ ਚੁੱਕੇ ਗਏ ਹਨ। ਇਸ ਦਿਸ਼ਾ ਵਿੱਚ ਸਭ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਸਿੱਖਿਅਕ, ਵਿਗਿਆਨਿਕ ਅਤੇ ਸਭਿਆਚਾਰਕ ਸੰਗਠਨ (ਯੂਨ-ੈਸਕੋ) ਦੁਆਰਾ 1970 ਵਿੱਚ 'ਮਨੁੱਖ ਅਤੇ ਜੀਵਮੰਡਲ' ਵਿਸ਼ੇ ਤੇ ਇੱਕ ਸੰਮੇਲਨ ਕਰਵਾਇਆ ਗਿਆ ਸੀ ਜਿਸ ਵਿੱਚ ਜੀਵਾਂ ਦੀਆਂ ਵਿਭਿੰਨ ਪ੍ਰਜਾਤੀਆਂ ਦੀ ਸੁਰੱਖਿਆ ਅਤੇ ਵਿਕਾਸ ਦੇ ਉਪਾਵਾਂ ਤੇ ਸਲਾਹ-ਮਸ਼ਵਰਾ ਕੀਤਾ ਗਿਆ। 1971 ਦਾ ਰਾਮਸਰ ਸੰਮੇਲਨ, 1973 ਦਾ ਸੀ.ਆਈ.ਟੀ.ਆਈ.ਐਸ. ਦੁਆਰਾ ਆਯੋਜਿਤ ਸੰਮੇਲਨ ਅਤੇ 1983 ਦਾ ਐਫ.ਏ.ਓ. ਸੰਮੇਲਨ ਆਦਿ ਵੀ ਇਸ ਦਿਸ਼ਾ ਵਿੱਚ ਚੁੱਕੇ ਗਏ ਕੁੱਝ ਮਹੱਤਵਪੂਰਨ ਕਦਮ ਹਨ। 22 ਮਈ, 1992 ਨੂੰ ਕੀਨੀਆ ਦੀ ਰਾਜਧਾਨੀ ਨੈਰੋਬੀ ਵਿੱਚ ਜੈਵ-ਵਿਭਿੰਨਤਾ ਸੁਰੱਖਿਆ ਸੰਧੀ ਕੀਤੀ ਗਈ। ਜੂਨ 1992 ਵਿੱਚ ਜੈਵ-ਵਿਭਿੰਨਤਾ ਦੀ ਸਮੱਸਿਆ ਤੇ ਸਲਾਹ-ਮਸ਼ਵਰੇ ਦੇ ਲਈ ਸਭ ਤੋਂ ਵੱਡਾ ਸੰਮੇਲਨ ਬ੍ਰਾਜ਼ੀਲ ਦੀ ਰਾਜਧਾਨੀ ਰਿਓ ਡੀ ਜੇਨੇਰੋ ਵਿੱਚ ਆਯੋਜਿਤ ਕੀਤਾ ਗਿਆ ਜਿਸ ਵਿੱਚ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਨੇ ਇਸ ਸੰਮੇਲਨ ਵਿੱਚ ਭਾਗ ਲਿਆ। ਇਸ ਸੰਮੇਲਨ ਵਿੱਚ ਜੈਵ-ਵਿਭਿੰਨਤਾ ਤੇ ਪੈਣ ਵਾਲੇ ਦਬਾਅ, ਉਹਨਾਂ ਤੋਂ ਵਾਤਾਵਰਨ ਤੇ ਪੈਣ ਵਾਲੇ ਪ੍ਰਭਾਵ ਅਤੇ ਵਾਤਾਵਰਨ ਪ੍ਰਦੂਸ਼ਣ ਕਾਰਨ ਹੋਣ ਵਾਲੇ ਅਸਰ ਅਤੇ ਇਹਨਾਂ ਸਮੱਸਿਆਵਾਂ ਦੇ ਹੱਲ ਦੇ ਉਪਾਵਾਂ ਸਬੰਧੀ ਵਿਸਥਾਰ ਵਿੱਚ ਸਲਾਹ-ਮਸ਼ਵਰਾ ਕੀਤਾ ਗਿਆ। ਭਾਰਤ ਨੇ ਜੈਵ-ਵਿਭਿੰਨਤਾ ਦੀ ਸੁਰੱਖਿਆ ਦੀ ਦਿਸ਼ਾ ਵਿੱਚ ਅਨੇਕ ਕਦਮ ਚੁੱਕੇ ਹਨ। ਭਾਰਤ ਦੁਨੀਆਂ ਦਾ ਅਜਿਹਾ ਪਹਿਲਾਂ ਦੇਸ਼ ਹੈ, ਜਿਸਨੇ ਜੰਗਲੀ ਜੀਵ ਸੁਰੱਖਿਆ ਅਧਿਨਿਯਮ ਲਾਗੂ ਕੀਤਾ ਹੈ। 1952 ਵਿੱਚ ਭਾਰਤ ਵਿੱਚ ਜੰਗਲੀ ਜਾਨਵਰਾਂ ਦੀ ਸੁਰੱਖਿਆ ਦੇ ਲਈ ਜੰਗਲੀ ਜੀਵ ਬੋਰਡ ਦੀ ਸਥਾਪਨਾ ਕੀਤੀ ਗਈ। ਇਸ ਬੋਰਡ ਨੇ ਪਸ਼ੂ-ਪੰਛੀਆਂ ਅਤੇ ਬੂਟੇ-ਪੌਦਿਆਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਕੀਮਤੀ ਸੁਝਾਓ ਦਿੱਤੇ। ਇਸਦੇ ਨਾਲ ਹੀ ਇਸ ਬੋਰਡ ਦੁਆਰਾ ਖਤਮ ਹੋ ਰਹੇ ਪ੍ਰਾਣੀਆਂ ਦੀ ਸੂਚੀ ਤਿਆਰ ਕੀਤੀ ਗਈ। ਭਾਰਤ ਸਰਕਾਰ ਦੁਆਰਾ ਵਾਤਾਵਰਨ ਅਤੇ ਵਿਕਾਸ ਸਬੰਧੀ ਜੂਨ,1992 ਵਿੱਚ ਸਵਿਕਾਰ ਰਾਸ਼ਟਰੀ ਸੁਰੱਖਿਆ ਕਾਰਜਨੀਤੀ ਅਤੇ ਨੀਤੀਕਰਨ ਵਿੱਚ ਦੇਸ਼ ਦੇ ਵਿਭਿੰਨ ਖੇਤਰਾਂ ਵਿੱਚ ਵਿਕਾਸ ਗਤੀਵਿਧੀਆਂ ਦੇ ਨਾਲ ਵਾਤਾਵਰਨ ਸਬੰਧੀ ਪਹਿਲੂਆਂ ਨੂੰ ਜੋੜ੍ਹਣ ਲਈ ਕਾਰਜਨੀਤੀਆਂ ਅਤੇ ਕੰਮਾਂ ਦਾ ਉਲੇਖ ਕੀਤਾ ਗਿਆ ਹੈ, ਜਿਸ ਨਾਲ ਸਥਾਈ ਵਿਕਾਸ ਦਾ ਰਸਤਾ ਖੁੱਲ ਗਿਆ ਹੈ। ਰਾਸ਼ਟਰੀ ਸੁਰੱਖਿਆ ਨੀਤੀ, 1992 ਦੇ ਅੰਤਰਗਤ ਭਾਰਤ ਸਰਕਾਰ ਨੇ ਜੈਵ-ਵਿਭਿੰਨਤਾ ਦੀ ਸੁਰੱਖਿਆ ਤੇ ਵਿਸ਼ੇਸ਼ ਧਿਆਨ ਦਿੱਤੇ ਜਾਣ ਤੇ ਜ਼ੋਰ ਦਿੱਤਾ ਹੈ। ਜੈਵ-ਵਿਭਿੰਨਤਾ ਸਾਡੀ ਰਾਸ਼ਟਰੀ ਧਰੋਹਰ ਹੈ ਅਤੇ ਇਸਦੀ ਸੁਰੱਖਿਆ ਅਤਿ ਜ਼ਰੂਰੀ ਹੈ। ਭਾਰਤ ਨੇ ਜੂਨ,1992 ਵਿੱਚ ਜੈਵ-ਵਿਭਿੰਨਤਾ ਸੁਰੱਖਿਆ ਸੰਧੀ ਤੇ ਦਸਤਖਤ ਕੀਤੇ ਸੀ ਅਤੇ 19 ਮਈ, 1994 ਤੋਂ ਇਸਨੂੰ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਜੈਵ-ਵਿਭਿੰਨਤਾ ਦੇ ਸਬੰਧ ਵਿੱਚ ਇੱਕ ਰਾਸ਼ਟਰੀ ਕਾਰਜ ਯੋਜਨਾ ਤਿਆਰ ਕੀਤੀ ਗਈ ਹੈ। ਰੇਗਿਸਤਾਨ ਦੇ ਵਿਸਥਾਰ ਨੂੰ ਨਿਯੰਤਰਣ ਕਰਨ ਦੇ ਲਈ ਭਾਰਤ ਨੇ ਅੰਤਰਰਾਸ਼ਟਰੀ ਸੰਧੀ ਤੇ ਦਸਤਖਤ ਕੀਤੇ ਹਨ, ਇਸ ਲਈ ਰਾਸ਼ਟਰੀ ਪ੍ਰੋਗਰਾਮ ਦੇ ਨਿਰਮਾਣ ਦੀ ਦਿਸ਼ਾ ਵਿੱਚ ਕੰਮ ਚੱਲ ਰਹੇ ਹਨ। ਮਾਨਵੀ ਹੋਂਦ ਦੀ ਰੱਖਿਆ ਦੇ ਲਈ ਜੈਵ-ਵਿਭਿੰਨਤਾ ਬਹੁਤ ਜ਼ਰੂਰੀ ਹੈ, ਇਸ ਸੱਚ ਨੂੰ ਹਰੇਕ ਮਨੁੱਖ ਨੂੰ ਸਮਝਣਾ ਹੋਵੇਗਾ। ਵਾਤਾਵਰਣ ਸੁਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਧਰਤੀ ਤੇ ਵਾਤਾਵਰਨ ਅਤੇ ਜੈਵ-ਵਿਭਿੰਨਤਾ ਦੀ ਰੱਖਿਆ ਦਾ ਮਨੁੱਖ ਦੇ ਲਈ ਇਹ ਆਖਰੀ ਮੌਕਾ ਹੈ ਜੇਕਰ ਉਹ ਸਮਾਂ ਰਹਿੰਦਾ ਸੁਚੇਤ ਨਹੀਂ ਹੋਇਆ, ਤਾਂ ਕੁਦਰਤ ਤੋਂ ਬੇਮੁੱਖ ਹੋਣਾ ਉਸਦੇ ਲਈ ਅਤੀ ਆਤਮਘਾਤੀ ਸਿੱਧ ਹੋਵੇਗਾ।

ਸਰਕਾਰ ਦੇ ਨਾਲ ਨਾਲ ਆਮ ਲੋਕਾਂ ਨੂੰ ਵੀ ਇਸ ਪ੍ਰਤੀ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਧਰਤੀ ਤੇ ਰਹਿਣ ਵਾਲੇ ਵੱਖ ਵੱਖ ਕਿਸਮਾਂ ਦੇ ਜੀਵ ਜੰਤੂਆਂ ਅਤੇ ਪੌਦਿਆਂ ਨੂੰ ਬਚਾਇਆ ਜਾ ਸਕੇ ਅਤੇ ਇਸ ਦਿਨ ਹੋਣ ਵਾਲੇ ਸਮਾਗਮ ਖਾਨਾਪੂਰਤੀ ਬਣਕੇ ਨਾਂ ਰਹਿ ਜਾਣ।

# ਸਲੋਨੀ ਪਾਲ ਨੇ ਨਿਊਜੀਲੈਂਡ ਦੀ ਧਰਤੀ ਤੇ ਜਾ ਅਕਾਸ਼ -ਮੰਡਲ 'ਤੇ ਪੀ.ਐਚ.ਡੀ.ਕਰਕੇ ਨਾਮਣਾ ਖੱਟਿਆ

ਇੱਕ ਆਮ ਵਰਗ ਚ ਪੈਦਾ ਹੋ ਕੇ ਹਰ ਮੁਸ਼ਕਲ ਨਾਲ ਲੜਦਿਆ ਅਪਣੀ ਮੰਜਿਲ ਵੱਲ ਵੱਧਣ ਵਾਲਿਆਂ ਦੇ ਆਡੋਲ ਕਦਮ ਇੱਕ ਦਿਨ ਉਸਨੂੰ ਸਫਲਤਾ ਦਿਖਾ ਹੀ ਦਿੰਦੇ ਹਨ। ਪੰਜਾਬ ਦੀ ਮਿੱਟੀ ਨਾਲ ਜੁੜੀ ਸਲੋਨੀ ਪਾਲ ਨੇ ਅਪਣੇ ਸੰਘਰਸ਼ ਦਾ ਪੈਂਡਾਂ ਅਪਣੇ ਦਮ ਤੇ ਤਹਿ ਕਰਦਿਆ ਇੱਕ ਅਜਿਹਾ ਮਾਅਰਕਾ ਮਾਰਿਆ ਜੋ ਕਿਸੇ ਵਿਰਲੇ ਦੇ ਹੀ ਵਸ ਹੁੰਦਾ ਹੈ। ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਅੰਦੋਲਨ ਅਤੇ ਸਾਹਿਬ ਕਾਂਸੀ ਰਾਮ ਜੀ ਦੀ ਵਿਚਾਰਧਾਰਾ ਦੇ ਪ੍ਰਸਾਰ ਤੇ ਪ੍ਰਚਾਰ ਲਈ ਆਪਣੀ ਜਿੰਦਗੀ ਦਾ ਹਰ ਪਲ ਲਗਵਾ ਰਹੇ ਬੁੱਧਇਸ਼ਟ ਪਰਿਵਾਰ ਬਾਬੂ ਗੁਰਮੀਤ ਲਾਲ ਤੇ ਬੀਬਾ ਸੰਤੋਸ਼ ਕੁਮਾਰੀ, ਸੋਫੀ ਪਿੰਡ (ਜਲੰਧਰ ਛਾਉਣੀਂ) ਦੀ ਨੂੰਹ ਸਲੋਨੀ ਪਾਲ ਨੇ ਨਿਊਜੀਲੈਂਡ ਦੀ ਧਰਤੀ ਤੇ ਜਾ ਅਕਾਸ਼ -ਮੰਡਲ 'ਤੇ ਪੀ. ਐਚ. ਡੀ. ਕਰਕੇ ਤੇ ਫਖਰੀਆ ਇਤਹਾਸ ਰੱਚਕੇ ਜਿਥੇ ਦੇਸ਼ ਦਾ ਨਾਮ ਰੌਸ਼ਨ ਕੀਤਾ ਉਥੇ ਬਾਬਾ ਸਾਹਿਬ ਅੰਬੇਡਕਰੀ ਪਰਿਵਾਰ ਵਿੱਚ ਵੀ ਅਪਣਾ ਵਿਲਖ਼ਣ ਸਥਾਨ ਬਣਾ ਲਿਆ ਹੈ।

ਅਮਨ ਸਮਰਾਟ ਦੀ ਪ੍ਰਤਿਭਾਵਾਨ ਜੀਵਨ ਸਾਥਣ ਸਲੋਨੀ ਪਾਲ ਨੇ ਮਲਟੀ- ਸਕੇਲ ਡੀਕੋਨਵੋਲੂਸ਼ਨ ਫਰੋਮ ਵੇਵ- ਫਰੰਟ ਸੈਨਸਿੰਗ ' ਆਪਣੇ ਨਾਵਲ ਪੀ. ਐਚ . ਡੀ . ਦੀ ਖੋਜ਼ ਕੀਤੀ। ਡਾ ਸਟੀਵ ਵੇਡੇਲ ਦੀ ਸੁਪਰਵਿਜ਼ਨ ਅਧੀਨ ਯੂਨੀਵਰਸਿਟੀ ਆਫ ਕੈਂਟਰਬਰੀ ਨਿਊਜੀਲੈਂਡ ਤੋਂ ਇਸ ਵਿਧੀ ਤੇ ਧਿਆਨ ਕੇਂਦਰਿਤ ਕੀਤਾ ਕਿਵੇਂ ਸਾਫਟਵੇਅਰ ਦੀ ਵਰਤੋਂ ਕਰਕੇ ਖਗੋਲ ਚਿੱਤਰਾਂ ਨੂੰ ਸੁਧਾਰਿਆ ਜਾ ਸਕਦਾ ਹੈ।

ਅਪਣੀ ਵਧੀਕੀ ਖੋਜ਼ ਲਈ 35 ਸਾਲ ਦੀ ਉਮਰ ਚ ਹੀ ਵੱਡੇ ਮੁਕਾਮ ਤੇ ਪੰਹੁਚਣ ਵਾਲੀ ਸਲੋਨੀ ਨੇ ਦੱਖਣੀ ਆਈਲੈਂਡ ਦੇ ਮੈਕਨਗਜ਼ੀ ਬੇਸਿਨ ਵਿੱਚ ਸੁੰਦਰ ਝੀਲ ਦੇ ਖਗੋਲ ਵਿਖੇ ਸਥਿਤ ਕੇਂਟਬਰੀ ਮਾਊਟ ਜੌਨ ਆਬਜ਼ਰਵੇਟਰੀ ( ਯੂ. ਸੀ. ਐਮ. ਜੇ. ਓ ) ਫੀਲਡ ਡੇਟਾ ਇੱਕਠਾ ਕਰਨ ਲਈ ਕਈ





ਨਿਗਰਾਨੀ ਖੋਜਾਂ ਕੀਤੀਆਂ । ਇਹ ਨਿ-ਊਜੀਲੈਂਡ ਦਾ ਪ੍ਰਮੁੱਖ ਖਗੋਲ ਖੋਜ਼ ਆਬ-ਜ਼ਰਵੇਟਰੀ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਅਧ-ਾਰਿਤ ਅਡੈਪਟਿਵ ਅਤੇ ਆਸਟਰੇਲੀਆਈ ਪ੍ਰਯੋਗਸ਼ਾਲਾ ਉਸ ਲਈ ਪ੍ਰਯੋਗ ਕਰਨ ਅਤੇ ਨਿ-ਯੰਤ੍ਰਿਤ ਵਤਾਵਰਣ ਵਿੱਚ ਡੇਟਾ ਇੱਕਤਰ ਕਰਨ ਲਈ ਇੱਕ ਵਧੀਆ ਸਰੋਤ ਰਹੀ ਹੈ।

ਪੀ. ਐਚ. ਡੀ. ਕਰਨ ਦੌਰਾਨ ਡਾ .ਸਲੋਨੀ ਆਪਣੇ ਆਪ ਨੂੰ ਬਹੁਤ ਸੰਤੁਸ਼ਟ ਮਹਿਸੂਸ ਕਰਦੀ ਹੈ। ਜੋ ਉਹ ਅੰਤਰ-ਰਾਸ਼ਟਰੀ ਕਾਨਫਰੰਸਾਂ ਅਤੇ ਸਮੇਲਨਾ ਵਿੱਚ ਸਮੇਂ - ਸਮੇਂ ਤੇ ਹਾਜ਼ਰ ਹੋਈ ਹੈ। ਉਸਨੇ ਆਪਟੀਕਲ ਸੁਸਾਇਟੀ ਆਫ ਅਮਰੀਕਾ, 2015 ਹੇਡਲਬਰਗ (ਜਰਮਨੀ) ਵਿੱਚ ਚਿੱਤਰ ਅਤੇ ਵਿਜ਼ਨ ਕੰਪਿਊਟੀਨਿੰਗ, ਨਿਊਜੀਲੈਂਡ (ਆਈ. ਵੀ. ਸੀ. ਐਨ. ਜੈਡ.) 2017-18

ਸੋਸਾਇਟੀ ਆਫ ਫੋਟੋ ਆਪਟੀਕਲ ਇੰਸਟਰੁਮੇਟੇਸ਼ਨ ਇੰਜੀਨੀਅਰਜ਼ (ਐਸ.ਪੀ.ਆਈ. ਈ.) ਟੈਕਸਾਸ ਅਤੇ ਆਸਟਰੇਲੀਆਈ ਰੱਖਿਆ ਅਕਾਡਮੀ ਕੈਨਬਰਾ ਵਿਖੇ ਭਾਸ਼ਣ ਕੀਤਾ।

ਮਹੱਤਵਪੂਰਣ ਇਹ ਵੀ ਹੈ ਡਾ. ਸਲੋਨੀ ਪਾਲ ਨੂੰ ਪੀ. ਐਚ. ਡੀ . ਕਰਨ ਤੋਂ ਤਰੁੰਤ ਬਾਅਦ ਕੈਂਟਰਬਰੀ ਯੂਨੀਵਰਸਿਟੀ ਨੇ ਆਪਣੇ ਕੋਲ ਸਹਾਇਕ ਲੈਕਚਰਾਰ ਨਿਯੁਕਤ ਕਰ ਲਿਆ। ਇਹ ਉਸ ਲਈ 'ਸੋਨੇ ਤੇ ਸੁਹਾਗਾ ' ਸਾਬਤ ਹੋ ਰਿਹਾ ਹੈ। ਯਾਦ ਰਹੇ ਸਲੋਨੀ ਨੇ ਫਰਵਰੀ 2021 ਵਿੱਚ ਹੀ ਆਪਣਾ ਥੀਸਿਸ ਪੂਰਾ ਕਰ ਲਿਆ ਸੀ। ਪਰ ਡਾਕਟਰੇਟ ਦੀ ਡਿਗਰੀ ਲੈਣ ਲਈ ਉਸਨੇ ਬਾਬਾ ਸਹਿਬ ਡਾ. ਅੰਬੇਡਕਰ ਜੀ ਦਾ ਜਨਮ ਦਿਨ 14 ਅਪ੍ਰੈਲ ਇਸ ਕਰਕੇ ਰੱਖਿਆ ਕਿਉਂਕਿ ਸਲੋਨੀ ਦਸਦੀ ਹੈ ਇਹ ਦਿਨ ਜਿਥੇ ਵਿਸ਼ਵ ਗਿਆਨ ਦਿਵਸ ਵਜੋਂ ਮਨਾਇਆ ਜਾਂਦਾ ਹੈ ਉਥੇ ਉਹ ਖੁਦ ਬਾਬਾ ਸਹਿਬ ਜੀ ਦੇ ਜੀਵਨ ਅਤੇ ਸਿਧਾਤਾਂ ਤੋ ਬੇਹੱਦ ਪ੍ਰਭਾਵਿਤ ਹੈ ਜਿਹਨਾਂ ਆਪਣੀ ਸਾਰੀ ਜਿੰਦਗੀ ਮਨੁੱਖੀ ਅਧਿਕਾਰਾਂ, ਸਮਾਜਿਕ ਹੱਕਾਂ ਦੀ ਰਾਖੀ ਅਤੇ ਸਦੀਆਂ ਤੋਂ ਵਿੱਤਕਰੇ ਦਾ ਸ਼ਿਕਾਰ ਹੋ ਰਹੀ ਨਾਰੀ ਦੇ ਅੰਦਰ ਚੈਤਨਾ ਭਰਨ ਲਈ ਸਮਰਪਤ ਕਰ ਦਿੱਤੀ। ਸਲੋਨੀ ਬੜੇ ਫ਼ਖਰ ਨਾਲ ਆਖਦੀ ਹੈ ਕਿ ਉਸਦੇ ਪਤੀ ਅਮਨ ਸਮਰਾਟ, ਸਹੁਰਾ ਬਾਬੂ ਗੁਰਮੀਤ ਲਾਲ ਜੀ ਤੇ ਸੱਸ ਸੰਤੋਸ਼ ਕੁਮਾਰੀ ਅਤੇ ਪਿਤਾ ਵਿਜੇ ਮਾਤਾ ਕਿਰਨ ਬਾਲਾ ਦੀ ਸਦੀਆਂ ਰਿਣੀ ਹੈ। ਜਿਹਨਾਂ ਦੇ ਸਰਵਪੱਖੀ ਸਹਿਯੋਗ ਸਦਕਾ ਇਸ ਵਿਲੱਖਣ ਸਥਾਨ ਤੇ ਪਹੁੰਚੀ ਹੈ।

ਗੋਪਾਲ ਪਾਲੀ 91-89686-74105

# ਚਕਾਲੀ ਇਲੰਮਾ - ਮਹਾਨ ਇਨਕਲਾਬੀ ਔਰਤ



ਹਰਦੀਪ ਸਿੰਘ ਚੁੰਬਰ
+91-94636-01616

ਅਜਾਦੀ ਤਾਂ ਅਜਾਦੀ ਹੀ ਹੁੰਦੀ ਹੈ, ਇਸ ਦਾ ਸਭ ਲਈ ਇੱਕੋ ਜਿਹਾ ਮਤਲਵ ਹੈ। ਇਸੇ ਤਰਾਂ ਗੁਲਾਮੀ ਤਾਂ ਗੁਲਾਮੀ ਹੀ ਹੁੰਦੀ ਹੈ ਉਹ ਭਾਵੇਂ ਅੰਗਰੇਜਾਂ ਦੀ ਹੋਵੇ ਜਾਂ ਭਾਰਤ ਵਿੱਚ ਪੁਰਾਤਨ ਸਮੇ ਤੋਂ ਰਾਜ ਕਰਨ ਵਾਲੇ ਹਿੰਦੂ, ਮੁਸਲਮਾਨ ਸ਼ਾਸ਼ਕਾਂ ਜਾਂ ਕਿਸੇ ਹੋਰ ਦੀ ਹੋਵੇ। ਅੰਗਰੇਜਾਂ ਦੀ ਗੁਲਾਮੀ ਤੋਂ ਅਜਾਦੀ ਦੀ ਗਲ ਕਰਦੇ ਭਾਰਤੀ ਸਵਰਣ ਸਮਾਜ ਦੇ ਮੂੰਹ ਦਾ ਸਵਾਦ ਦਾ ਮਜੇਦਾਰ ਹੋ ਜਾਂਦਾ ਜਾਪਦਾ ਹੈ, ਪਰ ਜਦੋਂ ਮੂਲ ਭਾਰਤੀ ਲੋਕ ਹਜਾਰਾਂ ਸਾਲਾਂ ਤੋਂ ਉਹਨਾ ਦੇ ਹੋ ਰਹੇ ਸ਼ੋਸ਼ਣ ਤੋਂ ਅਜਾਦੀ ਦੀ ਮੰਗ ਦੀ ਗੱਲ ਕਰਦੇ ਰਹੇ ਹਨ ਉਸੇ ਮੂੰਹ ਦਾ ਅਜਾਦੀ ਦਾ ਨਾਂ ਲੈਂਦੇ ਹੀ ਕੜਵਾ ਜਿਹਾ ਲਗਣ ਲਗਿਆ ਦਾਪਦਾ ਰਿਹਾ ਹੈ। ਇੱਹ ਇਤਿਹਾਸਕ ਘਟਨਾਵਾਂ ਦੇ ਵੇਰਵੇ ਦਸ ਰਹੇ ਹਨ। ਬ੍ਰਾਹਮਣਵਾਦੀ ਵਿਵਸਥਾ ਅਤੇ ਜਾਤੀਗਤ ਕੰਮਾਂ ਨੂੰ ਛੱਡਕੇ ਜਦੋਂ ਦਲਿਤ ਸਮਾਜ ਨੇ ਅੱਗੇ ਵਧਣ ਦਾ ਕੋਸ਼ਿਸ ਕੀਤੀ ਹੈ, ਪਾਰਤਨ ਭਾਰਤੀ ਬ੍ਰਾਹਮਣਵਾਦੀ ਵਿਵਸਥਾ ਉਸ ਦਾ ਘੋਰ ਵਿਰੋਧ ਕਰਦੀ ਆ ਰਹੀ ਹੈ। ਚਕਾਲੀ ਇਲੰਮਾ ਦੇ ਜੀਵਨ ਦੀ ਕਹਾਣੀ ਅਤੇ ਕੁਰਬਾਨੀ ਅਜਾਦੀ ਦੀ ਲੜਾਈ ਦੀ ਕਹਾਣੀ ਹੈ।

ਨਿਜ਼ਾਮ ਨੇ ਬਹੁਤ ਸਾਰੇ ਟੈਕਸਾਂ ਅਤੇ ਜੁਲਮਾਂ ਤੋਂ ਜੰਤਾ ਤ੍ਰਾਹ ਤ੍ਰਾਹ ਕਰ ਰਹੀ ਸੀ। ਕਿਸਾਨਾਂ ਨੂੰ ਜਨਮ, ਵਿਆਹ ਅਤੇ ਪਰਵਾਰ ਵਿਚ ਮੌਤ ਲਈ ਡੋਰਾ ਨੂੰ ਟੈਕਸ ਦੇਣਾ ਪੈਂਦਾ ਸੀ। ਹਰ ਕਾਰੀਗਰ, ਕਾਰੀਗਰ, ਵਪਾਰੀ ਨੂੰ ਆਪਣੀ ਕਮਾਈ ਦਾ ਇਕ ਹਿੱਸਾ ਟੈਕਸ ਦੇ ਰੂਪ ਵਿਚ ਅਦਾ ਕਰਨਾ ਪੈਂਦਾ ਸੀ। ਜਣੇਪੇ ਤੋਂ ਤਿੰਨ ਦਿਨ ਬਾਅਦ ਹੀ ਮਾਵਾਂ ਨੂੰ ਖੇਤਾਂ ਵਿੱਚ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ। ਬਹੁਤ ਸਾਰੇ ਬੱਚੇ ਭੁੱਖ ਨਾਲ ਮਰ ਜਾਂਦੇ ਸਨ। ਕਿਉਂਕਿ ਉਨ੍ਹਾਂ ਦੀਆਂ ਮਾਵਾਂ ਉਨ੍ਹਾਂ ਨੂੰ ਦੁੱਧ ਨਹੀਂ ਪਿਆ ਸਕਦੀਆਂ ਸਨ। ਜਦੋਂ ਇੱਕ ਡੋਰਾ ਲੰਘਦਾ ਸੀ, ਉਹਨਾ ਨੂੰ ਸਿਰ 'ਤੇ ਆਪਣੇ ਸਿਰ ਢਕਣ ਦੀ ਆਗਿਆ ਨਹੀਂ ਸੀ; ਉਹਨਾ ਨੂੰ ਇਸ ਨੂੰ ਉਹਨਾ ਦੇ ਪੈਰਾਂ ਤੇ ਬੈਠਣਾ ਪੈਂਦਾ ਸੀ ਅਤੇ ਸਤਿਕਾਰ ਨਾਲ ਕਹਿਣਾ ਪੈਂਦਾ ਸੀ "ਮੈਂ ਤੁਹਾਡਾ ਗੁਲਾਮ ਹਾਂ, ਤੁਸੀ ਮੇਰੇ ਮਾਲਕ ਹੋ) ਜੇ ਕੋਈ ਡੋਰਾ ਨੂੰ ਨਾਰਾਜ਼ ਕਰ ਦਿੰਦਾ ਸੀ, ਤਾਂ ਉਹ ਸਾਰਾ ਪਿੰਡ ਸਾੜ ਸਕਦਾ ਸੀ, ਆਦਮੀਆਂ ਨੂੰ ਮਾਰ ਸਕਦਾ ਸੀ, ਔਰਤਾਂ ਨਾਲ ਬਲਾਤਕਾਰ ਕਰ ਸਕਦਾ ਸੀ। ਡੋਰੇ ਦੀ ਜੁਲਮ ਬਹੁਤ ਵਧ ਗਿਆ। ਇਸ ਹਾਲਾਤ ਵਿੱਚ ਪਹੁੰਚ ਕੇ ਉਹ ਸੋਚਦੇ ਸਨ, ਕਿ ਚੁੱਪ ਚਾਪ ਮਰਨ ਨਾਲੋ ਲੜਦਿਆਂ ਮਰਨਾ ਸਹੀ ਸੀ।



ਚਕਾਲੀ ਇਲੰਮਾ ਤੇਲੰਗਾਨਾ ਦੇ ਹਥਿਆਰਬੰਦ ਬਗਾਵਤ ਦੀ ਸਭ ਤੋਂ ਮਹਾਨ ਅਤੇ ਪ੍ਰੇਰਣਾਦਾਇਕ ਔਰਤ ਨੇਤਾ ਰਹੀ ਹੈ। ਉਸਨੇ ਬ੍ਰਿਟਿਸ਼ ਸਾਮਰਾਜਵਾਦ ਨਾਲ ਮਿਲ ਕੇ ਤਤਕਾਲੀਨ ਨਿਜ਼ਾਮ ਸਰਕਾਰ ਦੇ ਅੱਤਿਆਚਾਰਾਂ ਨੂੰ ਖਤਮ ਕਰਨ ਲਈ ਹਥਿਆਰ ਚੁੱਕੇ। ਚਕਾਲੀ ਇਲੰਮਾ ਦੇ ਵਿਦਰੋਹ ਨੇ ਬਹੁਤ ਸਾਰੀਆਂ ਔਰਤਾਂ ਨੂੰ ਆਪਣੇ ਜ਼ਮੀਨਾਂ ਨੂੰ ਨਿਜ਼ਾਮ ਦੀ ਫੌਜ ਅਤੇ ਸਾਮੰਤਾਂ ਤੋਂ ਬਚਾਉਣ ਲਈ ਮਜ਼ਬੂਤੀ ਨਾਲ ਖੜ੍ਹੇ ਹੋਣ ਲਈ ਪ੍ਰੇਰਿਤ ਕੀਤਾ। ਤੇਲੰਗਾਨਾ ਨੂੰ ਵਹਿਸ਼ੀ ਬਸਤੀਵਾਦੀ ਸ਼ੋਸ਼ਣ ਅਤੇ ਖੇਤਰੀ ਜਗੀਰਦਾਰੀ ਰਾਜਿਆਂ ਦੀ ਸ਼ਕਤੀ ਦੀ ਗਤੀਸ਼ੀਲਤਾ ਨਾਲ ਕਮਜ਼ੋਰ ਕੀਤਾ ਸੀ। ਭਾਰਤੀ ਰਾਜਾਸ਼ਾਹੀ ਭਾਰਤੀਮੂਲ ਨਿਵਾਸੀਆਂ ਦਾ ਸ਼ੋਸ਼ਣ ਕਰਨ ਵਿੱਚ ਗੋਰਿਆਂ ਨਾਲੋਂ ਅੱਗੇ ਸੀ। ਅਗਰ ਭਾਰਤੀ ਸ਼ਾਸ਼ਕ ਅੰਗਰੇਜਾਂ ਨੂੰ 10-15% ਟੈਕਸ ਦਿੰਦੇ ਸਨ ਪਰ ਆਮ ਲੋਕਾਂ ਤੋਂ 40-50 % ਵਸੂਲ ਕਰਦੇ ਸਨ। ਹੈਦਰਾਬਾਦ ਦਾ ਨਿਜ਼ਾਮ ਉਨ੍ਹਾਂ ਗੋਰੇ ਬ੍ਰਿਟਿਸ਼ ਲੋਕਾਂ ਨਾਲੋਂ ਜੁਲਮ ਕਰਨ ਵਿੱਚ ਬਹੁਤ ਅੱਗੇ ਸੀ ਜਿਹੜਾ ਲਮੇ ਸਮੇਂ ਤੋਂ ਇਸ ਖੇਤਰ ਵਿਚ ਭਾਰਤੀ ਲੋਕਾਂ ਦੇ ਖਿਲਾਫ ਹਿੰਸਾ ਅਤੇ ਆਤੰਕ ਨੂੰ ਅੰਜਾਮ ਦਿੰਦਾ ਆ ਰਿਹਾ ਸੀ।

ਹਿੰਸਾ ਕਈਰੂਪਾਂ ਵਿੱਚ ਕੀਤੀ ਜਾਂਦੀ ਰਹੀ ਹੈ। ਇਸ ਵਿੱਚ ਔਰਤਾਂ ਰਾਜ ਦੇ ਪੂੰਜੀਵਾਦੀ ਹਿੱਤਾਂ ਦੀ ਸਭ ਤੋਂ ਸੌਖੀਆ ਸ਼ਿਕਾਰ ਹੁੰਦੀਆ ਰਹੀਆਂ ਹਨ। ਪਰ ਕੁਝ ਔਰਤਾਂ ਬਹਾਦਰ ਬ੍ਰਿਟਿਸ਼ ਅਤੇ ਨਿਜ਼ਾਮ ਸਰਕਾਰਾਂ ਦੇ ਸ਼ੋਸ਼ਣ ਨੂੰ ਖਤਮ ਕਰਨ ਲਈ ਅੱਗੇ ਵੀ ਆਈਆਂ। ਭਾਰਤੀ ਦਲਿਤ ਔਰਤ ਗੁਲਾਮਾਂ ਦੇ ਗੁਲਾਮਾਂ ਦੀ ਗੁਲਾਮ ਸਭ ਨਾਲੋਂ ਵੱਧ ਗੁਲਾਮੀ ਦੀ ਸ਼ਿਕਾਰ ਸੀ। ਬਹੁਜਨ ਸਮਾਜ ਦੀ ਦਲਿਤ ਔਰਤ ਜੋ ਸਭ ਨਾਲੋਂ ਵੱਧ ਪੜਤਾੜਿਤ ਹੋ ਰਹੀ ਸੀ। ਉਹਨਾ ਵਿੱਚੋਂ ਚਕਾਲੀ ਇਲੰਮਾ ਇੱਕ ਸੀ।ਚਕਾਲੀ ਇਲੰਮਾ ਇਕ ਕ੍ਰਾਂਤੀਕਾਰੀ ਔਰਤ ਸੁਤੰਤਰਤਾ ਸੰਗਰਾਮੀ ਹੈ ਜਿਸ ਨੇ ਤੇਲੰਗਾਨਾ ਦੇ ਅਜਾਦੀ ਦੇ ਹਥਿਆਰਬੰਦ ਸੰਘਰਸ਼ ਵਿੱਚਹਿੱਸਾ ਲਿਆ ਅਤੇ ਔਰਤ ਦੀ ਅਜਾਦੀ ਦੀ ਲੜਾਈ ਵਿੱਚ ਹਿਸਾ ਲੈਣ ਲਈ ਔਰਤਾਂ ਲਈ ਰਾਹ ਪੱਧਰਾ ਕੀਤਾ। ਉਸਨੇ ਆਪਣੀ ਮਾਤਭੂਮੀ ਲਈ ਲੜਾਈ ਲੜੀ ਅਤੇ ਹਾਕਮ ਜਮਾਤ ਦੇ ਦਬਦਬੇ ਥੱਲੇ ਜੁਲਮ ਕਰਨ ਵਾਲਿਆਂ ਦੇ ਜ਼ਮੀਨਾਂ ਦੇ ਕਬਜ਼ੇ ਵਿਰੁੱਧ ਉੱਠਣ ਲਈ ਇੱਕ ਮੰਚ ਸਥਾਪਤ ਕੀਤਾ। ਉਹ ਤੇਲੰਗਾਨਾ ਦੇ ਜਾਗੀਰਦਾਰਾਂ ਦੀ ਸਰਬੋਤਮਤਾ ਨੂੰ ਖ਼ਤਮ ਕਰਨ ਵਾਲੀ ਪਹਿਲੀਆਂ ਔਰਤ ਵਿੱਚੋਂ ਇੱਕ ਹੈ ਅਤੇ ਔਰਤਾਂ ਨੂੰ ਆਪਣੀ ਮਾਤਭੂਮੀ ਅਤੇ ਸਵੈਮਾਣ ਲਈ ਲੜਨ ਲਈ ਪ੍ਰੇਰਿਤ ਕਰਦੀ ਰਹੀ।

ਚਕਾਲੀ ਇਲੰਮਾਦਲਿਤ ਪਰਿਵਾਰ ਵਿੱਚ ਪੈਦਾ ਹੋਈ ਜਿਸਦੀ ਜਾਤੀ ਰਾਜਕਾ ਸੀ। ਉਹ ਤੇਲੰਗਾਨਾ ਖੇਤਰ ਵਿੱਚ ਚਕਾਲੀ ਵਜੋਂ ਜਾਣੇ ਜਾਂਦੇ ਸਨ। ਇਸ ਬਹਾਦਰ ਆਜ਼ਾਦੀ ਘੁਲਾਟੀਏ ਔਰਤ ਦਾ ਜਨਮ 10 ਸਤੰਬਰ, 1919 ਨੂੰ ਵਾਰੰਗਲ ਜਿਲੇ ਦੇ ਕ੍ਰਿਸ਼ਨਪੁਰਮ ਪਿੰਡ ਵਿੱਚ ਹੋਇਆ ਸੀ। ਉਸਦੇ ਪਰਿਵਾਰ ਨੇ ਆਪਣੀ ਰੋਜ਼ਾਨਾ ਦੀ ਰੋਟੀ ਰੋਜੀ ਸਿਰਫ ਜਾਤੀਗਤ ਦੇ ਢਾਂਚੇ ਵਿੱਚ ਪੁਰਾਂਣੇ ਸਮੇਂ ਤੋਂ ਕਰਦੇ ਆ ਰਹੇ ਕਿੱਤੇ, ਲੋਕਾਂ ਦੇ ਕੱਪੜੇ ਧੋਣ ਦੇ ਕੰਮ ਦੁਆਰਾ ਕੀਤੀ ਜਾਂਦੀ ਸੀ। ਉਹ ਉੱਚ ਜਾਤੀ ਦੇ ਜਾਗੀਰਦਾਰਾਂ ਦੇ ਕੱਪੜੇ ਧੋ ਕੇ ਉਹਨਾ ਦੀ ਸੇਵਾ ਕਰਦੇ ਸਨ। ਉਸਦੀ ਜਾਤੀ ਉਹਨਾਂ ਦੇ ਕੰਮ ਕਾਰਨ ਹੀ ਧੋਬੀ ਵਜੋਂ ਉਸ ਦਾ ਉਪਨਾਮ ਬਣ ਗਈ। ਉਸ ਜਾਤੀ ਦਾ ਵੀ ਗੁਲਾਮੀ ਦਾ ਲੰਮਾ ਇਤਿਹਾਸਹੈ ਜੋ ਹਮੇਸ਼ਾਂ ਉਹਨਾਂ ਦੀ ਬਹਾਦਰੀ ਅਤੇ ਉੱਚ ਜਾਤੀ ਜਾਗੀਰਦਾਰੀ ਦੇ ਜੁਲਮ ਦੀ ਕਹਾਣੀ ਦਰਸਾਉਂਦਾ ਹੈ।

ਚਕਾਲੀ ਇਲੰਮਾ ਦਾ ਵਿਆਹ ਬਚਪਨ ਵਿੱਚ ਚਿਤਾਲਾ ਨਰਸਈਆ ਨਾਲ ਹੋਇਆ ਸੀ। ਉਨ੍ਹਾਂ ਦੇ ਪੰਜ ਬੱਚੇ ਸਨ। ਕਿਉਂਕਿ ਇਹ ਜੋੜਾ ਆਰਥਿਕ ਤੌਰ ਤੇ ਪਛੜੇ ਹੋਏ ਹਾਲਾਤਾਂ ਵਿੱਚ ਰਹਿੰਦਾ ਸੀ, ਉਹਨਾਂ ਨੂੰ ਆਪਣੀ ਰੋਜ਼ੀ ਰੋਟੀ ਲਈ ਜਾਤੀਗਤ ਕਿੱਤੇਵਿੱਚੋਂ ਕੋਈ ਖਾਸ ਕਮਾਈ ਲਹੀਂ ਸੀ। ਇਲੰਮਾ ਉੱਚ ਜਾਤੀ ਦੇ ਜਾਗੀਰਦਾਰਾਂ ਦੀ ਗੁਲਾਮੀ ਕਰ ਰਹੀ ਸੀ ਪਰ ਗੁਲਾਮੀ ਤੋਂ ਅਜਾਦ ਹੋਣ ਲਈ ਦ੍ਰਿੜ ਵੀ ਸੀ ਉਹ ਆਪਣੇ ਕੱਪੜੇ ਧੋਣ ਦੇ ਕੰਮ ਨੂੰ ਛੱਡਕੇ ਜ਼ਮੀਨ ਦੀ ਮਾਲਕਨ ਬਣਨਾ ਚਾਹੁੰਦੀ ਸੀ ਜਿਸ ਤੋਂ ਉਹ ਆਪਣੀ ਚੰਗੀ ਤਰਾਂ ਰੋਟੀ ਕਮਾ ਸਕੇ। ਇਸ ਲਈ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਬਹੁਤ ਮੁਸ਼ਕਲ ਵਿੱਚੋਂ ਲੰਘਣਾ ਪਿਆ। ਚਕਾਲੀ ਇਲੰਮਾ ਦੀ ਕਹਾਣੀ ਝਲਕਦੀ ਹੈ ਕਿ ਕਿਵੇਂ ਉੱਚ ਜਾਤੀ ਦੇ ਜਾਗੀਰਦਾਰਾਂ ਦੁਆਰਾ ਜ਼ਮੀਨ ਨੂੰ ਏਕਾਅਧਿਕਾਰਤ ਕੀਤਾ ਗਿਆ ਸੀ ਅਤੇ ਉਸਦੀ ਕਹਾਣੀ ਬਹੁਜਨ ਔਰਤ ਦੇ ਵਿਰੋਧ ਦਾ ਵਰਤਾਰਾ ਹੈ। ਚਕਾਲੀ ਇਲੰਮਾ ਦੀ ਲੜਾਈ ਕੇਵਲ ਜਾਗੀਰਦਾਰੀ ਬਾਰੇ ਨਹੀਂ ਸੀ ਬਲਕਿ ਇਹ ਔਰਤਾਂ ਦੇ ਅੰਦਰ ਲਿੰਗ-ਬਰਾਬਰੀ ਅਤੇ ਔਰਤਾਂ ਦਾ ਉੱਚ ਜਾਤੀ ਔਰਤਾਂ ਦੁਆਰਾ ਅਪਮਾਨ ਦਾ ਵਿਰੋਧ ਸੀ। ਉਸਨੇ ਉੱਚ ਜਾਤੀ ਦੀਆਂ ਔਰਤਾਂ ਦੇ ਵਿਰੁੱਧ ਪ੍ਰਸ਼ਨ ਉਠਾਏ ਜਿਹੜੀਆਂ ਡੋਰਾ ਉਸ ਸੰਬੋਧਿਤ ਕਰ ਕੇ ਨੀਵੀਂ ਜਾਤੀ ਦੀਆਂ ਔਰਤਾਂ ਅਤੇ ਘਟੀਆ ਹੋਣ ਦਾ ਅਹਿਸਾਸ ਕਰਵਾਉਂਦੀਆਂ ਸਨ ਉਸਨੇ ਜਾਤੀ ਅਤੇ ਜਮਾਤ ਦੀ ਗੁਲਾਮੀ ਦੇ ਵਿਰੁਧ ਔਰਤਾਂ ਨੂੰ ਅਵਾਜ ਉਠਾਉਣ ਨੂੰ ਉਤਸ਼ਾਹਤ ਕੀਤਾ। ਉਹ ਉੱਚ ਜਾਤੀ ਦੀਆਂ ਔਰਤਾਂ ਦੀ ਸਰਬੋਤਮਤਾ 'ਤੇ ਸਵਾਲ ਕਰਨ ਵਾਲੀ ਪਹਿਲੀ ਭਾਰਤੀ ਔਰਤ ਹੈ ਅਤੇ ਉਸਨੇ ਨਾ ਕੇਵਲ ਸਮਾਜਿਕ ਢਾਂਚੇ ਵਿੱਚ ਔਰਤ ਦਾ ਔਰਤ ਦੁਆਰਾ ਕੀਤੇ ਜਾਂਦੇ ਸ਼ੋਸ਼ਣ ਵਿਰੁਧ ਅਵਾਜ ਉਠਾਈ, ਉਸਨੇ ਸਮਾਜਿਕ ਬਰਾਬਰੀ ਲਈ ਵੀ ਬਹੁਤ ਕੁਰਬਾਨੀ ਕੀਤੀ। ਚਕਾਲੀ ਇਲੰਮਾ ਦੇ ਸੰਘਰਸ਼ ਨੂੰ ਅੰਤਰ ਰਾਸ਼ਟਰੀ ਪੱਧਰ ਉਤੇ ਨਾਰੀ ਦਾ ਨਾਰੀ ਦੁਆਰਾ ਸ਼ੋਸ਼ਣ ਵਜੋਂ ਨਾਰੀਵਾਦ ਦੇ ਅਧਿਐਨ ਵਜੋਂ ਵੀ ਵਿਚਾਰਨਾ ਸਹੀ ਰਹੇਗਾ।

ਚਕਾਲੀ ਇਲੰਮਾ ਆਪਣੇ ਸਮਾਜ ਲਈ ਜ਼ਮੀਨ ਪ੍ਰਾਪਤੀ ਲਈ ਲੜਦੀ ਰਹੀ, ਪਰ ਉਸਨੇ ਔਰਤਾਂ ਲਈ ਵੀ ਲੜਾਈ ਲੜੀ। ਉਸ ਦੇ ਸੰਘਰਸ਼ ਨੇ ਨਾ ਸਿਰਫ ਉੱਚ ਜਾਤੀ ਦੇ ਜਾਗੀਰਦਾਰਾਂ ਨੂੰ ਹੀ ਨਿਸ਼ਾਨਾ ਬਣਾਇਆ, ਬਲਕਿ ਉਹ ਮਰਦਾ ਦੀ ਔਰਤਾ ਉਤੇ ਕੀਤੀ ਜਾ ਰਹੀ ਹਿੰਸਾ ਨੂੰ ਖਤਮ ਕਰਨ ਲਈ ਖੜੀ ਹੋਈ ਉਹ ਸਵਰਣ ਜਾਗੀਰਦਾਰੀ ਨੂੰ ਲਗਾਤਾਰ ਚੁਣੌਤੀ ਦਿੰਦੀ ਆ ਰਹੀ ਹੈ। ਉਸਨੇ ਹਥਿਆਰ ਉਠਾਕੇ ਔਰਤਾਂ ਦੀ ਜਥੇਬੰਦ ਕਰਕੇ ਹਮੇਸ਼ਾ ਉਹਨਾਂ ਮਰਦਾਂ ਦੀ ਭੀੜ ਦੇ ਖਿਲਾਫ ਲੜਾਈ ਲੜੀ ਜੋ ਹਮੇਸ਼ਾ ਹਮਲਾ ਕਰਨ ਦੀ ਕੋਸ਼ਿਸ਼ ਕਰਦੇ ਉਹਨਾਂ ਤੋਂ ਜ਼ਮੀਨ ਖੋਹਣ ਦੀ ਕੋਸ਼ਿਸ਼ ਕਰਦੇ ਸਨ। ਉਸ ਦਾ ਸੰਘਰਸ਼ ਉਸ ਸਮੇਂ ਸੁਰੂ ਹੋਇਆ ਜਦੋਂ ਕੁਝ ਸ਼ਕਤੀਸ਼ਾਲੀ, ਉੱਚ ਜਾਤੀ ਦੇ ਜਾਗੀਰਦਾਰਾਂ ਨੇ ਦਲਿਤਾ, ਕਿਸਾਨਾਂ ਕੋਲੋਂ ਜ਼ਮੀਨ ਖੋਹਕੇ ਜਮੀਨਾਂ ਉਤੇ ਆਪਣਾ ਏਕਾ ਅਧਿਕਾਰ ਕਰਨ ਸੁਰੂ ਕੀਤਾ ਸੀ ਅਤੇ ਉਨ੍ਹਾਂ ਨੇ ਹੇਠਲੇ ਪੱਧਰ ਦੇ ਦਲਿਤ ਅਤੇ ਆਦਿਵਾਸੀ ਸਮਾਜ ਦੇ ਲੋਕਾਂ ਦੀਆਂ ਜ਼ਮੀਨਾਂ ਖੋਹ ਲਈਆਂ ਸਨ। ਉਸ ਨੇ ਸ਼ੋਸ਼ਣਕਾਰਾਂ ਵਿਰੁਧ ਬਹੁਤ ਸਾਰੇ ਸੰਘਰਸ਼ਾਂ ਦੀ ਅਗਵਾਈ ਕੀਤੀ। ਖ਼ੂਨ-ਖ਼ਰਾਬਾ, ਸਮੂਹਿਕ ਬਲਾਤਕਾਰ, ਜਿਨਸੀ ਸ਼ੋਸ਼ਣ ਅਤੇ ਸੰਸਥਾਗਤ ਪਰੇਸ਼ਾਨੀ ਉਸ ਸਮੇਂ ਆਮ ਸੀ।

ਪਰ ਚਕਾਲੀ ਇਲੰਮਾ ਇਕ ਜਾਗੀਰਦਾਰ ਕੰਡਾਲਾ ਰਾਓ ਤੋਂ ਲੀਜ਼ 'ਤੇ 40 ਏਕੜ ਜ਼ਮੀਨ ਲੈਣ ਲਈ ਦ੍ਰਿੜ ਸੀ ਅਤੇ ਉਸਨੇ ਇਸ ਦੀ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ। ਇਹ ਉੱਚ ਜਾਤੀ ਦੇ ਜਾਗੀਰਦਾਰ ਜ਼ਮੀਂਦਾਰਾਂ ਅਤੇ ਨਿਜ਼ਾਮ ਸਰਕਾਰ ਲਈ ਸਦਮੇ ਵਰਗਾ ਸੀ। ਉਹਨਾ ਇਹ ਇੱਕ ਅਪਮਾਨ ਵਜੋਂ ਲਿਆ ਕਿਉਂਕਿ ਇੱਕ ਦਲਿਤ ਔਰਤਲੋਕਾਂ ਦੇ ਕੱਪੜੇ ਧੋਣ ਦੇ ਕੰਮ ਨੂੰ ਛੱਡਕੇ ਜ਼ਮੀਨ ਉਤੇ ਫ਼ਸਲਾ ਉਗਾਉਂਣ ਦਾ ਕੰਮ ਕਰੇ, ਜਿਸ ਦਾ ਕੰਮ ਉੱਚ ਜਾਤੀ ਦੇ ਕੱਪੜੇ ਧੋ ਕੇ ਸੇਵਾ ਕਰਨਾ ਸੀ। ਪਟਵਾਰੀ ਵੀਰਮਨੀ ਸ਼ੇਸਾਗਿਰੀ ਨੇ ਇਲੰਮਾ ਨੂੰ ਅਤੇ ਉਸਦੇ ਪਰਿਵਾਰ ਨੂੰ ਜ਼ਮੀਨ ਦਾ ਕੰਮ ਛੱਡਣ ਲਈ ਅਤੇ ਜਾਤੀਗਤ ਕੰਮ ਨੂੰ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕੀਤੀ, ਜੋ ਗੁਲਾਮੀ ਦਾ ਇਕ ਰੂਪ ਹੈ। ਪਰ ਉਸਨੇ ਉਸ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।



ਇਲੰਮਾ ਪਹਿਲਾਂ ਹੀ ਆਂਧਰਾ ਮਹਾਂਸਭਾ (ਭਾਰਤ ਦੇ ਪਹਿਲਾਂ ਹੈਦਰਾਬਾਦ ਰਾਜ ਦੀ ਇਕ ਸੰਗਠਨ ਸੀਪੀਆਈ ਦੇ ਨਾਲ ਮਿਲ ਕੇ ਤੇਲੰਗਾਨਾ ਅੰਦੋਲਨ ਦੀ ਸੁਰੂਆਤ ਕੀਤਾ ਸੀ) ਦੀ ਮੈਂਬਰ ਸੀ, ਉਸ ਨੂੰ ਉਸ ਰਣਨੀਤੀ ਤੋਂ ਪਤਾ ਸੀ ਕਿ ਜਾਗੀਰਦਾਰ ਕਿਸ ਰਣਨੀਤੀ ਨਾਲ ਆਉਣਗੇ। ਉਨ੍ਹਾਂ ਨੇ ਲਗਾਤਾਰ ਹਮਲੇ ਕਰਕੇ ਅਤੇ ਉਸਦੀ ਫਸਲ ਨੂੰ ਵੱਢਣ ਦੀ ਕੋਸ਼ਿਸ਼ ਕਰਦਿਆਂ ਉਸ ਦੀ ਜ਼ਮੀਨ ਹੜੱਪਣ ਦੀ ਕੋਸ਼ਿਸ਼ ਕੀਤੀ। ਚਕਾਲੀ ਇਲੰਮਾ ਨੇ ਉਨ੍ਹਾਂ ਨੂੰ ਕਿਹਾ, "ਇਹ ਮੇਰੀ ਜਮੀਨ ਹੈ। ਇਹ ਮੇਰੀ ਫਸਲ ਹੈ। ਮੇਰੀ ਜ਼ਮੀਨ ਅਤੇ ਫਸਲ ਨੂੰ ਖੋਹਣ ਵਾਲਾ ਇਹ ਕੌਣ ਹੈ? ਇਹ ਸਿਰਫ ਤਾਂ ਹੀ ਸੰਭਵ ਹੈ ਜਦੋਂ ਮੈਂ ਮਰ ਜਾਵਾਂ।" ਇਕ ਔਰਤ ਨੇ ਉਹ ਵੀ ਦਲਿਤ ਔਰਤ ਨੇ ਬਹੁਤ ਬਹਾਦਰੀ ਭਰੀ ਹਰਕਤ ਕੀਤੀ, ਇਸ ਗਲ ਨੇ ਉਨ੍ਹਾਂ ਸਾਮੰਤਵਾਦੀਆਂ ਨੂੰ ਸਭ ਤੋਂ ਵੱਧ ਦੁਖੀ ਕੀਤਾ। ਇਹ ਜਾਣਦਿਆਂ ਕਿ ਚਕਾਲੀ ਇਲੰਮਾ ਭਾਰਤ ਦੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਈ, ਵਿਸਨੂਰ ਦੇਸ਼ਮੁਖ (ਹੈਦਰਾਬਾਦ ਰਾਜ ਵਿਚ ਇਕ ਖ਼ਾਸ ਪ੍ਰਦੇਸ਼ ਦਾ ਸ਼ਾਸਕ ਜੋ ਇਕੱਠੇ ਕੀਤੇ ਟੈਕਸ ਦੇ ਇਕ ਹਿੱਸੇ ਦਾ ਹੱਕਦਾਰ ਹੈ ਜੋ ਇਕ ਡੋਰਾ ਵੀ ਹੈ) ਰਾਮਚੰਦਰ ਰੈਡੀ ਨੇ ਚਕਾਲੀ ਇਲੰਮਾ ਅਤੇ ਉਸ ਵਿਰੁੱਧ ਝੂਠਾ ਕੇਸ ਦਾਇਰ ਕੀਤਾ ਪਰਿਵਾਰ ਅਤੇ ਉਸਦੇ ਪਤੀ ਅਤੇ ਪੁੱਤਰਾਂ ਨੂੰ ਗ੍ਰਿਫਤਾਰ ਕਰ ਲਿਆ।

ਭਾਰਤ ਦਲਿਤ ਸਮਾਜ ਹਮੇਸ਼ਾ ਅੰਗਰੇਜ਼ ਸਰਕਾਰ ਦਾ ਰਿਣੀ ਰਹੇਗਾ ਕਿ ਉਹਨਾ ਨੇ ਕਾਨੂੰਨ ਵਿਵਸਥਾ ਨੂੰ ਸਭ ਭਾਰਤੀ ਲਈ ਬਰਾਬਰ ਬਣਾ ਦਿਤੀ ਸੀ। ਭਾਰਤੀ ਬ੍ਰਾਹਮਣਵਾਦੀ ਸਮਾਜ ਦਾ ਇਨਸਾਫ ਮਾਨਵਤਾ ਨੂੰ ਬਰਾਬਰੀ ਦਾ ਅਧਿਕਾਰ ਨਹੀਂ ਦਿੰਦਾ ਸੀ। ਇਨਸਾਫ ਜਾਤੀ ਦੇਖਕੇ ਦਿਤਾ ਜਾਂਦਾ ਸੀ। ਉੱਚ ਜਾਤੀਆਂ ਲਈ ਕਾਨੂੰਨ ਵਿੱਚ ਵੱਧ ਰਿਆਇਤਾਂ ਅਤੇ ਸਜਾਵਾਂ ਘੱਟ, ਨੀਵੀਆਂ ਜਾਤੀਆਂ ਲਈ ਕਾਨੂੰਨ ਵਿੱਚ ਘੱਟ ਰਿਆਇਤਾਂ ਅਤੇ ਸਜਾਵਾਂ ਵੱਧ ਦਾ ਪ੍ਰਾਵਧਾਨ ਸੀ। ਇਲੰਮਾ ਦੇਸ਼ਮੁਖ ਦੁਆਰਾ ਇਸ ਅੱਤਿਆਚਾਰੀ ਹਰਕਤ ਨੂੰ ਅਦਾਲਤ ਵਿੱਚ ਲੈਕੇ ਗਈ ਜਿਸ ਵਿੱਚ ਫੈਸਲਾ ਉਸਦੇ ਹੱਕ ਵਿੱਚ ਆਇਆ। ਫਿਰ ਉਸਨੇ ਗਲਤ ਤਰੀਕੇ ਨਾਲ ਇਲੰਮਾ ਦੀ ਜ਼ਮੀਨ ਉਸਦੇ ਨਾਮ ਵਿੱਚ ਤਬਦੀਲ ਕਰਨ ਲਈ ਆਪਣੀ ਸ਼ਕਤੀ ਦੀ ਵਰਤੋਂ ਕੀਤੀ ਅਤੇ ਆਪਣੇ ਗੁਰਗਿਆਂ ਨੂੰ ਇਲੰਮਾ ਦੀ ਜਮੀਨ ਤੋਂ ਸਾਰੀ ਫਸਲ ਕਟਣ ਲਈ ਭੇਜਿਆ। ਪਰ ਇਲੰਮਾ ਨੇ ਆਂਧਰਾ ਸਭਾ ਦੇ ਮੈਂਬਰਾਂ ਦੀ ਮਦਦ ਨਾਲ ਫਸਲ ਨੂੰ ਪਹਿਲਾਂ ਹੀ ਕੱਟ ਲਿਆ ਗਿਆ ਸੀ ਅਤੇ ਸੁਰੱਖਿਅਤ ਢੰਗ ਨਾਲ ਲੁਕਾ ਦਿੱਤਾ ਸੀ। ਇਥੋਂ ਤਕ ਕਿ ਉਸ ਨੇ ਜ਼ਮੀਨ ਉਸ ਦੇ ਨਾਮ ਵਾਪਸ ਲੈ ਲਈ ਸੀ।

ਭਾਰਤੀ ਲੋਕ ਅੰਗਰੇਜਾਂ ਤੋ ਅਜਾਦੀ ਦੀ ਗਲ ਕਰਦੇ ਅੱਜ ਤਕ ਵੀ ਆਪਣੇ ਗਲੇ ਤਰ ਕਰ ਲੈਂਦੇ ਹਨ, ਕਹਾਣੀਆਂ ਸੁਣਾਈਆਂ ਜਾਂਦੀਆਂ ਹਨ ਕਿ ਅੰਗਰੇਜ਼ ਬਹੁਤ ਜਾਲਮ ਸਨ। ਲੇਕਿਨ ਜਿੰਨਾ ਜੁਲਮ ਭਾਰਤੀ ਮੂਲ ਨਿਵਾਸੀਆਂ ਉਤੇ ਭਾਰਤ ਹਿੰਦੂ ਆਰੀਆ ਅਤੇ ਮੁਸਲਮਾਨਾਂ ਅਤੇ ਹੋਰਾਂ ਨੇ ਕੀਤਾ ਉਹ ਅੰਗਰੇਜਾਂ ਨਾਲੋ 100 ਗੁਣਾਂ ਵੱਧ ਸੀ, ਜੁਲਮਾਂ ਦੀ ਇਹ ਲੰਮੀ ਕਹਾਣੀ ਹੈ। ਇਲੰਮਾ ਦੇ ਪਰਿਵਾਰ ਉੱਤੇ ਫਿਰ ਵੀਦਮਨ ਬੰਦ ਨਹੀਂ ਹੋਇਆ। ਦੇਸ਼ਮੁਖ ਉਸ ਨੂੰ ਆਰਥਿਕ ਤੌਰ ਤੇ ਬਰਬਾਦ ਕਰਨਾ ਚਾਹੁੰਦਾ ਸੀ। ਉਸਨੇ ਉਸਦੇ ਘਰ ਨੂੰ ਸਾੜਨ ਦਾ ਆਦੇਸ਼ ਦਿੱਤਾ। ਪਟਵਾਰੀ ਦੇ ਨੌਕਰਾਂ ਨੇ ਉਸ ਦੇ ਪਤੀ 'ਤੇ ਸਰੀਰਕ ਹਮਲਾ ਕੀਤਾ ਅਤੇ ਉਸਦੀ ਧੀ ਨਾਲ ਸਮੂਹਿਕ ਬਲਾਤਕਾਰ ਕੀਤਾ। ਇਹ ਸਭ ਦੀ ਪਿੱਠ ਉਤੇ ਨਿਜ਼ਾਮ ਸਰਕਾਰ ਖੜੀ ਸੀ। ਇਹ ਸਭ ਰਾਜ ਦੇ ਸਮਰਥਨ ਨਾਲ ਸੀ, ਕਿਉਂਕਿ ਨਿਜਾਮ ਰਾਜ ਮੁੱਢਤੋਂ ਹੀ ਜੁਲਮ ਕਰਦਾ ਆਇਆ ਸੀ। ਚੱਕਲੀ ਇਲੰਮਾ ਨੇ ਉਸ ਡੋਰਾ ਖਿਲਾਫ ਆਪਣਾ ਗੁੱਸਾ ਦਰਸਾਉਣ ਲਈ ਲੱਠ ਚੁੱਕਿਆ। ਉਸਨੇ ਆਪਣੇ ਸਾਥੀਆਂ ਨਾਲ ਪਟਵਾਰੀ ਦੇ ਘਰ ਨੂੰ ਢਹਿ ਢੇਰੀ ਕਰ ਦਿੱਤਾ ਅਤੇ ਉਸੇ ਜ਼ਮੀਨ ਉੱਤੇ ਮੱਕੀ ਦਾ ਖੇਤ ਨੂੰ ਤਬਾਹ ਕਰ ਦਿੱਤਾ। ਅਜਿਹਾ ਕਰਕੇ, ਉਸਨੇ ਸ਼ੋਸ਼ਤਿ ਲੋਕਾਂ ਦੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ। ਇਹ ਬਹੁਜਨ ਔਰਤ ਦੇ ਸੰਘਰਸ਼ ਦਾ ਪ੍ਰਤੀਕ ਹੈ। ਇਹ ਗੁਲਾਮੀ ਵਿਰੁੱਧ ਲੜਾਈ ਦਾ ਇਤਿਹਾਸਕ ਪ੍ਰਤੀਕ ਹੈ। ਇਲੰਮਾ ਦੀ ਪੂਰੀ ਹਿੰਮਤ ਅਤੇ ਲੜਾਈ ਲੜੀ ਅੰਗਰੇਜੀ ਦੀ ਕਾਨੂੰਨ ਵਿਵਸਥਾ ਅਤੇ ਭਾਰਤੀ ਕਮਿਊਨਿਸ਼ਟ ਪਾਰਟੀ ਦੀ ਸਹਾਇਤਾ ਨਾਲ ਉਹ ਜ਼ਮੀਂਦਾਰਾਂ, ਸਾਮੰਤਾਂ,ਜਾਤੀਵਾਦੀਆਂ ਦੇ ਹਮਲਿਆਂ ਦਾ ਜਵਾਬ ਦੇਣ ਯੋਗ ਹੋ ਗਈ ਸੀ। ਇਸ ਤਰਾਂ ਦੇ ਜਮੀਨੀ ਸੰਘਰਸ਼ਾ ਨੂੰ ਜਿੱਤਦੇ ਹੋਏ ਰਾਜ ਦੇ ਕਈ ਇਲਾਕਿਆਂ ਵਿੱਚ ਉਨ੍ਹਾਂ ਨੇ ਲੋਕਾਂ ਵਿੱਚ ਫ਼ਸਲਾਂ ਅਤੇ ਜਮੀਨਾਂ ਨੂੰ ਦੁਬਾਰਾ ਵੰਡ ਦਿੱਤਾ। ਇਹ ਚਕਾਲੀ ਇਲੰਮਾ ਹੈ ਜਿਸ ਨੇ ਉਸਾਰੂ ਸੰਘਰਸ਼ ਅਤੇ ਗੁਲਾਮੀ ਵਿਰੋਧੀ ਲੜਾਈ ਕਰ ਇਨਸਾਫ਼ ਲਈ ਰਾਹ ਪੱਧਰਾ ਕੀਤਾ। ਉਸ ਨੇ ਆਪਣੇ ਪਤੀ ਨੂੰ ਗੁਆ ਦਿੱਤਾ, ਜਿਸ 'ਤੇ ਡੋਰਾ ਦੁਆਰਾ ਬੇਰਹਿਮੀ ਨਾਲ ਹਮਲਾ ਕੀਤਾ ਗਿਆ ਸੀ। ਉਹ ਤੇਲੰਗਾਨਾ ਦੇ 1946-51 ਦੇ ਹਥਿਆਰਬੰਦ ਬਗਾਵਤ ਦੀ ਸਭ ਤੋਂ ਮਹਾਨ ਅਤੇ ਪ੍ਰੇਰਣਾਦਾਇਕ ਨੇਤਾ ਰਹੀ ਹੈ। ਉਸਨੇ ਬ੍ਰਿਟਿਸ਼ ਸਾਮਰਾਜਵਾਦ ਨਾਲ ਮਿਲ ਕੇ ਤਤਕਾਲੀਨ ਨਿਜ਼ਾਮ ਸਰਕਾਰ ਦੇ ਅੱਤਿਆਚਾਰਾਂ ਨੂੰ ਖਤਮ ਕਰਨ ਲਈ ਹਥਿਆਰ ਚੁੱਕੇ। ਚਕਾਲੀ ਇਲੰਮਾ ਦੇ ਵਿਦਰੋਹ ਨੇ ਬਹੁਤ ਸਾਰੀਆਂ ਔਰਤਾਂ ਨੂੰ ਆਪਣੇ ਜ਼ਮੀਨਾਂ ਨੂੰ ਨਿਜ਼ਾਮ ਦੀ ਫੌਜ ਅਤੇ ਸਾਮੰਤਾਂ ਤੋਂ ਬਚਾਉਣ ਲਈ ਮਜ਼ਬੂਤੀ ਨਾਲ ਖੜ੍ਹੇਹੋਣ ਲਈ ਪ੍ਰੇਰਿਤ ਕੀਤਾ ਜਦਕਿ ਅਜੇ ਵੀ ਜਿਨਸੀ ਸ਼ੋਸ਼ਣ ਅਤੇ ਉਨ੍ਹਾਂ ਨੂੰ ਜਾਣ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਗਲੀ ਪੀੜ੍ਹੀ ਲਈ ਰਾਹ ਪੱਧਰਾ ਕਰਨ ਅਤੇ ਇਨਕਲਾਬੀ ਕੌਮ ਹੋਣ ਦਾ ਜ਼ਜਬਾ ਭਰਨ ਵਾਲੀ, ਚਕਾਲੀ ਇਲੰਮਾ ਦਾ 10 ਸਤੰਬਰ, 1985 ਨੂੰ ਦਿਹਾਂਤ ਹੋ ਗਿਆ। ਭਾਰਤ ਹਮੇਸ਼ਾ ਯਾਦ ਰਖੇਗਾ। ਯੂਥ ਐਡਵਾਂਸਮੈਂਟ, ਸੈਰ-ਸਪਾਟਾ ਅਤੇ ਸਭਿਆਚਾਰ ਵਿਭਾਗ, ਜਿਸ ਨੇ ਪਹਿਲਾਂ ਇਸ ਮੰਤਵ ਲਈ 6 ਲੱਖ ਡਾਲਰ ਮਨਜ਼ੂਰ ਕੀਤੇ ਸਨ, ਨੇ ਹੁਣ ਤੇਲੰਗਾਨਾ ਰਾਜਕਾ ਸੇਵਾ ਸੰਗਮ (ਟੀ ਆਰ ਐਸ ਐਸ), ਹੈਦਰਾਬਾਦ ਨੂੰ ਇਕ ਛੋਟੀ ਫਿਲਮ ਦੇ ਨਿਰਮਾਣ ਲਈ 10 ਲੱਖ ਡਾਲਰ ਜਾਰੀ ਕੀਤੇ ਹਨ। ਟੀ ਆਰ ਐਸ ਐਸ ਭਾਵਨਾਤਮਕ ਗਾਣਿਆਂ ਅਤੇ ਸੰਵਾਦਾਂ ਨਾਲ ਚਕਾਲੀ ਇਲੰਮਾ ਦੇ ਜੀਵਨ 'ਤੇ 30 ਮਿੰਟ ਦੀ ਇੱਕ ਛੋਟੀ ਫਿਲਮ ਦਾ ਨਿਰਮਾਣ ਕਰ ਰਹੀ ਹੈ। ਇਲੰਮਾ ਕੌਣ ਸੀ।

ਸਿੱਦੀਪਤ ਜਿਲੇ ਦੇ ਗਾਜਵੇਲ ਵਿਖੇ ਇਨਕਲਾਬੀ ਆਗੂ ਚਕਾਲੀ ਇਲੰਮਾ ਦੇ ਬੁੱਤ ਦਾ ਉਦਘਾਟਨ ਕੀਤਾ। ਆਏਰਨ ਲੇਡੀ ਨੇ ਨਿਜ਼ਾਮ ਦੇ ਜੁਲਮਾਂ ਵਿਰੁੱਧ ਹਥਿਆਰਬੰਦ ਸੰਘਰਸ਼ ਵਿੱਢਿਆ ਸੀ। "ਗਾਜਵੇਲ ਵਿਖੇ ਇਕ ਕਰੋੜ ਰੁਪਏ ਦੀ ਲਾਗਤ ਨਾਲ ਇਕ ਇਲੰਮਾ ਭਵਨ ਬਣਾਇਆ ਜਾ ਰਿਹਾ ਹੈ।" ਰਾਜ ਦੇ ਬਹੁਤ ਸਾਰੇ ਹਿਸਿਆਂ ਵਿੱਚ ਉਸ ਦੇ ਬੁੱਤ ਲਗਾਏ ਗਏ ਹਨ। ਹਰ ਸਾਲ ਉਹਨਾ ਦੇ ਜਨਮ ਦਿਨ ਨੂੰ ਸ਼ਰਧਾ ਨਾਲ ਮਨਾਇਆ ਜਾਂਦਾ ਹੈ

# 4 ਫਰਵਰੀ 2022, ਚੌਰੀ-ਚੌਰਾ ਘਟਨਾ ਦਾ 100ਵਾਂ ਸਾਲ



ਹਰਦੀਪ ਸਿੰਘ ਚੁੰਬਰ
+91-94636-01616

ਉੱਤਰ ਪ੍ਰਦੇਸ਼ ਸਰਕਾਰ ਨੇ ਗੋਰਖਪੁਰ ਵਿੱਚ 'ਚੌਰੀ ਚੌਰਾ ਸ਼ਹੀਦ ਯਾਦਗਾਰ' ਨੂੰ ਵਿਰਾਸਤੀ ਸੈਰ ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾਈ ਹੈ ਕਿਉਂਕਿ ਸੂਬਾ ਸਰਕਾਰ 'ਚੌਰੀ ਚੌਰਾ' ਕਾਂਡ ਦੇ 100 ਸਾਲ ਪੂਰੇ ਹੋਣ ਵਾਲੇ ਸਾਲ ਭਰ ਦੇ ਜਸ਼ਨਾਂ ਦਾ ਫੈਸਲਾ ਕੀਤਾ ਹੈ। "ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਅਗਵਾਈ ਵਾਲੀ ਰਾਜ ਸਰਕਾਰ ਨੇ ਆਜ਼ਾਦੀ ਦੇ 75 ਸਾਲਾਂ ਦੇ ਮੱਦੇਨਜ਼ਰ ਸਾਲ ਭਰ ਦੇ ਸ਼ਤਾਬਦੀ ਪ੍ਰੋਗਰਾਮ ਕਰਵਾਉਣ ਦਾ ਐਲਾਨ ਕੀਤਾ ਹੈ ਅਤੇ' ਚੌਰੀ ਚੌਰਾ ਸ਼ਹੀਦ ਯਾਦਗਾਰ 'ਨੂੰ ਵਿਰਾਸਤੀ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾਈ ਹੈ। ਚੌਰੀਚੌਰਾ ਕੇਂਦਰ ਵਿੱਚ ਕਾਂਗਰਸ ਜੰਤਾ ਦਲ ਅਤੇ ਰਾਜ ਦੀ ਪੁਰਾਣੀ ਬੀਜੇਪੀ ਸਰਕਾਰਾਂ ਦੇ ਸਮੇਂ ਵਿੱਚ ਲੰਮਾ ਸਮਾਂ ਬੇਰੁਖੀ ਅਤੇ ਅਣਦੇਖੀ ਦਾ ਸ਼ਿਕਾਰ ਬਣੀ ਰਹੀ। ਪ੍ਰਧਾਨਮੰਤਰੀ ਇੰਦਰਾ ਗਾਂਧੀ ਨੇ 1982 ਵਿੱਚ ਘਟਨਾ ਦੇ 60 ਸਾਲ ਤਕ ਬੀਤ ਜਾਣ ਤਕ ਚੌਰੀ ਚੌਰਾ ਵਿਚ ਸਮਾਰਕ ਦਾ ਨੀਂਹ ਪਥਰ ਰਖਿਆ। ਇਹ ਦੇਰੀ ਅਛੂਤਾਂ ਦੇ ਮਨ ਵਿੱਚ ਇਸ ਗਲ ਦਾ ਦਰਦ ਕਿਤੇ ਨਾ ਕਿਤੇ ਦਰਦ ਦਾ ਕਰਨ ਜਰੂਰ ਬਣਿਆ ਰਹਿੰਦਾ ਹੈ। ਜਦੋਂ ਕਿ ਪੁਲਿਸ ਕਰਮੀਂ ਦਾ ਸ਼ਹੀਦੀ ਸਮਾਰਕ ਤਤਕਾਲੀਨ ਅੰਗਰੇਜ ਸਰਕਾਰ ਨੇ 1923 ਵਿੱਚ ਹੀ ਬਣਾ ਦਿੱਤਾ ਸੀ।

ਭਾਰਤ ਵਿੱਚ ਅਛੂਤ ਲੋਕਾਂ ਦੀ ਅੰਗਰੇਜਾਂ ਦਾ ਆਉਣ ਤੋ ਪਹਿਲਾਂ ਹਿੰਦੂ ਲੋਕਾਂ ਨੇ ਅਜਿਹੀ ਕਮਰ ਤੋੜ ਰਖੀ ਸੀ ਕਿ ਉਹ ਹਜਾਰਾਂ ਸਾਲਾਂ ਤਕ ਉੱਠਣ ਦੇ ਲਾਇਕ ਹੀ ਨਹੀਂ ਰਹੇ ਸਨ। ਕਥਿਤ ਵਿਸ਼ਵ ਗੁਰੂ ਭਾਰਤ ਵਿੱਚ 22% ਅਬਾਦੀ ਸੰਸਾਰ ਦੇ ਸਾਰੇ ਸਮਾਜਾਂ ਨਾਲੋਂ ਵੱਧ ਪੀੜਤ ਸੀ। ਜਿਸ ਨੂੰ ਹਜਾਰਾਂ ਸਾਲਾਂ ਤੋ ਸਿੱਖਿਆ, ਸਿਹਤ ਸੇਵਾਵਾਂ ਤਾਂ ਦੂਰ ਦੀ ਗਲ, ਸਾਫ ਪਾਣੀ ਪੀਣ, ਸਾਫ ਥਾਂ ਉੱਤੇ ਰਹਿਣ, ਕਿਸੇ ਵੀ ਕਿਸਮ ਦਾ ਕੀਮਤੀ ਸਮਾਨ ਰਖਣ, ਚੰਗਾ ਖਾਣ, ਪਹਿਨਣ, ਹਥਿਆਰ ਰਖਣ ਦਾ ਅਧਿਕਾਰ ਨਹੀਂ ਸੀ। ਉਹਨਾ ਨੂੰ ਕਿਸੇ ਵੀ ਤਰਾਂ ਕੰਮ ਕਰਵਾਉਣ ਬਦਲੇ ਮਜਦੂਰੀ ਅਤੇ ਕੋਈ ਇਨਸਾਫ ਮੰਗਣ ਦਾ ਹੱਕ ਵੀ ਨਹੀਂ ਸੀ। ਚਰਖ ਪੂਜਾ ਵਰਗੀਆਂ ਬਹੁਤ ਸਾਰੀਂ ਪ੍ਰਥਾਵਾਂ ਨਾਲ ਅਛੂਤਾਂ ਨੂੰ ਜਿੰਦਾ ਨੀਹਾਂ ਵਿੱਚ ਚਿਣ ਦੇਣ ਨੂੰ ਸ਼ੁਭ ਮੰਨਿਆ ਜਾਂਦਾ ਸੀ।

ਅੰਗਰੇਜ ਭਾਰਤ ਆਏ, ਅਛੂਤਾਂ ਨੂੰ ਮਾਨਵ ਸਮਝ ਕੇ ਹਜਾਰਾਂ ਸਾਲ ਬਾਅਦ ਉਹਨਾ ਨੂੰ ਮਾਨਵ ਬਰਾਬਰੀ ਦੇ ਹੱਕ ਦੇਣ ਦੀ ਪੈਰਵਾਈ ਸੁਰੂ ਕੀਤੀ। ਅੰਗਰੇਜਾਂ ਦੇ ਸੇਵਾਦੀਰ ਬਣੇ। ਕੁੱਝ ਪੜਨ ਲਗਾ, ਚੰਗੇ ਕਪੜੇ ਪਾਉਣ ਲਗੇ। 1757 ਦੀ ਅੰਗਰੇਜਾ ਦੀ ਪਹਿਲੀ ਲੜਾਈ ਜਿੱਤੀ ਜੋ ਪਲਾਸੀ ਦੇ ਮੈਦਾਨ ਵਿੱਚ ਹੋਈ ਸੀ ਉਸ ਦਾ ਸੈਨਾਪਤੀ ਜਗਦੀਸ਼ ਮੌਰੀਆ ਸੀ। ਅੰਗਰੇਜ ਸੈਨਾਵਾਂ ਵਿੱਚ ਭਰਤੀ ਹੋਣ ਨਾਲ ਅਛੂਤਾਂ ਦਾ ਉਥਾਨ ਹੋਣਾ ਸੁਰੂ ਹੋਇਆ। ਅਛੂਤ ਜਾਤੀਆਂ ਭੀਲ, ਮੁੰਡਾ, ਗੌਂਡ, ਮਾਂਝੀ, ਅਹੀਰ, ਪਾਸੀ, ਮਾਹਰ, ਚਮਾਰ ਅਦਿ ਹੋਰ ਬਹੁਤ ਸਾਰੀਆਂ ਅਛੂਤ ਜਾਤੀਆਂ ਜਾਗਰਿਤ ਹੋਈਆਂ। ਉਹ ਪੜ੍ਹੇ, ਅੱਗੇ ਵਧੇ, ਲੜੇ, ਜਿੱਤੇ। ਬਾਬਾ ਸਾਹਿਬ ਵੀ ਜੀਵਨ ਵਿੱਚ ਅੱਗੇ ਵਧੇ ਸੰਸਾਰ ਵਿੱਚ ਨਾਮ ਕੀਤਾ ਤਾਂ ਕੇਵਲ ਉਹਨਾ ਦੇ ਪਿਤਾ ਰਾਮਜੀ ਸਕਪਾਲ ਦੇ ਫੌਜ ਵਿੱਚ ਭਰਤੀ ਹੋਣ ਦੇ ਕਾਰਨ ਹੀ ਹੋ ਸਕਿਆ।

ਕੋਰੇ ਗਾਉਂ 1818 ਦਾ ਅੰਗਰੇਜਾਂ ਦਾ ਪੇਸ਼ਵਾਂ ਨਾਲ ਹੋਇਆ, ਯੁੱਧ ਮਾਹਰਾਂ ਨੇ ਹੀ ਜਿੱਤ ਕੇ ਅੰਗਰੇਜਾਂ ਦੀ ਝੋਲੀ ਪਾਇਆ ਸੀ, ਅਤੇ ਵੇਸ਼ਵਾ ਰਾਜ ਦਾ ਸਦਾ ਲਈ ਅੰਤ ਹੋ ਗਿਆ ਸੀ। ਪਹਿਲੇ ਵਿਸ਼ਵ ਯੁੱਧ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਅਛੂਤਾਂ ਨੇ ਭਰਤੀ ਹੋ ਕੇ ਬਹੁਤ ਨਾਮ ਕਮਾਇਆ, ਭਾਰਤ ਤੋਂ ਬਾਹਰ ਜਾ ਕੇ ਬਹੁਤ ਕੱਝ ਸਿੱਖਿਆ ਕਿ ਮਾਨਵ ਸਮਾਨਤਾ ਕੀ ਹੁੰਦੀ ਹੈ। ਯੁੱਧ ਖਤਮ ਹੋਣ ਦੇ ਬਾਅਦ ਜਦੋਂ ਕੁਝ ਬਚਕੇ ਆਏ ਅਛੂਤ ਸਿੱਖ ਫੌਜੀਆਂ ਨੂੰ ਹਰਿਮੰਦਰ ਸਾਹਿਬ ਵਿੱਚ ਗੁਰੂ ਦੇ ਸ਼ੁਕਰਾਨਾ ਕਰਨ ਗਏ ਤਾਂ ਮਸੰਦਾਂ ਨੇਉਹਨਾ ਦਾ ਅਪਮਾਨ ਕੀਤਾ। ਉਸ ਦਾ ਉਹਨਾ ਨੇ ਵਿਧਰੋਹ ਕੀਤਾ। 13 ਅਪਰੈਲ 1919 ਨੂੰ ਵਿਸਾਖੀ ਮੌਕੇ ਇਕੱਠੇ ਹੋਏ ਲੋਕਾਂ ਕਤਲਿਆਮ ਹੋਇਆ। 1920 ਵਿੱਚ ਅਛੂਤਾਂ ਦਾ ਹਰਿਮੰਦਰ ਸਾਹਿਬ ਵਿੱਚ ਖੋਲ ਦਿਤਾ ਗਿਆ। ਜਦੋਂ ਜਦੋਂ ਅਛੂਤਾਂ ਨੇ ਉੱਠਣ ਦੀ ਹਿੰਮਤ ਕੀਤੀ ਹੈ, ਉਹਨਾ ਨੂੰ ਸਥਾਨਕ ਕੌਮਾਂ ਨੇ ਬਾਹਰੀਆਂ ਦੀ ਮਦਦ ਨਾਲ ਦਬਾਉਣ ਦੀਆਂ ਸਫਲ ਕੋਸ਼ਿਸ਼ਾ ਕੀਤੀਆਂ ਹਨ।

1922 ਦੀ ਚੌਰੀਚੌਰਾ ਘਟਨਾ ਵੀ ਸੇਵਾਮੁਕਤ ਸਿਪਾਹੀ ਭਗਵਾਨ ਦਾਸ ਅਹੀਰ ਅਛੂਤ ਚਮਾਰ ਦੇ ਨੇਤ੍ਰਿਤਵ ਵਿੱਚ ਹੋਈ। ਇਸ ਤਰਾਂ ਇਸ ਤਰਾਂ ਦੀਆਂ ਘਟਨਾਵਾਂ ਹੋਣਾ ਦਲਿਤ ਉਥਾਨ ਦੀ ਗਵਾਹੀ ਭਰਦੀਆਂ ਹਨ। ਗਾਂਧੀ ਨੇ ਗੋਲਮੇਜ ਕਾਨਫਰੰਸ ਵਿੱਚ ਕਹਿ ਦਿਤਾ ਸੀ ਜਿਹੜਾ ਇਤਿਹਾਸ ਵਿੱਚ ਦਰਜ ਹੈ ਕਿ ਜੇ ਕਰ ਦਲਿਤਾਂ ਨੂੰ ਵੱਧ ਅਧਿਕਾਰ ਦਿਤੇ ਜਾਂਦੇ ਹਨ ਤਾਂ ਇਹੋ ਜਿਹੀ ਅਜਾਦੀ ਦੀ ਉਸ ਨੂੰ ਲੋੜ ਨਹੀਂ ਹੈ। ਦਲਿਤਾਂ ਦਾ ਵਧਦਾ ਉਥਾਨ ਵੀ ਕਿਤੇ ਨਾ ਕਿਤੇ ਅੰਗਰੇਜੋ ਭਰਾਤ ਛੱਡੋ ਅਤੇ ਬਿਨਾ ਕਿਸੇ ਸਮਾਜਿਕ ਰਾਜਨੀਤਿਕ ਬਦਲਾ ਦੇ ਕੀਤਿਆਂ ਹੀ ਸੱਤਾ ਦੀਆਂ ਚਾਬੀਆਂ ਕਾਂਗਰਸੀ ਗਾਂਧੀ ਦੇ ਚੇਲਿਆਂ ਨੂੰ ਦੇ ਕੇ ਚਲੇ ਜਾਣ ਨੂੰ ਭਾਰਤ ਦੀ ਅਜਾਦੀ ਦਾ ਨਾਮ ਦਿਤਾ, ਜੋ ਸੱਤਾ ਬਦਲੀ ਹੀ ਸੀ।

ਚੌਰੀ ਚੌਰਾ ਵਿੱਚ 2 ਫਰਵਰੀ 1922 ਨੂੰ ਇੱਕ ਸੇਵਾਮੁਕਤ ਸਿਪਾਹੀ, ਭਗਵਾਨ ਅਹੀਰ ਚਮਾਰ ਦੀ ਅਗਵਾਈ ਵਿੱਚ, ਅਨਾਜ ਦੀਆਂ ਉੱਚ ਕੀਮਤਾਂ ਅਤੇ ਬਾਜ਼ਾਰ ਵਿੱਚ ਸ਼ਰਾਬ ਦੀ ਵਿਕਰੀ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਅਜ਼ਾਦੀ ਦੀ ਲਹਿਰ ਸੀ। ਉਸ ਦਿਨ ਸਥਾਨਿਕ ਪੁਲਿਸ ਨੇ ਕੁਝ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਚੌਰੀ-ਚੌੜਾ ਥਾਣੇ ਵਿਚ ਬੰਦ ਕਰ ਦਿੱਤਾ। ਇਸ ਦੇ ਜਵਾਬ ਵਿਚ 4 ਫਰਵਰੀ ਨੂੰ ਸਥਾਨਕ ਬਾਜ਼ਾਰ ਵਿਚ ਪੁਲਿਸ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। 5 ਫਰਵਰੀ 1922 ਨੂੰ, ਪੁਲਿਸ ਦੁਆਰਾ ਥਾਣੇ ਵਿੱਚ ਬੰਦ ਕੀਤੇ ਅੰਦੋਲਨਕਾਰੀਆਂ ਨੂੰ ਛੁਡਾਉਣ ਲਈ ਥਾਣੇ ਇੱਕਠ ਕੀਤਾ, ਵਿਰੋਧ ਕਰਦਿਆਂ ਗਰਮਾ ਗਰਮੀ ਹੋਈ। ਪੁਲਿਸ ਨੇ ਹਵਾਈ ਫਾਇਰ ਕੀਤੇ। ਅੰਦੋਲਨਕਾਰੀਆਂ ਪੱਥਰਬਾਜੀ ਕੀਤੀ, ਪੁਲਿਸ ਨੇ ਗੋਲੀਆਂ ਚਲਾਈਆਂ ਤਿੰਨ ਅੰਦੋਲਨ ਕਰਤਾ ਮੌਕੇ ਉੱਤੇ ਹੀ ਮਾਰੇ ਗਏ। ਅੰਦੋਲਨਕਾਰੀ ਭੜਕ ਗਏ ਪੱਥਰਬਾਜੀ ਕੀਤੀ, ਭੀੜ ਨੇ ਥਾਣੇ ਨੂੰ ਅੱਗ ਲਗਾ ਦਿੱਤੀ ਇਸ ਵਿੱਚ 22 ਪੁਲਿਸ ਮੁਲਾਜ਼ਮ ਸੜ ਕੇ ਮਰ ਗਏ, ਇੱਕ ਦੀ ਬਾਅਦ ਵਿੱਚ ਇਲਾਜ ਕਰਾਉਣ ਸਮੇਂ ਮੌਤ ਹੋ ਗਈ।

ਗੋਰਖਪੁਰ ਸੈਸ਼ਨ ਕੋਰਟ ਦੇ ਜੱਜ ਐਚ.ਈ. ਹੋਮਜ਼, ਚੌਰੀਚੌਰਾ ਮਾਮਲੇ ਦੇ ਸੰਬੰਧ ਵਿਚ "ਦੰਗੇ ਅਤੇ ਅੱਗ ਲਾਉਣ" ਦੇ ਦੋਸ਼ ਵਿਚ ਚਾਰਜ ਲਾਇਆ, 225 ਗ੍ਰਿਫਤਰਾ ਕੀਤੇ ਗਏ। ਇਨ੍ਹਾਂ ਵਿੱਚੋਂ 6 ਦੀ ਪੁਲਿਸ ਹਿਰਾਸਤ ਵਿੱਚ ਤਸਦਦ ਨਾਲ ਮੌਤ ਹੋਈ, 2 ਨੂੰ 2-2 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ, ਜਦੋਂ ਕਿ 170 ਨੂੰ ਮੌਤ ਦੀ ਸਜਾ ਸੁਣਾਈ ਗਈ ਅਤੇ 47 ਹੋਰਾਂਨੂੰ 9 ਜਨਵਰੀ 1923 ਨੂੰ ਅੱਠ ਮਹੀਨੇ ਦੀ ਸੁਣਵਾਈ ਬਾਕੀਆਂ ਨੂੰ ਬਾਅਦ ਬਰੀ ਕਰ ਦਿੱਤਾ ਗਿਆ। ਇਨ੍ਹਾਂ ਫੈਸਲਿਆਂ ਨੂੰ ਲੈ ਕੇ ਵਿਰੋਧ ਦਾ ਤੂਫਾਨ ਆਇਆ, ਭਾਰਤੀ ਕਮਿਊਨਿਸਟ ਆਗੂ ਐਮ.ਐਨ. ਰਾਏ, ਜਿਸ ਦੀ ਅਗਵਾਈ ਵਿੱਚ ਭਾਰਤੀ ਕਾਮਿਆਂ ਦੁਆਰਾ ਜਬਰਦਸਤ ਹੜਤਾਲ ਕੀਤੀ।

ਇਹਨਾ ਹੀ ਦਿਨਾ ਵਿੱਚ ਗਾਂਧੀ ਨੇ ਬੰਬੇ ਦੀ ਇੱਕ ਕਪੜਾ ਮਿੱਲ ਵਿੱਚ ਇੱਕ ਇਕੱਠ ਨੂੰ ਸੰਬੋਧਿਤ ਕੀਤਾ ਅਤੇ ਵਿਦੇਸ਼ੀ ਬਣਾਏ ਕੱਪੜੇ, ਵਸਤਾਂ ਦਾ ਬਾਈਕਾਟ ਕਰਨ ਦਾ ਆਵਾਹਨ ਕੀਤਾ ਅਤੇ ਇਹਨਾ ਨੂੰਜਲਾਇਆ ਗਿਆ। ਇਹ ਸ਼ਾਂਤਮਈ ਬੈਠਕ ਹੋਣੀ ਸੀ, ਪਰ ਇਹ ਦੰਗਿਆਂ ਵਿਚ ਤਬਦੀਲ ਹੋ ਗਈ ਜਿਹੜੀ59 ਲੋਕਾਂ ਦੀ ਮੌਤ ਨਾਲ ਖ਼ਤਮ ਹੋਈ। 1922 ਵਿਚ, ਗਾਂਧੀ ਨੂੰ ਪਹਿਲੀ ਵਾਰ ਯੰਗ ਇੰਡੀਆ ਅਖਵਾਰ ਵਿਚ ਲਿਖੇ ਤਿੰਨ ਲੇਖਾਂ ਦੇ ਕਾਰਨ ਦੇਸ਼ਧ੍ਰੋਹ ਦੇ ਦੋਸ਼ ਲਗਾ ਕੇ 18 ਮਾਰਚ 1922 ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ 1924 ਤਕ ਜੇਲ ਵਿਚ ਰੱਖਿਆ ਗਿਆ ਸੀ।

ਇੱਕ ਵੱਡੀ ਲਹਿਰ ਚਲਾਉਣ ਲਈ, ਇਸ ਨੂੰ ਚਲਾਉਣ ਲਈ ਕੁਝ ਛੋਟੀਆਂ ਲਹਿਰਾਂ ਨੂੰ ਨਾਲ ਜੋੜਨ ਦੀ ਕੋਸ਼ਿਸ਼ ਹੁੰਦੀ ਹੈ ਜੋ ਦੂਜੇ ਨੇਤਾ ਬਰਾਬਰ ਚਲਾ ਰਹੇ ਹੁੰਦੇ ਹਨ। ਜਾਂ ਉਹ ਸੱਤਾ ਨਾਲ ਲੜਾਈ ਲੜਦਿਆਂ ਖਤਮ ਹੋ ਜਾਂਦੇ ਹਨ। ਦੇਸ਼ ਲਈ ਲੜਦੇ ਹੋਣ ਦੇ ਬਾਵਜੂਦ ਵੀ ਉਹਨਾ ਦੀ ਵੱਡੇ ਦਲਾ ਵਲੋ ਸਹਾਇਤਾ ਨਹੀਂ ਕੀਤੀ ਜਾਂਦੀ। ਸੱਤਾ ਇਹਨਾ ਨੂੰ ਕੁਚਲ ਦਿੰਦੀ ਹੈ। ਪੱਡੇ ਦਲ ਨੂੰ ਹੋਰ ਵੱਡਾ ਹੋਣ ਦਾ ਮਾਣ ਹੋਣ ਲਗਦਾ ਹੈ, ਕਾਂਗਰਸ ਵੀ ਇਹੀ ਕੰਮ ਕਰਦੀ ਰਹੀ ਹੈ। ਪੂਰਬ ਦੇ ਦਖਣ ਦੇ ਅੰਦੋਲਨ,ਹੈਦਰਾਬਾਦ ਅਤੇ ਅਵਧ ਦੀਆਂ ਕਿਸਾਨਾਂ ਦੀਆਂ ਮੂਵਮੈਂਟਾਂ,ਉਤਰ ਵਿੱਚ ਸਿੱਖਾਂ ਦੀਆਂ, ਭਗਤ ਸਿੰਘ ਦੀ ਸਹਾਦਤ ਹੋਰ ਬਹੁਤ ਸਾਰੇ ਕੇਸ ਹੋ ਸਕਦੇ ਹਨ।

30 ਅਪ੍ਰੈਲ 1923 ਨੂੰ ਅਲਾਹਾਬਾਦ ਹਾਈ ਕੋਰਟ ਨੇ ਕਈਆਂ ਅਪੀਲਾਂ ਤੋਂ ਬਾਅਦ ਇਸ ਕੇਸ ਦਾ ਅੰਤਮ ਫੈਸਲਾ ਸੁਣਾਇਆ, 4 ਲੋਕਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। 19 ਲੋਕਾਂ ਨੂੰ 8 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। 57 ਲੋਕਾਂ ਨੂੰ 5 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। 20 ਲੋਕਾਂ ਨੂੰ 3 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਅੰਤ ਵਿੱਚ, 3 ਲੋਕਾਂ ਨੂੰ ਸਿਰਫ 2 ਸਾਲਾਂ ਲਈ ਕੈਦ ਬਾਕੀ 38 ਲੋਕਾਂ ਨੂੰ ਬਰੀ ਕਰ ਦਿੱਤਾ ਗਿਆ। ਦੋਸ਼ੀ ਠਹਿਰਾਏ ਗਏ 19 ਲੋਕਾਂ ਨੂੰ 2 ਤੋਂ 11 ਜੁਲਾਈ 1923 ਦੇ ਵਿਚਕਾਰ ਫਾਂਸੀ ਦਿੱਤੀ ਗਈ ਸੀ। ਐਨੀ ਵੱਡੇ ਪਧਰ ਉਤੇ ਕਿਸੇ ਵੀ ਅੰਦੋਨਕਾਰੀਆਂ ਨੂੰ ਇਕੱਠੇ ਤੇ ਘਟ ਸਮੇਂ ਵਿੱਚ ਸਜਾ ਨਹੀਂ ਦਿਤੀ ਗਈ ਜਿਨੀ ਤੇਜੀ ਨਾਲ ਉਹ ਕੰਮ ਹੋਇਆ।

ਬ੍ਰਿਟਿਸ਼ ਬਸਤੀਵਾਦੀ ਅਧਿਕਾਰੀਆਂ ਨੇ 1923 ਵਿਚ, ਮ੍ਰਿਤਕ ਪੁਲਿਸ ਵਾਲਿਆਂ ਦੀ ਯਾਦਗਾਰ ਸਮਾਰਕ ਬਣਾਕੇ ਸਮਰਪਿਤ ਕੀਤੀ ਗਈ। ਆਜ਼ਾਦੀ ਤੋਂ ਬਾਅਦ ਇਸ ਵਿਚ ਜੈ ਹਿੰਦ ਸ਼ਬਦ ਲਿਖੇ ਗਏ ਅਤੇ ਨਾਲ ਹੀ ਕਵੀ ਜਗਦੰਬਾ ਪ੍ਰਸਾਦ ਮਿਸ਼ਰਾ ਦੀ ਇਕ ਕਵਿਤਾ ਇਨਕਲਾਬੀ ਕਵੀ ਰਾਮ ਪ੍ਰਸਾਦ ਬਿਸਮਿਲ ਦੁਆਰਾ ਮਸ਼ਹੂਰ ਕੀਤੀ ਗਈ ਕਵਿਤਾ("ਸ਼ਹੀਦੋਂ ਕੀ ਚਿਤਾਉਂ ਪਰ ਲਗੇਂਗੇ ਹਰ ਵਰਸ਼ ਮੇਲੇ") ਲਿਖਿਆ।

ਚੌਰੀ ਚੌਰਾ ਘਟਨਾ ਸਬੰਧੀ ਸਰਕਾਰ ਦੀ ਬੇਰੁਖੀ ਲੰਮਾਂ ਸਮਾਂ ਬਣੀ ਰਹੀ। ਅਜਾਦੀ ਦੇ ਬੀਤ ਜਾਣ ਬਾਅਦ ਵੀਚੌਰੀਚੌਰਾ ਵਿੱਚ ਕੋਈ ਯਾਦਗਾਰ ਬਨਾਉਣ ਦੀ ਕੋਈ ਚਾਹਤ ਨਹੀਂ ਦਿਖਾਈ। ਸ਼ਾਇਦ ਇਹ ਦਲਿਤ ਲੋਕਾਂ ਦੇ ਨੇਤ੍ਰਿਤਵ ਨੂੰ ਉਤਸਾਹਤ ਕਰਨ ਦਾ ਸਵਾਲ ਬਣਦਾ ਹੋਣ ਕਰਕੇ ਹੋਵੇ। ਲੇਕਿਨ ਜਲ੍ਹਿੇ ਦੇ ਲੋਕ ਉਨ੍ਹਾਂ ਨੂੰ ਨਹੀਂ ਭੁਲੇ। 1971 ਵਿੱਚ, ਉਹਨਾ ਨੇ ਚੌਰੀਚੌਰਾ ਸ਼ਹੀਦ ਸਮਾਰਕ ਸੰਮਤੀ ਦੇ ਨਾਮ ਨਾਲ ਇੱਕ ਸੰਘ ਬਣਾਇਆ। 1973 ਵਿਚ, ਇਸ ਘਟਨਾ ਤੋਂ 52 ਸਾਲ ਬਾਅਦ ਕਮੇਟੀ ਨੇ ਝੀਲ ਦੇ ਨੇੜੇ ਇਕ 12.2 ਮੀਟਰ ਉੱਚੇ ਤਿਕੋਣੇ ਬੁਰਜ ਦਾ ਨਿਰਮਾਣ ਕੀਤਾ, ਜਿਸ ਦੇ ਹਰ ਪਾਸੇ ਇਕ ਚਿੱਤਰ ਗਲੇ ਵਿਚ ਫਾਂਸੀ ਨਾਲ ਲਟਕਿਆ ਦਿਖਾਇਆ ਗਿਆ। ਉਸ ਸਮੇਂ ਟਾਵਰ ਨੂੰ 13,500 ਰੁਪਏ ਦੀ ਲਾਗਤ ਨਾਲ ਬਹੁਤ ਹੀ ਚੰਗੇ ਦਾਨੀਆਂ ਦੇ ਯੋਗਦਾਨ ਨਾਲ ਬਣਾਇਆ ਗਿਆ ਸੀ।




ਸਰਕਾਰੀ ਤੌਰ ਤੇ ਸ਼ਹੀਦਾਂ ਦੀ ਯਾਦਗਾਰ, ਜਾਂ ਸ਼ਹੀਦ ਸਮਾਰਕ, 1993 ਵਿਚ ਚੌਰੀ-ਚੌਰਾ ਬਗਾਵਤ ਦੇ ਸ਼ਹੀਦਾਂ ਦੀ ਯਾਦ ਲਈ ਬਣਾਈ ਗਈ ਸੀ। ਇਸ ਦੀ ਨੀਂਹ 6 ਫਰਵਰੀ 1982 ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਘਟਨਾ ਦੀ 60 ਵੀਂ ਵਰ੍ਹੇਗੰਢਮੌਕੇ ਰੱਖੀ ਸੀ।

ਯਾਦਗਾਰ ਦੇ ਨਿਰਮਾਣ ਨੂੰ 11 ਸਾਲ ਹੋਣ ਬਾਅਦ ਅਤੇ ਇਸਦਾ ਉਦਘਾਟਨ 19 ਜੁਲਾਈ 1993 ਨੂੰ ਤਤਕਾਲੀ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ ਕੀਤਾ ਸੀ। ਪੰਜ ਸਾਲ ਬਾਅਦ, 1998 ਵਿੱਚ, ਯਾਦਗਾਰ ਵਿੱਚ ਇਕ ਲਾਇਬ੍ਰੇਰੀ ਅਤੇ ਅਜਾਇਬ ਘਰ ਦੀ ਸਥਾਪਨਾ ਕੀਤੀ ਗਈ। ਮਾਰੇ ਗਏ ਲੋਕਾਂ ਦਾ ਸਨਮਾਨ ਕਰਨ ਲਈ ਭਾਰਤੀ ਰੇਲਵੇ ਨੇ ਰੇਲ ਗੱਡੀ ਦਾ ਨਾਮ ਚੌਰੀਚੌੜਰਾ ਐਕਸਪ੍ਰੈਸ ਰੱਖਿਆਹੈ, ਜੋ ਗੋਰਖਪੁਰ ਤੋਂ ਕਾਨਪੁਰ ਤੱਕ ਚਲਦੀ ਹੈ।


2 ਫਰਵਰੀ 2021 ਉੱਤਰ ਪ੍ਰਦੇਸ਼ ਸਰਕਾਰ ਨੇ ਗੋਰਖਪੁਰ ਵਿੱਚ 'ਚੌਰੀ ਚੌਰਾ ਸ਼ਹੀਦ ਯਾਦਗਾਰ' ਨੂੰ ਵਿਰਾਸਤੀ ਸੈਰ ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾਈ ਹੈ ਕਿਉਂਕਿ ਸੂਬਾ ਸਰਕਾਰ 'ਚੌਰੀ ਚੌਰਾ' ਕਾਂਡ ਦੇ 100 ਸਾਲ ਪੂਰੇ ਹੋਣ ਵਾਲੇ ਸਾਲ ਭਰ ਦੇ ਜਸ਼ਨਾਂ ਦਾ ਫੈਸਲਾ ਕੀਤਾ ਹੈ। "ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਅਗਵਾਈ ਵਾਲੀ ਰਾਜ ਸਰਕਾਰ ਨੇ ਆਜ਼ਾਦੀ ਦੇ 75 ਸਾਲਾਂ ਦੇ ਮੱਦੇਨਜ਼ਰ ਸਾਲ ਭਰ ਦੇ ਸ਼ਤਾਬਦੀ ਪ੍ਰੋਗਰਾਮ ਕਰਵਾਉਣ ਦਾ ਐਲਾਨ ਕੀਤਾ ਹੈ ਅਤੇ' ਚੌਰੀ ਚੌਰਾ ਸ਼ਹੀਦ ਯਾਦਗਾਰ 'ਨੂੰ ਵਿਰਾਸਤੀ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾਈ ਹੈ,ਉੱਤਰ ਪ੍ਰਦੇਸ਼ ਦੇ ਗੋਰਖਪੁਰ ਜਿਲੇ ਦੇ ਚੌਰੀ ਚੌਰਾ ਵਿਖੇ 4 ਫਰਵਰੀ 1922 ਨੂੰ 'ਚੌਰੀ ਚੌਰਾ' ਦੀ ਘਟਨਾ ਨੂੰ ਵਾਪਰਿਆ 100 ਸਾਲ ਹੋ ਜਾਣਗੇ।

ਸ਼ਤਾਬਦੀ ਨੂੰ ਦਰਸਾਉਣ ਲਈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀਰਵਾਰ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਉੱਤਰ ਪ੍ਰਦੇਸ਼ ਦੇ ਚੌਰੀ ਚੌੜਾ ਵਿਖੇ "ਚੌਰੀ ਚੌੜਾ" ਸ਼ਤਾਬਦੀ ਸਮਾਰੋਹ ਦਾ ਉਦਘਾਟਨ ਕਰਨਗੇ। ਪ੍ਰਧਾਨਮੰਤਰੀ ਮੋਦੀ ਸਮਾਗਮ ਦੌਰਾਨ "ਚੌਰੀ ਚੌਰਾ" ਸ਼ਤਾਬਦੀ ਨੂੰ ਸਮਰਪਿਤ ਡਾਕ ਟਿਕਟ ਵੀ ਜਾਰੀ ਕਰਨਗੇ।"

# ਸੱਤਾ ਧਨ ਅਤੇ ਸ਼ਕਤੀ ਦੀ ਖੇਡ

ਪੁਰਾਣੀ ਕਹਾਵਤ ਹੈ, ਮਾਂ ਆਪਣੇ ਪੁੱਤ ਨੂੰ ਪੁੱਛਣ ਲਗੀ, ਪੁੱਤ ਵੱਡਾ ਹੋ ਕੇ ਕੀ ਬਣੇਂਗਾ। ਪੁੱਤ ਕਹਿੰਦਾ ਬੇਬੇ ਥਾਣੇਦਾਰ ਬਣੂੰਗਾ। ਮਾਂ ਕਹਿੰਦੀ ਫੇਰ ਕੀ ਕਰੇਂਗਾ ਪੁੱਤ। ਪੁੱਤ ਕਹਿੰਦਾ, ਬੇਬੇ ਤੇਰੇ ਹੀ ਪੁੜੇ ਕੁਟੂੰਗਾ। ਇਹੋ ਜਿਹੀਆਂ ਕਹਾਵਤਾਂ ਕੋਈ ਐਵੇਂ ਨਹੀਂ ਬਣ ਜਾਂਦੀਆਂ, ਕਿਤੇ ਨਾ ਕਿਤੇ ਸਾਡੀ ਭਾਰਤੀ ਲੋਕਾਂ ਦੀ ਸੱਤਾ ਦੀ ਗੁਲਾਮੀ ਕਰਨ ਵਾਲੀ ਮਾਨਸ਼ਿਕਤਾ ਉਜਾਗਰ ਕਰਦੀਆਂ ਹਨ।

ਹਜਾਰਾਂ ਸਾਲ ਭਾਰਤ ਇਸ ਲਈ ਗੁਲਾਮ ਹੁੰਦਾ ਆਇਆ ਹੈ ਕਿ ਇਸ ਦੇ ਨਾਗਰਿਕ ਕੇਵਲ ਤੇ ਕੇਵਲ ਸੱਤਾ ਦੀ ਗੁਲਾਮੀ ਕਰਦੇ ਹਨ। ਭਾਰਤੀ ਲੋਕ ਕਿਸੇ ਕਾਨੂੰਨ, ਸੰਵਿਧਾਨ ਜਾ ਮਾਨਵਤਾ ਦੀ ਰਾਖੀ ਕਰਨ ਦੇ ਆਦੀ ਨਹੀਂ। ਜਲਿਆਂਵਾਲਾ ਬਾਗ ਵਿੱਚ ਗੋਲੀਆਂ ਕਿਸ ਨੇ ਚਲਾਈਆਂ ਸਨ, ਭਾਰਤ ਦੇ ਹੀ ਸਿਪਾਹੀਆਂ ਨੇ, ਅੰਗਰੇਜਾਂ ਦਾ ਤਾਂ ਹੁਕਮ ਸੀ ਨਾਂ ਮੰਨਦੇ, ਸਗੋਂ ਦੇਸ਼ ਭਗਤ ਬਣਦੇ ਹੁਕਮ ਦੇਣ ਵਾਲੇ ਵੱਲ ਹੀ ਨਿਸ਼ਾਨੇ ਸਾਧ ਲੈਂਦੇ, ਉਸੇ ਨੂੰ ਮਾਰ ਦਿੰਦੇ। ਟਰੰਪ ਨੂੰ ਵੀ ਉਸ ਦੇ ਸੈਨਾ ਪ੍ਰਮੁੱਖ ਨੇ ਹੁਕਮ ਮੰਨਣ ਤੋਂ ਸਾਫ ਜਵਾਬ ਦੇ ਹੀ ਦਿੱਤਾ ਸੀ, ਇਹ ਕਹਿਕੇ ਕਿ ਉਸ ਦਾ ਕੰਮ ਕਾਨੂੰਨ ਦੀ ਰਾਖੀ ਕਰਨਾ ਹੈ, ਨਾ ਕਿ ਟਰੰਪ ਦੀ। ਰੋਲਟ ਐਕਟ ਵਰਗੇ ਕਾਨੂੰਨ ਅੱਜ ਵੀ ਸਰਕਾਰਾਂ ਬਣਾਉਂਦੀਆਂ ਹਨ ਜੋ ਸਰਕਾਰ ਬਚਾਉਣ ਲਈ ਬਣਦੇ ਹਨ। ਕੁਝਕਾਨੂੰਨ ਮਨੁੱਖ ਦੇ ਮੌਲਿਕ ਅਧਿਕਾਰਾਂ ਲਈ ਬਣੇ ਹੁੰਦੇ ਹਨ ਜਿਹਨਾਂ ਦੀ ਉਲੰਘਣਾ ਕਰਦੇ ਵੀ ਨਹੀਂ ਹੋਣੀ ਚਾਹੀਦੀ। ਅਸੀਂ ਭਾਰਤੀ ਲੋਕ ਸਰਕਾਰੀ ਅਦਾਰਿਆਂ, ਵਿਜੀਲੈਂਸ ਅਤੇ ਪ੍ਰਸ਼ਾਸਨਿਕ ਤੰਤਰ ਵਿੱਚ ਭਰਤੀ ਹੋ ਕੇ ਅੱਜ ਵੀ ਭਾਰਤੀ ਸਰਕਾਰ ਦਾ ਗੁਲਾਮੀ ਕਰਦੇ ਉਹਨਾ ਦੇ




ਬਣਾਏ ਜੋ ਅੰਗਰੇਜਾਂ ਦੇ ਬਣਾਏ ਰੋਲਟ ਐਕਟ ਵਰਗੇ ਕਾਨੂੰਨ ਬਣੇ ਹੁੰਦੇ ਹਨ ਉਹਨਾ ਦੀ ਰਾਖੀ ਕਰਦੇ ਹਾਂ। ਨੌਕਰੀ ਕਰਦੇ ਅਸੀਂ ਹੀ ਭਾਰਤ ਦੇ ਆਮ ਲੋਕਾਂ ਉਤੇ ਤਸਦਦ ਅੱਜ ਵੀ ਕਰਦੇ ਹਾਂ। ਜਿਹੜੀ ਕੌਮ ਮਨੁੱਖੀ ਅਧਿਕਾਰਾਂ ਲਈ ਬਣੇ ਕਾਨੂੰਨ ਜਾ ਸੰਵਿਧਾਨ ਦੀ ਰਾਖੀ ਨਹੀ ਕਰ ਸਕਦੀ ਉਹ ਅਜਾਦ ਨਹੀਂ ਗੁਲਾਮ ਹੀ ਹੁੰਦੀ ਹੈ।

ਸਾਡੀਆਂ ਸੰਵਿਧਾਨ ਨਾਲ ਬਣੀਆਂ ਸਰਕਾਰਾਂ ਸੰਵਿਧਾਨ ਦੇ ਕਾਨੂੰਨਾਂ ਤੋਂ ਉੱਪਰ ਹੋ ਜਾਂਦੀਆਂ ਹਨ। ਕਿਸੇ ਨੂੰ ਫੜਾ ਸਕਦੀਆਂ ਹਨ, ਕਿਸੇ ਨੂੰ ਛੁਡਾ ਸਕਦੀਆਂ ਹਨ ਕਾਨੂੰਨ ਤੋਂ ਬਾਹਰ ਬਾਹਰ। ਅਦਾਲਤਾਂ ਵਿੱਚ ਇਨਸਾਫ ਨੂੰ ਪ੍ਰਭਾਵਤ ਕਰ ਸਕਦੀਆਂ ਹਨ। ਕਿਸੇ ਦੇ ਕੀਤੇ ਚੰਗੇ ਮਾੜੇ ਕੰਮਾਂ ਉਤੇ ਜਦੋਂ ਚਾਹੇ ਸਰਕਾਰ ਪੜਦਾ ਪਾ ਸਕਦੀ ਹੈ ਜਾਂ ਜਦੋਂ ਚਾਹੇ ਉਹਨਾ ਨੂੰ ਜਨਤਾ ਵਿੱਚ ਨੰਗਾ ਕਰ ਸਕਦੀ ਹੈ। ਬਹੁਤੀ ਵਾਰ ਵਿਰੋਧੀ ਨੂੰ ਦਬਾਉਣ ਲਈ ਉਸ ਨੂੰ ਝੂਠੇ ਕੇਸਾਂਵਿੱਚ ਫਸਾਇਆ ਜਾਂਦਾ ਹੈ। ਇਹ ਬਹੁਤ ਪੁਰਾਣੀ ਆਦਤ ਹੈ। ਜਦੋਂ ਜਦੋਂ ਸੱਤਾ ਦੇ ਖਿਲਾਫ ਕਿਸੇ ਨੇ ਮੂੰਹ ਖੋਲਣ ਦੀ ਹਿੰਮਤ ਕੀਤੀ ਹੈ ਤਾਂ ਉਸ ਦੇ ਪੁਰਾਣੇ ਕੀਤੇ ਕੰਮਾਂ ਦੇ ਰਿਕਾਰਡ ਦਾ ਲੇਖਾ ਜੋਖਾ ਮਾੜੀ ਨੀਯਤ ਨਾਲ ਕਰਨ ਲਗਦੀਆਂ ਹਨ। ਦੋ ਪਾਰਟੀਆਂ ਦਾ ਬਦਲ ਬਦਲ ਕੇ ਰਾਜ ਕਰਨ ਦਾ ਕਾਰਨ ਹੀ ਇਹ ਹੈ ਕਿ ਜਨਤਾ ਦੀ ਗਾਹੜੀ ਕਮਾਈ ਦੇ ਟੈਕਸਾਂ ਦੇ ਇੱਕਠੇ ਹੋਏ ਖਜਾਨੇ ਦੀ ਲੁੱਟ ਦਾ ਰੌਲਾ ਹੀ ਪਾਉਣਗੇ, ਸੱਤਾ ਵਿੱਚ ਆ ਕੇ ਦੂਜੇ ਦਾ ਨੁਕਸਾਨ ਨਹੀਂ ਕਰਨਗੇ। ਸੱਤਾ, ਧਨ ਅਤੇ ਸ਼ਕਤੀ ਦਾ ਖੇਢ ਹੈ, ਕੁੱਝ ਟੁੱਕੜਬੋਚਾਂ ਦੇ ਸਹਾਰੇ ਸਭ ਮੈਨੇਜ ਹੁੰਦਾ ਆ ਰਿਹਾ ਹੈ। ਸੱਤਾ ਚਹੇਤਿਆਂ ਨੂੰ ਬਚਾਉਂਦੀ ਵੀ ਰਹੀ ਹੈ ਹੋਰਾਂ ਨੂੰ ਖੂਹ ਵਿੱਚ ਪਾਉਂਦੀ ਵੀ ਰਹੀ ਹੈ।

# ਬਾਬਾ ਸਾਹਿਬ ਡਾ. ਅੰਬੇਡਕਰ ਦਾ ਸੰਯੁਕਤ ਰਾਸ਼ਟਰ ਤੱਕ ਦਾ ਸਫਰ

## ਡਾ. ਅੰਬੇਡਕਰ ਜੀ ਨੂੰ ਮਿਲੀ ਐਲ.ਐਲ.ਡੀ. ਦੀ ਡਿਗਰੀ ਦਾ ਪੰਜਾਬੀ ਅਨੁਵਾਦ

**ਕੋਲੰਬੀਆ ਯੂਨੀਵਰਸਿਟੀ**
**ਨਿਊਯਾਰਕ ਸ਼ਹਿਰ**
**ਭੀਮ ਰਾਓ ਰਾਮ ਜੀ ਅੰਬੇਡਕਰ, ਐਲ.ਐਲ.ਡੀ.**

ਭਾਰਤ ਦੇ ਜੰਮਪਲ ਅਤੇ ਬਹੁਤ ਥੁੜਾਂ ਨਾਲ ਸਕੂਲੀ ਸਿੱਖਿਆ ਪ੍ਰਾਪਤ ਕਰਨ ਵਾਲੇ, ਬੀ.ਏ. ਦੀ ਡਿਗਰੀ ਬੰਬਈ ਯੂਨੀਵਰਸਿਟੀ ਤੋਂ ਵੀਹ ਸਾਲਾਂ ਦੀ ਉਮਰ ਵਿੱਚ ਲੈਣ ਵਾਲੇ, ਤਿੰਨ ਸਾਲ ਇਸ ਯੂਨੀਵਰਸਿਟੀ ਦੇ ਗ੍ਰੈਜੂਏਟ ਸਟੂਡੈਂਟ ਰਹੇ ਅਤੇ ਰਾਜਨੀਤੀ ਸ਼ਾਸਤਰ ਵਿਚ ਡਾਕਟਰੇਟ ਦੀ ਉਪਾਧੀ ਹਾਸਲ ਕਰਨ ਵਾਲੇ, ਨਾਲ ਦੀ ਨਾਲ "ਇਨਸ ਆਫ ਕੋਰਟ" ਦੇ ਵਿਦਿਆਰਥੀ ਅਤੇ ਯੂਨੀਵਰਸਿਟੀ ਆਫ ਲੰਡਨ ਤੋਂ ਇਕਨਾਮਿਕਸ ਵਿੱਚ ਡਾਕਟਰੇਟ ਦੀ ਉਪਾਧੀ ਅਤੇ ਪਿਛਲੇ ਤਿੰਨ ਦਹਾਕਿਆਂ ਤੋਂ ਬਰਿਸਟਰ (ਵਕੀਲ), ਯੂਨੀਵਰਸਿਟੀ ਅਧਿਆਪਕ, ਮੈਂਬਰ ਆਫ ਲੈਜਿਸਲੇਟਿਵ ਕੌਂਸਲ, ਭਾਰਤ ਦੇ ਸੰਵਿਧਾਨ ਦੇ ਨਿਰਮਾਤਾ, ਕੇਂਦਰੀ ਕੈਬਨਿਟ ਦੇ ਮੈਂਬਰ, ਕਾਉਂਸਲ ਆਫ ਸਟੇਟ, ਭਾਰਤ ਦੇ ਮੋਹਰੀ ਨਾਗਰਿਕ, ਮਹਾਨ ਸਮਾਜ ਸੁਧਾਰਕ ਅਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ਸ਼ੀਲ ਵਿਅਕਤੀ ਹੋਣ ਕਰਕੇ। ਇਸ ਲਈ ਮੈਂ ਆਪਣੇ ਟਰੱਸਟੀਜ਼ ਵਲੋਂ ਮਿਲੇ ਅਧਿਕਾਰਾਂ ਦਾ ਇਸਤੇਮਾਲ ਕਰਦੇ ਹੋਏ ਤਹਿ ਦਿਲੋਂ ਤੁਹਾਨੂੰ "ਡਾਕਟਰ ਆਫ ਲਾਅ" ਮਾਨਯੋਗ ਦੀ ਉਪਾਧੀ ਅਤੇ ਇਸ ਨਾਲ ਜੁੜੇ ਸਾਰੇ ਅਧਿਕਾਰ ਆਪਣੇ ਹੱਥੀਂ ਪ੍ਰਦਾਨ ਕਰਦਾ ਹਾਂ।

**ਗਰੇਸ਼ਨ ਕਿਰਕ**
**(ਵਾਇਸ ਪ੍ਰੈਜ਼ੀਡੈਂਟ)**
**ਜੂਨ 5, 1952**

### ਦੋ ਸ਼ਬਦ

06 ਦਸੰਬਰ 1981 ਨੂੰ ਜਦੋਂ 11 ਕੁ ਵਰ੍ਹਿਆਂ ਦੀ ਉਮਰ ਸੀ ਤਾਂ ਮੇਰੇ ਪਿੰਡ ਚੱਕ ਕਲਾਲ ਵਿੱਚ ਪਹਿਲੀ ਵਾਰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਪਰਿਨਿਰਵਾਣ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਦੀ ਚਰਚਾ ਇਲਾਕੇ ਦੇ ਕਈ ਪਿੰਡਾਂ ਵਿੱਚ ਚੱਲਦੀ ਰਹੀ। ਵੱਡੇ ਭਰਾ ਗੁਰਮੇਲ ਸਿੰਘ ਜੱਸੀ ਨੇ ਸਰਕਾਰੀ ਨੌਕਰੀ ਤੋਂ ਪਹਿਲਾਂ ਅਤੇ ਨੌਕਰੀ ਦੌਰਾਨ ਵੀ ਬਾਬਾ ਸਾਹਿਬ ਦੀ ਵਿਚਾਰਧਾਰਾ ਤੇ ਚੱਲਦਿਆਂ ਜ਼ਿੰਦਗੀ ਦੇ ਆਖਰੀ ਸਾਹ ਲਏ।

ਪਿੰਡ ਦੇ ਜੁਝਾਰੂ ਤੇ ਮਿਹਨਤੀ ਨੌਜਵਾਨਾਂ, ਮੁਲਾਜ਼ਮਾਂ ਅਤੇ ਸਮਾਜ ਦੇ ਸ਼ੁੱਭਚਿੰਤਕਾਂ ਦੇ ਮਿਸ਼ਨ ਪ੍ਰਤੀ ਜੋਸ਼ ਕਾਰਨ ਬਾਬਾ ਸਾਹਿਬ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਨ ਦਾ ਜਨੂੰਨ ਬੱਚੇ-ਬੱਚੇ ਦੇ ਸਿਰ ਚੜ੍ਹ ਬੋਲਣ ਲੱਗਾ। ਇਸ ਲਹਿਰ ਦਾ ਅਸਰ ਇਸ ਤਰ੍ਹਾਂ ਖੂਨ ਵਿੱਚ ਰਚ ਗਿਆ ਕਿ ਅੱਜ ਪਿੰਡ ਵਿੱਚ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਆਦਮ ਕੱਦ ਬੁੱਤ ਡਾ. ਅੰਬੇਡਕਰ ਨਗਰ, ਬੇਗਮ-ਪੁਰਾ ਅਤੇ ਦਸ਼ਮੇਸ਼ ਨਗਰ, ਡਾ. ਅੰਬੇਡਕਰ ਪਾਰਕ ਅਤੇ ਡਾ. ਅੰਬੇਡਕਰ ਲਾਇਬ੍ਰੇਰੀ ਅਤੇ ਪਿੰਡ ਦੇ ਮੁੱਖ ਗੇਟ 'ਤੇ "ਜੈ ਭੀਮ ਜੈ ਭਾਰਤ" ਦੇ ਰੰਗ ਵਿੱਚ ਸਾਰਾ ਪਿੰਡ ਰੰਗਿਆ ਜਾ ਚੁੱਕਾ ਹੈ। ਚੇਤਨਤਾ ਕਾਰਨ ਕਈ ਵਾਰ ਚੰਡੀਗੜ੍ਹ, ਦਿੱਲੀ ਅਤੇ ਲਖਨਊ ਜਾਣ ਦਾ ਮੌਕਾ ਮਿਲਿਆ।




ਕਿਉਂਕਿ ਬਾਬਾ ਸਾਹਿਬ ਏਕ ਪਰ ਪੱਖ ਅਨੇਕ ਹਨ ਇਸ ਲਈ ਬਾਬਾ ਸਾਹਿਬ ਬਾਰੇ ਹੋਰ ਅਤੇ ਹੋਰ ਪੜ੍ਹਨ, ਜਾਣਨ ਅਤੇ ਸਮਝਣ ਦੀ ਰੁਚੀ ਵੱਧਦੀ ਗਈ। ਬਾਬਾ ਸਾਹਿਬ, ਜਿਹਨਾਂ ਨੂੰ 1990 ਵਿੱਚ ਦੇਸ਼ ਦੇ ਸਰਵਉੱਚ ਸਨਮਾਨ "ਭਾਰਤ ਰਤਨ" ਨਾਲ ਸਨਮਾਨਿਆ ਗਿਆ ਪਰ ਉਹ ਦੁਨੀਆਂ ਦੇ ਮਹਾਨ ਇਨਸਾਨ ਬਣੇ। (The Greatest Man in the World) ਇੰਗਲੈਂਡ ਦੀ ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਨੇ ਬਾਬਾ ਸਾਹਿਬ ਨੂੰ The Universal Maker ਕਿਹਾ ਹੈ। ਸੀ.ਐਨ.ਐਨ. ਆਈ.ਬੀ.ਐੱਨ ਐਂਡ ਹਿਸਟਰੀ ਟੀ.ਵੀ. ਇੰਡੀਆ ਨੇ ਸਰਵੇ ਤੋਂ ਬਾਅਦ ਬਾਬਾ ਸਾਹਿਬ ਨੂੰ The Greatest Indian ਐਲਾਨਿਆ। ਬਾਬਾ ਸਾਹਿਬ ਦੀ ਜ਼ਿੰਦਗੀ ਵਿੱਚ ਤਿੰਨ ਅੰਕਾਂ ਦਾ ਬਹੁਤ ਇਤਫਾਕ ਹੈ।

ਉਹਨਾਂ ਦੇ ਤਿੰਨ ਗੁਰੂ ਹਨ, ਤਥਾਗਤ ਬੁੱਧ, ਸਤਿਗੁਰੂ ਕਬੀਰ ਅਤੇ ਜੋਤੀਬਾ ਰਾਓ ਫੂਲੇ। ਬਾਬਾ ਸਾਹਿਬ ਅਨੁਸਾਰ ਤਿੰਨ ਹੀ ਦੇਵਤੇ ਹਨ, ਵਿੱਦਿਆ, ਸਵੈ-ਮਾਣ ਅਤੇ ਸ਼ੀਲ। ਬਾਬਾ ਸਾਹਿਬ ਦਾ ਜੀਵਨ ਦਰਸ਼ਨ ਵੀ ਤਿੰਨ ਸ਼ਬਦਾਂ, ਸਮਾਨਤਾ, ਅਜ਼ਾਦੀ ਅਤੇ ਭਾਈਚਾਰੇ ਵਿੱਚ ਸਮਾਇਆ ਹੋਇਆ ਹੈ। ਬਾਬਾ ਸਾਹਿਬ ਦਾ ਮੂਲ ਮੰਤਰ ਸਿੱਖਿਅਤ ਹੋਵੋ, ਸੰਘਰਸ਼ ਕਰੋ ਅਤੇ ਸੰਗਠਤ ਹੋਵੋ ਵੀ ਤਿੰਨ ਸ਼ਬਦਾਂ ਦਾ ਹੈ।

1980 ਤੋਂ ਬਾਅਦ ਬਾਬਾ ਸਾਹਿਬ ਦਾ ਲਿਖਿਆ ਲਿਟਰੇਚਰ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਮਹਾਂਰਾਸ਼ਟਰ ਦੀ ਸਰਕਾਰ ਨੇ 21 ਗ੍ਰੰਥ, 175 ਲੇਖ, 20 ਭੇਂਟ ਵਾਰਤਾ, 315 ਭਾਸ਼ਣ, 600 ਬੇਨਤੀ ਅਤੇ ਮੰਗ ਪੱਤਰ, 22 ਖੰਡਾਂ ਵਿੱਚ ਪ੍ਰਕਾਸ਼ਿਤ ਕੀਤੇ ਹਨ। ਹੁਣ ਤੱਕ ਦੁਨੀਆਂ ਦੇ 105 ਪ੍ਰਸਿੱਧ ਲੇਖਕਾਂ ਨੇ ਬਾਬਾ ਸਾਹਿਬ ਬਾਰੇ ਲਿਖਿਆ ਹੈ। ਦੁਨੀਆਂ ਦੀ ਅਜਿਹੀ ਮਹਾਨ ਸ਼ਖਸੀਅਤ ਬਾਰੇ ਲਿਖਣਾ ਬਹੁਤ ਵੱਡੀ ਗੱਲ ਹੈ। ਪਰ ਬਾਬਾ ਸਾਹਿਬ ਦੇ ਮਿਸ਼ਨ ਦਾ ਵਿਦਿਆਰਥੀ ਹੋਣ ਕਾਰਨ ਬਾਬਾ ਸਾਹਿਬ ਬਾਰੇ ਲਿਖਣ ਦਾ ਹੌਸਲਾ ਕਰ ਸਕਿਆ ਹਾਂ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਯੂ.ਐਨ.ਓ. ਤੱਕ... ਪਾਠਕਾਂ ਦੀ ਕਚਿਹਰੀ ਵਿੱਚ ਪੇਸ਼ ਕਰ ਰਿਹਾ ਹਾਂ। ਵੱਖ-ਵੱਖ ਲੇਖਾਂ ਦੇ ਰੂਪ ਵਿੱਚ ਬਾਬਾ ਸਾਹਿਬ ਜੀ ਬਾਰੇ ਅਣਛੂਹੇ ਪੱਖਾਂ ਤੇ ਲਿਖਣ ਦੀ ਕੋਸ਼ਿਸ਼ ਕੀਤੀ ਹੈ।



**ਸੰਤੋਖ ਜੱਸੀ (ਸਰਪੰਚ)**
**98766-58364**

ਇਹ ਪੁਸਤਕ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸਤਿਕਾਰ ਵਿੱਚ ਸ਼ਰਧਾਂਜਲੀ ਵਜੋਂ ਪੰਜਾਬੀ ਪਾਠਕਾਂ, ਮਿਸ਼ਨਰੀ ਸਾਥੀਆਂ ਦੀ ਝੋਲੀ ਵਿੱਚ ਪਾ ਰਿਹਾ ਹਾਂ, ਜੋ ਬਾਬਾ ਸਾਹਿਬ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਨ ਲਈ ਤਨਦੇਹੀ ਨਾਲ ਡਟੇ ਹੋਏ ਹਨ। ਉਹ ਪੈਰੋਕਾਰ, ਰੋਜ਼ਮਰ੍ਹਾ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਸਮੱਸਿਆਵਾਂ ਨਾਲ ਜੂਝਦੇ ਹੋਏ ਵੀ ਬਾਬਾ ਸਾਹਿਬ ਦੇ ਸੁਪਨਿਆਂ ਦਾ ਰਾਜ ਲਿਆਉਣ ਲਈ ਦਿਨ ਰਾਤ ਇੱਕ ਕਰ ਰਹੇ ਹਾਂ।

ਇਹ ਕਿਤਾਬ ਸਮਾਜ ਚਿੰਤਕ, ਰੰਗ ਕਰਮੀ, ਬੁਲਾਰੇ ਅਤੇ ਸੰਜੀਦਾ ਲੇਖਕ ਸੰਜੀਵ ਕੁਮਾਰ ਐਮਾਂ ਜੱਟਾਂ ਦੀਆਂ ਲਾਜਵਾਬ ਸੇਵਾਵਾਂ ਦੀ ਬਦੌਲਤ ਪਾਠਕਾਂ ਦੇ ਰੂਬਰੂ ਹੋ ਰਹੀ ਹੈ। ਇਸ ਪੁਸਤਕ ਦੀ ਤਿਆਰੀ ਵਿਚ ਅਮੋਲਕ ਚੱਕ ਕਲਾਲ ਦੇ ਵਿਸ਼ੇਸ਼ ਸਹਿਯੋਗ ਤੋਂ ਇਲਾਵਾ ਜਤਿੰਦਰ ਖਮਾਚੋਂ, ਰਵੀ ਬੀਸਲਾ ਅਤੇ ਧਰਮਵੀਰ ਰੱਲੂ ਲਧਾਣਾ ਉੱਚਾ ਨੇ ਟਾਇਪਿੰਗ ਵਿੱਚ ਸਹਿਯੋਗ ਕੀਤਾ ਦਾ ਵੀ ਬਹੁਤ ਧੰਨਵਾਦ। ਨੇਕ ਸ਼ਖਸੀਅਤ, ਮੇਰੇ ਸਲਾਹਕਾਰ ਅਤੇ ਪਿਆਰੇ ਦੋਸਤ ਉੱਘੇ ਪੰਜਾਬੀ ਲੇਖਕ ਐਸ. ਅਸ਼ੋਕ ਭੌਰਾ ਜੀ ਦਾ ਤਹਿ ਦਿਲੋਂ ਧੰਨਵਾਦ ਹੈ। ਅਖੀਰ ਵਿੱਚ ਪੱਤਰਕਾਰ, ਫੋਟੋਕਾਰ, ਮੀਡੀਆਂ ਸਲਾਹਕਾਰ ਏ-ਰੁਹੁਪਿੰਦਰ ਰੂਪ ਸਿੰਘ ਸੰਧੂ ਸਾਹਿਬ (ਚੱਕ ਪੰਜਾਬੀ ਸੱਥ) ਦਾ ਵੀ ਧੰਨਵਾਦ ਜਿਹਨਾਂ ਨੇ ਪੂਰੀ ਕਿਤਾਬ ਦੇ ਮੈਟਰ ਨੂੰ ਸੋਧਿਆ ਅਤੇ ਛਪਣਯੋਗ ਬਣਾਇਆ। ਪਹਿਲੀ ਕਿਤਾਬ ਲਈ ਆਪ ਜੀ ਦੇ ਭਰਵੇਂ ਅਸ਼ੀਰਵਾਦ ਅਤੇ ਤੁਹਾਡੇ ਸੁਝਾਵਾਂ ਦੀ ਉਡੀਕ ਰਹੇਗੀ। ਇਹ ਪੁਸਤਕ ਬਾਬਾ ਸਾਹਿਬ ਦੇ ਪੈਰੋਕਾਰ ਹੋਣ ਨਾਤੇ ਉਹਨਾਂ ਨੂੰ ਯਾਦ ਕਰਨ ਦਾ ਇੱਕ ਨਿਗੁਣਾ ਜਿਹਾ ਉਪਰਾਲਾ ਹੈ।

**ਆਮੀਨ:**
**ਬਾਬਾ ਸਾਹਿਬ ਦੇ ਮਿਸ਼ਨ ਦਾ ਵਿਦਿਆਰਥੀ,**
**ਸੰਤੋਖ ਸਿੰਘ ਜੱਸੀ**

# ਬਾਬਾ ਸਾਹਿਬ ਡਾ.ਅੰਬੇਡਕਰ ਦਾ ਯੂ.ਐਨ.ਓ. ਤੱਕ ਦਾ ਸਫਰ...

ਸਮਾਂ ਨਾਮ ਹੀ ਤਬਦੀਲੀ ਦਾ ਹੈ। ਮੁਕਾਮ ਤੇ ਪਹੁੰਚਣ ਲਈ ਨਵੇਕਲੇ ਰਾਹਾਂ ਦਾ ਪਾਂਧੀ ਬਣਨਾ ਪੈਂਦਾ ਹੈ। ਸਫਲਤਾ ਉਹਨਾਂ ਦੇ ਹਿੱਸੇ ਆਉਂਦੀ ਹੈ, ਜਿਹਨਾਂ ਨੇ ਉਲਟ, ਕਠੋਰ ਹਲਾਤਾਂ ਦੇ ਬਾਵਜੂਦ ਡੂੰਘੇ ਅਧਿਐਨ, ਨਿਰੰਤਰਤਾ ਅਤੇ ਸਹਿਣਸ਼ੀਲਤਾ ਨਾਲ ਜਨੂੰਨ ਦੇ ਦਮ ਤੇ ਸੰਸਾਰ ਦਾ ਹਿਰਦੇ ਪਰਿਵਰਤਨ ਕੀਤਾ।

ਉਹ ਵੀ ਸਮਾਂ ਸੀ, ਜਦੋਂ ਘਰ ਪਰਿਵਾਰ ਤੋਂ ਲੈ ਕੇ ਭਾਰਤ ਵਿੱਚ ਗੈਰ ਬਰਾਬਰੀ ਅਤੇ ਬੇਇਨਸਾਫੀ ਵਾਲੇ ਵਰਤ-ਾਰਿਆਂ ਕਾਰਨ ਤਾਣਾ-ਬਾਣਾ ਐਨਾ ਉਲਝਿਆ ਹੋਇਆ ਸੀ ਕਿ ਇੱਕ ਤਬਕੇ ਦੇ ਸੁਪਨਿਆਂ ਨੂੰ ਅਤੇ ਚਾਵਾਂ ਨੂੰ ਦਫਨ ਕੀਤਾ ਹੋਇਆ ਸੀ। ਮੰਨਿਆ ਜਾਂਦਾ ਹੈ ਜਿਸ ਸਮਾਜ ਦੀ ਸੱਭਿਅਤਾ ਨੂੰ ਖਤਮ ਕਰਨਾ ਹੋਵੇ, ਉਸ ਦਾ ਇਤਿਹਾਸ ਖਤਮ ਕਰ ਦਿਓ, ਉਹ ਸਮਾਜ ਆਪਣੇ ਆਪ ਖਤਮ ਹੋ ਜਾਵੇਗਾ। ਸਦੀਆਂ ਤੱਕ ਰਾਜ ਕਰਨ ਵਾਲੇ ਲੋਕ ਗੁਲਾਮ ਬਣਾ ਦਿੱਤੇ ਗਏ। ਧਾਰਮਿਕ ਗ੍ਰੰਥਾਂ ਰਾਹੀਂ ਮਨੁੱਖੀ ਹੱਕ ਕੁੱਝ ਲੋਕਾਂ ਤੱਕ ਹੀ ਸੀਮਿਤ ਕਰ ਦਿੱਤੇ ਗਏ। ਇੰਝ ਮਨੁੱਖ ਤੋਂ ਮਨੁੱਖ ਵਿੱਚ ਨਫਰਤ ਪੈਦਾ ਕਰਕੇ ਵਰਣ ਵਿਵਸਥਾ, ਛੂਆਛਾਤ, ਜਾਤ ਪਾਤ, ਨਰਕ ਸਵਰਗ, ਕਰਮਾਂ ਦੇ ਫਲ ਦਾ ਬੋਲਬਾਲਾ ਜਾਲਮਾਨਾ ਤਰੀਕਿਆਂ ਨਾਲ ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿੱਚ ਸਦੀਆਂ ਤੋਂ ਚੱਲਦਾ ਰਿਹਾ ਹੈ। ਜਿਸ ਨੂੰ 'ਰਾਜ ਸ਼ਕਤੀ' ਦਾ ਖੁੱਲ੍ਹਾ ਸਮਰਥਨ ਮਿਲਿਆ।

ਆਖਰ ਉਹ ਸਮਾਂ ਵੀ ਆ ਗਿਆ ਜਦੋਂ 14 ਅਪ੍ਰੈਲ 1891 ਨੂੰ ਇੱਕ ਬਾਲਕ ਭੀਮ ਰਾਓ ਦਾ ਜਨਮ ਇੱਕ ਅਛੂਤ (ਸ਼ੂਦਰ, ਮਹਾਰ, ਡਿਪ੍ਰੈੱਸਡ ਕਲਾਸ, ਹਾਸ਼ੀਆ ਗ੍ਰਸਤ ਲੋਕ, ਵਿਹੜਿਆਂ ਵਾਲੇ, ਦਲਿਤ-ਬਹੁਜਨ) ਪਰਿਵਾਰ ਵਿੱਚ ਹੋਇਆ। ਜਿਸ ਨਾਲ ਜਨਮ ਤੋਂ ਮਰਨ ਤੱਕ ਵਿਤਕਰੇ ਹੁੰਦੇ ਰਹੇ। ਉਸ ਨੌਜਵਾਨ ਨੂੰ ਭਾਰਤ ਵਿੱਚ ਪੜ੍ਹਨ ਉਪਰੰਤ ਮਹਾਰਾਜਾ ਬੜੌਦਾ ਸ਼ਿਆ ਜੀ ਰਾਓ ਗਾਇਕਵਾੜ ਦੀ ਆਰਥਿਕ ਮਦਦ ਨਾਲ ਅਮਰੀਕਾ ਵਿੱਚ ਪੜ੍ਹਨ ਦਾ ਮੌਕਾ ਮਿਲਿਆ। ਉਹਨਾਂ ਨੇ ਇਸ ਮੌਕੇ ਦਾ ਲਾਭ ਲੈ ਕੇ ਸਖਤ ਮਿਹਨਤ ਕੀਤੀ। 1913 ਵਿੱਚ ਉਹਨਾਂ ਨੇ ਅਮਰੀਕਾ ਦੀ ਪ੍ਰਸਿੱਧ ਕੋਲੰਬੀਆ ਯੂਨੀਵਰਸਿਟੀ ਵਿੱਚ ਵਿਦਿਆਰਥੀ ਵਜੋਂ ਦਾਖਲਾ ਲਿਆ। 1917 ਵਿੱਚ ਅਛੂਤਾਂ ਦੇ ਪਹਿਲੇ 'ਵਿਦਵਤਾ ਦੇ ਡਾਕਟਰ' (ਪੀ.ਐਚ.ਡੀ.) ਬਣੇ। ਸਮਾਂ, ਹਲਾਤ ਅਜਿਹੇ ਬਣ ਗਏ ਕਿ ਜਿਸ ਭਾਈਚਾਰੇ ਦੇ ਲੋਕ ਵਿਤਕਰਿਆਂ ਅਤੇ ਅਸਮਾਨਤਾਵਾਂ ਤੋਂ ਪੀੜਤ ਸਨ, ਉਸੇ ਸਮਾਜ ਦੇ ਡਾ.ਅੰਬੇਡਕਰ ਨੂੰ ਇਤਿਹਾਸਕ ਬਦਲਾਓ ਲਈ ਅੱਗੇ ਆਉਣਾ ਪਿਆ। ਉਹਨਾਂ ਨੇ ਸਭ ਤੋਂ ਪਹਿਲਾਂ ਅਛੂਤਾਂ ਨੂੰ ਵੋਟ ਦਾ ਅਧਿਕਾਰ ਦੇਣ ਵਾਲੀ "ਸਾਊਥਬਰੋ ਕਮੇਟੀ" ਸਾਹਮਣੇ ਗਵਾਹੀ ਦਿੱਤੀ ਕਿ ਅਛੂਤਾਂ ਨੂੰ ਵੋਟ ਦਾ ਅਧਿਕਾਰ ਮਿਲਣਾ ਚਾਹੀਦਾ, ਕਿਉਂਕਿ ਉਹ ਆਪਣਾ ਖੁਦ ਚੰਗਾ ਮਾੜਾ ਸੋਚ ਸਕਦੇ ਹਨ।

ਉਹਨਾਂ ਨੇ ਬਰਾਬਰੀ ਦੇ ਅਧਿਕਾਰ ਲੈਣ ਲਈ ਲੋਕਾਂ ਨੂੰ ਜਾਗਰੂਕ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। 1930-1931-1932 ਨੂੰ ਅੰਗਰੇਜ਼ਾਂ ਵਲੋਂ ਗੋਲਮੇਜ਼ ਕਾਨਫਰੰਸਾਂ ਕੀਤੀਆਂ ਗਈਆਂ, ਜਿਸ ਵਿੱਚ ਗਾਂਧੀ, ਜਿਨਾਹ, ਸਿੱਖਾਂ ਦੇ ਆਗੂ ਸ਼ਾਮਿਲ ਹੋਏ। ਡਾ. ਅੰਬੇਡਕਰ ਬਤੌਰ ਡਿਪ੍ਰੈੱਸਡ ਕਲਾਸ ਦੇ ਪ੍ਰਤੀਨਿਧ ਵਜੋਂ ਸ਼ਾਮਿਲ ਹੋਏ, ਜਿੱਥੇ ਉਹਨਾਂ ਨੇ ਅਛੂਤਾਂ ਨਾਲ ਹੋ ਰਹੇ ਅਣ-ਮਨੁੱਖੀ ਅਤੇ ਛੂਆਛਾਤ ਵਰਗੇ ਵਿਵਹਾਰਾਂ ਨੂੰ ਪਹਿਲੀ ਵਾਰ ਕੌਮਾਂਤਰੀ ਮੰਚ ਰਾਹੀਂ ਦੁਨੀਆਂ ਸਾਹਮਣੇ ਰੱਖਿਆ। ਜਿਸ ਕਾਰਨ ਡਾ. ਅੰਬੇਡਕਰ ਭਾਰਤ ਦੇ ਕਰੋੜਾਂ ਅਛੂਤਾਂ ਦੇ ਇੱਕ ਵੱਡੇ ਕੌਮੀ ਆਗੂ ਵਜੋਂ ਉੱਭਰਕੇ ਸਾਹਮਣੇ ਆਏ।

ਕਾਂਗਰਸ ਦੇ ਪ੍ਰਮੁੱਖ ਆਗੂ ਮੋਹਣ ਦਾਸ ਕਰਮ ਚੰਦ ਗਾਂਧੀ ਉਰਫ ਮਹਾਤਮਾ ਗਾਂਧੀ ਨਾਲ ਅਛੂਤਾਂ ਦੇ ਮੁੱਦੇ ਤੇ ਕਈ ਵਾਰ ਟਕਰਾਅ ਹੋਇਆ। ਗਾਂਧੀ ਨੇ ਕਿਹਾ ਕਿ ਉਹ ਹੀ ਅਛੂਤਾਂ ਦੇ ਨੁਮਾਇੰਦੇ ਹਨ ਤਾਂ ਦੇਸ਼, ਖਾਸਕਰ ਪੰਜਾਬ ਵਾਸੀਆਂ ਨੇ ਅੰਗਰੇਜ਼ ਸਰਕਾਰ ਨੂੰ ਤਾਰਾਂ (ਟੈਲੀਗ੍ਰਾਮ) ਭੇਜ ਕੇ ਕਿਹਾ ਕਿ ਸਾਡੇ ਅਸਲੀ ਨੁੰਮਾਇੰਦੇ-ਆਗੂ ਸਿਰਫ ਡਾ. ਭੀਮ ਰਾਓ ਅੰਬੇਡਕਰ ਹੀ ਹਨ।

ਹਿੰਦੂਆਂ ਅਤੇ ਅਖੌਤੀ ਉੱਚ ਜਾਤੀਆਂ ਵਲੋਂ ਕੀਤੇ ਵਿਤਕਰਿਆਂ ਦੌਰਾਨ ਬਾਬਾ ਸਾਹਿਬ ਨੇ 1935 ਵਿੱਚ ਐਲਾਨ ਕਰ ਦਿੱਤਾ ਕਿ, ਮੈਂ ਹਿੰਦੂ ਸਮਾਜ ਜੰਮਿਆਂ ਜ਼ਰੂਰ ਹਾਂ, ਪਰ ਇਹ ਮੇਰੇ ਵੱਸ ਦੀ ਗੱਲ ਨਹੀਂ ਸੀ, ਪਰ ਮੈਂ ਬਤੌਰ ਹਿੰਦੂ ਮਰਾਂਗਾ ਨਹੀਂ, ਇਹ ਮੇਰੇ ਵੱਸ ਵਿੱਚ ਹੈ। ਕਿਉਂਕਿ ਉਹ ਦੇਸ਼ ਵਿੱਚ ਸਮਾਨਤਾ, ਸੁਤੰਤਰਤਾ, ਭਾਈਚਾਰਾ ਅਤੇ ਨਿਆਂ ਵਾਲੀ ਵਿਵਸਥਾ ਚਾਹੁੰਦੇ ਸਨ। ਆਖਰ ਲੰਮੀ ਬਿਮਾਰੀ ਤੋਂ ਬਾਅਦ 6 ਦਸੰਬਰ 1956 ਨੂੰ ਬਾਬਾ ਸਾਹਿਬ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ। ਬੇਸ਼ੱਕ ਸਰੀਰਿਕ ਤੌਰ ਤੇ ਜੁਦਾ ਹੋਇਆਂ ਉਹਨਾਂ ਨੂੰ 64 ਸਾਲ ਹੋ ਗਏ ਹਨ। ਪਰ ਉਹਨਾਂ ਦੀ ਵਿਚਾਰਧਾਰਾ, ਸੰਘਰਸ਼, ਭਵਿੱਖਮੁਖੀ ਯੋਜਨਾਵਾਂ, ਦਲਿਤਾਂ, ਬਹੁਜਨਾਂ, ਔਰਤਾਂ ਅਤੇ ਭਾਰਤ ਵਾਸੀਆਂ ਤੱਕ ਹੀ ਸੀਮਿਤ ਨਹੀਂ ਰਹੀ। ਉਹ ਵਿਸ਼ਵ ਦ੍ਰਿਸ਼ਟੀਕੋਣ ਤੇ ਪ੍ਰਵਾਨੇ ਜਾ ਚੁੱਕੇ ਹਨ।

ਗਲੀਆਂ-ਸੜੀਆਂ ਮਾਨਤਾਵਾਂ ਦੇ ਖਿਲਾਫ ਵਿਦਰੋਹ ਕਰਨ ਵਾਲੇ ਲੋਕ ਉੱਠ ਖੜ੍ਹੇ ਹਨ।

ਜ਼ਿੰਦਗੀ ਵਿੱਚ ਇੱਕ ਜੈਂਟਲਮੈਨ (ਕੋਟ, ਪੈਂਟ, ਟਾਈ, ਬੂਟ ਵਾਲਾ ਵਿਅਕਤੀ) ਨੇ ਲੋਕਾਂ ਦੇ ਦਰਦ ਨੂੰ ਮਹਿਸੂਸ ਹੀ ਨਹੀਂ ਕੀਤਾ, ਸਗੋਂ ਖੁਦ ਜ਼ੁਲਮ, ਜਬਰ ਅਤੇ ਅਪਮਾਨ ਆਪਣੇ ਪਿੰਡੇ 'ਤੇ ਹੰਢਾਉਣ ਵਾਲਾ 'ਮਹਾਨ ਭਾਰਤੀ', 'ਗਿਆਨ ਦਾ ਪ੍ਰਤੀਕ', 'ਆਧੁਨਿਕ ਭਾਰਤ ਦਾ ਪਿਤਾਮਾ' ਬਣ ਗਿਆ ਹੈ। ਬਾਬਾ ਸਾਹਿਬ ਗਿਆਨ ਦਾ ਉਹ ਦੀਵਾ ਹੈ ਜਿਸ ਦੀ ਰੌਸ਼ਨੀ ਨਾਲ ਕਰੋੜਾਂ ਲੋਕਾਂ ਦੀ ਜ਼ਿੰਦਗੀ ਬਦਲ ਗਈ। ਇਹ ਰੌਸ਼ਨੀ ਅੱਜ ਵੀ ਹਨੇਰ ਕੋਠੜੀਆਂ ਵਿੱਚ ਚਾਨਣ ਦਾ ਛਿੱਟਾ ਦੇਣ ਲਈ ਸਰਕਾਰਾਂ ਨੂੰ ਮਜਬੂਰ ਕਰ ਰਹੀ ਹੈ।

ਥੁੜਾਂ, ਤੰਗੀਆਂ-ਤੁਰਸ਼ੀਆਂ, ਸਮੱਸਿਆਵਾਂ, ਗਰੀਬੀ ਅਤੇ ਬਿਮਾਰੀ ਦੇ ਬਾਵਜੂਦ ਸੰਘਰਸ਼ ਕਰਨ ਵਾਲੇ ਉਸ ਸਿਰੜੀ ਇਨਸਾਨ ਦਾ ਦੁਨੀਆਂ ਦੀ ਸਭ ਤੋਂ ਵੱਡੀ ਸੰਸਥਾ ਯੂ.ਐਨ.ਓ. ਵਲੋਂ ਸਾਲ 2016 ਵਿੱਚ 125ਵਾਂ ਜਨਮ ਦਿਨ 'ਵਿਸ਼ਵ ਪ੍ਰੇਰਣਾ ਸ੍ਰੋਤ' ਵਜੋਂ ਪਹਿਲੀ ਵਾਰ ਮਨਾਇਆ ਗਿਆ।

ਇਹ ਸਮਾਗਮ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ.ਡੀ.ਪੀ.) ਦੇ ਬੈਨਰ ਹੇਠ ਮਨਾਇਆ ਗਿਆ। ਸੰਗਠਨ ਦੀ ਪ੍ਰਸ਼ਾਸਕ ਹੈਲਨ ਕਲਾਰਕ ਜੋ ਕਿ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਰਹਿ ਚੁੱਕੀ ਹੈ, ਨੇ ਕਿਹਾ ਕਿ ਅਸੀਂ ਭਾਰਤ ਦੇ ਨਾਲ ਮਿਲਕੇ ਡਾ. ਅੰਬੇਡਕਰ ਦੇ ਦੱਸੇ ਰਾਸਤੇ ਤੇ ਚੱਲਣ ਲਈ ਵਚਨਬੱਧ ਹਾਂ। ਸਾਡੀ 2030 ਦੀ ਵਰਕ ਲਿਸਟ ਵਿੱਚ ਇਹ ਸੰਕਲਪ ਸ਼ਾਮਿਲ ਕੀਤਾ ਗਿਆ ਹੈ।

ਇਸ ਸਮਾਰੋਹ ਦੌਰਾਨ ਵੱਖ-ਵੱਖ ਦੇਸ਼ਾਂ ਦੇ ਰਾਜਦੂਤ, ਵਿਦਵਾਨ, ਖੋਜਕਾਰ ਅਤੇ ਡਾ.ਅੰਬੇਡਕਰ ਦੇ ਸਮਰਥਕ ਭਾਰੀ ਗਿਣਤੀ ਵਿੱਚ ਸ਼ਾਮਿਲ ਹੋਏ। ਬਾਬਾ ਸਾਹਿਬ ਡਾ. ਅੰਬੇਡਕਰ ਦੇ ਜੀਵਨ ਅਤੇ ਮਿਸ਼ਨ ਬਾਰੇ ਬੋਲਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਉਹ ਸਿਰਫ ਭਾਰਤ ਲਈ ਹੀ ਨਹੀਂ ਬਲਕਿ ਵਿਸ਼ਵ ਦੇ ਉਹਨਾਂ ਸਾਰੇ ਦੇਸ਼ਾਂ ਲਈ ਪ੍ਰੇਰਣਾਦਾਇਕ ਸ਼ਖਸੀਅਤ ਹਨ, ਜਿੱਥੋਂ ਦੀ ਵੱਡੀ ਅਬਾਦੀ ਗਰੀਬੀ, ਭੁੱਖਮਰੀ, ਪੱਛੜੇਪਨ ਅਤੇ ਗੈਰ ਬਰਾਬਰੀ ਦੀ ਸ਼ਿਕਾਰ ਹੈ। ਉਹਨਾਂ ਦੇਸ਼ਾਂ ਦੀ ਜਨਤਾ ਵੀ ਆਪਣੇ ਨੇਤਾਵਾਂ ਵਿੱਚ ਡਾ. ਅੰਬੇਡਕਰ ਦੀ ਛਵੀ ਲੱਭ ਰਹੀ ਹੈ। ਇਸ ਸਮਾਗਮ ਤੋਂ ਪਹਿਲਾਂ ਭਾਰਤੀ ਮਿਸ਼ਨ ਦੁਆਰਾ ਜਾਰੀ ਕੀਤੇ ਗਏ ਇੱਕ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਜਿਵੇਂ ਭਾਰਤ "ਰਾਸ਼ਟਰੀ ਆਈਕੋਨ" ਬਾਬਾ ਸਾਹਿਬ ਅੰਬੇਡਕਰ ਦੀ 125ਵੀਂ ਜਯੰਤੀ ਮਨਾ ਰਿਹਾ ਹੈ, ਬਾਬਾ ਸਾਹਿਬ ਵਿਸ਼ਵ ਭਰ ਵਿੱਚ ਕਰੋੜਾਂ ਭਾਰਤੀਆਂ, ਸਮਾਨਤਾ ਅਤੇ ਸਮਾਜਿਕ ਨਿਆਂ ਦੇ ਸਮਰਥਕਾਂ ਲਈ ਇੱਕ ਪ੍ਰੇਰਣਾ ਸ੍ਰੋਤ ਬਣੇ ਹੋਏ ਹਨ। ਕਰੀਬ ਦੋ ਸੌ ਸਾਲਾਂ ਦੀ ਗੁਲਾਮੀ ਉਪਰੰਤ ਦੇਸ਼ ਅੰਗਰੇਜ਼ ਤੋਂ ਅਜ਼ਾਦ ਹੋਣ ਜਾ ਰਿਹਾ ਸੀ। ਦੇਸ਼ ਨੂੰ ਚਲਾਉਣ ਲਈ ਇੱਕ ਕਾਨੂੰਨੀ ਦਸਤਾਵੇਜ਼ 'ਸੰਵਿਧਾਨ' ਦੀ ਲੋੜ ਸੀ ਪਰ ਇਹ ਮਹਾਨ ਤੇ ਇਤਿਹਾਸਕ ਕੰਮ ਕਰੇ ਕੌਣ? ਅਨੇਕਾਂ ਵਿਦਵਾਨਾਂ, ਸੰਵਿਧਾਨ ਲੇਖਕਾਂ ਅਤੇ ਵਿਦੇਸ਼ੀ ਮਾਹਰਾਂ ਨਾਲ ਗੱਲਬਾਤ ਹੋਈ। ਭਾਰਤ ਦੇ ਕਾਨੂੰਨਦਾਨ ਸਰ ਤੇਜ ਬਹਾਦਰ ਸਪਰੂ ਅਤੇ ਡਾ. ਐਮ ਆਰ ਜਾਇਕਰ ਨੂੰ ਆਜ਼ਾਦ ਭਾਰਤ ਦਾ ਸੰਵਿਧਾਨ ਬਣਾਉਣ ਦੀ ਬੇਨਤੀ ਕੀਤੀ ਸੀ, ਪਰ ਦੋਵਾਂ ਨੇ ਇਸ ਮਹਾਨ ਕਾਰਜ ਲਈ ਆਪਣੀ ਅਸਮਰੱਥਾ ਦਿਖਾਈ। ਗਾਂਧੀ, ਨਹਿਰੂ ਅਤੇ ਪਟੇਲ ਵੀ ਸੰਵਿਧਾਨ ਬਣਾਉਣ ਦਾ ਦਮ ਨਹੀਂ ਰੱਖਦੇ ਸਨ। ਪੰਡਤ ਨਹਿਰੂ ਨੇ ਇੰਗਲੈਂਡ ਦੇ ਪ੍ਰਸਿੱਧ ਕਾਨੂੰਨਦਾਨ ਆਈਵਰ ਜੈਨਿੰਗਜ਼ ਨੂੰ ਸੰਵਿਧਾਨ ਬਣਾਉਣ ਲਈ ਸੱਦਾ ਦੇਣ ਦਾ ਇਰਾਦਾ ਕਰ ਲਿਆ ਸੀ। ਉਸ ਵੇਲੇ ਮਹਾਤਮਾ ਗਾਂਧੀ ਨੇ ਨਹਿਰੂ ਨੂੰ ਕਿਹਾ ਕਿ ਮੈਂ ਅਜਿਹੇ ਵਿਅਕਤੀ ਨੂੰ ਜਾਣਦਾ ਹਾਂ ਜੋ ਕਿ ਇਸ ਦੇਸ਼ ਦਾ ਹੀ ਹੈ ਅਤੇ ਉਹ ਅਜ਼ਾਦ ਭਾਰਤ ਦੇ ਸੰਵਿਧਾਨ ਬਣਾਉਣ ਦੇ ਕਾਰਜ ਨੂੰ ਪੂਰਾ ਕਰ ਸਕਦਾ ਹੈ, ਉਹ ਹਨ ਡਾ. ਭੀਮ ਰਾਓ ਅੰਬੇਡਕਰ।

ਆਖਰ 7 ਮੈਂਬਰੀ ਖਰੜਾ ਕਮੇਟੀ ਦੇ ਚੇਅਰਮੈਨ ਬਾਬਾ ਸਾਹਿਬ ਨੂੰ ਸਰਵਸੰਮਤੀ ਨਾਲ ਚੁਣ ਲਿਆ ਗਿਆ। ਸਿਹਤ ਖਰਾਬ ਹੋਣ ਦੇ ਬਾਵਜੂਦ ਸਮਾਜ, ਦੇਸ਼ ਦਾ ਸ਼ੁੱਭਚਿੰਤਕ, ਸੱਚਾ ਦੇਸ਼ ਭਗਤ, ਇੱਕ ਕਾਬਲ ਸੰਵਿਧਾਨ ਕਰਤਾ ਦੀ ਯੋਗਤਾ ਕਰਕੇ ਇਸ ਮਹਾਨ ਕਾਰਜ ਨੂੰ ਸਫਲਤਾਪੂਰਵਕ ਪੂਰਾ ਕੀਤਾ। 2 ਸਾਲ 11 ਮਹੀਨੇ 18 ਦਿਨ ਦੀ ਸਖਤ ਮਿਹਨਤ ਤੋਂ ਬਾਅਦ "ਦੁਨੀਆਂ ਦਾ ਸਭ ਤੋਂ ਵੱਡਾ ਅਤੇ ਵਿਲੱਖਣ ਸੰਵਿਧਾਨ" ਸਭਾ ਦੇ ਚੇਅਰਮੈਨ ਡਾ. ਰਜਿੰਦਰ ਪ੍ਰਸਾਦ ਨੂੰ ਭੇਂਟ ਕੀਤਾ। ਇਸ ਬਾਰੇ ਵਿਧਾਨ ਸਭਾ ਦੇ ਇੱਕ ਮੈਂਬਰ ਟੀ.ਟੀ. ਕ੍ਰਿਸ਼ਨਾਮਾਚਾਰੀ ਨੇ ਕਿਹਾ ਕਿ, "ਡਾ. ਅੰਬੇਡਕਰ ਇੱਕ ਅਜਿਹਾ ਮਹਾਨ ਵਿਅਕਤੀ ਸੀ ਜਿਸਨੇ ਭਾਰਤ ਦੇ ਸੰਵਿਧਾਨ ਨੂੰ ਤਰਾਸ਼ਿਆ ਅਤੇ ਬਣਾਇਆ, ਜਦੋਂ ਕਿ ਦੂਜੇ ਸਾਰੇ ਮੈਂਬਰਾਂ ਨੇ ਸੰਵਿਧਾਨ ਨੂੰ ਉਹਨਾਂ ਦੇ ਸਾਹਮਣੇ ਇੱਕ ਵੰਗਾਰ ਸਮਝਕੇ ਛੱਡ ਦਿੱਤਾ ਸੀ।" ਦੇਸ਼ ਅਜ਼ਾਦ ਹੋਣ ਉਪਰੰਤ ਬਾਬਾ ਸਾਹਿਬ ਦੇਸ਼ ਲਈ ਨੀਤੀਆਂ ਬਣਾਉਣ ਵਾਲੇ ਯੋਜਨਾ ਵਿਭਾਗ ਦੇ ਮੰਤਰੀ ਬਣਨਾ ਚਾਹੁੰਦੇ ਸਨ ਪਰ ਉਹਨਾਂ ਨੂੰ ਕਾਨੂੰਨ ਮੰਤਰੀ ਬਣਾਇਆ ਗਿਆ। ਕੈਬਨਿਟ ਵਿੱਚ ਸਭ ਤੋਂ ਵੱਧ ਪੜ੍ਹੇ ਲਿਖੇ ਕਾਨੂੰਨਦਾਨ ਨੂੰ ਮੌਕੇ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ 'ਕੈਬਨਿਟ ਦਾ ਹੀਰਾ' ਕਹਿਕੇ ਸਤਕਾਰਿਆ। ਦੇਸ਼ ਵਿੱਚ ਬਰਾਬਰਤਾ ਅਤੇ ਜੱਗ ਜਨਣੀ ਔਰਤਾਂ ਦੇ ਹੱਕਾਂ, ਹਿੱਤਾਂ ਅਤੇ ਬੰਦਸ਼ਾਂ ਹੋਰ ਸੁਵਿਧਾਵਾਂ ਦੇਣ ਲਈ ਹਿੰਦੂ ਕੋਡ ਬਿੱਲ ਸੰਸਦ ਵਿੱਚ ਪੇਸ਼ ਕੀਤਾ। ਪਰ ਰੂੜੀਵਾਦੀ ਸੋਚ ਅਤੇ ਔਰਤ ਵਿਰੋਧੀ ਮਾਨਸਿਕਤਾ ਵਾਲਿਆਂ ਦੇ ਵਿਰੋਧ ਕਾਰਨ ਉਹਨਾਂ ਨੇ ਰੋਸ ਵਜੋਂ ਅਸਤੀਫਾ ਦੇ ਕੇ ਸਾਬਿਤ ਕਰ ਦਿੱਤਾ ਕਿ ਉਹ ਕਿਸੇ ਅਹੁੱਦੇ ਦੇ ਲਾਲਚੀ ਨਹੀਂ, ਸਗੋਂ ਸੱਚੇ ਦੇਸ਼ ਭਗਤ ਹਨ। ਡਾ. ਅੰਬੇਡਕਰ ਨੇ ਆਪਣੀਆਂ ਲਿਖਤਾਂ, ਭਾਸ਼ਣਾ ਅਤੇ ਵਿਚਾਰਾਂ ਰਾਹੀਂ ਦੱਸਿਆ ਕਿ ਤੁਹਾਡੀ ਗੁਲਾਮੀ ਦੀਆਂ ਜ਼ੰਜੀਰਾਂ ਕਿਸੇ ਦੈਵੀ ਸ਼ਕਤੀ ਨੇ ਨਹੀਂ ਕੱਟਣੀਆਂ, ਇਸ ਲਈ ਤੁਹਾਨੂੰ ਰਾਜਨੀਤਿਕ ਸੱਤਾ ਆਪਣੇ ਹੱਥਾਂ ਵਿੱਚ ਲੈਣੀ ਪਵੇਗੀ। ਬਾਬਾ ਸਾਹਿਬ ਨੇ ਸਿਰਫ ਅਛੂਤਾਂ ਨੂੰ ਹੀ ਨਹੀਂ, ਸਗੋਂ ਪੂਰੇ ਭਾਰਤ ਨੂੰ ਤਰੱਕੀ ਦੀਆਂ ਲੀਹਾਂ ਤੇ ਤੋਰਨ ਲਈ ਆਪਣਾ ਵਡਮੁੱਲਾ ਯੋਗਦਾਨ ਦਿੱਤਾ। ਜਿਸ ਕਰਕੇ ਬਾਬਾ ਸਾਹਿਬ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ।

## 27 ਮਈ ਪ੍ਰੀਨਿਰਵਾਣ ਦਿਵਸ ਤੇ ਵਿਸ਼ੇਸ਼

# ਡਾ.ਭੀਮ ਰਾਓ ਅੰਬੇਦਕਰ ਨੂੰ ਮਹਾਨ ਬਣਾਉਣ ਵਿੱਚ ਰਾਮਾਂ ਬਾਈ ਦਾ ਬਹੁਤ ਵੱਡਾ ਯੋਗਦਾਨ

ਮਹਾਤਮਾਂ ਬੁੱਧ ਤੋਂ ਬਾਅਦ ਸਦੀਆਂ ਤੱਕ ਔਰਤ ਦੀਭਿਆਨਕ ਤੇ ਦਰਦ ਭਰੀ ਜਿੰਦਗੀ ਵਿੱਚ ਕੋਈ ਵੀ ਸੁਧਾਰ ਨਾਂ ਹੋਇਆ। ਔਰਤਾਂ ਨੂੰ ਹਰ ਤਰ੍ਹਾਂ ਅਣਗੋਲਿਆਂ ਕਰਨਾਂ ਵਰਗੀਆਂ ਅਨੇਕਾਂ ਮਿਸ਼ਾਲਾਂ ਤੇ ਔਰਤਾਂ ਨੂੰ ਦੁੱਖਾਂ ਤੋਂ ਛੁਟਕਾਰਾ ਅੰਗਰੇਜੀ ਸ਼ਾਸ਼ਨ ਵਿੱਚ ਹੀ ਮਿਲਿਆ। 17 ਵੀਂ ਸਦੀ ਵਿੱਚ ਭਾਰਤ ਵਿੱਚ ਅੰਗਰੇਜਾਂ ਦਾ ਆਗਮਨ ਹੋਇਆ। ਹਿੰਦੂਆਂ ਵਲੋਂ ਭਾਰਤ ਦੇ ਮੂਲਵਾਸੀਆਂ ਉੱਜਰ ਜਬਰੀ ਥੋਪੇ ਗਏ ਕਰਮਕਾਂਡਾਂ ਵਿੱਚ ਅੰਗਰੇਜ ਹਕੂਮਤ ਕਦੇ ਵੀ ਦਖਲ ਨਹੀਂ ਦਿੰਦੀ ਸੀ। ਦੋ ਸਦੀਆਂ ਲੰਘਣ ਉਪਰੰਤ ਅੰਗਰੇਜ ਹਕੂਮਤ ਜਦੋਂ ਕਣ ਕਣ ਤੋਂ ਵਾਕਿਫ ਹੋ ਗਈ ਤਾਂ ਉਹਨਾਂ ਮੂਲਵਾਸੀਆਂ ਉੱਪਰ ਹੁੰਦੇ ਜੁਲਮਾਂ ਵਿੱਚ ਸੁਧਾਰ ਕਰਨ ਹਿੱਤ ਫੈਂਸਲੇ ਲੈਣੇ ਸ਼ੁਰੂ ਕਰ ਦਿੱਤੇ। ਜਿਵੇਂ ਬੱਚੀਆਂ ਦੇ ਜਨਮ ਵੇਲੇ ਬੱਚੀ ਦੇ ਤਾਲੂ ਨੂੰ ਅਫੀਮ ਲਗਾਉਣੀ ਜਾਂ ਮਾਂ ਦੀਆਂ ਛਾਤੀਆਂ ਨੂੰ ਜਹਿਰ ਲਗਾ ਦੇਣੀ ਜਿਸ ਨਾਲ ਨਵ ਜਨਮੀਂ ਬੱਚੀਆਂ ਦੀ ਮੌਤ ਸੁਭਾਵਿਕ ਸੀ। ਉਹਨਾਂ ਸੱਭ ਤੋਂ ਪਹਿਲਾਂ ਇਸ ਵਹਿਸ਼ੀ ਕਾਰੇ ਤੇ ਰੋਕ ਲਗਾਈ। ਇਸ ਉਪਰਤ ਉਹਨਾਂ ਵੇਖਿਆ ਕਿ ਔਰਤਾਂ ਨੂੰ ਪੜ੍ਹਾਉਣ ਤੇ ਧਰਮ ਦੇ ਨਾਂ ਤੇ ਬੰਦਸ਼ਾ ਲਾਈਆਂ ਹੋਈਆਂ ਸਨ ਨੂੰ ਵੀ ਤੋੜਿਆ ਤੇ ਸਕੂਲਾਂ ਵਿੱਚ ਔਰਤਾਂ ਦੇ ਪੜ੍ਹਨ ਲਈ ਸਕੂਲਾਂ ਦੇ ਦਰਵਾਜੇ ਖੋਲ ਦਿੱਤੇ। ਜੋ ਪੜ੍ਹਾਈ ਨੂੰ ਬ੍ਰਾਹਮਣਾਂ ਨੇ ਆਪਣੇ ਘਰ ਦੀ ਦਾਸੀ ਬਣਾ ਰੱਖਿਆ ਸੀ ਉਹ ਜੰਜੀਰ ਨੂੰ ਤੋੜਿਆ। ਤੇ ਮੂਲਵਾਸੀਆਂ ਨੂੰ ਵੀ ਬਰਾਬਰ ਮੌਕੇ ਦੇਣੇ ਸ਼ੁਰੂ ਕੀਤੇ। ਮੂਲਵਾਸੀਆਂ ਦੀਆਂ ਔਰਤਾਂ ਦੇ ਨਾਲ ਨਾਲ ਬ੍ਰਾਮਣ ਆਪਣੀਆਂ ਔਰਤਾਂ ਨੂੰ ਵੀ ਪੜ੍ਹਾਉਣ ਦੇ ਹੱਕ ਵਿੱਚ ਨਹੀਂ ਸਨ,ਉਹਨਾਂ ਤੇ ਵੀ ਸਖਤ ਪਾਬੰਦੀਆਂ ਲਾਈਆਂ ਹੋਈਆਂ ਸਨ ਤੇ ਘਰਾਂ ਵਿੱਚ ਜੁੱਤੀ ਦੇ ਬਰਾਬਰ ਰੱਖਦੇ ਸਨ। ਮਹਾਤਮਾਂ ਜੋਤੀਬਾ ਫੂਲੇ ਵਲੋਂ ਵੀ ਔਰਤਾਂ ਸਮੇਤ ਸਾਰਿਆਂ ਲਈ ਬਰਾਬਰ ਸਿੱਖਿਆ ਦੇ ਯਤਨ ਕੀਤੇ ਜਾ ਰਹੇ ਸਨ ਤੇ ਕਾਮਯਾਬੀ ਗੋਰੀ ਹਕੂਮਤ ਵੇਲੇ ਹੱਥ ਆਈ ਤੇ ਉਹਨਾਂ ਪਹਿਲਾਂ ਸਵਿੱਤਰੀ ਬਾਈ ਫੂਲੇ ਨੂੰ ਖੁਦ ਪੜ੍ਹਾਇਆ ਤੇ ਪਿੱਛੋਂ ਵਿਹੜੇ ਮਹੱਲੇ ਦੀਆਂ ਔਰਤਾਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਇਸ ਤਰ੍ਹਾ ਮਾਤਾ ਸਵਿੱਤਰੀ ਬਾਈ ਫੂਲੇ ਇਸ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕ ਬਣੀ। ਔਰਤਾਂ ਤੇ ਬ੍ਰਾਹਮਣਾਂ ਦੀ ਕਰਮਕਾਂਡੀ ਨੀਤੀ ਰਾਹੀਂ ਜੁਲਮ ਬਹੁਤ ਕੀਤੇ ਜਾਂਦੇ ਸਨ। ਮੂਲਵਾਸੀਆਂ ਦੇ ਜਦੋਂ ਵਿਆਹ ਹੁੰਦੇ ਤਾਂ ਪਹਿਲੀਆਂ ਤਿੰਨ ਰਾਤਾਂ ਨੂੰ ਆਪਣੀ ਔਰਤ ਨੂੰ ਬ੍ਰਾਹਮਣ ਪੁਜਾਰੀ ਕੋਲ ਭਸੈਕਸ ਕਰਨ ਲਈ ਭੇਜਣਾ ਪੈਂਦਾ ਸੀ ਇਸ ਪਿੱਛੋਂ ਚੋਥੀ ਰਾਤ ਵਿਆਹੀ ਔਰਤ ਆਪਣੇ ਪਤੀ ਕੋਲ ਪਹੁੰਚਦੀ ਸੀ। ਇਸ ਤਰ੍ਹਾਂ ਅਛੂਤਾਂ ਦੀਆਂ ਔਰਤਾਂ ਨਾਲ ਧੱਕੇ ਨਾਲ ਜਬਰਦਸਤੀ ਬਲਾਤਕਾਰ ਕੀਤੇ ਜਾਂਦੇ ਸਨ ਤੇ ਧਰਮ ਦੇ ਖਿਲਾਫ ਕਿਸੇ ਦੀ ਜਾਣ ਦੀ ਹਿੰਮਤ ਮੌਤ ਤੇ ਜਾ ਕੇ ਰੁਕਦੀ ਸੀ। ਇਸ ਤੋਂ ਵੀ ਵੱਡਾ ਜੁਲਮ ਇਹ ਸੀ ਜਦੋਂ ਔਰਤ ਦੇ ਪਤੀ ਦੀ ਮੌਤ ਹੋ ਜਾਂਦੀ ਸੀ ਤਾਂ ਔਰਤ ਨੂੰ ਵੀ ਚਿਖਾ ਨੂੰ ਅੱਗ ਲਗਾਉਣ ਤੋਂ ਪਹਿਲਾਂ ਪਤੀ ਨਾਲ ਚਿਖਾ ਉੱਪਰ ਬਿਠਾਇਆ ਜਾਂਦਾ ਤੇ ਜਿਊਂਦੀ ਨੂੰ ਅੱਗ ਹਵਾਲੇ ਕੀਤਾ ਜਾਂਦਾ ਸੀ ਇਸ ਰੀਤ ਨੂੰ ਸਤੀ ਪ੍ਰਥਾ ਕਹਿੰਦੇ ਸਨ,ਜੋ ਅੱਜ ਦੇ ਦਲਿਤ ਦਿਵਾਲੀ ਤੋਂ ਦੂਸਰੇ ਦਿਨ ਆਪਣੇ ਜਠੇਰੇ ਭਾਵ ਸਤੀਆਂ ਮੱਥਾ ਟੇਕਣ ਜਾਂਦੇ ਹਨ ਉਹ ਇਹੀ ਪਹਿਲੀਆਂ ਰੀਤ ਵਾਲੀਆਂ ਥਾਂਵਾ ਹਨ। ਅੰਗਰੇਜ ਹਕੂਮਤ ਨੇ ਇਸ ਕਰੂਰ ਕਰਮਕਾਂਡ ਤੇ ਜੁੱਤੀ ਦੇ ਜੋਰ ਨਾਲ ਰੋਕ ਲਗਾਈ। ਤੇ ਬ੍ਰਾਹਮਣ ਪੁਜਾਰੀਆਂ ਦੀ ਇਸ ਕਰਮਕਾਂਡ ਦੀ ਰੀਤ ਨੂੰ ਮਿੱਟੀ ਦੇ ਹੇਠਾਂ ਦਫਨ ਕੀਤਾ। ਇਸ ਕਰਕੇ ਅੰਗਰੇਜ ਇਸ ਭਾਰਤ ਦੇ ਗੁਲਾਮ ਵਸ਼ਿੰਦਿਆਂ ਲਈ ਕਿਸੇ ਰੱਬੀ ਅਵਤਾਰ ਤੋਂ ਘੱਟ ਨਹੀਂ ਸਨ। ਔਰਤਾਂ ਦੇ ਹਿੱਤ ਸੁਰੱਖਿਅਤ ਕਰਨ ਲਈ ਅੰਗਰੇਜੀ ਰਾਜ ਵਿੱਚ ਮਹਾਤਮਾਂ ਜੋਤੀਬਾ ਫੂਲੇ,ਮਾਤਾ ਸਵਿੱਤਰੀ ਬਾਈ ਫੂਲੇ, ਡਾ.ਭੀਮ ਰਾਉ ਅੰਬੇਦਕਰ, ਪੇਰਿਅਰ ਰਾਮਾਂ ਸੁਆਮੀ ਨਾਇਕਰ, ਨਰਾਇਣਾ ਗੁਰੂ ਤੇ ਸਾਡੀ ਅੱਜ ਦੇ ਲੇਖ ਦੀ ਮਹਾਨ ਨਾਇਕਾ ਮਾਤਾ ਰਾਮਾਂ ਬਾਈ ਅੰਬੇਦਕਰ ਦਾ ਵੀ ਬਹੁਤ ਵੱਡਾ ਯੋਗਦਾਨ ਔਰਤਾਂ ਦੀ ਤਰੱਕੀ ਵਾਸਤੇ ਰਿਹਾ ਹੈ।

ਮਾਤਾ ਰਾਮਾਂ ਬਾਈ ਦਾ ਜਨਮ ਬੇਹੱਦ ਗਰੀਬ ਪਰਿਵਾਰ ਵਿੱਚ ਹੋਇਆ। ਇਹਨਾਂ ਮਾਤਾ ਤੇ ਪਿਤਾ ਜੀ ਦੀ ਬਾਲ ਅਵੱਸਥਾ ਦੌਰਾਨ ਹੀ ਮੌਤ ਹੋਣ ਨਾਲ ਇਹਨਾਂ ਦੇ ਸਿਰ ਤੋਂ ਹਰ ਤਰ੍ਹਾਂ ਦਾ ਸਾਥ ਛੁੱਟ ਗਿਆ ਸੀ। ਪਰਿਵਾਰ ਦੇ ਕਿਸੇ ਮੈਂਬਰ ਨੂੰ ਵੀ ਇਸ ਲੜਕੀ ਦੀ ਕਿਸਮਤ ਵਾਰੇ ਨਹੀਂ ਪਤਾ ਸੀ ਕਿ ਇਹ ਲੜਕੀ ਦੀ ਸਖਤ ਘਾਲਣਾ ਨਾਲ ਕੋਈ ਦੁਨੀਆਂ ਭਰ ਦੇ ਵਿਦ-ਵਾਨਾਂ ਵਿੱਚੋਂ ਸੱਭ ਤੋਂ ਉੱਪਰ ਆਪਣਾ ਤੇ ਰਾਮਾਂ ਬਾਈ ਦਾ ਨਾਮ ਸੁਨਿਹਰੀ ਅੱਖਰਾਂ ਵਿੱਚ ਲਿਖ ਜਾਏਗਾ। ਇਹਨਾਂ ਦੇ ਚਾਚਾ ਵਲੰਗਕਾਰ ਤੇ ਮਾਮਾ ਗੋਬਿੰਦਪੁਰਕਰ ਆਪਣੇ ਨਾਲ ਹੀ ਮੁੰਬਈ ਲੈ ਆਏ। ਇਸ ਸਮੇਂ ਦੌਰਾਨ ਬਾਲ ਅਵੱਸਥਾ ਵਿੱਚ ਬੱਚੇ ਬੱ-ਚੀਆਂ ਦਾ ਵਿਆਹ ਕਰ ਦਿੱਤਾ ਜਾਂਦਾ ਸੀ। ਮਹਾਰਾਂ ਦੀ ਬੱਸਤੀ ਵਿੱਚ ਰਹਿੰਦੇ ਅੰਗਰੇਜੀ ਹਕੂਮਤ ਵਿੱਚ ਨੌਕਰੀ ਕਰਦੇ ਸੂਬੇਦਾਰ ਰਾਮਜੀ ਆਪਣੇ ਜਵਾਨ ਹੋ ਰਹੇ ਪੁੱਤਰ ਭੀਮ ਰਾਉ ਲਈ ਵਿਆਹ ਵਾਸਤੇ ਬਹੂ ਦੀ ਖੋਜ ਕਰ ਰਹੇ ਸਨ। ਗਲੀ ਮੁਹੱਲੇ ਦੇ ਕਿਸੇ ਸੱਜਣ ਨੇ ਰਾਮਾਂ ਬਾਈ ਵਾਰੇ ਜਾਣਕਾਰੀ ਦਿੱਤੀ,ਤੇ ਸੂਬੇਦਾਰ ਰਾਮਜੀ ਵੇਖਣ ਚਲੇ ਗਏ। ਲੜਕੀ ਪਸੰਦ ਆ ਗਈ ਤੇ ਛੇਤੀ ਵਿਆਹ ਕਰਨ ਦਾ ਫੈਂਸਲਾ ਕੀਤਾ ਗਿਆ। ਰਾਮਾਂ ਬਾਈ ਕੋਰੀ ਅਨਪੜ੍ਹ ਅੰਗੂਠਾ ਛਾਪ ਸੀ ਪੜ੍ਹਾਈ ਦਾ ਦਿਮਾਗ ਦੇ ਕਿਸੇ ਹਿੱਸੇ ਵਿੱਚ ਵੀ ਕੋਈ ਨਾਂ ਨਿਸ਼ਾਨ ਨਹੀਂ ਸੀ। ਅਪ੍ਰੈਲ 1906 ਵਿੱਚ ਭੀਮ ਰਾਉ ਤੇ ਰਾਮਾਂ ਬਾਈ ਦਾ ਬਾਲ ਵਿਆਹ ਕਰ ਦਿੱਤਾ ਗਿਆ। ਵਿਆਹ ਦੇ ਸਮੇਂ ਰਾਮਾਂ ਬਾਈ ਦੀ ਉਰ 9 ਸਾਲ ਤੇ ਭੀਮ ਰਾਉ ਦੀ ਉਮਰ 14 ਸਾਲ ਦੀ ਸੀ। ਉਸ ਵੇਲੇ ਭੀਮ ਰਾਉ 5 ਵੀਂ ਜਮਾਤ ਦੇ ਵਿਦਿਆਰਥੀ ਸਨ। ਭੀਮ ਰਾਉ ਜੀ ਨੂੰ ਦਹੇਜ ਵਿੱਚ ਇੱਕ ਬਾਟੀ ਮਿਲੀ ਸੀ ਜਿਸ ਨੂੰ ਉਹ ਸਦਾ ਹਿੱਕ ਨਾਲ ਲਗਾ ਕੇ ਰੱਖਿਆ ਕਰਦੇ ਸਨ। ਵਿਆਹ ਤੋਂ 6 ਸਾਲਾਂ ਬਾਅਦ ਮਾਤਾ ਰਾਮਾਂ ਬਾਈ ਨੇ ਪਹਿਲੇ ਪੁੱਤਰ ਨੂੰ 6 ਦਸੰਬਰ 1912 ਨੂੰ ਜਨਮ ਦਿੱਤਾ,ਜਿਸ ਦਾ ਨਾਮ ਯਸਵੰਤ ਰਾਉ ਰੱਖਿਆ ਗਿਆ। ਬਾਲ ਅਵੱਸਥਾ ਚ ਯਸਵੰਤ ਰਾਉ ਅਕਸਰ ਬਿਮਾਰ ਹੀ ਰਹਿੰਦੇ ਸਨ ਤੇ ਪਿਤਾ ਭੀਮ ਰਾਉ ਮੂਲਵਾਸੀਆਂ ਦੀਆਂ ਦੁੱਖਾਂ ਤਕਲੀਫਾਂ ਵਾਲੀਆਂ ਜੰਜੀਰਾਂ ਨੂੰ ਤੋੜਨ ਲਈ ਪੜ੍ਹਾਈ ਦੇ ਮਾਮਲੇ ਚ ਜਿਆਦਾ ਕਰਕੇ ਘਰੋਂ ਬਾਹਰ ਹੀ ਰਹਿੰਦੇ ਸਨ,ਤਾਂ ਸਾਰਾ ਘਰ ਸੰਭਾਲਣ ਤੇ ਬੇਟੇ ਦੀ ਜਿੰਮੇਵਾਰੀ ਮਾਤਾ ਰਾਮਾ ਬਾਈ ਸਿਰ ਹੀ ਸੀ। ਤੇ ਕਦੇ ਇਸ ਗੱਲ ਦਾ ਕੋਈ ਕਿਸੇ ਨਾਲ ਵੀ ਗਿਲਾ ਨਹੀਂ ਕੀਤਾ। ਭੀਮ ਰਾਉ ਦੀ ਪੜ੍ਹਾਈ ਵਿੱਚ ਕੋਈ ਰੁਕਾਵਟ ਨਾਂ ਪਏ ਤਾਂ ਮਾਤਾ ਰਾਮਾਂ ਬਾਈ ਨੇ ਕਦੇ ਭੀਮ ਰਾਉ ਜੀ ਨੂੰ ਬੇਟੇ ਦੀ ਬਿਮਾਰੀ ਵਾਰੇ ਨਹੀਂ ਦੱਸਿਆ। ਜਦੋਂ ਸਮਾਂ ਮਿਲਦਾ ਤਾਂ ਭੀਮ ਰਾਉ ਜੀ ਘਰ ਆਂਉਦੇ ਤੇ ਸੱਭ ਤੋਂ ਪਹਿਲਾਂ ਮਾਤਾ ਰਾਮਾਂ ਬਾਈ ਨੂੰ ਪੜ੍ਹਨਾ ਲਿਖਣਾ ਸਿਖਾਉਂਦੇ। ਇਤਿਹਾਸ ਇਹਨਾਂ ਵਰਗੇ ਵਿਦਵਾਨ ਮਹਾਂਪੁਰਸ਼ਾ ਨਾਲ ਹੀ ਬਣਦੇ ਹਨ ਜੋ ਤੰਗੀਆਂ ਤਕ-ਲੀਫਾਂ ਚ ਰਹਿ ਕੇ ਵੀ ਜਿੰਦਗੀ ਨੂੰ ਖੁਸ਼ਗਵਾਰ ਬਣਾ ਕੇ ਜਿਊਂਦੇ ਤੇ ਦੁਨੀਆਂ ਲਈ ਬੇ ਮਿਸ਼ਾਲ ਕੁਰਬਾਨੀਆਂ ਦੇ ਜਾਂਦੇ ਹਨ। ਇਸ ਵਿੱਚ ਕੁਦਰਤ ਦਾ ਵੀ ਬਹੁਤ ਵੱਡਾ ਯੋਦਾਨ ਹੁੰਦਾ ਹੈ ਕਿਸੇ ਦੇ ਚਰਿੱਤਰ ਨੂੰ ਨਿਖਾਰਨ ਵਿੱਚ ਜੋ ਅਜਿਹੀਆਂ ਸਧਾਰਨ ਔਰਤਾਂ ਮਿਲਦੀਆਂ ਹਨ ਤੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਆਪਣਾ ਨਾਮ ਸਦਾ ਲਈ ਅਮਰ ਕਰ ਜਾਂਦੀਆਂ ਹਨ। ਭੀਮ ਰਾਉ ਜੀ ਵੀ ਸਦਾ ਮਾਤਾ ਰਾਮਾਂ ਬਾਈ ਦੇ ਅਹਿਸਾਨਮੰਦ ਹੀ ਰਹੇ ਕਿ ਜਿਹਨਾਂ ਪਹਾੜ ਜਿੱਡੀ ਜਿੰਦਗੀ ਵਿੱਚ ਅਨੇਕਾਂ ਤੰਗੀਆਂ ਤਕਲੀਫਾਂ ਝੱਲ ਕੇ ਵੀ ਕਦੇ ਸ਼ਿਕਵਾ ਨਹੀਂ ਕੀਤਾ। ਮਾਤਾ ਰਾਮਾਂ ਬਾਈ ਬਹੁਤ ਸੀ ਸਤਿਕਾਰ ਤੇ ਪ੍ਰੇਮ ਕਰਿਆ ਕਰਦੀ ਸੀ ਭੀਮ ਰਾਉ ਜੀ ਨੂੰ। 2 ਫਰਵਰੀ 1913 ਨੂੰ ਭੀਮ ਰਾਉ ਜੀ ਦੇ ਪਿਤਾ ਜੀ ਤੇ ਮਾਤਾ ਰਾਮਾਂ ਬਾਈ ਦੇ ਸਹੁਰਾ ਸੂਬੇਦਾਰ ਰਾਮਜੀ ਅੰਬੇ-ਦਕਰ ਇਸ ਰੰਗਲੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਭੀਮ ਰਾਉ ਤੇ ਰਾਮਾਂ ਬਾਈ ਕੁੱਝ ਸਮਾਂ ਪਾ ਕੇ ਫਿਰ ਆਪਣੀ ਦੁਨੀਆਂ ਦੇ ਰੁਝੇਵਿਆਂ ਚ ਬੱਝ ਗਏ। ਯਸਵੰਤ ਰਾਉ ਤੋਂ ਬਾਅਦ ਮਾਤਾ ਰਾਮਾਂ ਬਾਈ ਦੀ ਕੁੱਖ ਨੇ ਫਿਰ ਇੱਕ ਲਾਲ ਪੈਦਾ ਕੀਤਾ ਜਿਸ ਦਾ ਨਾਮ ਗੰਗਾਧਰ ਸੀ। ਗੰਗਾਧਰ ਇਸ ਲਈ ਕਿਉਂਕਿ ਭੀਮ ਰਾਉ ਦਾ ਇੱਕ ਛੋਟੇ ਭਰਾ ਦਾ ਨਾਮ ਵੀ ਗੰਗਾਧਰ ਸੀ ਜਿਸ ਦੀ ਮੌਤ ਤੋਂ ਬਾਅਦ ਉਹਨਾਂ ਯਾਦ ਬਣਾਈ ਰੱਖਣ ਲਈ ਹੀ ਆਪਣੇ ਬੇਟੇ ਦਾ ਨਾਮ ਵੀ ਗੰਗਾਧਰ ਰੱਖ ਲਿਆ ਸੀ। ਸਮਾਂ ਕਦੇ ਕਿਸੇ ਲਈ ਰੁੱਕਦਾ ਨਹੀਂ ਸਮੇਂ ਦੇ ਨਾਲ ਹੀ ਸਾਰਿਆਂ ਨੂੰ ਚੱਲਣਾ ਪੈਂਦਾ ਹੈ ਤੇ ਭੀਮ ਰਾਉ ਜੀ ਇਸ ਰੰਗ ਦੀ ਬਹੁਤ ਬਰੀਕੀ ਨਾਲ ਸਮਝ ਰੱਖਦੇ ਸਨ। ਇਸ ਕਰਕੇ ਭੀਮ ਰਾਉ ਜੀ ਦੇਸ਼ ਤੇ ਵਿਦੇਸ਼ਾਂ ਵਿੱਚ ਪੜ੍ਹਾਈ ਕਰ ਕਰ ਕੇ ਵੱਡੀਆਂ ਮੱਲ੍ਹਾਂ ਮਾਰਦੇ ਡਿਗਰੀਆ ਨਾਲ ਲੈਂਸ ਹੁੰਦੇ ਰਹੇ। ਮਾਤਾ ਰਾਮਾਂ ਬਾਈ ਦੇ ਸਮਰਪਣ ਭਾਵ ਨਾਲ ਹੀ ਭੀਮ ਰਾਉ ਜੀ ਪੜ੍ਹਾਈ ਚ ਮਸਤ ਰਹੇ। ਦੁਨੀਆਂ ਭਰ ਦਾ ਗਿਆਨ ਭੀਮ ਰਾਉ ਜੀ ਆਪਣੇ ਦਿਮਾਗ ਵਿੱਚ ਸਮੇਟਦੇ ਗਏ ਤੇ ਦੇਸ਼ ਵਿਦੇਸ਼ ਵਿੱਚ ਯੂਨੀਵਰਸਿਟੀਆਂ ਵਿੱਚ ਆਪਣਾ ਨਾਮ ਰੌਸ਼ਨ ਕਰਦੇ ਰਹੇ। ਗਿਆਨ ਪ੍ਰਾਪਤੀ ਦੇ ਨਾਲ ਨਾਲ ਇੱਕ ਚੀਸ ਵੀ ਵੱਧਦੀ ਜਾਂਦੀ ਸੀ ਕਿ ਆਪਣੇ ਵਤਨ ਵਿੱਚ ਉਹਨਾਂ ਨਾਲ ਕਿਸ ਤਰ੍ਹਾ ਦਾ ਬੁਰਾ ਵਰਤਾਅ ਕੀਤਾ ਜਾਂਦਾ ਸੀ ਤੇ ਵਿਦੇਸ਼ਾਂ ਵਿੱਚ ਕਿਸ ਤਰ੍ਹਾ ਇੱਜਤ ਮਾਣ ਮਿਲਦਾ ਸੀ। ਜੋ ਭੀਮ ਰਾਉ ਨੂੰ ਆਪਣੇ ਦੇਸ਼ ਵਿੱਚ ਦੁਰਕਾਰੇ ਜਾਂਦੇ ਮੂਲਵਾਸੀਆਂ ਲਈ ਬਹੁਤ ਕੁੱਝ ਕਰਨ ਲਈ ਸਦਾ ਪ੍ਰੇਰਦਾ ਰਹਿੰਦਾ ਸੀ।

ਮਾਤਾ ਰਾਮਾਂ ਬਾਈ ਦੀ ਸੁਭਾਗੀ ਕੁੱਖ ਨੇ ਭੀਮ ਰਾਉ ਦੇ ਪੰਜ ਬੱਚੇ ਪੈਦਾ ਕੀਤੇ, ਯਸਵੰਤ ਰਾਉ, ਗੰਗਾਧਰ, ਰਮੇਸ਼, ਇੰਦੂ ਤੇ ਰਾਜਰਤਨ। ਇਹਨਾਂ ਵਿੱਚੋਂ ਚਾਰ ਬੱਚੇ ਬੱਚਪਨ ਵਿੱਚ ਹੀ ਦਵਾਈ ਦੀ ਥੁੜੋਂ ਜਿੰਦਗੀ ਨਾਲ ਘੁਲਦਿਆਂ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ। ਸਿਰਫ ਯਸਵੰਤ ਰਾਉ ਹੀ ਬਚੇ ਸਨ ਤੇ ਅੱਜ ਕੱਲ੍ਹ ਇਹਨਾਂ ਦਾ ਪੁੱਤਰ ਪ੍ਰਕਾਸ਼ ਅੰਬੇਦਕਰ ਹੀ ਭੀਮ ਰਾਉ ਜੀ ਦੇ ਵੰਸ਼ ਦਾ ਨਾਮ ਰੌਸ਼ਨ ਕਰ ਰਿਹਾ ਹੈ। ਭੀਮ ਰਾਉ ਜੀ ਪੜ੍ਹਾਈ ਕਰਦੇ ਰਹੇ ਤੇ ਮਾਤਾ ਰਾਮਾਂ ਬਾਈ ਘਰ ਗ੍ਰਹਿਸਥੀ ਸੰਭਾਲਦੀ ਰਹੀ। ਵੱਡੀਆਂ ਡਿਗਰੀਆਂ ਲੈ ਕੇ ਜਦੋਂ ਭੀਮ ਰਾਉ ਜੀ ਪ੍ਰੋਫੈਸਰ ਦੀ ਨੌਕਰੀ ਕਰਨ ਲੱਗੇ ਤਾਂ ਮਾਤਾ ਰਾਮਾਂ ਬਾਈ ਜੀ ਖੁਸ਼ੀ ਚ ਫੁੱਲੇ ਨਹੀਂ ਸੀ ਸਮਾਉਂਦੇ ਕਿ ਹੁਣ ਘਰ ਦੀ ਗ੍ਰਹਿਸਥੀ ਦੀ ਹਾਲਤ ਆਰਥਿਕ ਤੌਰ ਤੇ ਸੁਧਰ ਜਾਵੇਗੀ। ਭੀਮ ਰਾਉ ਜੀ ਮਾਤਾ ਰਾਮਾਂ ਬਾਈ ਨੂੰ ਪਿਆਰ ਨਾਲ ਰਾਮੂੰ ਕਹਿ ਕੇ ਬੁਲਾਇਆ ਕਰਦੇ ਸਨ। ਰਾਮਾਂ ਬਾਈ ਨੂੰ ਹਰ ਇੱਕ ਛੋਟੇ ਵੱਡੇ ਦੀ ਇੱਜਤ ਕਰਨੀ ਤੇ ਕਿਸੇ ਦੇ ਗੁੱਸੇ ਨਾਲ ਬੋਲਣ ਤੇ ਵੀ ਪਿਆਰ ਭਰੇ ਸ਼ਬਦਾਂ ਦਾ ਇਸਤੇਮਾਲ ਕਰਨ ਤੇ ਹਰ ਇੱਕ ਨਾਲ ਪਿਆਰ ਨਾਲ ਪੇਸ਼ ਆਉਣਾ ਤੇ ਵੱਡਿਆਂ ਦੇ ਮੂਹਰੇ ਉੱਚੀ ਆਵਾਜ ਚ ਨਾਂ ਬੋਲਣਾ ਵਰਗੇ ਗੁਣ ਖਾਨਦਾਨੀ ਸੁਭਾਅ ਚ ਹੀ ਮਿਲੇ ਸਨ। ਭੀਮ ਰਾਉ ਜੀ ਦੇ ਮੂੰਹੋਂ ਨਿੱਕਲਿਆ ਹਰ ਸ਼ਬਦ ਮਾਤਾ ਰਾਮਾਂ ਬਾਈ ਲਈ ਇਲਾਹੀ ਫੁਰਮਾਨ ਤੋਂ ਘੱਟ ਨਹੀਂ ਸੀ। ਕਦੇ ਕਿਸੇ ਕੰਮ ਲਈ ਭੀਮ ਰਾਉ ਜੀ ਨੂੰ ਮਾਤ ਰਾਮਾਂ ਬਾਈ ਨੂੰ ਦੂਸਰੀ ਵਾਰ ਨਹੀਂ ਕਹਿਣਾ ਪੈਂਦਾ ਸੀ। ਭੀਮ ਰਾਉ ਜੀ ਜਦੋਂ ਪੜ੍ਹਾਈ ਜਾਂ ਕੋਈ ਹੋਰ ਕੰਮ ਕਰ ਰਹੇ ਹੁੰਦੇ ਤੇ ਉਸ ਕਮਰੇ ਵਿੱਚ ਮਾਤਾ ਰਾਮਾਂ ਬਾਈ ਬਿਨ੍ਹਾਂ ਬੁਲਾਏ ਕਦੀ ਵੀ ਨਹੀਂ ਜਾਂਦੇ ਸੀ। ਤਾਂ ਕਿ ਕੋਈ ਵੀ ਰੁਕਾਵਟ ਅੜਿੱਕਾ ਨਾ ਪਾ ਸਕੇ। ਮਾਤਾ ਰਾਮਾਂ ਬਾਈ ਬਹੁਤ ਹੀ ਉੱਚੀ ਸੋਚ ਰੱਖਣ ਵਾਲੀ ਗ੍ਰਹਿਣੀ ਸੀ।

ਨਵੰਬਰ 1921 ਵਿੱਚ ਭੀਮ ਰਾਉ ਜੀ ਵਿਦੇਸ਼ ਪੜ੍ਹਨ ਵਾਸਤੇ ਗਏ ਹੋਏ ਸਨ ਤਾਂ ਪਿੱਛੋਂ ਜੋ ਘਰ ਵਿੱਚ ਥੋੜੇ ਪੈਸੇ ਸਨ ਉਹ ਸਾਰੇ ਹੀ ਖਰਚ ਹੋ ਚੁੱਕੇ ਸਨ। ਬੇਟਾਯਸਵੰਤ ਰਾਉ ਤੇ ਬੇਟਾ ਗੰਗਾਧਰ ਸਖਤ ਬਿਮਾਰ ਹੋ ਗਏ ਸਨ,ਉਹਨਾਂ ਦੇ ਇਲਾਜ ਵਾਸਤੇ ਘਰ ਵਿੱਚ ਕੋਈ ਪੈਸਾ ਨਹੀਂ ਸੀ ਬੱਚਿਆ, ਇਹ ਸਾਰਾ ਕੁੱਝ ਲਿਖ ਕੇ ਭੀਮ ਰਾਉ ਪੱਤਰ ਲਿਖ ਪਾਇਆ। ਪੱਤਰ ਮਿਲਦੇ ਸਾਰ ਹੀ ਭੀਮ ਰਾਉ ਨੇ 100 ਰੁਪਏ ਘਰ ਭੇਜੇ ਤੇ ਨਾਲ ਇੱਕ ਪੱਤਰ ਲਿਖ ਕੇ ਪਾਇਆ ਕਿ "ਰਾਮੂੰ ਹਿੰਮਤ ਨਹੀਂ ਹਾਰਨੀ ਬੱਚੇ ਜੱਲਦੀ ਠੀਕ ਹੋ ਜਾਣਗੇ,ਤੇ ਜੋ ਮੁਸੀਬਤ ਦਾ ਸੰਕਟ ਭਰਿਆ ਸਮਾਂ ਆਇਆ ਹੈ ਉਸਦਾ ਪੂਰੀ ਹਿੰਮਤ ਤੇ ਦਲੇਰੀ ਨਾਲ ਮੁਕਾਬਲਾ ਕਰਨਾ ਹੈ, ਆਉਣ ਵਾਲੇ ਵਧੀਆ ਸਮੇਂ ਦਾ ਸਾਨੂੰ ਇੰਤਜਾਰ ਕਰਨਾ ਚਾਹੀਦਾ ਹੈ"।



ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਮਾਤਾ ਰਾਮਾਬਾਈ ਜੀ ਦੇ ਪ੍ਰੀਨਿਰਵਾਣ ਦਿਵਸ 'ਤੇ ਨਤਮਸਤਕ ਹੁੰਦਾ ਹੈ

ਜਦੋਂ 1923 ਵਿੱਚ ਭੀਮ ਰਾਉ ਜੀ ਨੂੰ ਦੀ ਡਿਗਰੀ ਚ ਪਾਸ ਹੋਣ ਦਾ ਪੱਤਰ ਪ੍ਰਾਪਤ ਹੋਇਆ, ਤਾਂ ਉਸ ਵਖਤ ਘਰ ਵਿੱਚ ਹੀ ਮੌਜੂਦ ਸਨ। ਇਸ ਕਰਕੇ ਡਿਗਰੀ ਲੈਣ ਵਾਸਤੇ ਵਿਦੇਸ਼ ਜਾਣਾ ਪੈਣਾ ਸੀ। ਮਾਤਾ ਰਾਮਾਂ ਬਾਈ ਹੁਣ ਅਕਸਰ ਬਿਮਾਰ ਰਹਿਣ ਲੱਗ ਪਈ ਸੀ। ਉਹਨਾ ਮੰਜੇ ਤੇ ਆਰਾਮ ਕਰਦਿਆਂ ਇਹ ਖਬਰ ਸੁਣ ਕੇ ਭੀਮ ਰਾਉ ਜੀ ਦਾ ਹੱਥ ਫੜ੍ਹ ਲਿਆ ਤੇ ਕਹਿੰਦੇ ਸਾਹਬ ਹੁਣ ਮੈਂ ਵੀ ਠੀਕ ਨਹੀਂ ਰਹਿੰਦੀ ਕੀ ਤੁਸੀ ਇਸ ਤੋਂ ਬਾਅਦ ਹੋਰ ਡਿਗਰੀਆਂ ਲੈਣ ਲਈ ਵਿਦੇਸ਼ ਤਾਂ ਨਹੀਂ ਜਾਓਗੇ। ਅਨੇਕਾਂ ਦੁੱਖਾਂ ਮੁਸੀਬਤਾਂ ਦਾ ਸਾਹਮਣਾਂ ਪੂਰੇ ਹੌਂਸਲੇ ਨਾਲ ਕਰਨ ਵਾਲੀ ਅਰਧਾਂਗਨੀ ਅੱਜ ਨਿਢਾਲ ਅੱਖਾਂ ਨਾਲ ਆਪਣੇ ਰਹਿਬਰ ਨੂੰ ਵੇਖ ਰਹੀ ਸੀ ਤਾਂ ਭੀਮ ਰਾਉ ਜੀ ਦਾ ਮੰਨ ਭਰ ਆਇਆ ਤੇ ਹੰਝੂਆਂ ਨੂੰ ਅੱਖਾਂ ਚੋਂ ਵਹਿਣ ਤੋਂ ਨਾਂ ਰੋਕ ਸਕੇ। ਮਾਤਾ ਰਾਮਾਂ ਬਾਈ ਭੀਮ ਰਾਉ ਜੀ ਨੂੰ ਹੌਂਸਲਾ ਦੇਣ ਵਾਸਤੇ ਖੁੱਦ ਉੱਠ ਕੇ ਬੈਠੀ ਤੇ ਆਖਣ ਲੱਗੀ ਕੋਈ ਨੀਂ ਘਰਦਾ ਫਿਕਰ ਨਹੀਂ ਕਰਨਾ ਤੁਸੀਂ ਆਪਣਾ ਮਿਸ਼ਨ ਜਾਰੀ ਰੱਖੋਂ ਤਾਂ ਜੋ ਛੇਤੀ ਮੰਜਿਲ ਮਿਲ ਜਾਵੇ।

15 ਜੂਨ 1924 ਨੂੰ ਮਾਤਾ ਰਾਮਾਂ ਬਾਈ ਨੇ ਇੱਕ ਹੋਰ ਪੁੱਤਰ ਨੂੰ ਜਨਮ ਦਿੱਤਾ ਜਿਸ ਦਾ ਨਾਮ ਰਾਜਰਤਨ ਰੱਖਿਆ ਗਿਆ,ਇਸ ਪੁੱਤਰ ਤੋਂ ਪਹਿਲਾਂ ਬੇਟੀ ਇੰਦੂ ਦਾ ਜਨਮ ਹੋਇਆ ਸੀ। ਜੋ ਛੋਟੀ ਹੁੰਦਿਆਂ ਹੀ ਮਰ ਗਈ ਸੀ। ਜੁਲਾਈ 1926 ਨੂੰ ਪੁੱਤਰ ਰਾਜਰਤਨ ਨੂੰ ਡਬਲ ਨਿਮੋਨੀਆਂ ਹੋ ਗਿਆ,ਕੁੱਝ ਦਿਨਾਂ ਵਿੱਚ ਹੀ ਰਾਜਰਤਨ ਬਿਮਾਰੀ ਨੇ ਬੁਰੀ ਤਰ੍ਹਾਂ ਅੰਦਰੋ ਮਰੋੜ ਸੁੱਟਿਆ ਸੀ। ਹੁਣ ਸ਼ਰੀਰ ਸਾਥ ਨਹੀਂ ਸੀ ਦੇ ਰਿਹਾ ਤਾਂ 19 ਜੁਲਾਈ 1926 ਨੂੰ ਭੀਮ ਰਾਉ ਜੀ ਦੇ ਜਾਨੋਂ ਪਿਆਰੇ ਪੁੱਤਰ ਰਾਜਰਤਨ ਦੀ ਬਿਮਾਰੀ ਨੇ ਜਾਨ ਲੈ ਲਈ। ਦੀ ਡਿਗਰੀ ਲੈ ਕੇ ਭੀਮ ਰਾਉ ਜੀ ਵੀ ਘਰ ਵਿੱਚ ਹੀ ਮੌਜੂਦ ਸਨ ਤੇ ਪੁੱਤਰ ਰਾਜਰਤਨ ਦੀ ਮੌਤ ਸਮੇਂ ਘਰ ਵਿੱਚ ਹੀ ਸਨ। ਮਾਂ ਬਾਪ ਨੂੰ ਆਪਣੇ ਸਾਰੇ ਬੱਚੇ ਹੀ ਪਿਆਰੇ ਹੁੰਦੇ ਹਨ ਪਰ ਕਿਸੇ ਬੱਚੇ ਨਾਲ ਪਰਿਵਾਰ ਦੇ ਹਰ ਮੈਂਬਰ ਦਾ ਇੱਕ ਵੱਖਰਾ ਹੀ ਲਗਾਵ ਹੁੰਦਾ ਹੈ। ਭੀਮ ਰਾਉ ਜੀ ਦਾ ਪੁੱਤਰ ਰਾਜਰਤਨ ਨਾਲ ਕੁੱਝ ਇਸ ਤਰ੍ਹਾਂ ਹੀ ਡੂੰਘਾ ਲਗਾਵ ਜੁੜਿਆ ਸੀ ਜੋ ਰਾਜਰਤਨ ਨੂੰ ਦਫਨਾਉਣ ਵਾਸਤੇ ਸਮਸ਼ਾਨਘਾਟ ਤੱਕ ਜਾਣ ਦਾ ਹੌਂਸਲਾ ਨਾ ਬਣਾ ਸਕੇ। ਇੰਨਾਂ ਗਹਿਰਾ ਸਦਮਾਂ ਲੱਗਿਆ ਸੀ ਕਿ ਖਾਣ ਪੀਣ ਦੀ ਵੀ ਸ਼ੁੱਧ ਬੁੱਧ ਨਾਂ ਰ ਹੀ , ਸ ਾ ਰ ਾ ਪਰਿਵਾਰ ਅੰਦਰੋਂ ਬੁਰੀ ਤਰ੍ਹਾਂ ਟੁੱਟ ਚੁੱਕਿਆ ਸੀ। ਇਸ ਦੁੱਖ ਨੂੰ ਬਿਆਨਦਿਆਂ ਭੀਮ ਰਾਉ ਜੀ ਨੇ ਆਪਣੇ ਦਿੱਲ ਦੇ ਦਰਦ ਨੂੰ ਅੱਖਰਾਂ ਚ ਸਮਾ ਕੇਂ ਕਾਗਜ ਦੀ ਹਿੱਕ ਤੇ ਉਤਾਰ ਦਿੱਤਾ। "ਇਹ ਬਹਾਨਾ ਕਰਨ ਦਾ ਕੋਈ ਲਾਭ ਨਹੀਂ ਕਿ ਮੈਂ ਤੇ ਮੇਰੀ ਪਤਨੀ ਆਪਣੇ ਲਾਡਲੇ ਪੁੱਤਰ ਰਾਜਰਤਨ ਦੀ ਮੌਤ ਦੇ ਸੱਦਮੇਂ ਵਿੱਚੋਂ ਉੱਭਰ ਚੁੱਕੇ ਹਾਂ। ਮੇਰਾ ਖਿਆਲ ਨਹੀਂ ਕਿ ਅਸੀਂ ਕਦੀ ਇਸ ਅਸਹਿ ਸੱਦਮੇਂ ਨੂੰ ਭੁਲਾ ਸਕਾਗੇਂ। ਹੁਣ ਤੱਕ ਅਸੀਂ ਪੰਜਾਂ ਵਿੱਚੋਂ ਆਪਣੀ ਜਿੰਦਗੀ ਦੇ ਚਾਰ ਅਨਮੋਲ ਰਤਨ ਦਫਨ ਕਰ ਚੁੱਕੇ ਹਾਂ,ਸਾਡਾ ਕੀ ਹਾਲ ਹੈ ਇਹ ਸੋਚ ਕੇ ਹੀ ਮੰਨ ਦਹਿਸ਼ਤ ਨਾਲ ਭਰ ਜਾਂਦਾ ਹੈ। ਸਾਡੀ ਚੰਗੀ ਭਲੀ ਜਿੰਦਗੀ ਵਿੱਚ ਦੁੱਖਾਂ ਦੇ ਪਹਾੜ ਪਏ ਹਨ। ਹੁਣ ਸਾਨੂੰ ਆਪਣੀ ਸਾਰੀ ਜਿੰਦਗੀ ਬੇ ਸੁਆਦੀ ਲੱਗਣ ਲੱਗ ਪਈ ਹੈ। ਮੈਂ ਆਪਣੀ ਖਾਲੀ ਹੋਈ ਇਸ ਜਿੰਦਗੀ ਵਿੱਚ ਸਾਰਾ ਕੁੱਝ ਰੁੱਖਾ-ਰੁੱਖਾ ਜਿਹਾ ਮਹਿਸੂਸ ਕਰ ਰਿਹਾ ਹਾਂ, ਤੇ ਹੁਣ ਇੰਝ ਲੱਗਦਾ ਹੈ ਕਿ ਜਿਵੇਂ ਉਹ ਬਾਕੀ ਬੱਚਦੇ ਸੁੱਖ ਵੀ ਨਾਲ ਲੈ ਗਿਆ ਹੈ।

ਉਹ ਮੇਰੀ ਜਾਨ ਦਾ ਟੁੱਕੜਾ ਬਹੁਤ ਹੀ ਪਿਆਰਾ ਬੱਚਾ ਸੀ। ਹੁਣ ਸਾਨੂੰ ਆਪਣੀ ਜਿੰਦਗੀ ਇੰਝ ਲੱਗਦੀ ਹੈ ਜਿਵੇਂ ਫੁੱਲਾਂ ਦਾ ਬਾਗ ਉੱਜੜ ਕੇ ਕੰਡਿਆਂ ਵਾਲੀਆਂ ਝਾੜੀਆਂ ਉੱਗ ਆਈਂਆ ਹੋਣ।

ਭੁੱਖੇ ਰਹਿ ਕੇ ਆਰਥਿਕ ਤੰਗੀਆਂ ਝੱਲ ਕੇ ਦੁਨਿਆਂ ਭਰ ਦੇ ਮਹਾਨ ਵਿਦਵਾਨਾਂ ਦੀ ਲਾਇਨ ਵਿੱਚ ਆਉਣ ਪਿੱਛੇ ਸਾਰੀ ਮਿਹਨਤ ਮਾਤਾ ਰਾਮਾਂ ਬਾਈ ਦੀ ਹੀ ਸੀ। ਜਿਸ ਕਰਕੇ ਭੀਮ ਰਾਉ ਜੀ ਦੁਨੀਆਂ ਵਿੱਚੋ ਉੱਚਕੋਟੀ ਦੇ ਛੇਵੇਂ ਵਿਦਵਾਨ ਪੁਰਸ਼ ਮੰਨੇ ਗਏ ਤੇ ਕੋਲੰਬੀਆਂ ਯੂਨੀਵਰਸਿਟੀ ਅਮਰੀਕਾ ਵਲੋਂ "ਸਿੰਬਲ ਆਫ ਨੋਲੇਜ" ਨਾਲ ਸਨਮਾਨੇ ਗਏ। ਇੱਕ ਵਾਰ ਮਾਤਾ ਰਾਮਾਂ ਬਾਈ ਨੇ ਪੰਡਰਪੁਰ ਦੇ ਮੰਦਿਰ ਜਾਣ ਦੀ ਗੱਲ ਕੀਤੀ ਤਾਂ ਭੀਮ ਰਾਉ ਜੀ ਨੇ ਬਹੁਤ ਹੀ ਸਰਲਤਾਂ ਨਾਲ ਕਿਹਾ ਕਿ "ਮੰਦਿਰ ਵਿੱਚ ਬਿਠਾਇਆ ਗਿਆ ਦੇਵਤਾ ਖੁੱਦ ਕਿਸੇ ਕੈਦ ਵਿੱਚ ਹੈ ਜੋ ਕਿਸੇ ਨੂੰ ਵਿਖਾਈ ਨਹੀਂ ਦਿੰਦਾ, ਤੇ ਜੋ ਖੁੱਦ ਆਪਣੀਆਂ ਬਾਹਰ ਨਿੱਕਲਣ ਦੀਆਂ ਰੱਸੀਆਂ ਨਹੀਂ ਕੱਟ ਸਕਦਾ ਉਹ ਸਾਡਾ ਕੀ ਭਲਾ ਕਰ ਸਕਦਾ ਹੈ। ਦੂਸਰੀ ਗੱਲ ਮੰਦਿਰ ਛੂਆ-ਛਾਤ ਦੇ ਅੱਡੇ ਹਨ ਜਿੱਥੇ ਸਿਰਫ ਨਫਰਤ ਦੇ ਬੀਜ ਪੁੰਗਰਦੇ ਹਨ। ਸਾਡੇ ਲੋਕਾਂ ਤੇ ਮੰਦਿਰ ਜਾਣ ਤੇ ਪੁਜਾਰੀਆਂ ਬੰਦਿਸ਼ਾ ਲਗਾ ਰੱਖੀਆਂ ਹਨ"। ਭੀਮ ਰਾਉ ਦੀ ਕਾਬਲੀਅਤ ਕਰਕੇ ਯਸ ਚਾਰੇ ਪਾਸੇ ਫੈਲ ਰਿਹਾ ਸੀ ਤੇ ਪਿੱਛੇ ਬਣ ਰਿਹਾ ਕਾਫਲਾ ਹਲ ਆਏ ਦਿਨ ਵੱਡਾ ਹੁੰਦਾ ਜਾ ਰਿਹਾ ਸੀ। ਭੀਮ ਰਾਉ ਦੀ ਨਿੱਤ ਦਿਨ ਹੋ ਰਹੀ ਮਸ਼ਹੂਰੀ ਤੇ ਸਮਾਜ ਵਿੱਚ ਵੱਧ ਰਿਹਾ ਇੱਜ਼ਤ ਮਾਣ ਵੀ ਮਾਤਾ ਰਾਮਾਂ ਬਾਈ ਨੂੰ ਸਿਹਤ ਪੱਖੋ ਤੰਦਰੁਸਤ ਨਾਂ ਕਰ ਸਕਿਆ। ਉਲਟਾ ਭੀਮ ਰਾਉ ਜੀ ਦੀ ਸਿਹਥ ਤੇ ਸੁਰੱਖਿਆ ਨੂੰ ਲੈ ਕੇ ਸਦਾ ਚਿੰਤਾਂ ਵਿੱਚ ਡੁੱਬੀ ਰਹਿੰਦੀ ਸੀ,ਕਿਉਂ ਜੋ ਹੁਣ ਵੱਧਦੇ ਇੱਜ਼ਤਮਾਣ ਨਾਲ ਦੁਸ਼ਮਣ ਵੀ ਵੱਧ ਰਹੇ ਸਨ ਤੇ ਨਿੱਤ ਦਿਨ ਰਾਹ ਦਾ ਰੋੜਾ ਬਣਦੇ ਜਾ ਰਹੇ ਭੀਮ ਰਾਉ ਨੂੰ ਖਤਮ ਕਰਨ ਦੀਆਂ ਸਕੀਮਾਂ ਘੜਦੇ ਰਹਿੰਦੇ ਸਨ। ਆਪਣੇ ਤੋਂ ਜਿਆਦਾ ਫਿਕਰ ਦੁਨੀਆਂ ਦੇ ਬੇਤਾਜ ਬਾਦਸ਼ਾਹ ਭੀਮ ਰਾਉ ਦੀ ਕਰਦੀ ਸੀ ਮਾਤਾ ਰਾਮਾਂ ਬਾਈ।


ਸਮਾਜ ਵਿੱਚ ਵੱਡੇ ਪੱਧਰ ਤੇ ਫੈਲੇ ਭ੍ਰਿਸਟਾਚਾਰ, ਛੂਆ-ਛਾਤ ਤੇ ਵੈਰ ਵਿਰੋਧ ਦੀ ਭਾਵਨਾ ਮਿਟਾਉਣ ਲਈ ਸਦਾ ਕੋਸ਼ਿਸ਼ਾਂ ਵਿੱਚ ਰਹਿੰਦੇ ਸਨ ਭੀਮ ਰਾਉ ਜੀ। ਮਾਤਾ ਰਾਮਾਂ ਬਾਈ ਦੀ ਦਿਨੋਂ ਦਿਨ ਵਿਗੜ ਰਹੀ ਸਿਹਤ ਨੂੰ ਲੈ ਕੇ ਭੀਮ ਰਾਉ ਵੀ ਚਿੰਤਤ ਰਹਿਣ ਲੱਗ ਪਏ ਤੇ ਮਾਤਾ ਰਾਮਾਂ ਬਾਈ ਨੂੰ ਪੌਣ ਪਾਣੀ ਬਦਲਣ ਲਈ ਧਾਰਵਾੜ ਲੈ ਗਏ, ਕਿਉਂਕਿ ਮਾਤਾ ਰਾਮਾਂ ਬਾਈ ਹੁਣ ਮੰਜੇ ਤੇ ਹੀ ਲੇਟੇ ਰਹਿੰਦੇ ਸਨ। ਆਪਣੇ ਪਿੰਡੇ ਤੇ ਬੇ-ਸ਼ੁਮਾਰ ਦੁੱਖ ਮੁਸੀਬਤਾ ਝੱਲ ਕੇ ਵੀ ਕਦੇ ਉੱਫ ਤੱਕ ਨਾਂ ਕਰਨ ਵਾਲੀ ਦੇਵੀ ਆਪਣੇ ਜਿਊਂਦੇ ਜੀਅ ਆਪਣੇ ਪਤੀ ਨੂੰ ਇਤਿਹਾਸ ਦਾ ਸੁਨਹਿਰੀ ਨਾਂ ਮਿਟਣ ਵਾਲਾ ਅੱਖਰ ਬਣਾ ਕੇ 27 ਮਈ 1935 ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਉ ਜੀ ਨੂੰ ਰਹਿਬਰ ਬਣਾ ਕੇ ਉਸਦੇ ਵਾਰਸਾ ਹਵਾਲੇ ਕਰਦੇ ਸਦਾ ਲਈ ਚੁੱਪ ਹੋ ਗਈ। ਪਹਿਲਾਂ ਚਾਰ ਬੱਚਿਆਂ ਦੀ ਮੌਤ ਦਾ ਦੁੱਖ ਉੱਪਰੋਂ ਕਦੇ ਵੀ ਮੁਸੀਬਤਾਂ ਵੇਲੇ ਉੱਫ ਨਾਂ ਕਰਨ ਵਾਲੀ ਦੇਵੀ ਦਾ ਇਸ ਤਰ੍ਹਾ ਚਲੇ ਜਾਣਾ ਬਾਬਾ ਸਾਹਿਬ ਨੂੰ ਅੰਦਰ ਤੱਕ ਤੋੜ ਗਿਆ। ਮਾਤਾ ਰਾਮਾਂ ਬਾਈ ਦੇ ਅੰਤਿਮ ਸੰਸਕਾਰ ਤੇ 10,000 ਤੋਂ ਵੀ ਵੱਧ ਲੋਕ ਉਸ ਧੁਰ ਅੰਦਰੋਂ ਟੁੱਟ ਕੇ ਉੱਖੜ ਚੁੱਕੇ



ਸਤਨਾਮ ਸਿੰਘ ਸਹੂੰਗੜ੍ਹਾ
91-94170-71532

# ਕਲਮੀ ਰਮਜ਼ਾਂ-3 (ਸਾਂਝੀਆਂ ਲਿਖਤਾਂ) ਕਿਤਾਬ ਵਿਚੋਂ ਲੜੀਵਾਰ

## ਮੁਖ ਬੰਦ - ਤੁਹਾਡੀ ਮਾਂ-ਬੋਲੀ






ਲਿਪੀ-ਬੱਧ ਕਰਤਾ : ਜੇ.ਬੀ. ਸਿੰਘ
ਪ੍ਰਧਾਨ,ਪੰਜਾਬੀ ਲਿਖਾਰੀ ਸਭਾ,
ਸਿਆਟਲ (ਰਜਿ.)
+1 253 508 9805

**'ਕਲਮੀ ਰਮਜ਼ਾਂ-3'** ਕਿਤਾਬ ਤੁਹਾਡੇ ਹੱਥ ਵਿੱਚ ਹੈ ਤੇ ਮੈਂ ਇਸ ਦਾ ਮਾਧਿਅਮ ਹਾਂ-ਮੈਂ, ਤੁਹਾਡੀ ਮਾਂ-ਬੋਲੀ ਪੰਜਾਬੀ। ਚਾਹੁੰਦੀ ਹਾਂ ਕਿ ਕਿਤਾਬ ਪੜ੍ਹਨ ਤੋਂ ਪਹਿਲੇ, ਮੈਂ ਤੁਹਾਨੂੰ ਆਪਣੀ ਸੰਖੇਪ ਜਿਹੀ ਜਾਣ-ਪਹਿਚਾਣ ਕਰਾ ਦਿਆਂ। ਮੇਰਾ ਜਨਮ ਸਪਤਸਿੰਧੂ ਵਿਚ ਹੋਇਆ। ਸਪਤਸਿੰਧੂ, ਭਾਵ ਸੱਤ ਦਰਿਆਵਾਂ ਦੀ ਧਰਤੀ। ਇਹਨਾਂ ਦਰਿਆਵਾਂ ਦੇ ਨਾਮ ਹਨ-ਸਿੰਧੂ, ਜਿਹਲਮ, ਚਨਾਬ, ਰਾਵੀ, ਬਿਆਸ, ਸਤਲੁਜ ਤੇ ਸਰਸਵਤੀ।

ਸਤਲੁਜ ਤੋਂ ਉਰਲੇ ਪਾਸੇ, ਚੜ੍ਹਦੇ ਪੰਜਾਬ ਦੇ ਇਲਾਕੇ ਨੂੰ 'ਟੱਕ ਦੇਸ਼' ਕਿਹਾ ਜਾਂਦਾ ਸੀ। ਤੁਸੀਂ ਟੈਕਸਿਲਾ ਯੂਨੀਵਰਸਿਟੀ ਬਾਰੇ ਸੁਣਿਆ ਹੋਵੇਗਾ। ਇਹ ਸੰਸਾਰ ਦੀ ਸਭ ਤੋਂ ਪਹਿਲੀ ਇੰਟਰਨੈਸ਼ਨਲ ਯੂਨੀਵਰਸਿਟੀ (800-550) ਸੀ। ਪਾਨਣੀ (ਸੰਸਕ੍ਰਿਤ ਵਿਆਕਰਣ ਦਾ ਮੋਢੀ), ਚਾਣਕਯ (ਪ੍ਰਸਿੱਧ ਨੀਤੀਵਾਨ ਤੇ ਅਰਥ ਸ਼ਾਸਤਰੀ), ਚਰਕ (ਆਯੁਰਵੇਦ ਦਾ ਮੋਢੀ) ਇਸੇ ਯੂਨੀਵਰਸਟੀ ਦੀ ਦੇਣ ਹਨ। ਇਹ ਯੂਨੀਵਰਸਿਟੀ ਟੱਕ ਦੇਸ਼ ਵਿਚ ਹੀ ਸੀ। ਇਸ ਦੇਸ਼ ਦੀ ਪ੍ਰਾਕ੍ਰਿਤ (ਲੋਕਾਂ ਦੀ ਆਮ ਬੋਲੀ ਜਾਣ ਵਾਲੀ, ਕੁਦਰਤੀ) ਭਾਸ਼ਾ ਨੂੰ ਵੀ ਟੱਕ ਕਹਿੰਦੇ ਸਨ। ਜਿਹਲਮ-ਚਨਾਬ ਤੇ ਰਾਵੀ ਦੇ ਵਿਚਕਾਰਲੇ ਇਲਾਕੇ ਨੂੰ ਕੈਕੇਯ ਪ੍ਰਦੇਸ਼ ਆਖਿਆ ਜਾਂਦਾ ਸੀ। ਉਥੋਂ ਦੀਆਂ ਕਈ ਰਾਜਕੁਮਾਰੀਆਂ ਦਾ ਨਾਮ ਕੈਕੇਈ ਸੀ।

ਰਾਮਾਇਣ ਦੀ ਕੈਕੇਈ ਤਾਂ ਤੁਹਾਨੂੰ ਯਾਦ ਹੋਵੇਗੀ। ਮਹਾਂਭਾਰਤ ਦੇ ਯੁੱਧ ਵਿਚ, ਕੈਕੇਯ ਪ੍ਰਦੇਸ਼ ਦੇ ਰਾਜਕੁਮਾਰਾਂ ਨੇ ਪਾਂਡਵਾਂ ਦਾ ਪੱਖ ਲਿਆ ਸੀ। ਇਸ ਇਲਾਕੇ ਦੀ ਪ੍ਰਾਕ੍ਰਿਤ ਭਾਸ਼ਾ ਨੂੰ ਵੀ ਕੈਕੇਈ ਆਖਦੇ ਸਨ। ਰਾਵੀ ਬਿਆਸ ਤੇ ਸਤਲੁਜ ਵਿਚਲੇ ਇਲਾਕੇ ਦਾ ਨਾਮ ਮਦਰ ਦੇਸ ਸੀ (ਮੱਦ੍ਰ ਦੇਸ ਹਮ ਕੋ ਲੇ ਆਏ-'ਬਚਿਤ੍ਰ ਨਾਟਕ') ਇਸ ਜਗ੍ਹਾ ਦੀ ਭਾਸ਼ਾ ਮਦਰ ਸੀ। ਦਰੁੱਪਦ ਦੇ ਰਾਜ ਸਮੇਂ, ਪੁਰਾਤਨ ਪੰਜਾਬ ਦਾ ਨਾਮ ਪੰਚਾਲ ਸੀ। ਰਾਜ ਕੁਮਾਰੀ ਦ੍ਰੋਪਦੀ ਨੂੰ ਇਸੇ ਕਰਕੇ ਪੰਚਾਲੀ ਕਿਹਾ ਜਾਂਦਾ ਸੀ। ਆਰੀਆਂ ਦੇ ਆਣ ਵੇਲੇ ਇਸ ਧਰਤੀ ਦਾ ਨਾਮ ਸਪਤਸਿੰਧੂ ਸੀ-ਇਸੇ ਕਰਕੇ ਲੋਕ ਮੈਨੂੰ ਸਪਤਸਿੰਧਵੀ ਕਹਿੰਦੇ ਸਨ। ਆਰੀਆਂ ਲੋਕਾਂ ਨੇ ਸਪਤਸਿੰਧੂ ਵਿਚ ਆ ਕੇ ਇਕ ਨਵੀਂ ਸੱਭਿਅਤਾ ਦੀ ਨੀਂਹ ਰੱਖੀ। ਆਰੀਆਂ ਦੀ ਭਾਸ਼ਾ ਨੂੰ ਵੈਦਿਕ ਭਾਸ਼ਾ ਕਿਹਾ ਜਾਂਦਾ ਸੀ।

ਰਿਗਵੇਦ ਇਸੇ ਭਾਸ਼ਾ ਵਿਚ ਲਿਖਿਆ ਹੋਇਆ ਹੈ। ਮੁੱਢਲੇ ਪੰਜਾਬ ਦੇ ਵੱਖ ਵੱਖ ਆਰੀਆਂ ਲੋਕਾਂ ਦੇ ਮੁੱਢਲੇ ਕਬੀਲੇ ਜੋ ਪੰਜਾਬ ਵਿਚ ਰਹਿੰਦੇ ਸਨ, ਉਹਨਾਂ ਦੇ ਨਾਮ ਕੈਕੇਯ, ਵ੍ਰਿਚੀਵੰਤ, ਅਨੂ, ਯਦੂ, ਤੁਰਵਸ਼ ਤੇ ਦਰਹਸ਼ੂ ਸ਼ਾਮਲ ਸਨ। ਖ਼ੈਰ, ਸਮਾਂ ਪਾ ਕੇ ਸਰਸਵਤੀ ਅਲੋਪ ਹੋ ਗਈ ਤੇ ਸਿੰਧ ਕਾਬਲ ਨਾਲ ਜੁੜ ਗਿਆ। ਬਾਕੀ ਪੰਜ ਦਰਿਆਵਾਂ ਵਾਲੀ ਧਰਤੀ ਨੂੰ 'ਪੰਜ-ਨਦ' ਆਖਣ ਲੱਗੇ। ਸੰਸਕ੍ਰਿਤ ਵਿਚ 'ਨਦ' ਦਾ ਅਰਥ ਹੈ-ਪਾਣੀ ਦਾ ਵਹਿਣ। ਯੂਨਾਨੀਆਂ ਨੇ ਇਸ ਦਾ ਨਾਮ 'ਪੈਂਟਾਪੋਟਾਮੀਆ' ਰੱਖ ਦਿੱਤਾ। ਪੈਂਟਾ ਦਾ ਅਰਥ ਪੰਜ ਤੇ ਪੋਟਾਮੀਆ ਦਾ ਮਤਲਬ ਹੈ ਦਰਿਆ। ਫ਼ਾਰਸੀ ਵਿਚ ਪਾਣੀ ਨੂੰ 'ਆਬ' ਕਿਹਾ ਜਾਂਦਾ ਹੈ। ਸੋ ਬਾਦਸ਼ਾਹ ਅਕਬਰ ਨੇ ਇਸ ਧਰਤੀ ਦਾ ਨਾਮ 'ਪੰਜਾਬ' ਰੱਖ ਦਿਤਾ।

ਆਰੀਆਂ ਦੀ ਸਾਹਿਤਕ ਭਾਸ਼ਾ ਨੂੰ ਵੈਦਿਕ ਭਾਸ਼ਾ ਕਿਹਾ ਜਾਂਦਾ ਸੀ। ਜਿਵੇਂ ਜਿਵੇਂ ਉਹ ਖਿਲਰਦੇ ਗਏ, ਉਹਨਾਂ ਦੀਆਂ ਕੁਦਰਤੀ (ਪ੍ਰਾਕ੍ਰਿਤ) ਭਾਸ਼ਾਵਾਂ ਵੀ ਵੱਧਦੀਆਂ ਗਈਆਂ। ਮੱਧਕਾਲੀ ਪੰਜਾਬ ਦੇਸ਼ ਦੀਆਂ ਉਪਰੋਕਤ ਤਿੰਨ ਪ੍ਰਮੁੱਖ ਪ੍ਰਾਕ੍ਰਿਤ ਭਾਸ਼ਾਵਾਂ ਕੈਕੇਈ, ਮਦਰ ਤੇ ਟੱਕ ਦੇ ਮਿਲਾਪ ਤੋ ਜਿਹੜੀ ਭਾਸ਼ਾ ਦਾ ਬੀਜ ਪੁੰਗਰਿਆ, ਉਹ ਮੈਂ ਹੀ ਸੀ। ਇਸੇ ਕਰਕੇ ਵੈਦਿਕ ਭਾਸ਼ਾ ਦੇ ਅਨੇਕਾਂ ਸ਼ਬਦ ਜਿਵੇਂ 'ਬਾਰ' (ਦਰਵਾਜ਼ਾ), 'ਭੂਮ' (ਜ਼ਮੀਨ), 'ਗ੍ਰਭੂ' (ਗਭਰੂ), 'ਜਾਨਿ' (ਪਿਆਰਾ), 'ਪ੍ਰੌਣਾ' (ਪ੍ਰਾਹੁਣਾ) ਤੇ 'ਕੱਪਨਾ' (ਕੰਬਨਾ), ਮੈਂ ਅਜੇ ਭੁੱਲੀ ਨਹੀਂ। ਇਸ ਧਰਤੀ 'ਤੇ ਆਰੀਆਂ ਆਏ, ਫਿਰ ਇਰਾਨੀ, ਯੂਨਾਨੀ, ਸ਼ੱਕ, ਕੁਸ਼ਾਣ, ਹੂਣ, ਤੁਰਕ, ਪਠਾਨ, ਮੁਗ਼ਲ, ਅਫ਼ਗਾਨ ਤੇ ਅੰਤ ਅੰਗਰੇਜ਼ ਵੀ ਆਏ। ਉਹਨਾਂ ਸਭ ਦੀਆਂ ਆਪਣੀਆਂ ਭਾਸ਼ਾਵਾਂ ਨਾਲ ਮੇਰਾ ਮੇਲ-ਜੋਲ ਹੋਇਆ-ਸਭ ਨੂੰ ਮੈਂ ਕੁੱਝ ਦਿੱਤਾ, ਕੁਝ ਲਿਆ। ਮੇਰਾ ਸਰਮਾਇਆ ਵਧਿਆ।

ਇਲਾਕਿਆਂ ਜਾਂ ਕਬੀਲਿਆਂ ਦੇ ਨਾਮ ਨਾਲ ਮੇਰਾ ਨਾਮ ਬਦਲਦਾ ਰਿਹਾ। ਮਾਦਰੀ, ਟੱਕੀ, ਢਾਕੀ, ਟਾਕੀ, ਕੈਕਈ, ਪੈਸ਼ਾਚੀ ਮੇਰੇ ਪੁਰਾਣੇ ਨਾਮ ਹਨ। ਅੱਠਵੀਂ- ਨੌਵੀਂ ਸਦੀ ਵਿਚ ਮੁਸਲਮਾਨਾਂ ਨੇ ਮੈਨੂੰ ਹਿੰਦਵੀ, ਹਿੰਦੋਈ, ਹਿੰਦਕੀ, ਹਿਦਕੋ, ਹਿੰਦੀ ਆਦਿ ਨਾਵਾਂ ਨਾਲ ਪੁਕਾਰਿਆ। ਪਰ ਮੇਰੀ ਨਿਵੇਕਲੀ ਤੇ ਨਿਖਰਵੀਂ ਪਹਿਚਾਣ ਨਾਥਾਂ ਜੋਗੀਆਂ ਦੇ ਸਾਹਿਤ ਤੋਂ ਸ਼ੁਰੂ ਹੋਈ। ਇਹ 9ਵੀਂ ਜਾਂ 10ਵੀਂ ਸਦੀ ਸੀ ਜਦ ਸਰੀਰ 'ਤੇ ਸੁਆਹ ਮ.ਲ, ਕੰਨਾਂ ਵਿਚ ਮੁੰਦ੍ਰਾਂ ਪਾਈ, ਸਿੰਗੀ ਨਾਦ ਵਜਾਉਂਦੇ ਗੋਰਖ ਨਾਥ, ਮਛੰਦਰ ਨਾਥ ਜਿਹੇ ਜੋਗੀਆਂ ਨੇ ਕਲਮ ਫੜੀ। ਉਸ ਤੋਂ ਬਾਅਦ ਮੇਰੀ ਝੋਲੀ ਲੋਕ ਗੀਤਾਂ, ਅਖਾਣਾਂ, ਬੁਝਾਰਤਾਂ, ਕਿੱਸਾ ਕਾਵਿ, ਸੂਫ਼ੀ ਕਾਵਿ, ਵੀਰ-ਕਾਵਿ, ਭਗਤੀ ਕਾਵਿ, ਇਖ਼ਲਾਕੀ ਕਾਵਿ, ਰੁਮਾਂਟਿਕ ਕਾਵਿ ਆਦਿ ਨਾਲ ਭਰਦੀ ਗਈ। ਫਿਰ ਬਾਲ ਗੁਰੂ ਨਾਨਕ ਨੇ ਪਾਠਸ਼ਾਲਾ ਜਾਂਦਿਆਂ ਸਾਰ 'ਪੱਟੀ' ਲਿਖ ਕੇ ਮੇਰੀ ਬਾਂਹ ਪਕੜੀ ਤੇ ਮੈ ਅਮਰ ਹੋ ਗਈ। ਮੈਨੂੰ ਗੁਰਮਤਿ ਕਾਵਿ ਧਾਰਾ ਦਾ ਮਾਧਿਅਮ ਬਣਾ ਕੇ ਗੁਰਮੁਖੀ ਕਿਹਾ। ਵਿਸ਼ਵ ਧਰਮ ਦੇ 'ਆਦਿ ਗ੍ਰੰਥ' (ਗੁਰੂ ਗ੍ਰੰਥ ਸਾਹਿਬ ਜੀ) ਦੇ ਮਾਧਿਅਮ ਹੋਣ ਦਾ ਮੈਨੂੰ ਸਭ ਤੋਂ ਜ਼ਿਆਦਾ ਫ਼ਖ਼ਰ ਹੈ।

ਇਸ ਇਕ ਗ੍ਰੰਥ ਵਿਚ ਹੀ 55 ਕਾਵਿ-ਰੂਪ ਵਰਤੇ ਗਏ ਹਨ। ਮੈਨੂੰ ਫ਼ਖ਼ਰ ਹੈ ਕਿ ਅੱਜ ਮੈਂ ਸ਼੍ਰਵ-ਕਾਵਿ (ਕਵਿਤਾ, ਗਲਪ, ਵਾਰਤਕ- ਨਿਬੰਧ, ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ ਆਦਿ) ਅਤੇ ਦ੍ਰਿਸ਼ ਕਾਵਿ (ਨਾਟਕ, ਇਕਾਂਗੀ) ਦੋਨਾਂ ਨੂੰ ਲਿਪੀਬੱਧ ਕਰਨ ਦਾ ਮਾਣ ਪ੍ਰਾਪਤ ਕਰ ਰਹੀ ਹਾਂ। ਅਨੇਕਾਂ ਵਿਸ਼ਿਆਂ 'ਤੇ ਪੀ.ਐਚ.ਡੀ ਦਾ ਮਾਧਿਅਮ ਵੀ ਬਣ ਚੁੱਕੀ ਹਾਂ। ਸਾਹਿਤਕਾਰ ਆਪਣੀਆਂ ਲਿਖਤਾਂ ਰਾਹੀਂ ਅਤੇ ਸਭਾ ਸੁਸਾ-ਇਟੀਆਂ ਸਾਹਿਤਕ ਸੰਮੇਲਨਾਂ, ਵੀਚਾਰ ਗੋਸ਼ਟੀਆਂ ਤੇ ਸੈਮੀਨਾਰਾਂ ਰਾਹੀਂ, ਮੇਰੀ ਖ਼ੁਸ਼ਬੋ ਦੁਨੀਆਂ ਦੇ ਹਰ ਕੋਨੇ ਵਿਚ ਫੈਲਾ ਰਹੇ ਹਨ। ਪੰਜਾਬੀ ਕਿਰਸਾਨ ਜਿੱਥੇ ਵੀ ਜਾਂਦੇ ਹਨ, ਮੈਨੂੰ ਨਾਲ ਲੈ ਕੇ ਜਾਂਦੇ ਹਨ।

ਬਾਲ ਸਾਹਿਤ ਛਾਪਿਆ ਜਾ ਰਿਹਾ ਹੈ। ਪੰਜਾਬੀ ਸਾਹਿਤ ਅਕੈਡਮੀਆਂ ਮੇਰੀ ਸੇਵਾ ਵਿਚ ਜੁਟੀਆਂ ਹੋਈਆਂ ਹਨ। ਵਿਦੇਸ਼ਾਂ 'ਚ ਗੁਰਦੁਆਰਿਆਂ ਵਿਚ ਤੇ ਗੁਰਦੁਆਰਿਆਂ ਤੋਂ ਬਾਹਰ ਵੀ ਪੰਜਾਬੀ ਲਈ ਅਲੱਗ ਅਲੱਗ ਸਕੂਲ ਖੁੱਲ੍ਹੇ ਹਨ। ਚਿੰਤਕ ਫ਼ਿਕਰ ਕਰ ਰਹੇ ਹਨ, ਕਿਤੇ ਮੈ ਅਲੋਪ ਨਾ ਹੋ ਜਾਵਾਂ ਪਰ ਜਿਸ ਭਾਸ਼ਾ ਵਿਚ ਗੁਰੂਆਂ ਨੇ ਇਕ '੧ੴ' ਲਿਖ ਦਿੱਤਾ, ਉਸ ਦੀ ਹੋਂਦ ਵੀ '੧ੴ' ਤੱਕ ਹੀ ਜੀਵਤ ਰਹੇਗੀ। ਪਰ ਹਾਂ, ਜੇ ਤੁਸੀਂ ਮੈਨੂੰ ਸੰਸਾਰ ਦੀਆਂ ਮੁੱਢਲੀਆਂ ਭਾਸ਼ਾਵਾਂ ਵਿਚ ਲਿਆਉਣਾ ਚਾਹੁੰਦੇ ਹੋ, ਤਾਂ ਹਰ ਪੰਜਾਬੀ ਵੀਰ ਭੈਣ ਨੂੰ ਪਰੇਰੋ ਕਿ ਕਿਸੇ ਇਕ ਸਾਹਿਤਕ ਕਿਤਾਬ ਦੀ ਆਪਣੀ ਜ਼ੁਬਾਨ ਵਿਚ ਆਡੀਓ ਬਣਾ ਕੇ ਪੰਜਾਬੀ ਲਿਖਾਰੀ ਸਭਾ ਸਿਆਟਲ ਨੂੰ ਭੇਜ ਦੇਵੇ। ਜਿੱਥੇ ਮੇਰੇ ਇਹ ਬੱਚੇ, ਆਪਣੇ ਵਿੱਤ ਤੋਂ ਬਾਹਰ ਜਾ, ਆਪਣੀ ਜੇਬ ਤੋਂ ਪੈਸੇ ਖ਼ਰਚ ਕੇ ਸਾਹਿਤ ਛਪਵਾ ਕੇ ਤੁਹਾਡੇ ਤਾਈਂ ਪਹੁੰ-ਚਾਉਂਦੇ ਹਨ, ਉਥੇ ਤੁਹਾਡੀ ਆਵਾਜ਼ ਨੂੰ ਆਨ-ਲਾਈਨ ਲਿਆ ਕੇ ਅਨੇਕਾਂ ਲੋਕਾਂ ਦੇ ਕੰਨਾਂ ਵਿਚ ਪਾਉਣ ਦਾ ਉਪਰਾਲਾ ਵੀ ਕਰਨਗੇ। ਮੈਨੂੰ ਗਰਵ ਹੈ ਤੁਹਾਡੀਆਂ ਮਾਵਾਂ ਤੇ, ਜਿਹਨਾਂ ਤੁਹਾਡੇ ਕੰਨਾਂ ਨੂੰ ਸਭ ਤੋਂ ਪਹਿਲੇ ਮੇਰੇ ਨਾਲ ਜਾਣ ਪਹਿਚਾਣ ਕਰਾਈ। ਮੈਨੂੰ ਫ਼ਖ਼ਰ ਹੈ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਲੇਖਕਾਂ 'ਤੇ, ਜਿਹਨਾਂ ਆਪਣੀਆ ਭਾਵਨਾਵਾਂ ਨੂੰ ਤੁਹਾਡੇ ਤੱਕ ਪਹੁੰਚਾਉਣ ਲਈ, ਮੈਨੂੰ ਮਾਧਿਅਮ ਬਣਾਇਆ। ਮੈਨੂੰ ਮਾਣ ਹੈ ਆਪਣੇ ਸਫ਼ਰ 'ਤੇ, ਜੋ ਸਦੀਆਂ ਤੋਂ ਨਿਰੰਤਰ ਚੱਲਦਾ ਆ ਰਿਹਾ ਹੈ ਤੇ ਅੱਜ ਮੈ ਤੁਹਾਡੇ ਸੋਹਣੇ ਹੱਥਾਂ ਵਿਚ ਅਨੰਦ ਮਾਣ ਰਹੀ ਹਾਂ। ਮੈਨੂੰ ਮਾਣ ਹੈ ਪੰਜਾਬੀਆਂ ਦੀ ਮਹਿਮਾਨ ਨਿਵਾਜ਼ੀ ਦੀ ਅਨੋਖੀ ਕਲਾ 'ਤੇ। ਮੈਨੂੰ ਉਮੀਦ ਹੈ ਕਿ ਤੁਸੀਂ ਇਸ ਕਿਤਾਬ ਦੇ ਆਖ਼ਰੀ ਪੰਨੇ ਤੱਕ ਸਾਥ ਨਿਭਾ ਕੇ ਮੈਨੂੰ ਵੀ ਨਿ-ਵਾਜ਼ੋਗੇ। ਇਕ ਵਾਰ ਫਿਰ ਮੈਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਲੇਖਕਾਂ ਅਤੇ ਇਸ ਕਿਤਾਬ ਦੇ ਪਾਠਕਾਂ ਜਾਂ ਸਰੋਤਿਆਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੀ ਹਾਂ ਤੇ ਦੁਆ ਕਰਦੀ ਹਾਂ- 'ਜੁਗ ਜੁਗ ਜੀਊਣ ਤੁਹਾਡੇ ਰਸਮ-ਰਿਵਾਜ, ਤੁਹਾਡੇ ਪਹਿਰਾਵੇ, ਤੁਹਾਡੇ ਗਿੱਧੇ, ਭੰਗੜੇ, ਸੰਮੀ, ਝੂਮਰ, ਕਿੱਕਲੀਆਂ, ਮਾਹੀਆ, ਟੱਪੇ, ਢੋਲੇ, ਬੋਲੀਆਂ, ਹੇਅਰੇ, ਘੋੜੀਆਂ, ਛੰਦ-ਪਰਾਗੇ, ਥਾਲ, ਸੁਹਾਗ ਦੇ ਗੀਤ, ਸੋਹਿਲੇ, ਸਿੱਠਣੀਆਂ, ਲੋਰੀਆਂ ਤੇ ਹੋਰ ਸਭ-ਤੁਹਾਡੇ ਵੱਡੇ ਵਡੇਰਿਆਂ ਤੋਂ ਮਿਲਿਆ ਹੋਇਆ ਸਰਮਾਇਆ। ਖ਼ੁਸ਼ ਰਹੋ। ਆਬਾਦ ਰਹੋ।

**ਤੁਹਾਡੀ ਮਾਂ-ਬੋਲੀ,**
**ਪੰਜਾਬੀ**

# ਰਿਆਸਤੀ ਸ਼ਹਿਰ ਨਾਭਾ ਦੇ ਮਹਾਰਾਜਿਆਂ ਦੀ ਵਿਰਾਸਤ ਸੰਭਾਲੀ ਜਾਵੇ





ਮੇਜਰ ਸਿੰਘ ਨਾਭਾ
91-94635-53962

ਨਾਭਾ ਰਿਆਸਤ ਦੀ ਗੱਲ ਕੀਤੀ ਜਾਵੇ ਤਾਂ ਇਸ ਦਾ ਨਾਂ ਇਤਿਹਾਸ ਦੇ ਪੰਨਿਆਂ ਤੇ ਕਈ ਵੱਡੀਆਂ ਰਿਆਸਤਾਂ 'ਚ ਆਉਂਦਾ ਹੈ। ਤਿੰਨ ਫੂਲਕੀਆਂ ਰਿਆਸਤਾਂ ਵਿੱਚੋਂ ਨਾਭਾ ਰਿਆਸਤ ਪਟਿਆਲਾ ਤੋਂ ਛੋਟੀ ਅਤੇ ਜੀਂਦ ਤੋਂ ਵੱਡੀ ਸੀ । ਨਾਭੇ ਅੰਦਰ ਇਤਿਹਾਸਕ ਇਮਾਰਤਾਂ ਹੋਣ ਕਰਕੇ ਇਥੇ ਜਿਲ੍ਹਾ ਪੱਧਰ ਦੇ ਦਫਤਰ ਅਤੇ ਸੰਸਥਾਵਾਂ ਮੌਜੂਦ ਰਹੀਆ ਹਨ,ਜਿਨ੍ਹਾਂ 'ਚ ਜਿਲ੍ਹਾ ਮੰਡਲ ਸਿੱਖਿਆ ਅਫਸਰ ਦਾ ਦਫਤਰ, ਜੇ.ਬੀ.ਟੀ. ਟ੍ਰੇਨਿੰਗ ਸੰਸਥਾ ਹੁਣ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਨਾਭਾ ਸ਼ਾਮਲ ਹਨ।ਇਥੇ ਸਰਕਾਰੀ ਸ਼ੰਸ਼ਕ੍ਰਿਤ ਮਹਾਵਿਦਿਆਲਾ ਵੀ ਰਿਹਾ ਜੋ ਕਿ ਪਿਛਲੇ ਸਾਲਾਂ ਤੋਂ ਪਟਿਆਲਾ ਵਿਖੇ ਸਿਫਟ ਕਰ ਦਿੱਤਾ ਗਿਆ। ਮਹਾਨ ਦੇਸ਼ ਭਗਤ ਮਹਾਰਾਜਾ ਰਿਪੁਦਮਨ ਸਿੰਘ ਨੇ ਨਾਭਾ ਰਿਆਸਤ ਦੀ ਵਾਂਗ ਡੋਰ ਆਪਣੇ ਪਿਤਾ ਮਹਾਰਾਜਾ ਹੀਰਾ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ 1911 ਵਿੱਚ ਸੰਭਾਲ ਲਈ।ਉਨ੍ਹਾਂ ਦੀ ਯਾਦ ਨੂੰ ਸਮਰਪਿਤ ਸਰਕਾਰੀ ਰਿਪੁਦਮਨ ਕਾਲਜ ਨਾਭਾ ਦੀ ਸਥਾਪਨਾ 1946 'ਚ ਕੀਤੀ ਗਈ ਇਸ ਰਿਹਾਇਸੀ ਮਹਿਲ ਵਿੱਚ ਗਰਮੀਆਂ 'ਚ ਮਹਾਰਾਜਾ ਰਿਪੁਦਮਨ ਸਿੰਘ ਦੇ ਪਿਤਾ ਮਹਾਰਾਜਾ ਹੀਰਾ ਸਿੰਘ ਰਿਹਾ ਕਰਦੇ ਸੀ ਜਿਸ ਨੂੰ 'ਪੱਕਾ ਬਾਗ' ਨਾਲ ਵੀ ਜਾਣਿਆ ਜਾਂਦਾ ਹੈ। ਇਸ ਅੰਦਰ ਫਲਦਾਰ ਅਤੇ ਛਾਂਦਾਰ ਦਰਖਤ ਅੰਦਰਲੇ ਵਾਤਾਵਰਣ ਨੂੰ ਕੁ-





Govt. Ripudaman College NABHA


ਦਰਤੀ ਰੰਗਤ ਦਿੰਦੇ ਦਿਖਾਈ ਦਿੰਦੇ ਹਨ, ਜਿਨ੍ਹਾਂ ਨੂੰ ਸਾਂਭਣ ਦੀ ਲੋੜ ਹੈ।ਇਸੇ ਤਰ੍ਹਾਂ ਅੰਦਰਲੇ ਅਹਾਤੇ ਅੰਦਰ ਸੰਗਮਰਮਰ ਦੀਆਂ ਬਾਰਾਂਦਰੀਆਂ ਬਣੀਆਂ ਹੋਈਆਂ ਹਨ ਜੋ ਅਜੇ ਵੀ ਮਜਬੂਤੀ ਹਾਲਤ 'ਚ ਹਨ, ਸਿਰਫ ਇਨ੍ਹਾਂ ਨੂੰ ਖਰਾਬ ਹੋਣ ਤੋਂ ਬਚਾਉਣ ਦੀ ਲੋੜ ਹੈ।ਕਾਲਜ ਅੰਦਰ ਦਾਖਲ ਹੁੰਦੇ ਹੀ ਖੱਬੇ ਹੱਥ ਲਾਲ ਕੋਠੀ ਅਜੇ ਵੀ ਖੜ੍ਹੀ ਉਸ ਸਮੇਂ ਦੀ ਕਲਾ ਦਾ ਨਮੂਨਾ ਪੇਸ਼ ਕਰ ਰਹੀ ਹੈ। ਰਿਪੁਦਮਨ ਕਾਲਜ ਵਿੱਚ ਹੁਣ ਤੱਕ ਲੱਖਾਂ ਹੀ ਵਿਦਿਆਰਥੀ ਇਥੋਂ ਉਚੇਰੀ ਵਿਦਿਆ ਪ੍ਰਾਪਤ ਕਰਕੇ ਵੱਡੇ ਵੱਡੇ ਅੱਹੁਦਿਆਂ ਤੇ ਰਹਿ ਚੁੱਕੇ ਹਨ।ਨਾਭੇ ਦੇ ਇਲਾਕੇ ਲਈ ਇਹ ਸੰਸਥਾਵਾਂ ਵਰਦਾਨ ਸਾਬਤ ਹੋਈਆਂ ਹੈ। ਕਾਫੀ ਸਾਲ ਇਸੇ ਕੰਪਲੈਕਸ 'ਚ ਵਾਧੂ ਬਿਲਡਿੰਗ ਹੋਣ ਕਰਕੇ ਸਰਕਾਰੀ ਆਰਟ ਐਂਡ ਕਰਾਫਟ ਟੀਚਰਜ਼ ਟ੍ਰੇਨਿੰਗ ਸੰਸਥਾ ਚਲ ਰਹੀ ਸੀ ਅਤੇ ਨਾਭੇ ਦੀ ਮਾਣ ਵਾਲੀ ਗੱਲ ਹੈ ਕਿ ਜਿਲ੍ਹਾ ਪੱਧਰ ਦੀ ਜੂਨੀਅਰ ਬੇਸਿਕ ਟ੍ਰੇਨਿੰਗ ਸੰਸਥਾ, ਜੋ ਹੁਣ ਡਾਈਟ ਦੇ ਤੌਰ ਤੇ ਚਲ ਰਹੀ ਹੈ ਭਾਵੇਂ ਹੁਣ ਇਸ ਦੀ ਨਵੀਂ ਬਿਲਡਿੰਗ ਵੀ ਬਣ ਗਈ ਹੈ ਪਰ ਪੁਰਾਣੀ ਵੀ ਵਰਤੀ ਜਾ ਰਹੀ ਹੈ।

ਨਾਭੇ ਹੀ ਪਟਿਆਲਾ ਮੰਡਲ ਦੇ ਮੰਡਲ ਸਿੱਖਿਆ ਅਫਸਰ ਦਾ ਦਫਤਰ ਵੀ ਮਹਾਰਾਜੇ ਵੇਲੇ ਦੀ ਬਿਲਡਿੰਗ 'ਚ ਚਲਦਾ ਰਿਹਾ ਹੈ ਜੋ ਕਿ ਹੁਣ ਮਹਿਕਮੇ ਨੇ ਭਾਵੇਂ ਇਨ੍ਹਾਂ ਦਫਤਰਾਂ ਨੂੰ ਖਤਮ ਕਰ ਦਿੱਤਾ ਹੈ। ਇਥੇ ਹੁਣ ਬੀ.ਪੀ.ਪੀ.ਓ. ਦਫਤਰ ਕੰਮ ਕਰ ਰਿਹਾ ਹੈ।ਜਿਲ੍ਹਾ ਪੱਧਰ ਦੇ ਦਫਤਰ ਨਾਭਾ ਵਿਖੇ ਹੋਣੇ ਇਨ੍ਹਾਂ ਵਾਧੂ ਇਮਾਰਤਾਂ ਕਰਕੇ ਹੋ ਸਦਕਾ ਹੈ। ਨਾਭੇ ਦੀ ਸਿਵਲ ਅਤੇ ਜੁਡੀਸ਼ਲ ਕੰਪਲੈਕਸ ਨਵਾਂ ਬਣਨ ਕਰਕੇ ਮਹਾਰਾਜਿਆਂ ਦੇ ਕਿਲ੍ਹਿਆਂ ਵਿੱਚ ਸਬ-ਡਵੀਜਨ ਦੇ ਸਾਰੇ ਦਫਤਰ ਤਕਰੀਬਨ ਇਸ ਕੰਪਲੈਕਸ ਵਿੱਚ ਕੰਮ ਕਰਦੇ ਰਹੇ ਹਨ। ਕਿਲ੍ਹੇ ਦੇ ਅੰਦਰ ਸਰਕਾਰੀ ਆਈ.ਟੀ.ਆਈ. ਵੀ ਚਲਦੀ ਰਹੀ ਹੈ। ਉੱਤਰੀ ਭਾਰਤ ਦੇ ਸਕੂਲਾਂ ਵਿੱਚ ਨਾਭੇ ਦੇ ਪਬਲਿਕ ਸਕੂਲ ਨਾਭਾ ਦਾ ਨਾਂ ਉੱਤਰੀ ਭਾਰਤ 'ਚ ਬਹੁ-ਪੱਖੀ ਸਿੱਖਿਆ ਲਈ ਮੰਨਿਆ ਹੋਇਆ ਹੈ ਜਿਹੜਾ ਮਹਾਰਾਜੇ ਦੇ ਉਸ ਸਮੇਂ ਅਦਾਲਤੀ ਕੰਪਲੈਕਸ ਵਜੋਂ ਵਰਤਿਆ ਜਾਂਦਾ ਸੀ।ਇਹ ਸਾਰੀਆਂ ਇਮਾਰਤਾਂ ਕਲਾ ਦੇ ਕੀਮਤੀ ਨਮੂਨੇ ਆਪਣੇ ਅੰਦਰ ਸਾਂਭੀ ਬੈਠੀਆਂ ਹਨ, ਜਿੰਨ੍ਹਾਂ 'ਚ ਲਕੜੀ ਦੇ ਕੰਮ 'ਤੇ ਕਲਾਤਮਕ ਕੰਮ,ਛੋਟੀ ਇੱਟਾਂ ਦੀ ਵਰਤੋਂ, ਰੰਗਦਾਰ ਸ਼ੀਸ਼ੇ ਦਾ ਕੰਮ, ਮਜਬੂਤ ਲੋਹੇ ਦੀਆਂ ਕਲਾਕ੍ਰਿਤਾਂ ਨਾਲ ਵਰਤੋਂ, ਕੀਤੀ ਗਈ ਹੈ। ਜਿਹੜੀਆਂ ਇਮਾਰਤਾਂ ਖਾਲੀ ਹੋਕੇ ਖੋਲੇ ਬਣ ਰਹੀਆਂ ਹਨ ਜਾਂ ਬਣ ਚੁੱਕੀਆਂ ਹਨ, ਉਨ੍ਹਾਂ ਦੀ ਸਾਂਭ ਸੰਭਾਲ ਲਈ ' ਦੀ ਨਾਭਾ ਫਾਊਂਡੇਸ਼ਨ '2003 ਵਿੱਚ ਬਣਾਈ ਗਈ। ਇਸ ਦਾ ਉਦੇਸ਼ ਨਾਭੇ ਦੇ ਲੋਕਾਂ ਨੂੰ ਖੁਸ਼ਹਾਲ ਬਣਾ ਕੇ ਮਾਡਲ ਵਜੋਂ ਪੇਸ਼ ਕਰਨਾ ਸੀ।ਵੱਖ-ਵੱਖ ਟੀਮਾਂ ਪਿੰਡਾਂ 'ਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਹੋਰ ਕਈ ਕਿਸਮ ਦੀ ਮਦਦ ਵੀ ਕਰਦੀਆਂ।

ਪਰ ਇਹ ਸੰਸਥਾ ਵੀ ਇਨ੍ਹਾਂ ਇਮਾਰਤਾਂ ਦੀ ਸੰਭਾਲ ਲਈ ਕੋਈ ਬਹੁਤਾ ਕੰਮ ਨਹੀਂ ਕਰ ਸਕੀ। ਸਰਕਾਰ ਨੂੰ ਇਤਿਹਾਸਕ ਇਮਾਰਤਾਂ ਦੀ ਸੰਭਾਲ ਖੁੱਲਦਿਲੀ ਨਾਲ ਫੰਡਜ਼ ਜਾਰੀ ਕਰਕੇ ਕਰਨੀ ਚਾਹੀਦੀ ਹੈ।ਇਨ੍ਹਾਂ ਇਮਾਰਤਾਂ ਦੀ ਕੰਡੀਸ਼ਨ ਦੇ ਆਧਾਰ 'ਤੇ ਨਿਸ਼ਾਨਦੇਹੀ ਕਰਵਾ ਕੇ ਇਨ੍ਹਾਂ ਦੀ ਸੰਭਾਲ ਕਰਕੇ ਵਰਤੋਂ ਕਰ ਲੈਣੀ ਚਾਹੀਦੀ ਹੈ ਜੋ ਅੱਜ ਦੀਆਂ ਠੇਕੇਦਾਰਾਂ ਵਲੋਂ ਬਣਾਈਆਂ ਬਿਲਡਿੰਗਾਂ ਤੋਂ ਕਿਤੇ ਮਜਬੂਤ ਹਨ, ਸਿਰਫ ਇਮਾਨਦਾਰੀ ਨਾਲ ਕੰਮ ਕਰਵਾਉਣ ਦੀ ਲੋੜ ਹੈ। ਇਸ ਤਰ੍ਹਾਂ ਸਾਡੀ ਵਿਰਾਸਤ ਦੀ ਸੰਭਾਲ ਦੇ ਨਾਲ ਇਨ੍ਹਾਂ ਤੋਂ ਹੋਰ ਬਣਦਾ ਲਾਹਾ ਵੀ ਲਇਆ ਜਾ ਸਕਦਾ ਹੈ। ਲੋਕਾਂ ਲਈ ਦੇਖਣ ਯੋਗ ਥਾਵਾਂ ਬਣਾ ਕੇ ਆਮਦਨ ਦਾ ਸਾਧਨ ਵੀ ਬਣ ਸਕਦੀਆਂ ਹਨ।

## ਪ੍ਰਿੰ. ਸਤਵੰਤ ਕੌਰ ਕਲੋਟੀ ਦੀ ਦੂਜੀ ਪੁਸਤਕ 'ਦਸ ਦਿਸ਼ਾਵਾਂ ਵਿਚੋਂ ਲੜੀਵਾਰ ਕਿਸ਼ਤ-2

# ਅਣਗੌਲ਼ੀਆਂ ਵਿਗਿਆਨਕ ਨਾਇਕਾਵਾਂ






ਪ੍ਰਿੰ. ਸਤਵੰਤ ਕੌਰ ਕਲੋਟੀ

ਕਈ ਸਾਲ ਅਖ਼ਬਾਰਾਂ ਲਈ ਲਿਖਣ ਤੋਂ ਬਾਅਦ, ਸੂਝਵਾਨ ਅਤੇ ਵਿਦਵਾਨ ਲੇਖਕਾਂ ਦੀ ਪ੍ਰੇਰਣਾ ਸਦਕਾ ਮੇਰੀ ਪਲੇਠੀ ਪੁਸਤਕ 'ਬ੍ਰਹਿਮੰਡ: ਇੱਕ ਨਜ਼ਰ' ਛਪੀ। ਇਹ ਬ੍ਰਹਿਮੰਡ ਬਾਰੇ ਵਿਗਿਆਨਕ ਜਾਣਕਾਰੀ ਭਰਪੂਰ ਪੁਸਤਕ ਹੈ ਜੋ ਵਿਗਿਆਨਕ ਤੱਥਾਂ ਉੱਤੇ ਅਧਾਰਿਤ ਹੈ। ਇਸ ਤੋਂ ਪਹਿਲਾਂ ਅਖ਼ਬਾਰਾਂ ਵਿੱਚ ਛਪਦੇ ਰਹੇ ਨਿਬੰਧ ਵੀ ਮੁੱਖ ਤੌਰ ਤੇ ਵਿਗਿਆਨਕ ਤੱਥਾਂ ਉੱਤੇ ਹੀ ਅਧਾਰਿਤ ਰਹੇ ਜਿਨ੍ਹਾਂ ਵਿੱਚੋਂ ਕਈ ਸਮੇਂ-ਸਮੇਂ ਦੇ ਚਲੰਤ ਮੁੱਦਿਆਂ ਉੱਤੇ ਲਿਖੇ ਗਏ। ਕਦੇ ਕਦਾਈਂ ਵਿਗਿਆਨਕ ਤੱਥਾਂ ਤੋਂ ਹਟ ਕੇ ਵੀ ਵਿਸ਼ੇ ਛੂਹੇ ਜਿਵੇਂ ਭਾਰਤ ਰਤਨ ਪੁਰਸਕਾਰ, ਡਾ. ਸੀ.ਐਨ.ਰਾਉ (ਭਾਰਤ ਰਤਨ 2013), ਸੁਬਰਾਮਨੀਅਮ ਚੰਦਰਸ਼ੇਖਰ ਆਦਿ। ਭਾਰਤੀ ਵਿਗਿਆਨੀਆਂ ਬਾਰੇ ਪੜ੍ਹਦਿਆਂ ਲਿਖਦਿਆਂ ਮਨ ਵਿੱਚ ਖ਼ਿਆਲ ਉੱਭਰਦੇ ਸਨ ਕਿ ਕਦੇ ਕਿਸੇ ਮਹਿਲਾ ਭਾਰਤੀ ਵਿਗਿਆਨੀ ਦਾ ਨਾਂ ਪੜ੍ਹਨ-ਸੁਣਨ ਵਿੱਚ ਘੱਟ ਹੀ ਮਿਲਿਆ ਹੈ।ਕੇਵਲ ਪੁਰਸ਼ ਵਿਗਿਆਨੀਆਂ ਦੇ ਹੀ ਨਾਂ ਸੁਣਨ ਨੂੰ ਮਿਲਦੇ ਹਨ ਜਿਵੇਂ ਸਰ ਸੀ. ਵੀ. ਰਮਨ, ਹੋਮੀ ਜਹਾਂਗੀਰ ਭਾਬਾ, ਵਿਕਰਮ ਸਾਰਾਭਾਈ, ਸੁਬਰਾਮਨੀਅਮ ਚੰਦਰਸ਼ੇਖਰ, ਸ਼ਾਂਤੀ ਸਵਰੂਪ ਭਟਨਾਗਰ, ਮੇਘਨਾਦ ਸਾਹਾ ਆਦਿ। ਜ਼ਿਹਨ ਵਿੱਚ ਸਵਾਲ ਉੱਠਦਾ, "ਕੀ ਇਨ੍ਹਾਂ ਪੁਰਸ਼ ਵਿਗਿਆਨੀਆਂ ਦੇ ਸਮਾਨਾਂਤਰ ਵਿਗਿਆਨ ਦੇ ਖੇਤਰ ਵਿੱਚ ਅਜਿਹੀ ਕੋਈ ਭਾਰਤੀ ਮਹਿਲਾ ਨਹੀਂ ਹੋਈ ਜਿਸ ਦੀ ਕੋਈ ਪ੍ਰਾਪਤੀ ਜ਼ਿਕਰਯੋਗ ਰਹੀ ਹੋਵੇ?" ਸਵਾਲ ਦਾ ਉੱਤਰ ਲੱਭਣ ਲਈ ਮੈਂ ਵਿਗਿਆਨ ਨਾਲ ਜੁੜੀਆਂ ਮੁੱਢਲੀਆਂ ਭਾਰਤੀ ਔਰਤਾਂ ਦੀ ਘੋਖ-ਪੜਤਾਲ ਸ਼ੁਰੂ ਕਰ ਦਿੱਤੀ। ਜਿਉਂ-ਜਿਉਂ ਘੋਖ ਅਗਾਂਹ ਵਧੀ, ਹੈਰਾਨੀ ਵੀ ਵਧਦੀ ਗਈ।ਜਿਉਂ-ਜਿਉਂ ਪਰਤਾਂ ਖੁੱਲ੍ਹਦੀਆਂ ਗਈਆਂ, ਅੱਖਾਂ ਹੈਰਾਨੀ ਨਾਲ ਅੱਡ ਹੁੰਦੀਆਂ ਗਈਆਂ।

1865 ਵਿੱਚ ਜਨਮੀ ਆਨੰਦੀਬਾਈ ਜੋਸ਼ੀ ਨੇ 14 ਸਾਲ ਦੀ ਉਮਰ ਵਿਚ ਪੁੱਤਰ ਨੂੰ ਜਨਮ ਦਿੱਤਾ ਜੋ ਯੋਗ ਡਾਕਟਰੀ ਸਹਾਇਤਾ ਨਾ ਮਿਲਣ ਕਰਕੇ 10 ਦਿਨ ਬਾਅਦ ਹੀ ਪੂਰਾ ਹੋ ਗਿਆ। ਆਨੰਦੀ ਨੇ ਖ਼ੁਦ ਡਾਕਟਰ ਬਣਨ ਦਾ ਫ਼ੈਸਲਾ ਕੀਤਾ। ਉਹ ਪਹਿਲਾਂ ਹੀ ਭਾਰਤ ਵਿੱਚ ਲੋਕਾਂ ਦੀ ਸੌੜੀ ਸੋਚ ਤੋਂ ਪੀੜਿਤ ਸੀ। ਜਦੋਂ ਉਹ ਸਕੂਲ ਜਾਂਦੀ ਸੀ ਤਾਂ ਲੋਕ ਉਸ ਦੀ ਖਿੱਲੀ ਉਡਾਉਂਦੇ ਸਨ, ਭੱਦੇ ਫ਼ਿਕਰੇ ਕੱਸਦੇ ਸਨ ਅਤੇ ਉਸ ਨੂੰ ਗੀਟੀਆਂ ਮਾਰਦੇ ਸਨ। ਇਸ ਲਈ ਉਸਨੇ ਡਾਕਟਰੀ ਦੀ ਪੜ੍ਹਾਈ ਲਈ ਵਿਦੇਸ਼ ਜਾਣ ਦਾ ਫੈਸਲਾ ਕੀਤਾ। ਉਸ ਦੇ ਇਸ ਫ਼ੈਸਲੇ ਬਾਰੇ ਪਤਾ ਲੱਗਦਿਆਂ ਹੀ ਹਿੰਦੂ-ਭਾਈਚਾਰਾ ਉਸ ਦੇ ਵਿਰੋਧ ਵਿੱਚ ਉੱਤਰ ਆਇਆ। ਪਤੀ-ਪਤਨੀ ਉੱਤੇ ਪੱਥਰ ਅਤੇ ਗੋਹਾ ਤੱਕ ਸੁੱਟੇ ਜਾਣ ਦੀ ਨੌਬਤ ਆ ਗਈ। ਇੱਕ ਆਰਥਿਕ ਪੱਖ ਕਮਜ਼ੋਰ, ਉੱਤੋਂ ਸਮਾਜਿਕ ਵਿਰੋਧ, ਜਿਵੇਂ-ਕਿਵੇਂ ਹਾਲਾਤ ਨਾਲ ਨਜਿੱਠਦਿਆਂ ਇੱਕ ਅਮਰੀਕਨ ਮਹਿਲਾ ਦੁਆਰਾ ਸ਼ਰਨ ਦੇਣ ਦੀ ਪੇਸ਼ਕਸ਼ ਕੀਤੇ ਜਾਣ ਤੇ ਉਹ ਇਕੱਲੀ ਹੀ ਅਮਰੀਕਾ ਚਲੀ ਗਈ। ਉੱਥੇ ਉਹ 1886 ਵਿੱਚ ਵੂਮੈਨਜ਼ ਮੈਡੀਕਲ ਕਾਲਜ ਆਫ਼ ਪੈਨਸਿਲਵੇਨੀਆ ਤੋਂ ਐੱਮ.ਡੀ. ਦੀ ਡਿਗਰੀ ਹਾਸਿਲ ਕਰਕੇ ਭਾਰਤ ਦੀ ਪਹਿਲੀ ਮਹਿਲਾ ਡਾਕਟਰ ਬਣ ਗਈ। ਉਸ ਨੇ ਇਹ ਮੁਕਾਮ ਉਦੋਂ ਹਾਸਿਲ ਕੀਤਾ ਜਦੋਂ ਭਾਰਤ ਵਿੱਚ ਕੁੜੀਆਂ ਨੂੰ ਪੜ੍ਹਾਇਆ ਹੀ ਨਹੀਂ ਜਾਂਦਾ ਸੀ ਅਤੇ ਨਾ ਹੀ ਸਮਾਜ ਵਿੱਚ ਮਹਿਲਾਵਾਂ ਨੂੰ ਕੋਈ ਸਥਾਨ ਹਾਸਿਲ ਸੀ। ਉਸ ਦੀ ਸਫ਼ਲਤਾ ਪਿੱਛੇ ਉਸ ਦੇ ਪਤੀ ਦਾ ਸਹਿਯੋਗ ਅਤੇ ਹੱਲਾਸ਼ੇਰੀ ਸੀ। ਇਹ ਉਹ ਸਮਾਂ ਸੀ ਜਦੋਂ ਘਰ ਵਿੱਚ ਪਰਿਵਾਰਕ ਮੈਂਬਰਾਂ ਸਾਹਮਣੇ ਪਤੀ-ਪਤਨੀ ਆਪਸ ਵਿੱਚ ਗੱਲ ਵੀ ਨਹੀਂ ਕਰ ਸਕਦੇ ਸਨ। ਕਰੜੇ ਸੰਘਰਸ਼ ਉਪਰੰਤ ਜਦੋਂ ਮੰਜ਼ਿਲ ਹਾਸਿਲ ਹੋਈ ਤਾਂ ਉਹ ਮੌਤ ਹੱਥੋਂ ਹਾਰ ਗਈ।

ਕਾਦੰਬਿਨੀ ਗਾਂਗੁਲੀ ਨੂੰ 1884 ਵਿੱਚ ਕਲਕੱਤਾ ਮੈਡੀਕਲ ਕਾਲਜ ਵਿੱਚ ਦਾਖ਼ਲਾ ਬਹੁਤ ਜੱਦੋ-ਜਹਿਦ ਉਪਰੰਤ ਮਿਲਿਆ ਸੀ ਕਿਉਂਕਿ ਉੱਥੇ ਔਰਤਾਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਂਦਾ ਸੀ। 1886 ਵਿੱਚ ਕਾਦੰਬਿਨੀ ਗਾਂਗੁਲੀ ਨੇ ਕਲਕੱਤਾ ਯੂਨੀਵਰਸਿਟੀ ਤੋਂ ਜੀ.ਐੱਮ.ਸੀ.ਬੀ. (Graduate of Medical College of Bengal) ਦੀ ਡਿਗਰੀ ਹਾਸਿਲ ਕੀਤੀ। ਇੱਥੋਂ ਉਸ ਨੂੰ ਐੱਮ.ਬੀ. ਦੀ ਡਿਗਰੀ ਇਸ ਲਈ ਹਾਸਿਲ ਨਾ ਹੋ ਸਕੀ ਕਿਉਂਕਿ ਉਹ ਇਸ ਕਾਲਜ ਵਿੱਚ ਦਾਖ਼ਲਾ ਲੈਣ ਵਾਲੀ ਪਹਿਲੀ ਮਹਿਲਾ ਸੀ ਅਤੇ ਪ੍ਰੋਫ਼ੈਸਰ ਵੀ ਉਸ ਦੇ ਦਾਖ਼ਲੇ ਤੋਂ ਨਾਖੁਸ਼ ਸਨ। ਇੱਕ ਪ੍ਰੋਫ਼ੈਸਰ ਜੋ ਮਹਿਲਾ ਸਿੱਖਿਆ ਦਾ ਕਰੜਾ ਵਿਰੋਧੀ ਸੀ ਨੇ ਉਸ ਨੂੰ ਇੱਕ ਪੇਪਰ ਵਿੱਚੋਂ ਫ਼ੇਲ੍ਹ ਹੀ ਕਰ ਦਿੱਤਾ। ਪਤੀ ਦਵਾਰਕਾਨਾਥ ਦੀਆਂ ਕੋਸ਼ਿਸ਼ਾਂ ਅਤੇ ਸਹਿਯੋਗ ਨਾਲ ਉਹ ਇੰਗਲੈਂਡ ਤੋਂ ਮੈਡੀਕਲ ਦੇ ਤਿੰਨ ਡਿਪਲੋਮਾਜ਼ ਹਾਸਿਲ ਕਰ ਕੇ ਆਈ ਅਤੇ ਇੱਕ ਸਫ਼ਲ ਡਾਕਟਰ ਸਾਬਿਤ ਹੋਈ। ਪ੍ਰੰਤੂ ਉਸ ਨੂੰ ਸਮਾਜ ਵਿੱਚ ਉਹ ਮਾਣ-ਸਨਮਾਨ ਨਹੀਂ ਮਿਲ ਸਕਿਆ ਜੋ ਮਿਲਣਾ ਚਾਹੀਦਾ ਸੀ। ਇੱਕ ਰਸਾਲੇ ਦੇ ਵਿੱਚ ਤਾਂ ਉਸ ਦੀ ਤੁਲਨਾ ਵੇਸਵਾ ਨਾਲ ਹੀ ਕਰ ਦਿੱਤੀ ਗਈ। ਡਾਕਟਰੀ ਦੇ ਨਾਲ-ਨਾਲ ਉਹ ਸਮਾਜ ਭਲਾਈ ਨੂੰ ਵੀ ਸਮਰਪਿਤ ਸੀ। ਇਨ੍ਹਾਂ ਮੁਢਲੀਆਂ ਮਹਿਲਾ ਡਾਕਟਰਾਂ ਜਿਨ੍ਹਾਂ ਉੱਤੇ ਕੁੱਲ ਔਰਤ ਜਾਤ ਨੂੰ ਮਾਣ ਹੋਣਾ ਚਾਹੀਦਾ ਹੈ, ਦੇ ਨਾਂ ਵੀ ਸੁਣਨ ਨੂੰ ਨਹੀਂ ਮਿਲਦੇ।

1897 ਈ. ਵਿੱਚ ਜਨਮੀ ਜਾਨਕੀ ਅੰਮਾਲ ਨੇ ਮਿਸ਼ੀਗਨ ਯੂਨੀਵਰਸਿਟੀ, ਯੂ.ਐਸ.ਏ. ਤੋਂ ਮਾਸਟਰ (1925) ਅਤੇ ਡਾਕਟ੍ਰੇਟ (1931) ਡਿਗਰੀਆਂ ਹਾਸਿਲ ਕੀਤੀਆਂ। ਬਾਅਦ ਵਿੱਚ ਇਸੇ ਯੂਨੀਵਰਸਿਟੀ ਵੱਲੋਂ ਉਸ ਨੂੰ ਐੱਲ.ਐੱਲ.ਡੀ. (ਧੋਚਟੋਰ ੋ. ਅੱਸ) ਦੀ ਆਨਰੇਰੀ ਡਿਗਰੀ ਵੀ ਪ੍ਰਦਾਨ ਕੀਤੀ ਗਈ। ਉਹ ਇੱਕ ਅਜਿਹੀ ਬਨਸਪਤੀ ਵਿਗਿਆਨੀ ਸੀ ਜਿਸ ਨੇ ਬਗੀਚੇ ਦੇ ਪੌਦੇ, ਔਸ਼ਧੀ ਪੌਦੇ, ਜੰਗਲੀ ਪੌਦੇ, ਹਰ ਉਸ ਪੌਦੇ ਦਾ ਅਧਿਐਨ ਕੀਤਾ ਜੋ ਵੀ ਉਸ ਦੀ ਪਹੁੰਚ ਵਿੱਚ ਰਿਹਾ। ਵਿਆਹ ਨਾ ਕਰਵਾ ਕੇ ਉਸ ਨੇ ਸਾਰੀ ਉਮਰ ਬਨਸਪਤੀ ਵਿਗਿਆਨ ਵਿੱਚ ਖੋਜ ਕਾਰਜਾਂ ਦੇ ਲੇਖੇ ਲਗਾਈ। ਉਸ ਸਮੇਂ ਦੇ ਰੂੜ੍ਹੀਵਾਦੀ ਸਮਾਜ ਵਿੱਚ ਜਦੋਂ ਜ਼ਿਆਦਾਤਰ ਕੁੜੀਆਂ ਨੂੰ ਸਕੂਲ ਜਾਣਾ ਹੀ ਨਸੀਬ ਨਹੀਂ ਹੁੰਦਾ ਸੀ, ਉਹ ਪੜ੍ਹਾਈ ਅਤੇ ਖੋਜ ਵਾਸਤੇ ਵਾਰ-ਵਾਰ ਵਿਦੇਸ਼ ਗਈ। ਦਸ ਸਾਲ ਤੋਂ ਵੀ ਵਧੇਰੇ ਸਮਾਂ ਉਸ ਨੇ ਇੰਗਲੈਂਡ ਵਿੱਚ ਰਹਿ ਕੇ ਅਣਗਿਣਤ ਪੌਦਿਆਂ ਦਾ ਅਧਿਐਨ ਕੀਤਾ। ਵਧੇਰੇ ਮਿਠਾਸ ਵਾਲੀਆਂ ਗੰਨੇ ਦੀਆਂ ਕਿਸਮਾਂ ਤਿਆਰ ਕਰਕੇ ਉਸ ਨੇ ਵਿਸ਼ਵ ਭਰ ਵਿੱਚ ਆਪਣੀ ਪਹਿਚਾਣ ਬਣਾਈ। ਭਾਰਤ ਸਰਕਾਰ ਵਲੋਂ ਪਦਮ ਸ਼੍ਰੀ ਹਾਸਿਲ ਕਰਨ ਵਾਲੀ ਜਾਨਕੀ ਅੰਮਾਲੈ ਦਾ ਨਾਂ ਭਾਰਤ ਵਿੱਚ ਬਹੁਤ ਘੱਟ ਲੋਕ ਜਾਣਦੇ ਹੋਣਗੇ।

ਇਰਾਵਤੀ ਕਰਵੇ ਜਿਸ ਦਾ ਜਨਮ 1905 ਈ. ਵਿੱਚ ਹੋਇਆ, ਭਾਰਤ ਦੀ ਪਹਿਲੀ ਮਹਿਲਾ ਮਾਨਵ ਵਿਗਿਆਨੀ (Anthropologist) ਸੀ ਜਿਸ ਨੇ 1930 ਈ. ਵਿੱਚ ਜਰਮਨੀ ਦੀ ਬਰਲਿਨ ਯੂਨੀਵਰਸਿਟੀ ਤੋਂ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ। ਉਹ ਐੱਸ.ਐੱਨ.ਡੀ.ਟੀ. ਵੂਮੈਨਜ਼ ਯੂਨੀਵਰਸਿਟੀ ਬੰਬਈ ਦੀ ਰਜਿਸਟਰਾਰ ਅਤੇ ਇੰਡੀਅਨ ਨੈਸ਼ਨਲ ਸਾਇੰਸ ਕਾਂਗਰਸ ਦੇ ਐਂਥਰੋਪੌਲੋਜੀ ਸੈਕਸ਼ਨ ਦੀ ਪ੍ਰੈਜ਼ੀਡੈਂਟ ਬਣੀ। ਉਸ ਦੀਆਂ ਉਪਲਬਧੀਆਂ ਦਾ ਸਿਹਰਾ ਉਸ ਦੇ ਪਤੀ ਦਿਨਕਰ ਧੋਂਡੋ ਕਰਵੇ ਨੂੰ ਜਾਂਦਾ ਹੈ ਜਿਸ ਨੇ ਪਹਿਲਾਂ ਆਪਣੇ ਪਿਤਾ ਮਹਾਨ ਸਮਾਜ ਸੁਧਾਰਕ ਮਹਾਂਰਿਸ਼ੀ ਧੋਂਡੋ ਕੇਸ਼ਵ ਕਰਵੈ ਦੇ ਵਿਰੋਧ ਦੇ ਬਾਵਜੂਦ ਕਿਸੇ ਕੋਲੋਂ ਪੈਸੇ ਉਧਾਰ ਫੜ ਕੇ, ਉਸ ਨੂੰ ਬਰਲਿਨ ਯੂਨੀਵਰਸਿਟੀ, ਜਰਮਨੀ ਤੋਂ ਪੀਐੱਚ.ਡੀ. ਕਰਨ ਲਈ ਭੇਜਿਆ ਅਤੇ ਫਿਰ ਉਸ ਦੇ ਵਾਪਿਸ ਪਰਤਣ ਤੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਲੈ ਲਈਆਂ ਤਾਂ ਕਿ ਉਸ ਦੀ ਪਤਨੀ ਆਪਣੇ ਖੇਤਰੀ ਕਾਰਜ ਅਤੇ ਖੋਜਾਂ ਨੂੰ ਪੂਰਾ ਸਮਾਂ ਦੇ ਸਕੇ। ਇਹ ਉਸ ਸਮੇਂ ਦੀਆਂ ਸਮਾਜਿਕ ਰਿਵਾਇਤਾਂ ਦੇ ਬਿਲਕੁਲ ਉਲਟ ਸੀ ਅਤੇ ਸ਼ਾਇਦ ਅੱਜ ਵੀ ਇਹ ਗੱਲ ਆਮ ਨਹੀਂ ਹੈ। ਇਰਾਵਤੀ ਨੇ ਜਾਤੀ, ਪਰਿਵਾਰ ਅਤੇ ਰਿਸ਼ਤਿਆਂ ਦਾ ਡੂੰਘਾ ਵਿਗਿਆਨਕ ਅਧਿਐਨ ਕੀਤਾ ਜਿਸ ਵਾਸਤੇ ਉਸ ਨੇ ਅਣਥੱਕ ਖੇਤਰੀ ਕਾਰਜ ਕੀਤਾ। ਕਦੇ ਮਿਣਤੀਆਂ ਅਤੇ ਨਮੂਨੇ ਲੈਣ ਜਾਂ ਜਾਣਕਾਰੀ ਇਕੱਠੀ ਕਰਨ ਲਈ ਉਹ ਜਗ੍ਹਾ-ਜਗ੍ਹਾ ਘੁੰਮਦੀ ਅਤੇ ਕਦੇ ਪੱਥਰ ਯੁੱਗ ਦੀਆਂ ਨਿਸ਼ਾਨੀਆਂ ਢੂੰਡਦੀ ਘੰਟਿਆਂ ਬੱਧੀ ਦਰਿਆ ਵਿੱਚ ਚੜ੍ਹਦੀ ਉੱਤਰਦੀ। ਵੀਹਵੀਂ ਸਦੀ ਦੇ ਪਹਿਲੇ ਅੱਧ ਦੌਰਾਨ ਇੱਕ ਔਰਤ ਵਾਸਤੇ ਇਹ ਗੱਲ ਆਮ ਨਹੀਂ ਸੀ। ਕਠਿਨ ਤੋਂ ਕਠਿਨ ਕੰਮ ਨੂੰ ਹੱਥ ਪਾਉਣ ਦੀ ਹਿੰਮਤ ਰੱਖਣ ਅਤੇ ਨਾ-ਮੁਮਕਿਨ ਨੂੰ ਮੁਮਕਿਨ ਬਣਾਉਣ ਵਾਲੀ ਇਸ ਬੇਮਿਸਾਲ ਮਹਿਲਾ ਐਂਥਰੋਪੌਲੋਜਿਸਟ ਦਾ ਨਾਂ ਮੈਂ ਪਹਿਲਾਂ ਕਦੀ ਨਹੀਂ ਸੁਣਿਆ ਸੀ, ਜੋ ਅੱਜ ਦੀਆਂ ਮਹਿਲਾਵਾਂ ਲਈ ਵੀ ਪ੍ਰੇਰਣਾ ਸ੍ਰੋਤ ਹੈ।

1912 ਵਿੱਚ ਜਨਮੀ ਕਮਲਾ ਸੋਹੋਨੀ ਬੀ.ਐੱਸਸੀ. ਦੀ ਡਿਗਰੀ ਵਿੱਚ ਯੂਨੀਵਰਸਿਟੀ ਵਿੱਚੋਂ ਅੱਵਲ ਰਹਿਣ ਉਪਰੰਤ ਐੱਮ.ਐੱਸਸੀ. ਵਿੱਚ ਦਾਖ਼ਲਾ ਲੈਣ ਲਈ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ, ਬੰਗਲੌਰ ਗਈ ਜਿਸ ਦੇ ਡਾਇਰੈਕਟਰ ਨੋਬਲ ਪੁਰਸਕਾਰ ਵਿਜੇਤਾ ਡਾ. ਸੀ. ਵੀ. ਰਮਨ ਸਨ। ਉਨ੍ਹਾਂ ਨੇ ਉਸ ਨੂੰ ਦਾਖ਼ਲਾ ਦੇਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਹ ਇੱਕ ਕੁੜੀ ਸੀ। ਦਾਖ਼ਲਾ ਲੈਣ ਲਈ ਉਸ ਨੂੰ ਡਾ. ਸੀ. ਵੀ. ਰਮਨ ਦੇ ਦਫ਼ਤਰ ਸਾਹਮਣੇ ਸੱਤਿਆਗ੍ਰਹਿ ਤੇ ਬੈਠਣਾ ਪਿਆ।

ਉਸ ਦੀ ਜ਼ਿੱਦ ਸਾਹਮਣੇ ਝੁਕਦਿਆਂ ਡਾ. ਰਮਨ ਨੇ ਉਸ ਨੂੰ ਦਾਖ਼ਲਾ ਤਾਂ ਦੇ ਦਿੱਤਾ ਪ੍ਰੰਤੂ ਕਈ ਸ਼ਰਤਾਂ ਵੀ ਰੱਖੀਆਂ। ਇੱਕ ਸ਼ਰਤ ਇਹ ਵੀ ਸੀ ਕਿ ਉਸ ਦੀ ਮੌਜੂਦਗੀ ਉਸ ਦੇ ਨਾਲ ਰੀਸਰਚ ਕਰਨ ਵਾਲੇ ਮਰਦਾਂ ਦਾ ਧਿਆਨ ਕੰਮ ਤੋਂ ਭਟਕਾਵੇਗੀ ਨਹੀਂ। ਇਸ ਅਪਮਾਨ ਨੂੰ ਕਮਲਾ ਸੋਹੋਨੀ ਕਦੇ ਨਾ ਭੁੱਲ ਸਕੀ। ਡਾ. ਸੀ. ਵੀ. ਰਮਨ ਦੀ ਸਖ਼ਸ਼ੀਅਤ ਦਾ ਉਜਾਗਰ ਹੋਇਆ ਇਹ ਪੱਖ ਹੈਰਾਨੀਜਨਕ ਸੀ। ਆਖ਼ਰਕਾਰ ਇੱਕ ਨੋਬਲ ਪੁਰਸਕਾਰ ਵਿਜੇਤਾ ਮਹਾਨ ਵਿਗਿਆਨੀ ਤੋਂ ਅਜਿਹੇ ਵਰਤਾਉ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਸੀ? ਇਹੀ ਕਮਲਾ ਸੋਹੋਨੀ ਵਿਗਿਆਨ ਦੇ ਖੇਤਰ ਵਿੱਚ ਪੀਐੱਚ.ਡੀ. ਦੀ ਡਿਗਰੀ (ਕੈਂਬਰਿਜ ਯੂਨੀਵਰਸਿਟੀ, ਇੰਗਲੈਂਡ ਤੋਂ) ਹਾਸਿਲ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ। ਉਹ ਰਾਇਲ ਇੰਸਟੀਚਿਊਟ ਆਫ਼ ਸਾਇੰਸ, ਬੰਬਈ ਦੀ ਡਾਇਰੈਕਟਰ ਬਣੀ ਜੋ ਕਿ ਇੱਕ ਬਹੁਤ ਵੱਡੀ ਪ੍ਰਾਪਤੀ ਸੀ। ਖਾਧ ਪਦਾਰਥਾਂ ਉੱਤੇ ਉਸ ਨੇ ਕਮਾਲ ਦੀ ਰੀਸਰਚ ਕੀਤੀ ਜਿਸ ਬਦਲੇ ਉਸ ਨੂੰ ਰਾਸ਼ਟਰਪਤੀ ਐਵਾਰਡ ਵੀ ਹਾਸਿਲ ਹੋਇਆ। ਪ੍ਰੰਤੂ ਲਿੰਗ ਵਿਤਕਰੇ ਨੂੰ ਪਛਾੜ ਕੇ ਵੱਡੀ ਜਿੱਤ ਹਾਸਿਲ ਕਰਨ ਵਾਲੀ ਇਸ ਕਮਲਾ ਸੋਹੋਨੀ ਦਾ ਨਾਂ ਵੀ ਅਣਗੌਲ਼ਿਆ ਹੀ ਹੈ।

ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਮਲੇਰੀਆ ਦੇ ਇਲਾਜ ਦੀ ਦਵਾਈ Ayush-64 ਅਤੇ ਮਿਰਗੀ ਦੇ ਇਲਾਜ ਦੀ ਦਵਾਈ Ayush -56 ਤਿਆਰ ਕਰਨ ਦਾ ਸਿਹਰਾ ਭਾਰਤੀ ਮਹਿਲਾ ਵਿਗਿਆਨੀ ਅਸੀਮਾ ਚੈਟਰਜੀ ਨੂੰ ਜਾਂਦਾ ਹੈ ਜਿਸ ਦਾ ਜਨਮ 1917 ਵਿੱਚ ਹੋਇਆ। ਔਸ਼ਧੀ ਪੌਦਿਆਂ ਦੀ ਰੀਸਰਚ ਵਿੱਚ ਉਸ ਦਾ ਵੱਡਾ ਯੋਗਦਾਨ ਰਿਹਾ। ਰੀਸਰਚ ਇੰਸਟੀਚਿਊਟ ਖੋਲ੍ਹਣ ਲਈ ਬੰਗਾਲ ਦੇ ਮੁੱਖ ਮੰਤਰੀ ਸ਼੍ਰੀ ਜਯੋਤੀ ਬਾਸੂ ਵੱਲੋਂ ਉਸ ਨੂੰ ਸਾਢੇ ਤਿੰਨ ਏਕੜ ਥਾਂ ਅਤੇ ਮਿਨਿਸਟਰੀ ਆਫ਼ ਹੈਲਥ ਐਂਡ ਫੈਮਿਲੀ ਵੈਲਫ਼ੇਅਰ, ਗੌਰਮਿੰਟ ਆਫ਼ ਇੰਡੀਆ ਵੱਲੋਂ ਉਸ ਨੂੰ ਚਾਰ ਕਰੋੜ ਰੁਪਏ ਦੀ ਗ੍ਰਾਂਟ ਹਾਸਿਲ ਹੋਈ, ਜਿਸ ਦੀ ਬਦੌਲਤ ਅੱਜ ਦਾ ਰੀਜਨਲ ਰੀਸਰਚ ਇੰਸਟੀਚਿਊਟ, ਆਯੁਰਵੇਦੈ, ਕਲਕੱਤਾ ਹੋਂਦ ਵਿੱਚ ਆਇਆ। ਪਦਮ ਭੂਸ਼ਣ (1975) ਸਮੇਤ ਅਣਗਿਣਤ ਸਨਮਾਨਾਂ ਨਾਲ ਨਵਾਜੀ ਜਾਣ ਵਾਲੀ ਅਸੀਮਾ ਚੈਟਰਜੀ ਕਿਸੇ ਭਾਰਤੀ ਯੂਨੀਵਰਸਿਟੀ ਤੋਂ ਡਾਕਟ੍ਰੇਟ ਆਫ਼ ਸਾਇੰਸ ਦੀ ਡਿਗਰੀ ਹਾਸਿਲ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਵੀ ਸੀ। ਉਹ ਆਪਣੇ ਖੋਜ ਖੇਤਰ ਵਿੱਚ ਹੋਏ ਵਿਕਾਸ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਅਣਗਿਣਤ ਦੇਸ਼ਾਂ ਵਿੱਚ ਘੁੰਮੀ। ਉਸ ਦੇ ਪਤੀ ਦੀ ਪ੍ਰੇਰਣਾ ਅਤੇ ਸਹਿਯੋਗ ਹਮੇਸ਼ਾ ਉਸ ਦੇ ਨਾਲ ਰਹੇ। ਉਸ ਨੇ ਆਪਣੀ ਪਤਨੀ ਨੂੰ ਉਸ ਦੀ ਰੁਚੀ ਅਨੁਸਾਰ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ ਜੋ 20ਵੀਂ ਸਦੀ ਦੇ ਪਹਿਲੇ ਅੱਧ ਵਿੱਚ ਆਮ ਨਹੀਂ ਸੀ।

ਕੈਂਸਰ ਅਤੇ ਕੁਸ਼ਟ ਰੋਗਾਂ ਉੱਤੇ ਅਹਿਮ ਖੋਜ ਕਾਰਜ ਕਰਨ ਵਾਲੀ 1917 ਵਿੱਚ ਜਨਮੀ ਪਦਮ ਭੂਸ਼ਣ (1982) ਵਿਜੇਤਾ ਕਮਲ ਰਣਦੀਵੇ ਨੂੰ ਬਹੁਤ ਘੱਟ ਲੋਕ ਜਾਣਦੇ ਹੋਣਗੇ, ਜਿਸ ਨੂੰ ਇੰਡੀਅਨ ਕੈਂਸਰ ਰੀਸਰਚ ਸੈਂਟਰ ਮੁੰਬਈ ਵਿਖੇ ਭਾਰਤ ਦੀ ਪਹਿਲੀ ਟਿਸ਼ੂ ਕਲਚਰ ਲੈਬੋਰੇਟਰੀ ਸਥਾਪਿਤ ਕਰਨ ਦਾ ਸਿਹਰਾ ਵੀ ਜਾਂਦਾ ਹੈ।

ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਮੌਸਮ ਦੇ ਨਿਰੀਖਣ ਸਬੰਧੀ ਉਪਕਰਣਾਂ ਦੇ ਨਿਰਮਾਣ ਵਿੱਚ ਭਾਰਤ ਨੂੰ ਦੁਨੀਆਂ ਭਰ ਵਿੱਚ ਪਹਿਚਾਣ ਦੁਆਉਣ ਵਾਲੀ ਮਹਿਲਾ ਵਿਗਿਆਨੀ ਅੰਨਾ ਮਣੀ ਸੀ ਜਿਸ ਦਾ ਜਨਮ 1918 ਵਿੱਚ ਹੋਇਆ ਅਤੇ ਉਹ ਲੰਦਨ ਤੋਂ ਮੌਸਮ ਵਿਗਿਆਨ ਵਿੱਚ ਵਿਸ਼ੇਸ਼ ਪੜ੍ਹਾਈ ਕਰਕੇ ਆਈ ਸੀ। ਉਸ ਨੇ ਭਾਰਤ ਨੂੰ ਮੌਸਮ ਦਾ ਪੂਰਵ ਅਨੁਮਾਨ ਲਗਾਉਣਾ ਸਿਖਾਇਆ।

ਸੈਂਕੜੇ ਮੌਸਮ ਵਿਗਿਆਨ ਉਪਕਰਣਾਂ ਦੀਆਂ ਡਰਾਇੰਗਾਂ ਦਾ ਮਿਆਰੀਕਰਣ ਕਰਨ ਵਾਲੀ, ਦੇਸ਼ ਭਰ ਵਿੱਚ ਸੂਰਜੀ ਵਿਕਿਰਣਾਂ ਮਾਪਣ ਵਾਲੇ ਸਟੇਸ਼ਨਾਂ ਦਾ ਜਾਲ ਵਿਛਾ ਦੇਣ ਵਾਲੀ, ਓਜ਼ੋਨ ਮਾਪਣ ਵਾਲੇ ਯੰਤਰ ਓਜ਼ੋਨਸੌਂਡੈ ਦਾ ਨਿਰਮਾਣ ਕਰਨ ਵਾਲੀ, ਮੌਸਮ ਵਿਗਿਆਨ ਨਿਰੀਖਣ ਕੇਂਦਰ ਅਤੇ ਨੰਦੀ ਪਹਾੜੀਆਂ ਉੱਤੇ ਮਿਲੀਮੀਟਰ-ਤਰੰਗ ਦੂਰਬੀਨ ਸਥਾਪਿਤ ਕਰਨ ਵਾਲੀ ਅੰਨਾ ਮਣੀ ਦਾ ਨਾਂ ਮੈਂ ਪਹਿਲਾਂ ਕਦੇ ਨਹੀਂ ਸੁਣਿਆ ਸੀ ਅਤੇ ਨਾ ਹੀ ਮੇਰੀ ਵਾਕਫ਼ੀਅਤ ਦੇ ਘੇਰੇ ਅੰਦਰ ਕਿਸੇ ਹੋਰ ਨੇ ਸੁਣਿਆ ਸੀ।

1922 ਵਿੱਚ ਜਨਮੀ ਕਰਨਾਟਕ ਦੀ ਪਹਿਲੀ ਮਹਿਲਾ ਇੰਜੀਨੀਅਰ ਰਾਜੇਸ਼ਵਰੀ ਚੈਟਰਜੀ ਨੇ ਯੂ.ਐਸ.ਏ. ਦੀ ਮਿਸ਼ੀਗਨ ਯੂਨੀਵਰਸਿਟੀ ਤੋਂ ਐੱਮ.ਐੱਸਸੀ. ਅਤੇ ਪੀਐੱਚ.ਡੀ. ਦੀਆਂ ਡਿਗਰੀਆਂ ਹਾਸਿਲ ਕੀਤੀਆਂ ਅਤੇ ਉਸ ਦੁਆਰਾ ਮਾਈਕ੍ਰੋਵੇਵ ਅਤੇ ਐਂਟੀਨੇ ਦੇ ਖੇਤਰ ਵਿੱਚ ਕੀਤੀਆਂ ਖੋਜਾਂ ਦੇ ਸਿੱਟੇ ਅੱਜ ਵੀ ਡਿਫੈਂਸ ਰੀਸਰਚ ਐਂਡ ਡਿਵੈਲਪਮੈਂਟ ਆਰਗੇਨਾਈਜੇਸ਼ਨ ਦੁਆਰਾ ਡਿਫੈਂਸ ਐਪਲੀਕੇਸ਼ਨਾਂ ਵਿੱਚ ਇਸਤੇਮਾਲ ਕੀਤੇ ਜਾ ਰਹੇ ਹਨ ਪ੍ਰੰਤੂ ਉਸ ਦੇ ਆਪਣੇ ਨਾਂ ਤੋਂ ਕੋਈ ਵਾਕਫ਼ ਨਹੀਂ ਹੈ।

1927 ਵਿੱਚ ਜਨਮੀ ਅੰਜਲੀ ਮੁਖਰਜੀ ਨੇ ਦੂਜੇ ਸੰਸਾਰ ਯੁੱਧ ਦੌਰਾਨ ਹੀਰੋਸ਼ੀਮਾ ਅਤੇ ਨਾਗਾਸਾਕੀ ਦੀਆਂ ਪ੍ਰਮਾਣੂ ਬੰਬ ਦੁਰਘਟਨਾਵਾਂ ਉਪਰੰਤ ਨਵੇਂ ਵਿਕਸਿਤ ਹੋਏ ਖੋਜ ਖੇਤਰ ਬਾਇਓਫ਼ਿਜ਼ਿਕਸ ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ। ਇਨ੍ਹਾਂ ਮਹਾਨ ਵਿਗਿਆਨਕ ਮਹਿਲਾਵਾਂ ਦੀਆਂ ਮਹਾਨ ਪ੍ਰਾਪਤੀਆਂ ਬਾਰੇ ਜਾਣ ਕੇ ਜਿੱਥੇ ਫ਼ਖ਼ਰ ਮਹਿਸੂਸ ਹੋਇਆ ਉੱਥੇ ਮੇਰੇ ਅੰਦਰਲੀ ਔਰਤ ਦੇ ਮਨ ਵਿੱਚ ਹਿਰਖ ਵੀ ਜਾਗਿਆ। ਇਨ੍ਹਾਂ ਨੂੰ ਉਹ ਪਹਿਚਾਣ ਨਹੀਂ ਮਿਲ ਸਕੀ ਜਿਸ ਦੀਆਂ ਉਹ ਹੱਕਦਾਰ ਸਨ। ਸ਼ਾਇਦ ਇੱਥੇ ਵੀ ਕਾਰਨ ਲਿੰਗ ਭੇਦ ਹੀ ਰਿਹਾ ਹੋਵੇਗਾ। ਆਪਣੇ ਪੜ੍ਹੇ-ਲਿਖੇ ਭਾਈਚਾਰੇ ਵਿੱਚ ਇਨ੍ਹਾਂ ਮਹਿਲਾਵਾਂ ਬਾਰੇ ਗੱਲਬਾਤ ਕਰਦਿਆਂ ਮੈਨੂੰ ਅਹਿਸਾਸ ਹੋਇਆ ਕਿ ਇਹ ਨਾਂ ਲੱਗਭਗ ਗੁਆਚ ਹੀ ਚੁੱਕੇ ਹਨ। ਕੋਈ ਟਾਵਾਂ-ਟਾਵਾਂ ਕੇਵਲ ਡਾ. ਆਨੰਦੀਬਾਈ ਜੋਸ਼ੀ ਦੇ ਨਾਂ ਤੋਂ ਵਾਕਫ਼ ਸੀ, ਉਹ ਵੀ ਇਸ ਕਰਕੇ ਕਿਉਂਕਿ ਉਸ ਦੇ ਜੀਵਨ ਉੱਤੇ ਆਧਾਰਿਤ ਹਿੰਦੀ ਟੀ.ਵੀ. ਸੀਰੀਅਲ ਆਨੰਦੀ ਗੋਪਾਲੈ ਟੀ.ਵੀ. ਚੈਨਲ ਡੀ.ਡੀ. ਭਾਰਤੀ ਤੋਂ ਪ੍ਰਸਾਰਿਤ ਹੋ ਚੁੱਕਾ ਸੀ। ਬਾਕੀ ਨਾਵਾਂ ਤੋਂ ਵਾਕਫ਼ ਮੈਨੂੰ ਕੋਈ ਨਹੀਂ ਮਿਲਿਆ। ਮੈਂ ਫ਼ੈਸਲਾ ਲੈ ਲਿਆ ਕਿ ਮੇਰੀ ਅਗਲੀ ਕਿਤਾਬ ਇਨ੍ਹਾਂ ਅਣਗੌਲ਼ੀਆਂ ਭਾਰਤੀ ਵਿਗਿਆਨਕ ਮਹਿਲਾਵਾਂ ਉੱਤੇ ਹੋਵੇਗੀ ਤਾਂ ਜੋ ਆਮ ਲੋਕਾਂ ਵਿੱਚ ਇਨ੍ਹਾਂ ਨੂੰ ਪਹਿਚਾਣ ਦੁਆਈ ਜਾ ਸਕੇ।

ਅੱਜ ਦੇ ਸਮੇਂ ਨਾਲੋਂ ਉਦੋਂ ਦੇ ਸਮੇਂ ਦਾ ਬਹੁਤ ਫ਼ਰਕ ਸੀ। ਉਦੋਂ ਔਰਤਾਂ ਘਰ ਦੇ ਅੰਦਰ ਗੁਲਾਮਾਂ ਵਾਲੀ ਜ਼ਿੰਦਗੀ ਬਤੀਤ ਕਰਦੀਆਂ ਸਨ। ਕੁੜੀਆਂ ਨੂੰ ਸਕੂਲ ਨਹੀਂ ਭੇਜਿਆ ਜਾਂਦਾ ਸੀ। ਉਨ੍ਹਾਂ ਦਾ ਕੰਮ ਖਾਣਾ ਬਣਾਉਣ, ਵਿਆਹ ਕਰਵਾ ਕੇ ਬੱਚੇ ਜੰਮਣ ਅਤੇ ਘਰ ਨੂੰ ਸੰਭਾਲਣ ਤੱਕ ਹੀ ਸਮਝਿਆ ਜਾਂਦਾ ਸੀ। ਉਨ੍ਹਾਂ ਨੂੰ ਘਰ ਦੇ ਅੰਦਰ ਵੀ ਆਪਣੀ ਮਰਜ਼ੀ ਅਨੁਸਾਰ ਕੁੱਝ ਕਰਨ ਦੀ ਆਜ਼ਾਦੀ ਨਹੀਂ ਸੀ। ਬਾਲੀ ਉਮਰੇ ਵਿਆਹ ਦਿੱਤੀਆਂ ਜਾਂਦੀਆਂ ਸਨ। ਜਿਨ੍ਹਾਂ ਔਰਤਾਂ ਨੇ ਅਜਿਹੇ ਦੌਰ ਵਿੱਚ ਸੰਘਰਸ਼ ਕਰਕੇ ਕਾਮਯਾਬੀ ਦੇ ਝੰਡੇ ਗੱਡੇ, ਵਿਗਿਆਨ ਦੇ ਖੇਤਰ ਵਿੱਚ ਉਚੇਰੀਆਂ ਡਿਗਰੀਆਂ ਹਾਸਿਲ ਕੀਤੀਆਂ, ਪੜ੍ਹਾਈ ਅਤੇ ਖੋਜ ਕਾਰਜਾਂ ਲਈ ਦੇਸ਼ ਵਿਦੇਸ਼ ਘੁੰਮੀਆਂ, ਮੀਲ ਪੱਥਰ ਸਾਬਿਤ ਹੋਣ ਵਾਲੀਆਂ ਅਹਿਮ ਖੋਜਾਂ ਕੀਤੀਆਂ, ਜਿਨ੍ਹਾਂ ਦੇ ਸੰਘਰਸ਼ ਨੇ ਆਉਣ ਵਾਲੇ ਸਮੇਂ ਵਿੱਚ ਕੁੜੀਆਂ ਲਈ ਤਰੱਕੀ ਦੇ ਰਾਹ ਖੋਲ੍ਹੇ, ਉਨ੍ਹਾਂ ਨੂੰ ਉਹ ਪਹਿਚਾਣ ਮਿਲਣੀ ਚਾਹੀਦੀ ਹੈ ਜਿਸ ਦੀਆਂ ਉਹ ਹੱਕਦਾਰ ਹਨ।

ਭਾਵੇਂ ਅੱਜ ਸਥਿਤੀ ਵਿੱਚ ਬਹੁਤ ਬਦਲਾਅ ਆ ਚੁੱਕਾ ਹੈ, ਕੁੜੀਆਂ ਨੂੰ ਪੜ੍ਹਾਈ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਪ੍ਰੰਤੂ ਕਿਤੇ ਨਾ ਕਿਤੇ ਉਹ ਅੱਜ ਵੀ ਲਿੰਗ ਵਿਤਕਰੇ ਦਾ ਸ਼ਿਕਾਰ ਬਣਦੀਆਂ ਹੀ ਹਨ। ਸਮਾਜ ਦੀ ਅੱਖ ਅਜੇ ਵੀ ਪੁੱਤਰਾਂ-ਧੀਆਂ ਨੂੰ ਬਰਾਬਰ ਨਹੀਂ ਦੇਖਦੀ ਹੈ। ਅਜਿਹਾ ਸਾਡੇ ਦੇਸ਼ ਅੰਦਰ ਕਿਉਂ ਹੈ? ਸਮਾਜ ਨੂੰ ਅਜੇ ਵੀ ਸੋਚ ਬਦਲਣ ਦੀ ਜ਼ਰੂਰਤ ਹੈ। ਔਰਤਾਂ ਨੂੰ ਬਰਾਬਰ ਦਾ ਰੁਤਬਾ, ਹੱਕ ਅਤੇ ਪਹਿਚਾਣ ਮਿਲਣੀ ਚਾਹੀਦੀ ਹੈ।

ਹੱਥਲੀ ਪੁਸਤਕ ਲਈ ਮੈਂ ਵਿਗਿਆਨ ਦੇ ਖੇਤਰ ਨਾਲ ਜੁੜੀਆਂ ਮੁਢਲੀਆਂ ਦਸ ਭਾਰਤੀ ਮਹਿਲਾਵਾਂ ਦੀ ਚੋਣ ਕੀਤੀ। 1865 ਈ. ਵਿੱਚ ਜਨਮੀ ਡਾ. ਆਨੰਦੀਬਾਈ ਜੋਸ਼ੀ ਤੋਂ 1927 ਈ. ਵਿੱਚ ਜਨਮੀ ਡਾ. ਅੰਜਲੀ ਮੁਖਰਜੀ ਤੱਕ ਦਸ ਭਾਰਤੀ ਵਿਗਿਆਨਕ ਮਹਿਲਾਵਾਂ ਦੇ ਜੀਵਨ ਸੰਘਰਸ਼ ਅਤੇ ਪ੍ਰਾਪਤੀਆਂ ਉੱਤੇ ਝਾਤ ਪੁਆਈ ਹੈ ਜਿਨ੍ਹਾਂ ਵਿੱਚ ਡਾਕਟਰ, ਵਿਗਿਆਨੀ, ਇੰਜੀਨੀਅਰ ਅਤੇ ਪ੍ਰੋਫ਼ੈਸਰ ਸ਼ਾਮਿਲ ਹਨ। ਹਰ ਅਧਿਆਇ ਦਾ ਅਕਾਰ ਉਪਲਬਧ ਸਮੱਗਰੀ ਅਨੁਸਾਰ ਹੈ। ਕਈਆਂ ਬਾਰੇ ਸਮੱਗਰੀ ਲੱਭਣ ਵਿੱਚ ਕਾਫ਼ੀ ਦਿੱਕਤ ਆਈ। ਜਿੰਨੀ ਵੀ ਉਪਲਬਧ ਹੋ ਸਕੀ, ਵਾਸਤਵਿਕਤਾ ਯਕੀਨੀ ਬਣਾਉਣ ਉਪਰੰਤ ਪਾਠਕਾਂ ਸਾਹਮਣੇ ਪਰੋਸ ਦਿੱਤੀ ਹੈ। ਭਵਿੱਖ ਵਿੱਚ ਜੇ ਹੋਰ ਸਮੱਗਰੀ ਉਪਲਬਧ ਹੁੰਦੀ ਹੈ ਤਾਂ ਰਿਵਾਇਜ਼ਡ ਐਡੀਸ਼ਨੈ ਚ ਸ਼ਾਮਿਲ ਕਰ ਦਿੱਤੀ ਜਾਵੇਗੀ। ਇਹ ਪੁਸਤਕ ਇਨ੍ਹਾਂ ਅਣਗੌਲ਼ੀਆਂ ਮਹਿਲਾ ਸ਼ਖ਼ਸੀਅਤਾਂ ਨੂੰ ਪਹਿਚਾਣ ਦੁਆਉਣ ਲਈ ਇੱਕ ਉਪਰਾਲਾ ਹੈ।

ਇਸ ਪੁਸਤਕ ਨੂੰ ਨੇਪਰੇ ਚਾੜ੍ਹਨ ਵਿੱਚ ਲੱਗਭਗ ਤਿੰਨ ਸਾਲ ਲੱਗੇ। ਵਿਦੇਸ਼ ਰਹਿੰਦੇ ਮੇਰੇ ਜੀਵਨ ਸਾਥੀ ਸ. ਕਰਮਜੀਤ ਸਿੰਘ ਦਾ ਉਤਸੁਕਤਾ ਨਾਲ ਪੁਸਤਕ ਦੇ ਮੁਕੰਮਲ ਹੋ ਕੇ ਛਪਣ ਦਾ ਇੰਤਜ਼ਾਰ ਕਰਨਾ ਮੇਰੇ ਅੰਦਰ ਉਤਸ਼ਾਹ ਭਰਦਾ ਰਿਹਾ। ਡਾ. ਕਰਮਜੀਤ ਸਿੰਘ, ਸਾਬਕਾ ਚੇਅਰਮੈਨ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਦੀ ਹੱਲਾਸ਼ੇਰੀ ਅਤੇ ਅਗਵਾਈ ਹਮੇਸ਼ਾ ਨਾਲ-ਨਾਲ ਰਹੀ। ਜਿੱਥੇ ਉਨ੍ਹਾਂ ਨੇ ਆਪਣੇ ਬਹੁਮੁੱਲੇ ਸੁਝਾਵਾਂ ਨਾਲ ਪੁਸਤਕ ਦੀ ਲੇਖਣੀ ਵਿੱਚ ਨਿਖ਼ਾਰ ਲਿਆਂਦਾ, ਉੱਥੇ ਇਸ ਪੁਸਤਕ ਲਈ ਖ਼ੂਬਸੂਰਤ ਨਾਂ ਦਸ ਦਿਸ਼ਾਵਾਂ ਵੀ ਸੁਝਾਇਆ। ਉਨ੍ਹਾਂ ਦੀ ਯੋਗ ਅਗਵਾਈ ਲਈ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ।

(ਚਲਦਾ)



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop